**Reo-Bankowned Properties**

From San Jose to Sacramento

JASSI GILL Broker/Owner

510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



Jassi Gill

CA DRE# 00966763

**Hardeep S.Rai**

ਇੰਮੇਗਰੇਸ਼ਨ ਵਕੀਲ

Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ

• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ

• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212

**Kuldip Singh Dhariwal**

Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Eleventh Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 46, November 13, 2010 20451 N Plum Grove Rd. Palatine, IL 60074 Ph:847-359-0746, Fax:847-705-9388


# ਓਬਾਮਾ ਦੇ ਦੌਰੇ ਨਾਲ ਭਾਰਤ ਆਲਮੀ ਮੰਚ 'ਤੇ ਉਭਰਿਆ

## ਵਪਾਰਕ ਅਤੇ ਕੂਟਨੀਤਕ ਸਬੰਧਾਂ ਨੂੰ ਨਵੀਂ ਸੇਧ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਭਾਰਤ ਦੌਰੇ ਦੀ ਪੂਰੇ ਵਿਸ਼ਵ 'ਚ ਚਰਚਾ ਹੋਈ ਹੈ। ਭਾਵੇਂ ਪਿਛਲੇ ਸਮੇਂ ਤੋਂ ਭਾਰਤ ਤੇ ਅਮਰੀਕਾ ਕੂਟਨੀਤਕ ਸਬੰਧਾਂ ਦੇ ਮਾਮਲੇ 'ਚ ਇੱਕ-ਦੂਜੇ ਦੇ ਕਾਫ਼ੀ ਨੇੜੇ ਆ ਗਏ ਹਨ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਵਿਸ਼ਵ ਦੀ ਮਹਾਂ ਸ਼ਕਤੀ ਅਮਰੀਕਾ ਨੇ ਭਾਰਤ ਨੂੰ ਬਰਾਬਰੀ ਵਾਲਾ ਦਰਜਾ ਦਿੰਦਿਆਂ ਬੇਹੱਦ ਵਡਿਆਇਆ ਹੈ।

ਸ੍ਰੀ ਓਬਾਮਾ ਨੇ ਦੋਵੇਂ ਮੁਲਕਾਂ ਦੀ ਇਸ ਭਾਈਵਾਲੀ ਨੂੰ ਫੈਸਲਾਕੁਨ ਕਰਾਰ ਦਿੰਦਿਆਂ ਕਿਹਾ ਹੈ ਕਿ ਭਾਰਤ ਹੁਣ ਆਲਮੀ ਮੰਚ 'ਤੇ ਵੱਡਾ ਤੇ ਅਹਿਮ ਮੁਲਕ ਬਣ ਕੇ ਉਭਰ ਰਿਹਾ ਹੈ। ਇਸ ਦੌਰੇ ਨਾਲ ਜਿੱਥੇ ਭਵਿੱਖ 'ਚ ਵਪਾਰਕ ਰਿਸ਼ਤੇ ਹੋਰ ਮਜ਼ਬੂਤ ਹੋਣ ਦਾ ਪਿੜ ਬੱਝਾ ਹੈ ਉਥੇ ਅਮਰੀਕਾ ਦੀ ਭਾਰਤ-ਪਾਕਿ ਸਬੰਧਾਂ ਬਾਰੇ ਪਹੁੰਚ ਵੀ ਸਪਸ਼ਟ ਹੋਈ ਹੈ ਜਿਸ ਨਾਲ ਦੋਵਾਂ ਦੇਸ਼ਾਂ ਦੇ ਕਈ ਸ਼ੰਕੇ ਦੂਰ ਹੋਏ ਹਨ। ਇਸ ਮੌਕੇ ਸ੍ਰੀ ਓਬਾਮਾ ਨੇ ਜਿੱਥੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਭਾਰਤ ਦੀ ਪੱਕੀ ਸੀਟ ਦੀ ਦਾਅਵੇਦਾਰੀ ਦੀ ਹਮਾਇਤ ਕੀਤੀ ਹੈ ਉਥੇ ਪਾਕਿਸਤਾਨ ਵਿਚਲੇ ਅਤਿਵਾਦ ਨੂੰ ਖਤਮ ਕਰਨ ਦਾ ਸੁਨੇਹਾ ਦੇ ਕੇ ਪਾਕਿਸਤਾਨ ਨੂੰ ਚੌਕਸ ਕੀਤਾ ਹੈ।

ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੀਟਿੰਗ ਤੋਂ ਬਾਅਦ ਇਕ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਓਬਾਮਾ ਨੇ ਕਿਹਾ ਕਿ ਦੋਵਾਂ ਮੁਲਕਾਂ ਨੇ ਤਕਨਾਲੋਜੀ ਦੇ ਤਬਾਦਲੇ, ਨੌਕਰੀਆਂ ਦੇ ਮੌਕੇ ਵਧਾਉਣ ਲਈ ਵਪਾਰ ਤੇ ਨਿਵੇਸ਼ ਨੂੰ ਉਤਸ਼ਾਹਤ ਕਰਨ ਤੇ ਲੋਕਾਂ ਦੇ ਜਿਉਣ ਦਾ ਮਿਆਰ ਉਚਾ ਚੁੱਕਣ ਦਾ ਅਹਿਦ ਲਿਆ ਹੈ। ਸ੍ਰੀ ਓਬਾਮਾ ਨੇ ਦਾਅਵਾ ਕੀਤਾ ਕਿ ਮੁੰਬਈ 'ਚ ਹੋਏ ਸਮਝੌਤਿਆਂ ਨਾਲ 50,000 ਨੌਕਰੀਆਂ

(ਬਾਕੀ ਸਫਾ 6 'ਤੇ)



*ਰਾਸ਼ਟਰਪਤੀ ਓਬਾਮਾ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਗਲਵੱਕੜੀ ਵਿਚ ਲੈਂਦੇ ਹੋਏ।*



*ਯੂਬਾ ਸਿਟੀ ਦੇ ਨਗਰ ਕੀਰਤਨ ਵਿਚ ਸ਼ਾਮਲ ਦੋ ਬੱਚੇ-ਕਾਸ਼ ਇਹੋ ਮਾਸੂਮੀਅਤ ਵੱਡੇ ਹੋਏ ਸਿੱਖਾਂ ਵਿਚ ਵੀ ਰਹੇ:ਤਸਵੀਰ-ਲੌਂਗਮੈਨ ਸਟੂਡੀਓ*

# ਯੂਬਾ ਸਿਟੀ ਨਗਰ ਕੀਰਤਨ ਮੀਂਹ ਅਤੇ ਲੜਾਈ ਝਗੜੇ ਦੀ ਭੇਟ

**ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ ਨਗਰ ਕੀਰਤਨ ਸਿੱਖਾਂ ਅਤੇ ਅਮਰੀਕੀ ਮੁਖ ਧਾਰਾ ਨੂੰ ਕੋਈ ਸਿੱਖੀ ਸੁਨੇਹਾ ਦੇ ਸਕਿਆ ਜਾਂ ਨਹੀਂ ਪਰੰਤੂ ਪਿਛਲੇ ਕੁਝ ਸਾਲਾਂ ਵਾਂਗ ਹੀ ਸਿੱਖਾਂ ਦੀ ਧੜੇਬੰਦਕ ਲੜਾਈ ਇਸ ਵਾਰ ਵੀ ਉਭਰ ਕੇ ਸਾਹਮਣੇ ਆਈ। ਬੇਸ਼ਕ ਸਿੱਖ ਫਰਾਂਸ ਵਿਚ ਦਸਤਾਰ ਦੀ ਲੜਾਈ ਲੜ ਰਹੇ ਹਨ ਪਰ ਇਸ 31ਵੇਂ ਸਾਲਾਨਾ ਨਗਰ ਕੀਰਤਨ ਦੌਰਾਨ ਸਿੱਖਾਂ ਨੇ ਨਾ ਸਿਰਫ ਗੁਰੂਘਰ ਦੀ ਹਦੂਦ ਅੰਦਰ ਇਕ ਦੂਜੇ ਨਾਲ ਗਾਲ-ਮੰਦਾ ਹੀ ਕੀਤਾ, ਲੰਗਰ ਦੀ ਬੇਅਦਬੀ ਕੀਤੀ ਸਗੋਂ ਇਕ-ਦੂਜੇ ਦੀਆਂ ਪੱਗਾਂ ਵੀ ਉਛਾਲੀਆਂ। ਜਿਨ੍ਹਾਂ ਦੀਆਂ ਪੱਗਾਂ ਲੱਥੀਆਂ ਉਨ੍ਹਾਂ ਵਿਚ ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕੀ ਕਮੇਟੀ ਦਾ ਇਕ ਡਾਇਰੈਕਟਰ, ਸਿੱਖ ਯੂਥ ਆਫ ਅਮਰੀਕਾ ਦਾ ਆਗੂ ਸ. ਤੇਜਿੰਦਰ ਸਿੰਘ ਦੁਸਾਂਝ ਅਤੇ ਇਸ ਨਗਰ ਕੀਰਤਨ ਦੇ ਮੋਹਰੀ ਸ. ਦੀਦਾਰ ਸਿੰਘ ਬੈਂਸ ਦਾ ਸੱਜਾ ਹੱਥ ਸਮਝਿਆ ਜਾਂਦਾ ਸ. ਗੁਰਨਾਮ ਸਿੰਘ ਪੰਮਾ ਵੀ ਸ਼ਾਮਲ ਸਨ। ਸ਼ਾਇਦ ਸਿੱਖਾਂ ਦੇ ਇਸੇ ਕਿਰਦਾਰ ਤੋਂ ਖਫ਼ਾ ਹੁੰਦਿਆਂ ਅਤੇ ਉਨ੍ਹਾਂ ਦੇ

(ਬਾਕੀ ਸਫਾ 2 'ਤੇ)


**The Patel Law Offices P.C**

Attorneys & Counselors at Law
U.S. Immigration & Nationality Law

Tel: 408.647.3100

ਨੌਂਵੀਂ ਸਰਕਟ ਕੋਰਟ, ਬੋਰਡ ਆਫ ਇੰਮੀਗਰੇਸ਼ਨ ਅਪੀਲ, ਡਿਪੋਰਟੇਸ਼ਨ ਕੇਸ, ਐਚ-1, ਬਿਜਨਸ ਵੀਜ਼ਾ

ਅਸੀਂ ਹਿੰਦੀ, ਪੰਜਾਬੀ, ਗੁਜਰਾਤੀ ਅਤੇ ਉਰਦੂ ਬੋਲਦੇ ਹਾਂ

3350 Scott Blvd, Bldg 55, Suite 5502,
Santa Clara, CA 95054
Fax: 408.647.3165

www.ThepatelLawOffices.com
immigration@ThePatelLawOffices.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

Follow us on:

Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

ਬਿਜਨਸ ਲਾਅ



Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582, Fax: 510-217-6847

Sacramento Office
Call For Appointments
Ph. 916-924-1617

Email:manpreet@gahralaw.com

# ਯੂਬਾ ਸਿਟੀ ਨਗਰ ਕੀਰਤਨ ਮੀਂਹ ਅਤੇ ਲੜਾਈ ਝਗੜੇ ਦੀ ਭੇਟ

ਗਰਮ ਮਿਜ਼ਾਜ ਉਤੇ ਤਰੌਂਕਾ ਦੇਣ ਲਈ ਰੱਬ ਨੇ ਮੀਂਹ-ਕਣੀ ਨਾਲ ਮੌਸਮ ਖਰਾਬ ਕਰੀ ਰਖਿਆ। ਪੁਲਿਸ ਅਤੇ ਸੁਰੱਖਿਆ ਮੁਲਾਜ਼ਮਾਂ ਦੀ ਵਡੀ ਹਾਜਰੀ ਵੀ ਨਗਰ ਕੀਰਤਨ ਦੇ ਸੁਨੇਹੇ ਨੂੰ ਠੇਸ ਪਹੁੰਚਾ ਰਹੀ ਸੀ।

ਇਹ ਵੀ ਵੇਖਣ ਵਾਲੀ ਗੱਲ ਹੈ ਕਿ ਕੈਨੇਡਾ ਅਤੇ ਅਮਰੀਕਾ ਦੇ ਦੂਰ-ਦੁਰਾਡੇ ਇਲਾਕਿਆਂ ਸਮੇਤ ਦੂਰੋਂ-ਨੇੜਿਓਂ ਆਏ ਸ਼ਰਧਾਲੂ ਸਿੱਖਾਂ ਦੀ ਸ਼ਰਧਾ ਵੇਖਿਆਂ ਹੀ ਬਣਦੀ ਸੀ। ਸ਼ਰਧਾਲੂ ਸੰਗਤਾਂ ਵਲੋਂ ਆਈਆਂ ਸੰਗਤਾਂ ਲਈ ਭਾਂਤ-ਸੁਭਾਂਤੇ ਭੋਜਨ ਪਦਾਰਥ ਵਾਜ਼ਾਂ ਮਾਰ ਮਾਰ ਕੇ ਪਰੋਸੇ ਜਾ ਰਹੇ ਸਨ। ਇਕ ਅੰਦਾਜ਼ੇ ਮੁਤਾਬਕ ਕੋਈ 50,000 ਸ਼ਰਧਾਲੂ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਏ। ਇਹ ਵੀ ਠੀਕ ਹੈ ਕਿ ਮੀਂਹ ਦੇ ਮੌਸਮ ਵਿਚ ਲੋਕਾਂ ਨੂੰ ਭਿਜਣਾ ਪਿਆ, ਪਾਰਕਿੰਗ ਦੀਆਂ ਦਿਕਤਾਂ ਕਰ ਕੇ ਡੇਢ-ਡੇਢ, ਦੋ-ਦੋ ਮੀਲ ਪੈਦਲ ਚਲ ਕੇ ਆਉਣਾ ਪਿਆ, ਕਈਆਂ ਦੇ ਕੱਪੜੇ ਚਿਕੜ ਵਿਚ ਤਿਲਕਣ ਕਰ ਕੇ ਖਰਾਬ ਹੋਏ ਅਤੇ ਕਈਆਂ ਦੀਆਂ ਕਾਰਾਂ ਚਿਕੜ ਵਿਚ ਫਸੀਆਂ।



*ਵਰ੍ਹਦੇ ਮੀਂਹ ਵਿਚ ਛਤਰੀਆਂ ਦੀ ਓਟ ਹੇਠ ਅਰੰਭ ਹੋਇਆ ਨਗਰ ਕੀਰਤਨ*

ਨਗਰ ਕੀਰਤਨ ਸਵੇਰ ਸਮੇਂ ਮੋਹਲੇਧਾਰ ਮੀਂਹ ਕਾਰਨ ਮਿਥੇ ਸਮੇਂ ਤੋਂ ਦੇਰ ਨਾਲ ਸ਼ੁਰੂ ਹੋਇਆ। ਵਰ੍ਹਦੀਆਂ ਕਣੀਆਂ ਵਿਚ ਪੰਜ ਪਿਆਰਿਆਂ ਨੇ ਛਤਰੀਆਂ ਦੀ ਓਟ ਹੇਠ ਗੁਰੂ ਮਹਾਰਾਜ ਦੀ ਸਵਾਰੀ ਦੀ ਅਗਵਾਨੀ ਕੀਤੀ। ਮੁਖ ਪਾਲਕੀ ਤੋਂ ਸ਼ਬਦ ਕੀਰਤਨ ਦੀਆਂ ਇਲਾਹੀ ਧੁਨਾਂ ਯੂਬਾ ਸਿਟੀ ਦੀ ਫ਼ਿਜ਼ਾ ਨੂੰ ਵਿਸਮਾਦੀ ਰੰਗ ਵਿਚ ਰੰਗ ਰਹੀਆਂ ਸਨ। ਗੁਰੂ ਮਹਾਰਾਜ ਦੀ ਸਵਾਰੀ ਦੇ ਪਿਛੇ ਵਖ ਵਖ ਗੁਰੂਘਰਾਂ, ਧਾਰਮਕ ਤੇ ਸਿਆਸੀ ਜਥੇਬੰਦੀਆਂ ਅਤੇ ਸਭਾਵਾਂ ਦੇ ਫਲੋਟ ਚਲ ਰਹੇ ਸਨ। ਗੁਰਦੁਆਰਾ ਟਾਇਰਾ ਬਿਊਨਾ ਤੋਂ ਆਰੰਭ ਹੋ ਕੇ ਨਗਰ ਕੀਰਤਨ ਕੋਈ ਚਾਰ ਮੀਲ ਦਾ ਸਫਰ ਤੈਅ ਕਰ ਕੇ ਦੇਰ ਸ਼ਾਮ ਵਾਪਸ ਗੁਰੂਘਰ ਪਹੁੰਚਿਆ।

ਨਗਰ ਕੀਰਤਨ ਤੋਂ ਪਹਿਲਾਂ 16 ਅਕਤੂਬਰ ਨੂੰ ਕਵੀ ਦਰਬਾਰ ਹੋਇਆ, 24 ਅਕਤੂਬਰ ਨੂੰ ਢਾਡੀ ਦਰਬਾਰ, 30 ਅਕਤੂਬਰ ਨੂੰ ਬੱਚਿਆਂ ਦਾ ਰੈਣ-ਸਬਾਈ ਕੀਰਤਨ ਅਤੇ 5 ਨਵੰਬਰ ਨੂੰ ਆਤਿਸ਼ਬਾਜ਼ੀ ਹੋਈ। ਇਕ ਸਿੱਖ ਸੈਮੀਨਾਰ ਵੀ ਹੋਇਆ। 6 ਨਵੰਬਰ ਨੂੰ ਸਵੇਰੇ ਅੰਮ੍ਰਿਤ ਸੰਚਾਰ ਹੋਇਆ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨ ਦਰਬਾਰ ਵੀ। ਕੀਰਤਨ ਦਰਬਾਰ ਵਿਚ ਪੰਥ ਪ੍ਰਸਿਧ ਕੀਰਤਨੀ ਅਤੇ ਢਾਡੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕੀਤਾ। ਜਿਕਰਯੋਗ ਹੈ ਕਿ ਇਸ ਨਗਰ ਕੀਰਤਨ ਦਾ ਸਮਾਗਮ ਅਖੰਡਪਾਠਾਂ ਦੀ ਲੜੀ ਨਾਲ ਕਈ ਦਿਨ ਪਹਿਲਾਂ ਹੀ ਆਰੰਭ ਹੋ ਜਾਂਦਾ ਹੈ। ਨਗਰ ਕੀਰਤਨ ਵਾਲੇ ਦਿਨ ਰਵਾਇਤ ਅਨੁਸਾਰ ਸਵੇਰੇ ਭਾਰੀ ਦੀਵਾਨ ਸਜਦਾ ਹੈ, ਜੋ ਇਸ ਵਾਰ ਵੀ ਸਜਿਆ। ਇਸ ਦੀਵਾਨ ਵਿਚ ਬਾਹਰੋਂ ਆਏ ਅਤੇ ਸਥਾਨਕ ਆਗੂ ਸੰਗਤਾਂ ਨੂੰ ਸੰਬੋਧਨ ਕਰਦੇ ਹਨ। ਇਸ ਵਾਰ ਗੁਰੂਘਰ ਦੇ ਫਾਊਂਡਰ ਮੈਂਬਰ ਅਤੇ ਅਕਾਲੀ ਦਲ (ਬਾਦਲ) ਅਮਰੀਕਾ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ ਨੂੰ ਸਟੇਜ ਤੋਂ ਬੋਲਣ ਨਹੀਂ ਦਿੱਤਾ ਅਤੇ ਨਾ ਹੀ ਅਕਾਲੀ ਦਲ (ਬਾਦਲ) ਦੇ ਕਿਸੇ ਹੋਰ ਆਗੂ ਨੂੰ।



*ਸ਼ੇਰ ਆਟੇ ਦੇ ਬੈਗ ਦਾ ਸਹੀ ਫਾਇਦਾ*



*ਗਾਰਬੇਜ ਬੈਗ ਤੋਂ ਦੋਹਰੇ ਕੰਮ*

ਲੜਾਈ-ਝਗੜਾ: ਨਗਰ ਕੀਰਤਨ ਦੌਰਾਨ ਵਾਪਰੀਆਂ ਵਖ ਵਖ ਚਾਰ ਘਟਨਾਵਾਂ ਵਿਚ ਕਰੀਬ 10 ਵਿਅਕਤੀ ਫਟੜ ਹੋ ਗਏ ਜਿਨ੍ਹਾਂ ਵਿਚ 4 ਅਜੇ ਵੀ ਹਸਪਤਾਲ ਵਿਚ ਦਾਖਲ ਸਨ ਤੇ 4 ਜੇਲ੍ਹ ਵਿਚ ਸਨ। ਇਨ੍ਹਾਂ ਵਿਚ ਗੁਰਦੁਆਰਾ ਟਾਇਰਾ ਬਿਊਨਾ ਦਾ ਖਜਾਨਚੀ ਸ. ਸੁਖਦੇਵ ਸਿੰਘ ਮੁੰਡੀ ਵੀ ਸ਼ਾਮਲ ਹੈ। ਪਹਿਲੀ ਘਟਨਾ ਵੀਰਵਾਰ ਨੂੰ ਉਸ ਸਮੇਂ ਵਾਪਰੀ ਜਦੋਂ ਗੁਰਦੁਆਰਾ ਸਾਹਿਬ ਦੇ ਡਾਇਰੈਕਟਰ ਜੋਗਾ ਸਿੰਘ ਅਤੇ ਖਜਾਨਚੀ ਸੁਖਦੇਵ ਸਿੰਘ ਮੁੰਡੀ ਦੇ ਲੜਕਿਆਂ ਵਿਚਾਲੇ ਬਹਿਸਬਾਜੀ ਹੋਈ। ਗੁਰਨਾਮ ਸਿੰਘ ਪੰਮਾ, ਉਨ੍ਹਾਂ ਦਾ ਲੜਕਾ ਅਤੇ ਕੁਝ ਹੋਰ ਲੋਕ ਉਥੇ ਮੌਜੂਦ ਸਨ। ਇਨ੍ਹਾਂ ਨੇ ਇਨ੍ਹਾਂ ਮੁੰਡਿਆਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਪਰ ਹੋਇਆ ਇਹ ਕਿ ਉਹ ਗੁਰਨਾਮ ਸਿੰਘ ਪੰਮੇ ਅਤੇ ਉਨ੍ਹਾਂ ਦੇ ਲੜਕੇ ਦੇ ਗਲ ਪੈ ਗਏ। ਦੋਹਾਂ ਧਿਰਾਂ ਦੇ ਸੱਟਾਂ ਲੱਗੀਆਂ ਅਤੇ ਪੱਗਾਂ ਉਤਰੀਆਂ। ਗੁਰਦੁਆਰਾ ਸਾਹਿਬ ਦੇ ਦੱਖਣ ਵਾਲੇ ਪਾਸੇ ਲੰਗਰ ਕੋਲ ਹੋਈ ਇਹ ਲੜਾਈ ਇਸ ਕਦਰ ਵਧ ਗਈ ਕਿ ਇਸ ਵਿਚ ਕਰੀਬ 10 ਵਿਅਕਤੀ ਫਟੜ ਹੋਏ ਅਤੇ ਛੇਆਂ ਦੇ ਮਾਮੂਲੀ ਸੱਟਾਂ ਲੱਗੀਆਂ। ਪੁਲਿਸ ਮੌਕੇ 'ਤੇ ਪਹੁੰਚੀ ਅਤੇ

ਅਜੇ ਰਿਪੋਰਟ ਲਿਖੀ ਹੀ ਜਾ ਰਹੀ ਸੀ ਕਿ ਮੁੜ ਝਗੜਾ ਖੜਾ ਹੋ ਗਿਆ ਅਤੇ ਇਸ ਵਾਰ ਸ. ਤੇਜਿੰਦਰ ਸਿੰਘ ਦੁਸਾਂਝ ਦੀ ਖਿੱਚ-ਧੂਹ ਹੋਈ ਅਤੇ ਪੱਗ ਉਤਰ ਗਈ। ਇਸ ਸਾਰੇ ਝਗੜੇ ਦੌਰਾਨ ਲੰਗਰ ਦੀ ਰਜ ਕੇ ਬੇਅਦਬੀ ਹੋਈ।



ਇਕ ਹੋਰ ਝਗੜਾ ਐਤਵਾਰ ਬਾਅਦ ਦੁਪਹਿਰ ਗੁਰਦੁਆਰਾ ਪਾਰਕਿੰਗ ਵਿਚ ਬੂਟੀ ਹਾਊਸ ਤੇ ਟਾਇਰਾ ਬਿਊਨਾ ਰੋਡ 'ਤੇ ਹੋਇਆ ਜਿਥੇ ਪੁਲਿਸ ਨੇ 2 ਵਿਅਕਤੀਆਂ ਨੂੰ ਕ੍ਰਿਪਾਨਾਂ ਅਤੇ ਲਾਠੀਆਂ ਨਾਲ ਲੜਦਿਆਂ ਫੜ ਲਿਆ। ਬਾਕੀ ਦੇ ਲੋਕ ਪੁਲਿਸ ਨੂੰ ਦੇਖ ਕੇ ਤਿਤਰ-ਬਿਤਰ ਹੋ ਗਏ। ਰਾਜਦੀਪ ਨੂੰ ਪੁਲਿਸ ਨੇ ਪੈਪਰ ਸਪਰੇਅ ਕਰ ਕੇ ਕਾਬੂ ਕੀਤਾ। ਮੌਕੇ ਤੋਂ ਪੁਲਿਸ ਨੇ ਬੇਸਬਾਲ, ਹਾਕੀਆਂ ਅਤੇ 3 ਕ੍ਰਿਪਾਨਾਂ ਬਰਾਮਦ ਕੀਤੀਆਂ। ਫੜੇ ਗਏ ਵਿਅਕਤੀਆਂ ਦੇ ਨਾਂ ਇਕਬਾਲ ਸਿੰਘ ਮਾਨ (ਸੈਨ ਹੋਜੇ) ਅਤੇ ਰਾਜਦੀਪ ਸਿੰਘ (ਵੁਡਲੈਂਡ) ਦੱਸੇ ਗਏ ਹਨ, ਦੋਵੇਂ ਜੇਲ੍ਹ ਵਿਚ ਹਨ। ਪੁਲਿਸ ਡਿਪਟੀ ਹਚਸਨ ਅਨੁਸਾਰ ਪਹਿਲਾਂ ਇਸ ਨਗਰ ਕੀਰਤਨ ਦੌਰਾਨ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਦੀ ਨਹੀਂ ਕਰਨਾ ਪਿਆ।

ਸਟਰ ਕਾਉਂਟੀ ਸ਼ੈਰਿਫ ਪੁਲਿਸ ਦੇ ਸੂਤਰਾਂ ਅਨੁਸਾਰ ਗੁਰਦੁਆਰਾ ਸਾਹਿਬ ਅਗੇ ਲੰਗਰ ਦੇ ਮਕਸਦ ਲਈ ਖੜੇ ਕੀਤੇ ਗਏ ਇਕ ਟਰੱਕ ਉਪਰ ਵੀ ਗੋਲੀਆਂ ਦੇ ਕੁਝ ਨਿਸ਼ਾਨ ਮਿਲੇ ਹਨ।

ਇਥੇ ਜ਼ਿਕਰਯੋਗ ਹੈ ਕਿ ਦੋ ਸਾਲ ਪਹਿਲਾਂ ਹੋਈ ਚੋਣ ਵਿਚ ਸਿੱਖ ਯੂਥ ਆਫ ਅਮਰੀਕਾ ਦੀ ਅਗਵਾਈ ਹੇਠਲਾ ਧੜਾ ਪ੍ਰਬੰਧ ਉਤੇ ਕੁਝ ਹੋਰ ਭਾਈਵਾਲਾਂ ਨਾਲ ਚੋਣਾਂ ਜਿੱਤ ਕੇ ਦੀਦਾਰ ਸਿੰਘ ਬੈਂਸ ਗਰੁਪ ਨੂੰ ਪ੍ਰਬੰਧ ਤੋਂ ਲਾਂਬੇ ਕਰ ਕੇ ਕਾਬਜ਼ ਹੋਇਆ ਸੀ। ਉਦੋਂ ਤੋਂ ਹੀ ਕਾਬਜ਼ ਅਤੇ ਪੁਰਾਣੀ ਧਿਰ ਵਿਚਾਲੇ ਖਿਚੋਤਾਣ ਚਲੀ ਆਈ ਹੈ। ਇਸ ਤੋਂ ਇਲਾਵਾ ਗਰਮ ਖਿਆਲੀਆਂ ਅਤੇ ਅਕਾਲੀ ਧਿਰਾਂ ਵਿਚਾਲੇ ਵੀ ਕਸ਼ਮਕਸ਼ ਵੀ ਨਜ਼ਰ ਆਈ। ਆਪਸੀ ਧੜੇਬੰਦੀ ਦੇ ਨਤੀਜੇ ਵਜੋਂ ਹੀ ਉਸ ਪਰਿਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਵੀ ਨਹੀਂ ਕਰਨ ਦਿਤੀ ਗਈ ਜਿਸ ਪਰਿਵਾਰ ਨੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ ਲਈ ਹੋਈ ਸੀ। ਇਸ ਸਾਰੇ ਸਮਾਗਮ ਦੌਰਾਨ ਪ੍ਰਬੰਧਕਾਂ ਦੁਆਲੇ ਵੀ ਪੁਲਿਸ ਦਾ ਸਖਤ ਘੇਰਾ ਰਿਹਾ।

ਉਧਰ ਸਿੱਖ ਆਗੂ ਅਤੇ ਕਬੱਡੀ ਪ੍ਰਮੋਟਰ ਸ. ਜੌਹਨ ਸਿੰਘ ਗਿੱਲ ਅਤੇ ਉਨ੍ਹਾਂ ਦੇ ਵਿਰੋਧੀਆਂ ਵਿਚਾਲੇ ਵੀ ਤਣਾਓ ਦਾ ਮਾਹੌਲ ਬਣਿਆ ਰਿਹਾ ਅਤੇ ਸੂਤਰਾਂ ਅਨੁਸਾਰ ਅਖੀਰ ਉਨ੍ਹਾਂ ਨੂੰ ਸੁਰੱਖਿਆ ਅਧਿਕਾਰੀਆਂ ਦੀ ਸਲਾਹ ਮੰਨਦਿਆਂ ਨਗਰ ਕੀਰਤਨ ਵਿਚੋਂ ਬਾਹਰ ਜਾਣਾ ਪਿਆ। ਚਸ਼ਮਦੀਦ ਗਵਾਹ ਅਨੁਸਾਰ ਸਟਾਕਟਨ ਦੇ ਇਕ ਸਿੱਖ ਆਗੂ ਦੀ ਅਗਵਾਈ ਹੇਠ ਕੋਈ 200 ਵਿਅਕਤੀ ਨਗਰ ਕੀਰਤਨ ਦੇ ਨਾਲ ਚਲਦਿਆਂ ਸ. ਜੌਹਨ ਸਿੰਘ ਗਿੱਲ ਵਿਰੁਧ ਨਾਅਰੇਬਾਜੀ ਕਰਦੇ ਸੁਣੇ ਗਏ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੇ ਨਗਰ ਕੀਰਤਨ ਸਮੇਂ ਜੌਹਨ ਸਿੰਘ ਗਿੱਲ ਦੇ ਹਮਾਇਤੀਆਂ ਅਤੇ ਉਨ੍ਹਾਂ ਦੇ ਵਿਰੋਧੀਆਂ ਵਿਚਾਲੇ ਝੜਪਾਂ ਹੋਈਆਂ ਸਨ।

ਇਸ ਸਾਰੇ ਮਾਹੌਲ ਕਰ ਕੇ ਇਸ ਪਵਿਤਰ ਸਮਾਗਮ ਵਿਚ ਸ਼ਾਮਲ ਸੰਗਤ ਦਿਲੋਂ ਪੀਸੀ ਗਈ ਹੈ। ਇਕ ਪਾਸੇ ਬਾਰਸ਼ ਅਤੇ ਦੂਜੇ ਪਾਸੇ ਧੜੇਬੰਦੀਆਂ ਦੀ ਲੜਾਈ ਨੇ ਨਗਰ ਕੀਰਤਨ ਦਾ ਮਾਹੌਲ ਹੀ ਵਿਗਾੜ ਕੇ ਰਖ ਦਿਤਾ।



*ਤਸਵੀਰਾਂ:ਲੌਂਗਮੈਨ ਸਟੂਡੀਓ*





*ਨਗਰ ਕੀਰਤਨ ਵਿਚ ਸ਼ਾਮਲ ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਸਕੱਤਰ ਜਨਰਲ ਤੇਜਪਾਲ ਨਿਕਸਨ, ਅਕਾਲੀ ਆਗੂ ਗੁਰਨਾਮ ਸਿੰਘ ਪੰਮਾ, ਰੌਣਕ ਸਿੰਘ, ਹੈਪੀ, ਗੁਰਸੇਵਕ ਬਰਾੜ, ਹਰਦੀਪ ਸਿੰਘ ਰਾਏ, ਮਨਜੀਤ ਸਿੰਘ ਬਾਸੀ, ਮਾਸਟਰ ਦਲਜੀਤ ਸਿੰਘ, ਗੁਰਨਾਮ ਸਿੰਘ ਕਾਲਕਟ, ਬਲਵਿੰਦਰ ਸਿੰਘ ਗਿੱਲ, ਭਜਨ ਸਿੰਘ ਅਤੇ ਹੋਰਨਾਂ ਨਾਲ*

# ਕੈਪਟਨ ਵਲੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਨਵੀਂ ਪਾਰੀ ਦਾ ਆਗ਼ਾਜ਼

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਸਿਆਸਤ 'ਚ ਨਵੀਂ ਪਾਰੀ ਦੀ ਸ਼ੁਰੂਆਤ ਕਰ ਦਿੱਤੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਥਾਪੇ ਗਏ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 9 ਨਵੰਬਰ ਨੂੰ ਆਪਣੇ ਹਜ਼ਾਰਾਂ ਸਮਰਥਕਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਈ ਤਾਂ ਪੰਜਾਬ ਦੀ ਆਰਥਿਕ ਨੁਹਾਰ ਬਦਲ ਦਿੱਤੀ ਜਾਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਛੋਟੇ ਕਿਸਾਨਾਂ ਤੇ ਗਰੀਬ ਲੋਕਾਂ ਨੂੰ ਰਾਹਤ ਦੇਣ ਲਈ ਸਬਸਿਡੀਆਂ ਜਾਰੀ ਰੱਖਣਗੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਮਗਰੋਂ ਉਹ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਏ ਸਨ। ਉਨ੍ਹਾਂ ਦਾ ਇਥੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਤੇ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਆ ਗਿਆ।

ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਨੂੰ ਆੜੇ ਹੱਥੀਂ ਲੈਂਦਿਆਂ ਦੋਸ਼ ਲਾਇਆ ਕਿ ਸੂਬੇ ਦੀ ਆਰਥਿਕਤਾ ਅਨਪੜ੍ਹਾਂ ਦੇ ਹੱਥਾਂ ਵਿਚ ਹੈ ਤੇ ਅਕਾਲੀ ਸਰਕਾਰ ਦੀਆਂ ਮਾਰੂ ਨੀਤੀਆਂ ਕਾਰਨ ਸੂਬੇ ਦੀ ਆਰਥਿਕਤਾ ਨੂੰ ਵੱਡੀ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਅਕਾਲੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਾਂਗ ਕੋਈ ਵੀ ਕੰਮ ਕਾਹਲੀ ਵਿਚ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਇਸ ਵੇਲੇ ਸੂਬੇ ਦੇ ਸਾਰੇ ਟੈਕਸਾਂ ਦੀ ਵਸੂਲੀ ਤੋਂ ਕੁਲ ਆਮਦਨ 20 ਹਜ਼ਾਰ ਕਰੋੜ ਰੁਪਏ ਹੈ ਜਦੋਂਕਿ ਤਨਖਾਹਾਂ ਤੇ ਕਰਜ਼ੇ ਦੀਆਂ ਕਿਸ਼ਤਾਂ ਪਾ ਕੇ ਕੁੱਲ 28000 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਅੱਠ ਹਜ਼ਾਰ ਕਰੋੜ ਦੇ ਇਸ ਵਾਧੂ ਖਰਚੇ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਹਰ ਵਰ੍ਹੇ ਉਧਾਰ ਲੈਣ ਦੀ ਲੋੜ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਸਰਕਾਰ ਨੇ 19 ਹਜ਼ਾਰ ਕਰੋੜ ਰੁਪਏ ਦੀ ਬਿਜਲੀ ਬੋਰਡ ਦੇ ਬਕਾਏ ਦੀ ਅਦਾਇਗੀ ਕਰਨੀ ਹੈ। ਪੰਜਾਬ ਦੀ ਮਾਲੀ ਹਾਲਤ ਏਨੀ ਮਾੜੀ ਹੋਣ ਦੇ ਬਾਵਜੂਦ ਅਕਾਲੀ ਆਗੂਆਂ ਵੱਲੋਂ ਨਿੱਤ ਨਵੇਂ ਨੀਂਹ ਪੱਥਰ ਰੱਖੇ ਜਾ ਰਹੇ ਹਨ ਜਦਕਿ ਇਨ੍ਹਾਂ ਯੋਜਨਾਵਾਂ ਦੇ ਅਰੰਭ ਹੋਣ ਦਾ ਕੁਝ ਪਤਾ ਨਹੀਂ ਹੈ।

ਕੈਪਟਨ ਨੇ ਜੋਰ ਦੇ ਕੇ ਕਿਹਾ ਕਿ ਸੱਤਾ ਵਿਚ ਆਉਣ 'ਤੇ ਕਾਂਗਰਸੀ ਕਾਰਕੁਨਾਂ ਖ਼ਿਲਾਫ਼ ਦਰਜ ਝੂਠੇ ਪੁਲਿਸ ਕੇਸਾਂ ਦੀ ਜਾਂਚ ਕਰਵਾਈ ਜਾਵੇਗੀ ਤੇ ਜ਼ਿੰਮੇਵਾਰ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਹ 12 ਨਵੰਬਰ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਸੰਭਾਲਣਗੇ ਤੇ ਇਸ ਮਗਰੋਂ ਕਾਂਗਰਸ ਦੀ ਮਜ਼ਬੂਤੀ ਲਈ ਸੂਬੇ ਦਾ ਦੌਰਾ ਕਰਨਗੇ। ਕਾਂਗਰਸੀ ਵਰਕਰਾਂ ਵੱਲੋਂ ਕੀਤੇ ਸੁਆਗਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਾਂਗਰਸੀਆਂ ਦੇ ਪਿਆਰ ਤੇ ਸਮਰਥਨ ਦੀ ਨਿਸ਼ਾਨੀ ਹੈ ਕਿ ਹਵਾਈ ਅੱਡੇ ਤੋਂ ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਲਈ ਉਨ੍ਹਾਂ ਨੂੰ ਪੰਜ ਘੰਟੇ ਲੱਗੇ। ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਉਨ੍ਹਾਂ ਨੂੰ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਪੱਟੀ, ਮੈਨੇਜਰ ਹਰਬੰਸ ਸਿੰਘ ਮੱਲੀ ਤੇ ਹੋਰਨਾਂ ਵੱਲੋਂ ਸਿਰੋਪਾਓ, ਸ਼ਾਲ ਤੇ ਧਾਰਮਿਕ ਪੁਸਤਕਾਂ ਦਾ ਸੈਟ ਦੇ ਕੇ ਸਨਮਾਨਿਆ ਗਿਆ।



*ਕੈਪਟਨ ਅਮਰਿੰਦਰ ਸਿੰਘ ਹਰਿਮੰਦਰ ਸਾਹਿਬ ਦੇ ਦਰਸ਼ਨ ਸਮੇਂ*

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਵਜੋਂ ਤੇ ਸਾਬਕਾ ਮੁੱਖ ਮੰਤਰੀ ਵਜੋਂ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਆਏ ਹਨ ਪਰ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਨਹੀਂ ਦਿੱਤਾ ਗਿਆ ਸੀ। 2002 ਵਿਚ ਜਦੋਂ ਉਹ ਮੁੱਖ ਮੰਤਰੀ ਬਣ ਕੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ ਸਨ ਤਾਂ ਉਸ ਵੇਲੇ ਵੀ ਉਨ੍ਹਾਂ ਨੂੰ ਸਿਰੋਪਾਓ ਨਹੀਂ ਦਿੱਤਾ ਗਿਆ ਸੀ ਜਦੋਂਕਿ ਕਾਂਗਰਸੀ ਆਗੂਆਂ ਨੇ ਸੂਚਨਾ ਕੇਂਦਰ ਦੇ ਬਾਹਰ ਸਿਰੀ ਸਾਹਿਬ ਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਸੀ। ਇਸ ਤੋਂ ਬਾਅਦ ਉਹ 2004, 2008 ਤੇ 2010 ਵਿਚ ਵੀ ਮੱਥਾ ਟੇਕਣ ਲਈ ਆਏ ਪਰ ਉਨ੍ਹਾਂ ਨੂੰ ਸਨਮਾਨਿਤ ਨਹੀਂ ਕੀਤਾ ਗਿਆ। ਇਕ ਵਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁੱਖ ਮੰਤਰੀ ਵਜੋਂ ਵੀ ਆਏ ਤਾਂ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ ਸੀ ਪਰ ਸ਼੍ਰੋਮਣੀ ਕਮੇਟੀ ਦੇ ਵਤੀਰੇ ਵਿਚ ਆਏ ਇਸ ਬਦਲਾਅ ਕਾਰਨ ਕਾਂਗਰਸੀ ਆਗੂ ਹੈਰਾਨ ਸਨ।

ਜਦੋਂ ਕੈਪਟਨ ਅਮਰਿੰਦਰ ਸਿੰਘ ਮੱਥਾ ਟੇਕਣ ਲਈ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਤਾਂ ਕਾਂਗਰਸ ਸਮਰਥਕ ਸ਼੍ਰੋਮਣੀ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਪੱਟੀ ਸਾਬਕਾ ਮੁੱਖ ਮੰਤਰੀ ਨੂੰ ਸੂਚਨਾ ਕੇਂਦਰ ਵਿਖੇ ਲੈ ਗਏ ਜਿਥੇ ਮੈਨੇਜਰ ਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਨਾ ਸਿਰਫ਼ ਕੈਪਟਨ ਅਮਰਿੰਦਰ ਸਿੰਘ ਦਾ ਸਵਗਤ ਕੀਤਾ ਸਗੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਕਾਰਨ ਸਾਬਕਾ ਮੁੱਖ ਮੰਤਰੀ ਦੇ ਚਿਹਰੇ 'ਤੇ ਵੀ ਸੰਤੁਸ਼ਟੀ ਵਾਲੇ ਭਾਵ ਦਿਖਾਈ ਦਿੱਤੇ। ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀਆਂ ਪ੍ਰਤੀ ਤੇ ਖਾਸ ਕਰਕੇ ਸੁਖਬੀਰ ਬਾਦਲ ਪ੍ਰਤੀ ਤਿੱਖੀ ਸ਼ਬਦਾਵਲੀ ਵਰਤਣ ਤੋਂ ਗੁਰੇਜ਼ ਕੀਤਾ।

# ਓਬਾਮਾ ਦੇ ਦੌਰੇ ਨਾਲ ਭਾਰਤੀ ਲੀਡਰ ਬਾਗ਼ੋ-ਬਾਗ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸੰਸਦ ਦੇ ਸਾਂਝੇ ਸਮਾਗਮ ਦੌਰਾਨ ਦਿੱਤੇ ਭਾਸ਼ਣ ਤੋਂ ਭਾਰਤੀ ਲੀਡਰ ਬਾਗ਼ੋ-ਬਾਗ਼ ਹੋ ਗਏ। ਅਮਰੀਕੀ ਆਗੂ ਨੇ ਠੋਕ-ਵਜਾ ਕੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਭਾਰਤ ਦੀ ਪੱਕੀ ਸੀਟ ਦੀ ਦਾਅਵੇਦਾਰੀ ਦੀ ਹਮਾਇਤ ਕਰ ਦਿੱਤੀ ਤੇ ਨਾਲ ਹੀ ਕਿਹਾ ਕਿ ਪਾਕਿਸਤਾਨ ਵਿਚਲੇ ਦਹਿਸ਼ਤਪਸੰਦਾਂ ਦੇ ਅੱਡੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਮੁੰਬਈ ਉਤੇ ਹੋਏ ਦਹਿਸ਼ਤਪਸੰਦ ਹਮਲਿਆਂ ਦੇ ਦੋਸ਼ੀਆਂ ਨੂੰ ਕਟਹਿਰੇ ਵਿਚ ਲਿਆਉਣ ਲਈ ਅਮਰੀਕਾ ਪਾਕਿਸਤਾਨ ਉਤੇ ਦਬਾਅ ਜਾਰੀ ਰੱਖੇਗਾ।

ਆਪਣੇ 35 ਮਿੰਟਾਂ ਦੇ ਭਾਸ਼ਣ ਵਿਚ ਓਬਾਮਾ ਨੇ ਸੰਸਦ ਮੈਂਬਰਾਂ ਦਾ ਦਿਲ ਜਿੱਤ ਲਿਆ। ਉਨ੍ਹਾਂ ਕਿਹਾ, 'ਆਉਂਦੇ ਸਾਲਾਂ ਵਿਚ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦਾ ਵਿਸਥਾਰ ਹੋਵੇਗਾ ਤਾਂ ਭਾਰਤ ਨੂੰ ਇਸ ਵਿਚ ਪੱਕੇ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇਗਾ। ਭਾਰਤ ਹੁਣ ਇਕ ਵਿਸ਼ਾਲ ਆਰਥਚਾਰਾ ਬਣ ਚੁੱਕਾ ਹੈ। ਇਹ ਸੀਟ ਮਿਲਣ ਨਾਲ ਇਹ ਆਲਮੀ ਪੱਧਰ 'ਤੇ ਹੋਰ ਵੀ ਅਹਿਮ ਭੂਮਿਕਾ ਨਿਭਾ ਸਕੇਗਾ।' ਉਨ੍ਹਾਂ ਭਾਰਤ ਨਾਲ ਮੋਢੇ ਨਾਲ ਮੋਢਾ ਢਾਹ ਕੇ ਚੱਲਣ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਬਹੁਤ ਸਾਰੇ ਮਸਲਿਆਂ ਬਾਰੇ ਦੋਹਾਂ ਦੇਸ਼ਾਂ ਦੀ ਪਹੁੰਚ ਇਕੋ ਹੀ ਹੈ ਤੇ ਬਹੁਤ ਸਾਰੇ ਮੁੱਦਿਆਂ ਉਤੇ ਦੋਹਾਂ ਨੂੰ ਹੀ ਇਕੋ ਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਪੀਡੀ ਦੋਸਤੀ ਦੇ ਪੁਖ਼ਤਾ ਆਦਾਰ ਹਨ।



*ਰਾਸ਼ਟਰਪਤੀ ਓਬਾਮਾ ਕਾਂਗਰਸ ਪ੍ਰਧਾਨ ਸੋਨੀਆਂ ਗਾਂਧੀ ਨਾਲ ਵਿਚਾਰ ਕਰਦੇ ਹੋਏ*

ਉਨ੍ਹਾਂ ਮਹਾਤਮਾ ਗਾਂਧੀ ਦੀ ਸ਼ਲਾਘਾ ਕਰਦਿਆਂ ਸੰਸਾਰ ਅਮਨ ਉਤੇ ਜ਼ੋਰ ਦਿੱਤਾ ਤੇ ਇਸੇ ਪ੍ਰਸੰਗ ਵਿਚ ਕਿਹਾ ਕਿ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਹਰ ਹਾਲ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਗੱਲਬਾਤ ਦਾ ਉਹ ਸਵਾਗਤ ਕਰਨਗੇ। ਇਹ ਦੋਹਾਂ ਦੇਸ਼ਾਂ 'ਤੇ ਨਿਰਭਰ ਹੈ ਕਿ ਇਹ ਆਪਣੇ ਮਤਭੇਦਾਂ ਨੂੰ ਦੂਰ ਕਰਨ।

ਸ੍ਰੀ ਓਬਾਮਾ ਦੇ ਇਸ ਭਾਸ਼ਣ ਦੌਰਾਨ ਬਹੁਤ ਵਾਰ ਤਾੜੀਆਂ ਵੱਜੀਆਂ। ਸ਼ਾਮ ਨੂੰ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵੱਲੋਂ ਰਾਸ਼ਟਰਪਤੀ ਭਵਨ ਦੇ ਲਾਅਨ ਵਿਚ ਦਿੱਤੀ ਦਾਅਵਤ ਵੇਲੇ ਮਾਹੌਲ ਬਹੁਤ ਹੀ ਖ਼ੁਸ਼ਗਵਾਰ ਸੀ। ਚਰਚਿਤ ਫ਼ਿਲਮ 'ਸ਼ੋਅਲੇ' ਦਾ ਇਹ ਗੀਤ "ਯਿਹ ਦੋਸਤੀ ਹਮ ਨਹੀਂ ਤੋੜੇਂਗੇ" ਵਾਰ ਵਾਰ ਚਲਾਇਆ ਗਿਆ। ਇਸ ਤੋਂ ਇਲਾਵਾ ਮਸ਼ਹੂਰ ਸੰਗੀਤਕਾਰ ਏ.ਆਰ. ਰਹਿਮਾਨ ਦਾ ਗੀਤ "ਜੈ ਹੋ" ਅਤੇ ਉਘੇ ਫ਼ਿਲਮਸਾਜ਼ ਮਰਹੂਮ ਰਾਜ ਕਪੂਰ ਦੀ ਫ਼ਿਲਮ ਦਾ ਗੀਤ "ਆਵਾਰਾ ਹੂੰ" ਵੀ ਖ਼ੂਬ ਵਜਾਇਆ ਗਿਆ।

## ਮਿਸ਼ੇਲ ਓਬਾਮਾ ਭਾਰਤੀ ਕਲਾ ਤੋਂ ਪ੍ਰਭਾਵਿਤ

**ਨਵੀਂ ਦਿੱਲੀ:** ਅਮਰੀਕਾ ਦੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਨੇ 8 ਨਵੰਬਰ ਨੂੰ ਰਾਸ਼ਟਰੀ ਹਸਤਕਲਾ ਤੇ ਸ਼ਿਲਪਕਾਰੀ ਮਿਊਜ਼ੀਅਮ 'ਚ ਭਾਰਤ ਦੀ ਅਮੀਰ ਦਸਤਕਾਰੀ ਤੇ ਸ਼ਿਲਪ ਕਲਾ ਦੀ ਝਲਕ ਵੇਖੀ। ਮਿਊਜ਼ੀਅਮ ਦੀ ਨਿਰਦੇਸ਼ਕਾ ਰੁਚਿਕਾ ਘੋਸ਼ ਨੇ ਮਿਸ਼ੇਲ ਨੂੰ ਭਾਰਤ ਦੀਆਂ ਰਵਾਇਤੀ ਪੁਸ਼ਾਕਾਂ, ਪੇਂਡੂ ਹਸਤ ਕਲਾ ਤੇ ਸ਼ਿਲਪਕਾਰੀ ਨਾਲ ਸਜੇ ਗਲਿਆਰਿਆਂ ਦਾ ਦੌਰਾ ਕਰਵਾਇਆ। ਇਹ ਮਿਊਜ਼ੀਅਮ ਜੋ ਸੋਮਵਾਰ ਬੰਦ ਹੁੰਦਾ ਹੈ, ਵਿਸ਼ੇਸ਼ ਤੌਰ 'ਤੇ ਮਿਸ਼ੇਲ ਦੀ ਆਮਦ ਦੇ ਮੱਦੇਨਜ਼ਰ ਖੋਲ੍ਹਿਆ ਗਿਆ ਸੀ।

ਸ੍ਰੀਮਤੀ ਓਬਾਮਾ ਨੇ ਪੰਜਾਬ ਦੀ ਫੁਲਕਾਰੀ, ਪੱਛਮ ਬੰਗਾਲ ਦੀ ਪਟਚਿੱਤਰ ਕਲਾ, ਕਰਨਾਟਕ ਦੀ ਫੁਲ ਕਲਾ, ਜੰਮੂ ਤੇ ਕਸ਼ਮੀਰ ਦੀ ਦੁਸ਼ਾਲਾ ਸ਼ਾਲਾਂ ਤੇ ਹਿਮਾਚਲ ਪ੍ਰਦੇਸ਼ ਦੀ ਸ਼ਿਲਪ ਕਲਾ ਵੇਖੀ। ਇਸ ਮੌਕੇ ਦੇਸ਼ ਦੀਆਂ 20 ਸ਼ਿਲਪਕਾਰਾਂ ਨੇ ਆਪਣੇ ਹੁਨਰ ਦਾ ਮੁਜ਼ਾਹਰਾ ਕੀਤਾ। ਮਿਸ਼ੇਲ ਭਾਰਤੀ ਸ਼ਿਲਪ ਕਲਾ ਦੀ ਅਮੀਰ ਵਿਰਾਸਤ ਵੇਖ ਕੇ ਅਤਿਅੰਤ ਪ੍ਰਭਾਵਿਤ ਹੋਏ। ਉਨ੍ਹਾਂ 'ਜੀਵਨ ਗੁਜ਼ਾਰੇ' ਲਈ ਹਸਤ ਕਲਾ ਵਸਤੂਆਂ ਬਣਾਉਣ ਵਾਲੀ ਗ਼ੈਰ-ਸਰਕਾਰੀ ਸੰਸਥਾ ਦੀਆਂ 15 ਕੁੜੀਆਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਭਾਰਤੀ ਕਲਾ ਤੇ ਸ਼ਿਲਪ ਦੀ ਵਿਰਾਸਤ ਬਾਰੇ ਹੋਰ ਢੇਰ ਸਾਰੀ ਜਾਣਕਾਰੀ ਪ੍ਰਾਪਤ ਕਰਨ ਦੀ ਰੁਚੀ ਵੀ ਵਿਖਾਈ।

# ਮਿਸ਼ੇਲ ਨੇ ਸਾਦੇ ਪਹਿਰਾਵੇ ਨਾਲ ਭਾਰਤੀਆਂ ਦਾ ਧਿਆਨ ਖਿੱਚਿਆ

**ਨਵੀਂ ਦਿੱਲੀ:** ਨਵੇਂ-ਨਵੇਂ ਫੈਸ਼ਨ ਦੇ ਪਹਿਰਾਵੇ ਪਾਉਣ ਲਈ ਪ੍ਰਸਿੱਧ ਮਿਸ਼ੇਲ ਓਬਾਮਾ ਨੇ ਭਾਰਤ ਦੌਰੇ ਦੌਰਾਨ ਆਪਣੀਆਂ ਪੁਸ਼ਾਕਾਂ ਦੀ ਚੋਣ ਵੇਲੇ ਸਾਦਗੀ ਨੂੰ ਮਹੱਤਵ ਦਿੱਤਾ ਜਿਸ ਨਾਲ ਉਨ੍ਹਾਂ ਆਮ ਭਾਰਤੀਆਂ ਦੇ ਦਿਲ ਜਿੱਤ ਲਏ। ਮੁੰਬਈ ਹਵਾਈ ਅੱਡੇ 'ਤੇ ਜਿਉਂ ਹੀ ਓਬਾਮਾ ਦਾ ਜਹਾਜ਼ ਉਤਰਿਆ, ਉਦੋਂ ਹੀ ਲੋਕਾਂ ਦੀਆਂ ਨਿਗਾਹਾਂ ਇਸ ਗੱਲ ਵੱਲ ਸਨ ਕਿ ਮਿਸ਼ੇਲ ਨੇ ਕਿਹੜੀ ਪੁਸ਼ਾਕ ਪਾਈ ਹੈ। ਉਹ ਗੋਡਿਆਂ ਤੱਕ ਲੰਬੀ ਭੂਰੇ ਰੰਗ ਦੀ ਫੈਸ਼ਨਦਾਰ ਪੁਸ਼ਾਕ 'ਚ ਨਜ਼ਰ ਆਏ ਜਿਸ ਵਿਚ ਭਾਰਤੀ ਕੁਰਤੀ ਵਰਗਾ ਵਸਤਰ ਵੀ ਸ਼ਾਮਲ ਸੀ ਜਿਸ 'ਤੇ ਮੋਤੀ ਦੇ ਬਟਨ ਲੱਗੇ ਹੋਏ ਸਨ।

ਫੈਸ਼ਨ ਡਿਜ਼ਾਈਨਰਾਂ ਨੇ ਵੇਖਿਆ ਕਿ ਮੁੰਬਈ 'ਚ ਮਿਸ਼ੇਲ ਜਿੰਨਾ ਚਿਰ ਰਹੇ ਉਹ ਸਾਦੇ ਤੇ ਫਿੱਕੇ ਰੰਗਾਂ ਵਾਲੇ ਪਹਿਰਾਵੇ 'ਚ ਨਜ਼ਰ ਆਏ। ਮੁੰਬਈ ਦੇ ਸੇਂਟ ਜ਼ੇਵੀਅਰ ਕਾਲਜ 'ਚ ਉਹ ਡੱਬੀਦਾਰ ਸਕਰਟ ਤੇ ਹਰੇ 'ਟਾਪ' 'ਚ ਨਜ਼ਰ ਆਏ। ਇਸ ਦੇ ਉਲਟ ਜਦੋਂ ਉਹ ਦਿੱਲੀ ਪਹੁੰਚੇ ਤਾਂ ਉਹ ਵਧੇਰੇ ਰੰਗੀਨ ਕੱਪੜਿਆਂ 'ਚ ਨਜ਼ਰ ਆਏ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਦਿੱਤੇ ਗਏ ਰਾਤਰੀ ਭੋਜ 'ਚ ਮਿਸ਼ੇਲ ਕਾਲੇ ਰੰਗ ਦੇ ਲਿਬਾਸ 'ਚ ਨਜ਼ਰ ਆਏ ਜਿਸ 'ਤੇ ਸੁਨਹਿਰੀ ਕਢਾਈ ਦਾ ਕੰਮ ਕੀਤਾ ਹੋਇਆ ਸੀ।

# ਓਬਾਮਾ ਅਤਿਵਾਦ ਖ਼ਿਲਾਫ਼ ਲੜਾਈ ਸਬੰਧੀ ਪਾਕਿਸਤਾਨ ਦੀ ਕਾਰਗੁਜ਼ਾਰੀ ਤੋਂ ਨਾਖ਼ੁਸ਼

**ਮੁੰਬਈ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤੀ ਲੀਡਰਸ਼ਿਪ ਨਾਲ ਆਪਣੀ ਰਣਨੀਤਕ ਵਾਰਤਾ ਤੋਂ ਪਹਿਲਾਂ ਸਾਫ ਕਰ ਦਿੱਤਾ ਕਿ ਉਨ੍ਹਾਂ ਦੇ ਮੁਲਕ ਵੱਲੋਂ ਭਾਰਤ ਤੇ ਪਾਕਿਸਤਾਨ ਨੂੰ ਗੱਲਬਾਤ ਜਾਂ ਸਬੰਧ ਸੁਧਾਰਨ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਤੇ ਉਨ੍ਹਾਂ ਉਤੇ ਕੁਝ ਵੀ 'ਠੋਸਿਆ ਨਹੀਂ' ਜਾਵੇਗਾ। ਉਨ੍ਹਾਂ ਨਾਲ ਹੀ ਇਹ ਜ਼ਰੂਰ ਕਿਹਾ ਕਿ ਦਹਿਸ਼ਤਗਰਦੀ ਖ਼ਿਲਾਫ਼ ਪਾਕਿਸਤਾਨ ਦੀ ਹੁਣ ਤਕ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਹੈ। ਉਨ੍ਹਾਂ ਨੇ ਸੇਂਟ ਜ਼ੇਵੀਅਰ ਕਾਲਜ ਦੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੀ ਵਿਦੇਸ਼ ਨੀਤੀ ਦਾ ਮਕਸਦ ਪਾਕਿਸਤਾਨ ਨਾਲ ਅਜਿਹਾ ਰਾਬਤਾ ਬਣਾਉਣਾ ਹੈ ਜਿਸ ਨਾਲ ਇਹ ਸੁਨੇਹਾ ਦਿੱਤਾ ਜਾ ਸਕੇ ਕਿ ਅਮਰੀਕਾ ਇਕ ਸਥਿਰ, ਖ਼ੁਸ਼ਹਾਲ ਤੇ ਪੁਰਅਮਨ ਪਾਕਿਸਤਾਨ ਦੇਖਣਾ ਚਾਹੁੰਦਾ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨੀ ਸਰਕਾਰ ਹੁਣ ਸਮਝਦੀ ਹੈ ਕਿ ਮੁਲਕ ਨੂੰ ਅਸਲ ਖ਼ਤਰਾ ਇਸ ਦੇ ਅੰਦਰੋਂ ਹੈ। ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਇਕੱਠਿਆਂ ਚਲਦਿਆਂ ਤਰੱਕੀ ਕਰ ਸਕਦੇ ਹਨ ਪਰ ਅਜਿਹਾ ਭਲਕੇ ਹੀ ਨਹੀਂ ਹੋ ਜਾਵੇਗਾ ਇਸ ਨੂੰ ਆਖਰੀ ਟੀਚਾ ਮੰਨ ਕੇ ਚੱਲਣਾ ਪਵੇਗਾ। ਅਮਰੀਕਾ ਇਸ ਵਿਚ ਭਾਈਵਾਲ ਹੋ ਸਕਦਾ ਹੈ ਪਰ ਉਹ ਇਹ ਕੁਝ ਇਨ੍ਹਾਂ ਉਤੇ ਠੋਸ ਨਹੀਂ ਸਕਦਾ। ਇਸ ਮੌਕੇ ਉਨ੍ਹਾਂ ਜਿੱਥੇ ਕਸ਼ਮੀਰ ਦਾ ਸਿੱਧਾ ਨਾਂ ਲੈਣ ਤੋਂ ਬਚਾਅ ਕੀਤਾ ਉਥੇ ਭਾਰਤ ਦੇ ਇਸ ਸਟੈਂਡ ਦੀ ਤਾਈਦ ਵੀ ਕੀਤੀ ਕਿ ਦੋਵੇਂ ਮੁਲਕ ਪਹਿਲਾਂ ਗੱਲਬਾਤ ਰਾਹੀਂ ਉਨ੍ਹਾਂ ਮੁੱਦਿਆਂ ਨੂੰ ਹੱਲ ਕਰ ਸਕਦੇ ਹਨ ਜਿਹੜੇ ਘੱਟ ਗੁੰਝਲਦਾਰ ਤੇ ਘੱਟ ਵਿਵਾਦ ਵਾਲੇ ਹਨ।

ਅਫਗਾਨਿਸਤਾਨ ਬਾਰੇ ਉਨ੍ਹਾਂ ਕਿਹਾ ਕਿ ਉਥੇ ਕੁਝ ਅਜਿਹੇ ਅਨਸਰ ਹਨ ਜਿਹੜੇ ਤਾਲਿਬਾਨ, ਅਲ ਕਾਇਦਾ, ਲਸ਼ਕਰੇ ਤੋਇਬਾ ਤੇ ਦੂਜੀਆਂ ਅਤਿਵਾਦੀ ਤਨਜ਼ੀਮਾਂ ਨਾਲ ਜੁੜੇ ਹੋਏ ਹਨ। ਇਕ ਵਿਦਿਆਰਥੀ ਵੱਲੋਂ ਜਹਾਦ ਦੇ ਅਰਥਾਂ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਜਹਾਦ ਇਕ ਅਜਿਹਾ ਸ਼ਬਦ ਹੈ ਜਿਸ ਦੇ ਮਾਅਨੇ ਬਹੁਤ ਡੂੰਘੇ ਤੇ ਵਿਸ਼ਾਲ ਹਨ ਤੇ ਇਸ ਦੀਆਂ ਬਹੁਤ ਵਿਆਖਿਆਵਾਂ ਕੀਤੀਆਂ ਜਾ ਸਕਦੀਆਂ ਹਨ। ਸ੍ਰੀ ਓਬਾਮਾ ਨੇ ਭਾਰਤ ਦੀ ਤਾਰੀਫ ਕਰਦਿਆਂ ਕਿਹਾ ਕਿ ਅਮਰੀਕਾ ਭਾਰਤ ਨੂੰ ਮਹਿਜ਼ ਉਭਰ ਰਹੀ ਤਾਕਤ ਨਹੀਂ ਮੰਨਦਾ ਸਗੋਂ ਇਸ ਗੱਲ ਵਿਚ ਵਿਸ਼ਵਾਸ ਕਰਦਾ ਹੈ ਕਿ ਭਾਰਤ ਪਹਿਲਾਂ ਹੀ ਉਭਰ ਚੁੱਕਿਆ ਹੈ ਤੇ ਭਾਰਤ ਦਾ ਇਹ ਉਭਾਰ ਅਮਰੀਕਾ ਲਈ ਹੀ ਨਹੀਂ ਸਗੋਂ ਪੂਰੇ ਸੰਸਾਰ ਲਈ ਸ਼ੁਭ ਸ਼ਗਨ ਹੈ। ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਦੇ ਰਿਸ਼ਤੇ 21ਵੀਂ ਸਦੀ ਨੂੰ ਰੂਪ ਦੇਣ ਵਿਚ ਬਹੁਤ ਅਹਿਮ ਸਾਬਤ ਹੋਣਗੇ ਤੇ ਅਮਰੀਕਾ ਵਿਚ ਭਾਰਤ ਪ੍ਰਤੀ ਬਹੁਤ ਚਾਹਤ ਹੈ।



*ਰਾਸ਼ਟਰਪਤੀ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਬੀਬੀ ਗੁਰਸ਼ਰਨ ਕੌਰ ਨਾਲ*

*"Healthy body, Healthy mind"*

# SIKH SPORTS ASSOCIATION OF USA

proudly sponsors

# GURU NANAK MARATHON

## NOVEMBER 13 ,2010

## QUARRY LAKES REGIONAL PARK

### FREMONT,CALIFORNIA

**Location: 2100 Isherwood Way Fremont CA 94536**


**SCHEDULE**

12 mile race.......... 9:00 AM
(Age Groups: 19, 29,39, 49, 59 male and female)
5K race.......... 11:30 AM
(Age Groups are: 29,39, 49, 59 male and female)
2 Mile Race Age 14.......... 11:35 AM
2 Mile Race Age 12.......... 11:40 AM
Stop Female Foeticide Worldwide 2 mile walk.......... 11:50 AM
Prize Ceremony.......... 12:30AM




**WATER AND REFRESHMENT WILL ALSO BE SERVED**

**Register online at www.sikhsports.com/marathon**
**or**
**Call 1.866.499.0032**



idea PRINT | 408.931.5200

# ਗਰੇਵਾਲ ਪੰਜਾਬ ਲਘੂ ਉਦਯੋਗ ਨਿਗਮ ਦੇ ਉਪ ਚੇਅਰਮੈਨ ਬਣੇ

**ਲੁਧਿਆਣਾ:** ਪੰਜਾਬ ਸਰਕਾਰ ਨੇ ਸੀਨੀਅਰ ਭਾਜਪਾ ਆਗੂ ਸੁਖਮਿੰਦਰ ਸਿੰਘ ਗਰੇਵਾਲ ਨੂੰ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਕਾਰਪੋਰੇਸ਼ਨ ਦਾ ਉਪ ਚੇਅਰਮੈਨ ਨਿਯੁਕਤ ਕੀਤਾ ਹੈ। ਸ. ਗਰੇਵਾਲ ਇਸ ਸਮੇਂ ਭਾਰਤੀ ਜਨਤਾ ਪਾਰਟੀ ਦੀ ਕਿਸਾਨ ਜਥੇਬੰਦੀ ਕਿਸਾਨ ਮੋਰਚਾ ਦੇ ਕੌਮੀ ਸਕੱਤਰ ਵਜੋਂ ਸੇਵਾ ਨਿਭਾਅ ਰਹੇ ਹਨ। ਉਹ ਆਪਣੀ ਬੇਬਾਕ ਅਤੇ ਸਪਸ਼ਟ ਵਿਚਾਰਧਾਰਾ ਕਰਕੇ ਪਾਰਟੀ ਵਿਚ ਸਤਿਕਾਰੇ ਜਾਂਦੇ ਹਨ।



ਸੁਖਮਿੰਦਰ ਸਿੰਘ ਗਰੇਵਾਲ

ਸ. ਗਰੇਵਾਲ ਦੇ ਮਿੱਤਰਾਂ-ਸਨੇਹੀਆਂ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਸ. ਗਰੇਵਾਲ ਦੀ ਇਸ ਨਿਯੁਕਤੀ ਨਾਲ ਕਾਰਪੋਰੇਸ਼ਨ ਦੇ ਕੰਮ-ਕਾਰ ਵਿਚ ਹੋਰ ਸੁਧਾਰ ਹੋਵੇਗਾ। ਉਨ੍ਹਾਂ ਨੂੰ ਵਧਾਈ ਦੇਣ ਵਾਲਿਆਂ ਵਿਚ ਜ਼ਿਲਾ ਪ੍ਰਧਾਨ ਖੰਨਾ ਸੰਜੀਵ ਧਮੀਜਾ, ਮੰਡਲ ਪ੍ਰਧਾਨ ਖੰਨਾ ਅਜੇ ਸੂਦ, ਮੀਤ ਪ੍ਰਧਾਨ ਵਿਨੋਦ ਕੁਮਾਰ, ਜ਼ਿਲਾ ਪ੍ਰਧਾਨ ਕਿਸਾਨ ਮੋਰਚਾ ਚਮਕੌਰ ਸਿੰਘ ਪੰਧੇਰ, ਰੁਲਦੂ ਰਾਮ, ਜਗਮੋਹਨ ਸਿੰਘ ਭੈਰੋਮੁੰਨਾ, ਰਾਜਿੰਦਰ ਸਿੰਘ, ਮਨਜੀਤ ਸਿੰਘ, ਪ੍ਰੀਤਮ ਸਿੰਘ ਮਾਨਗੜ੍ਹ ਅਤੇ ਕੇਦਾਰ ਸਿੰਘ ਕੋਹਾੜਾ ਸ਼ਾਮਲ ਹਨ।

# ਗੁਰਦੁਆਰਾ ਸਾਹਿਬ ਸਿਆਟਲ ਵਿਖੇ ਜੈਕਾਰਿਆਂ ਦੀ ਗੂੰਜ ਵਿਚ ਨਵੀਂ ਵੈਬਸਾਈਟ ਦੀ ਸ਼ੁਰੂਆਤ

**ਸਿਆਟਲ:** ਇਥੇ ਗੁਰਦੁਆਰਾ ਸਾਹਿਬ ਸਿਆਟਲ ਵਿਖੇ ਐਤਵਾਰ ਦੇ ਵਿਸ਼ੇਸ਼ ਦੀਵਾਨ ਵਿਚ ਜੈਕਾਰਿਆਂ ਦੀ ਗੂੰਜ ਵਿਚ ਸਰਬਤ ਸੰਗਤ ਦੀ ਹਾਜਰੀ ਵਿਚ ਨਵੀਂ ਵੈਬਸਾਈਟ www.GurbaniKatha.com ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਵੈਬਸਾਈਟ ਦੀ ਜਾਣਕਾਰੀ ਦਿੰਦਿਆਂ ਪੰਥ ਪ੍ਰਸਿਧ ਵਿਦਵਾਨ ਗਿਆਨੀ ਸਰਬਜੀਤ ਸਿੰਘ ਗੋਬਿੰਦਪੁਰੀ ਨੇ ਕਿਹਾ ਕਿ ਅਮਰੀਕਾ ਵਿਚ ਜੰਮੀ-ਪਲੀ ਨਵੀਂ ਪਨੀਰੀ ਦੇ ਬੱਚੇ ਪੰਜਾਬੀ ਨਾ ਆਉਣ ਕਰਕੇ ਗੁਰਬਾਣੀ ਨਹੀਂ ਸਮਝਦੇ ਇਸ ਲਈ ਉਨ੍ਹਾਂ ਨੂੰ ਅੰਗ੍ਰੇਜ਼ੀ ਵਿਚ ਗੁਰਬਾਣੀ ਸਮਝਾਉਣ ਦੀ ਜ਼ਰੂਰਤ ਹੈ। ਇਸ ਵੈਬਸਾਈਟ 'ਤੇ ਜਿਥੇ ਖਾਸ ਕਰਕੇ ਅੰਗ੍ਰੇਜ਼ੀ ਦੇ ਬਹੁਤ ਸਾਰੇ ਪ੍ਰੋਗਰਾਮ ਪਾਏ ਗਏ ਹਨ ਉਥੇ ਵਿਸ਼ੇਸ਼ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਏ ਹੁਕਮਨਾਮੇ ਦੀ ਰੋਜ਼ਾਨਾ ਅੰਗ੍ਰੇਜ਼ੀ ਵਿਚ ਵਿਆਖਿਆ ਫਰੰਟ ਪੇਜ 'ਤੇ ਦਿਖਾਈ ਜਾਇਆ ਕਰੇਗੀ।

ਜ਼ਿਕਰਯੋਗ ਹੈ ਕਿ ਗਿਆਨੀ ਸਰਬਜੀਤ ਸਿੰਘ ਗੋਬਿੰਦਪੁਰੀ ਨੇ ਪਿਛਲੇ ਤਿੰਨ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਜਪਜੀ ਸਾਹਿਬ ਦੀ ਜੋ ਸੰਪੂਰਨ ਕਥਾ ਕੀਤੀ ਉਹ ਵੀ ਸਾਰੀ ਵਿਆਖਿਆ ਇਸ ਵੈਬਸਾਈਟ 'ਤੇ ਅਪਲੋਡ ਕਰ ਦਿਤੀ ਗਈ ਹੈ। ਉਹ ਅੰਗ੍ਰੇਜ਼ੀ ਵਿਚ ਵੀ ਬਹੁਤ ਖੂਬਸੂਰਤੀ ਨਾਲ ਗੁਰਬਾਣੀ ਦੀ ਵਿਆਖਿਆ ਕਰਦੇ ਹਨ ਇਸ ਲਈ ਜਿਥੇ ਹੋਰ ਵਿਦਵਾਨਾਂ ਦੀ ਕਥਾ ਇਸ ਵੈਬਸਾਈਟ 'ਤੇ ਪਾਈ ਗਈ ਹੈ ਉਥੇ ਗਿਆਨੀ ਸਰਬਜੀਤ ਸਿੰਘ ਗੋਬਿੰਦਪੁਰੀ ਦੀ ਆਵਾਜ਼ ਵਿਚ ਅੰਗ੍ਰੇਜ਼ੀ ਦੇ ਬਹੁਤ ਸਾਰੇ ਲੈਕਚਰ ਵੀ ਅਪਲੋਡ ਕੀਤੇ ਗਏ ਹਨ।

***www.punjabtimesusa.com***

# ਗੁਰਦੁਆਰਾ ਸੈਨ ਹੋਜ਼ੇ ਵਿਚ ਬੰਦੀ ਛੋੜ ਦਿਵਸ ਮਨਾਇਆ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਵਿਚ ਬੰਦੀ ਛੋੜ ਦਿਵਸ ਸੰਗਤਾਂ ਵਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦਿਹਾੜੇ ਗੁਰੂ ਘਰ ਵਿਚ ਦਸ ਹਜ਼ਾਰ ਤੋਂ ਵੀ ਵੱਧ ਸੰਗਤਾਂ ਨੇ ਹਾਜ਼ਰੀ ਭਰੀ।

ਗੁਰੂ ਘਰ ਦੇ ਜਰਨਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਅਤੇ ਸਟੇਜ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਨੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਬਿਲਡਿੰਗ ਬਾਰੇ ਜਾਣਕਾਰੀ ਦਿੱਤੀ ਅਤੇ ਬਾਹਰੋਂ ਆਈ ਸੰਗਤ ਦਾ ਧੰਨਵਾਦ ਕੀਤਾ। ਹੋਲਿਸਟਰ ਦੀ ਸੰਗਤ ਜਿਨ੍ਹਾਂ ਵਿਚ ਬਲਰਾਜ ਸਿੰਘ, ਜਗਤਾਰ ਸਿੰਘ, ਜਸਵਿੰਦਰ ਸਿੰਘ, ਸੁਖਜਿੰਦਰ ਸਿੰਘ ਪੁਰੇਵਾਲ, ਕੁਲਦੀਪ ਸਿੰਘ ਸ਼ੇਰਗਿੱਲ, ਸਤਪਾਲ ਸਿੰਘ ਦੌਧਰ, ਸਤਿੰਦਰ ਸਿੰਘ, ਬਹਾਦਰ ਸਿੰਘ, ਅੰਮ੍ਰਿਤ ਸਿੰਘ, ਪਰਮਿੰਦਰ ਸਿੰਘ, ਜਰਨੈਲ ਸਿੰਘ ਰਾਕਾ, ਰਿੰਕੂ ਸੋਢੀ ਆਦਿ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਗੁਰੂ ਕੇ ਲੰਗਰ ਦੀ ਸੇਵਾ ਕੀਤੀ। ਕਾਰ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਪੁਨੀਤ ਸਿੰਘ, ਜਗਤਾਰ ਸਿੰਘ, ਅਮਰੀਕ ਸਿੰਘ ਤੱਖਰ, ਬਹਾਦਰ ਸਿੰਘ ਦਿਉਲ ਨੇ ਕੀਤੇ।

# ਗੁਰਦੁਆਰਾ ਪ੍ਰਭੁ ਮਿਲਣੈ ਕਾ ਚਾਉ ਵਿਖੇ ਗੁਰਮਤਿ ਕੈਂਪ 12 ਨਵੰਬਰ ਤੋਂ

**ਸੈਕਰਾਮੈਂਟੋ:** ਇਥੇ ਗੁਰਦੁਆਰਾ ਪ੍ਰਭੁ ਮਿਲਣੈ ਕਾ ਚਾਉ ਵਿਖੇ 12 ਤੋਂ 14 ਨਵੰਬਰ ਤੱਕ ਗੁਰਮਤਿ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿਚ ਨਾਮ ਸਿਮਰਨ ਅਭਿਆਸ, ਕੀਰਤਨ ਦੇ ਨਾਲ ਨਾਲ ਗੁਰਬਾਣੀ ਵਿਚਾਰ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਵੇਗਾ।

ਇਸ ਮੌਕੇ ਬੱਚਿਆਂ ਵਾਸਤੇ ਖਾਸ ਅੰਗਰੇਜ਼ੀ ਵਿਚ ਅਕਥ ਕਥਾ ਦੀ ਕਲਾਸ ਲਗਾਈ ਜਾਵੇਗੀ ਜੋ ਭਾਈ ਸਿਮਰ ਸਿੰਘ ਸ਼ਿਕਾਗੋ ਕਰਨਗੇ। ਹੋਰ ਜਾਣਕਾਰੀ ਵਾਸਤੇ ਭਾਈ ਬਲਵੀਰ ਸਿੰਘ ਨਾਲ ਫੋਨ (916) 835-3173 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਈ ਅਤਿੰਦਰਪਾਲ ਸਿੰਘ ਖਾਲਿਸਤਾਨੀ ਦਾ ਟਾਕ ਸ਼ੋਅ 14 ਨੂੰ

**ਫਰੀਮਾਂਟ:** ਸਾਬਕਾ ਐਮ ਪੀ ਅਤੇ ਅਕਾਲੀ ਦਲ (ਖਾਲਿਸਤਾਨੀ) ਦੇ ਪ੍ਰਧਾਨ ਭਾਈ ਅਤਿੰਦਰਪਾਲ ਸਿੰਘ ਖਾਲਿਸਤਾਨੀ ਬੇ-ਏਰੀਆ ਤੋਂ ਪ੍ਰਸਾਰਿਤ ਹੁੰਦੇ ਰੇਡੀਓ ਪ੍ਰੋਗਰਾਮ 'ਰੇਡੀਓ ਚੜ੍ਹਦੀ ਕਲਾ' ਤੋਂ ਐਤਵਾਰ 14 ਨਵੰਬਰ ਨੂੰ ਰਾਤ 8 ਵਜੇ ਤੋਂ 9 ਵਜੇ ਤੱਕ ਇਕ ਟਾਕ ਸ਼ੋਅ ਦੇਣਗੇ।

ਭਾਈ ਅਤਿੰਦਰਪਾਲ ਸਿੰਘ ਖਾਲਿਸਤਾਨੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸਵਰਗੀ ਭਾਈ ਅਮਰੀਕ ਸਿੰਘ ਦੇ ਕਰੀਬੀ ਸਾਥੀ ਰਹੇ ਹਨ। ਉਹ ਜੂਨ 1984 ਦੇ ਅਪਰੇਸ਼ਨ ਬਲੂ ਸਟਾਰ ਮੌਕੇ 5 ਜੂਨ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਲ ਅਖੀਰਲੇ 13 ਯੋਧਿਆਂ ਵਿਚੋਂ ਇਕ ਸਨ। ਭਾਈ ਅਤਿੰਦਰਪਾਲ ਸਿੰਘ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ 1989 ਵਿਚ ਉਨ੍ਹਾਂ ਨੂੰ ਲੋਕ ਸਭਾ ਸੀਟ ਲਈ ਜੇਲ੍ਹ ਅੰਦਰ ਹੁੰਦਿਆਂ ਵੀ ਸਿੱਖ ਪੰਥ ਨੇ ਭਾਰੀ ਜਿੱਤ ਦੁਆਈ ਸੀ। ਸੰਨ 2007 ਵਿਚ ਉਨ੍ਹਾਂ ਲੰਬੀ ਹਲਕੇ ਤੋਂ ਸ. ਪ੍ਰਕਾਸ਼ ਸਿੰਘ ਬਾਦਲ ਵਿਰੁਧ ਖਾਲਿਸਤਾਨ ਦੇ ਮੁੱਦੇ 'ਤੇ ਵਿਧਾਨ ਸਭਾ ਚੋਣ ਲੜੀ ਸੀ। ਉਨ੍ਹਾਂ ਖਾਲਿਸਤਾਨ ਬਾਰੇ ਇਕ ਕਿਤਾਬ ਵੀ ਲਿਖੀ ਹੈ ਜੋ ਅੱਜ-ਕੱਲ੍ਹ ਕਾਫੀ ਚਰਚਾ ਵਿਚ ਹੈ। ਭਾਈ ਅਤਿੰਦਰਪਾਲ ਸਿੰਘ ਖਾਲਿਸਤਾਨੀ ਆਉਂਦੀ 5 ਦਸੰਬਰ ਨੂੰ ਤਖਤ ਸ੍ਰੀ ਕੇਸਗੜ੍ਹ ਤੋਂ ਖਾਲਿਸਤਾਨ ਦੀ ਪ੍ਰਾਪਤੀ ਲਈ ਇਕ ਲੋਕ ਲਹਿਰ ਅਰੰਭ ਕਰ ਰਹੇ ਹਨ। ਉਹ ਇਸ ਰੇਡੀਓ ਟਾਕ ਸ਼ੋਅ ਦੌਰਾਨ ਆਪਣੇ ਪ੍ਰੋਗਰਾਮਾਂ ਬਾਰੇ ਦੱਸਣਗੇ ਅਤੇ ਸਰੋਤਿਆਂ ਦੇ ਸਵਾਲਾਂ ਦਾ ਜਵਾਬ ਵੀ ਦੇਣਗੇ।

ਤੁਰੰਤ ਲੋੜ ਹੈ
ਤੰਦੂਰੀਏ/ਕੁਕ ਦੀ
ਕੋਲੰਬਸ, ਓਹਾਇਓ ਵਿਚ ਇਕ ਇੰਡੀਅਨ ਰੈਸਟੋਰੈਂਟ ਨੂੰ ਤੰਦੂਰੀਏ/ਕੁਕ ਅਤੇ ਹੈਲਪਰ ਦੀ ਫੌਰੀ ਤੌਰ 'ਤੇ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਬੰਦੋਬਸਤ
ਤੁਰਤ ਕਾਲ ਕਰੋ:
513-225-5092

ਰੇਡੀਓ ਗੀਤ ਸੰਗੀਤ ਦਾ ਨਾਂ ਹੈ ਹੁਣ
"ਰੇਡੀਓ ਚੜ੍ਹਦੀ ਕਲਾ"

Radio Geet Sangeet
is now Radio Chardi Kala
Fremont California, in Bay Area
Since September 10, 2010.

ਹੁਣ ਤੁਸੀਂ ਪੰਜਾਬੀ ਰੇਡੀਓ
ਚੜ੍ਹਦੀ ਕਲਾ
ਕੈਲੀਫੋਰਨੀਆ ਦੇ ਪੰਜਾਬੀ ਵਸੋਂ ਵਾਲੇ ਸਾਰੇ
ਸ਼ਹਿਰਾਂ ਅਤੇ ਬੇ-ਏਰੀਆ ਵਿਚ ਸੁਣ ਸਕਦੇ ਹੋ



You can listen Punjabi Radio Chardi Kala in dense Punjabi populated cities in California.
We thanks our advertisers, listeners, supports, will wishers, and every body.



To participate in programs
Call 510-972-0820
To advertise or for more information:
Gurcharan Singh Mann 510-557-0061
Lakhbir Singh 510-760-9882

Mailing address: Radio CK, PO Box 296, Fremont, CA 94536

listen live www.radiock.com

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਾਂਗਰਸ ਵੱਲੋਂ ਭ੍ਰਿਸ਼ਟਾਚਾਰ ਦੇ ਦਾਗ ਧੋਣ ਦੀ ਕਵਾਇਦ ਸ਼ੁਰੂ

## ਮਹਾਰਾਸ਼ਟਰ ਦੇ ਮੁੱਖ ਮੰਤਰੀ ਚਵਾਨ ਤੇ ਕਲਮਾਡੀ ਦੀ ਛੁੱਟੀ

**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡਾਂ ਤੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਦਾ ਕੰਮ ਮੁਕਾ ਕੇ ਕੇਂਦਰ ਵਿਚਲੀ ਕਾਂਗਰਸ ਸਰਕਾਰ ਨੇ ਆਪਣੇ ਦਾਮਨ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦਾਗਾਂ ਨੂੰ ਧੋਣ ਦੀ ਕਵਾਇਦ ਵਿੱਢ ਦਿੱਤੀ ਹੈ। ਇਸ ਦੀ ਸ਼ੁਰੂਆਤ 9 ਨਵੰਬਰ ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਸ਼ੋਕ ਚਵਾਨ ਤੇ ਸੰਸਦੀ ਪਾਰਟੀ ਦੇ ਸਕੱਤਰ ਸੁਰੇਸ਼ ਕਲਮਾਡੀ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਕੇ ਕੀਤੀ ਗਈ ਹੈ। ਇਨ੍ਹਾਂ ਦੋਵਾਂ ਦੇ ਨਾਂ ਘੁਟਾਲਿਆਂ 'ਚ ਬੋਲਣ ਨਾਲ ਪਾਰਟੀ ਨੂੰ ਬੜੀ ਨਮੋਸ਼ੀ ਝੱਲਣੀ ਪੈ ਰਹੀ ਸੀ। ਇਸ ਦੇ ਨਾਲ ਹੀ ਕੇਂਦਰੀ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਮੁੰਬਈ ਦੇ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦੀ ਸੀ.ਬੀ.ਆਈ. ਜਾਂਚ ਦੇ ਆਦੇਸ਼ ਦਿੱਤੇ ਹਨ। ਇਸ ਘੁਟਾਲੇ 'ਚ ਕਈ ਫ਼ੌਜੀ ਅਧਿਕਾਰੀਆਂ ਦੇ ਨਾਂ ਵੀ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਸੰਸਦ ਦਾ ਸਰਦ ਰੁੱਤ ਦਾ ਇਜਲਾਸ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲਾਂ ਕਾਂਗਰਸ ਦੇ ਜਨਰਲ ਸਕੱਤਰ ਜਨਾਰਦਨ ਦਿਵੇਦੀ ਨੇ ਐਲਾਨ ਕੀਤਾ ਕਿ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੇ ਸ੍ਰੀ ਚਵਾਨ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਐਲਾਨ ਦੇ ਨਾਲ ਹੀ ਮੁੰਬਈ ਵਿਚ ਸ੍ਰੀ ਚਵਾਨ ਨੇ ਆਪਣਾ ਅਸਤੀਫ਼ਾ ਰਾਜਪਾਲ ਨੂੰ ਸੌਂਪ ਦਿੱਤਾ ਹੈ ਜਿਨ੍ਹਾਂ ਨੇ ਉਸ ਨੂੰ ਸਵੀਕਾਰ ਕਰ ਲਿਆ। ਸ੍ਰੀ ਦਿਵੇਦੀ ਨੇ ਇਹ ਵੀ ਐਲਾਨ ਕੀਤਾ ਰਾਸ਼ਟਰਮੰਡਲ ਖੇਡਾਂ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸਾਰਿਆਂ ਦੀਆਂ ਨਜ਼ਰਾਂ 'ਚ ਰਹੇ ਸ੍ਰੀ ਕਲਮਾਡੀ ਨੂੰ ਵੀ ਕਾਂਗਰਸ ਦੀ ਸੰਸਦੀ ਪਾਰਟੀ ਦੀ ਸਕੱਤਰੀ ਤੋਂ ਹਟਾ ਦਿੱਤਾ ਗਿਆ ਹੈ। ਸ੍ਰੀ ਚਵਾਨ ਦੇ ਤਿੰਨ ਰਿਸ਼ਤੇਦਾਰਾਂ ਦੇ ਆਦਰਸ਼ ਹਾਊਸਿੰਗ ਸੁਸਾਇਟੀ ਵਿਚ ਫਲੈਟ ਹਨ ਤੇ ਉਨ੍ਹਾਂ ਦੇ ਅਸਤੀਫ਼ੇ 'ਤੇ ਫ਼ੈਸਲਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਮੁੰਬਈ ਫੇਰੀ ਨੂੰ ਦੇਖਦੇ ਹੋਏ ਪਿਛਲੇ 10 ਦਿਨ ਤੋਂ ਲਟਕਿਆ ਆ ਰਿਹਾ ਸੀ। ਹਾਊਸਿੰਗ ਸੁਸਾਇਟੀ ਵਿਚ 51 ਸਾਲਾ ਚਵਾਨ ਦੀ ਸੱਸ ਤੇ ਉਨ੍ਹਾਂ ਦੇ ਦੋ ਹੋਰ ਰਿਸ਼ਤੇਦਾਰਾਂ ਦੀ ਗੱਲ ਸਾਹਮਣੇ ਆਉਣ ਪਿਛੋਂ ਉਨ੍ਹਾਂ ਨੇ 30 ਅਕਤੂਬਰ ਨੂੰ ਸੋਨੀਆ ਗਾਂਧੀ ਨਾਲ ਮੀਟਿੰਗ ਦੌਰਾਨ ਅਸਤੀਫ਼ਾ ਦੇਣ ਦੀ ਪੇਸ਼ਕਸ਼ ਕੀਤੀ ਸੀ। ਅਸਲ ਵਿਚ ਇਹ ਸੁਸਾਇਟੀ ਕਾਰਗਿਲ ਜੰਗ ਦੇ ਯੋਧਿਆਂ ਤੇ ਜੰਗੀ ਵਿਧਵਾਵਾਂ ਲਈ ਬਣਾਈ ਗਈ ਸੀ।

ਵਿੱਤ ਮੰਤਰੀ ਪ੍ਰਣਾਬ ਮੁਖਰਜੀ ਤੇ ਰੱਖਿਆ ਮੰਤਰੀ ਏ.ਕੇ. ਐਂਟਨੀ ਵੱਲੋਂ ਹਾਊਸਿੰਗ ਘੁਟਾਲੇ ਵਿਚ ਰਿਪੋਰਟ ਦੇਣ ਤੋਂ ਪਹਿਲਾਂ ਹੀ ਸ੍ਰੀ ਚਵਾਨ ਨੂੰ ਅਹੁਦੇ ਤੋਂ ਹਟਾਉਣ ਦਾ ਫ਼ੈਸਲਾ ਕਰ ਲਿਆ ਗਿਆ ਹੈ। ਇਸੇ ਦੌਰਾਨ ਸ੍ਰੀ ਚਵਾਨ ਨੇ ਕਿਹਾ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਵਜੋਂ ਅਸਤੀਫ਼ਾ ਦੇਣ ਦਾ ਮਤਲਬ ਇਹ ਨਹੀਂ ਕਿ ਉਹ ਘੁਟਾਲੇ ਵਿਚ ਦੋਸ਼ੀ ਸਾਬਤ ਹੋ ਗਏ ਹਨ ਤੇ ਉਨ੍ਹਾਂ ਦਾਅਵਾ ਕੀਤਾ ਕਿ ਉਹ ਮੁੱਦੇ 'ਚੋਂ 100 ਫ਼ੀਸਦੀ ਬੇਦਾਗ ਨਿਕਲਣਗੇ।

ਇਸ ਦੇ ਨਾਲ ਹੀ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਮਾਮਲੇ 'ਚ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਮਾਮਲੇ ਵਿਚ ਹਥਿਆਰਬੰਦ ਸੈਨਾਵਾਂ ਤੇ ਰੱਖਿਆ ਅਸਟੇਟ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਸੀ.ਬੀ.ਆਈ. ਜਾਂਚ ਦੇ ਆਦੇਸ਼ ਦਿੱਤੇ ਹਨ।

# ਓਬਾਮਾ ਦੀ ਦਿੱਲੀ ਫੇਰੀ ਦੌਰਾਨ ਨਵੰਬਰ 84 ਦੀ ਸਿੱਖ ਨਸਲਕੁਸ਼ੀ ਪੀੜਤ ਵਿਧਵਾਵਾਂ ਵਲੋਂ ਰੋਸ ਮੁਜਾਹਰਾ




**ਨਵੀਂ ਦਿੱਲੀ:** ਦੁਨੀਆ ਭਰ ਵਿਚ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਅਖਵਾਉਣ ਵਾਲੇ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਨਵੰਬਰ 1984 ਸਿੱਖ ਨੂੰ ਨਜ਼ਰਅੰਦਾਜ਼ ਕਰਨ ਵਿਰੁਧ ਸਿੱਖ ਨਸਲਕੁਸ਼ੀ ਦੇ ਸਮੂਹ ਪੀੜਤਾਂ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸਿੱਖਸ ਫਾਰ ਜਸਟਿਸ, 1984 ਜਸਟਿਸ ਵਿਕਟਮਸ ਐਂਡ ਵੈਲਫੇਅਰ ਸੁਸਾਇਟੀ ਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਸੋਮਵਾਰ ਦਿੱਲੀ 'ਚ ਅਮਰੀਕੀ ਰਾਸ਼ਟਰਪਤੀ ਦੀ ਆਮਦ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਜੰਤਰ-ਮੰਤਰ ਤੱਕ ਇਨਸਾਫ਼ ਰੈਲੀ ਕੱਢੀ ਗਈ। ਇਸ ਰੈਲੀ ਦੀ ਅਗਵਾਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਅਤੇ 1984 ਜਸਟਿਸ ਵਿਕਟਮਸ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ ਨੇ ਕੀਤੀ।

ਇਸ ਮੌਕੇ ਇਕ ਵਫ਼ਦ ਨੇ ਰਾਸ਼ਟਰਪਤੀ ਓਬਾਮਾ ਨੂੰ ਦੇਣ ਲਈ ਇਕ ਮੰਗ ਪੱਤਰ ਭਾਰਤ ਵਿਚ ਅਮਰੀਕੀ ਰਾਜਦੂਤ ਰੋਇਮਰ ਟਿਮੋਥੀ ਨੂੰ ਸੌਂਪ ਕੇ ਮੰਗ ਕੀਤੀ ਕਿ ਨਵੰਬਰ '84 ਦੌਰਾਨ ਅਤੇ ਪਿਛਲੇ ਢਾਈ ਦਹਾਕਿਆਂ ਦੌਰਾਨ ਆਜ਼ਾਦ ਭਾਰਤ ਅੰਦਰ ਸਿੱਖਾਂ ਦੇ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਪੀੜਤਾਂ ਨੂੰ ਇਨਸਾਫ਼ ਦਿਵਾਇਆ ਜਾਵੇ। ਰੋਸ ਮਾਰਚ ਤੋਂ ਬਾਅਦ 7 ਮੈਂਬਰੀ ਉਚ ਪੱਧਰੀ ਵਫ਼ਦ ਨੇ ਅਮਰੀਕੀ ਦੂਤਘਰ ਵਿਚ ਜਾ ਕੇ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਦੇ ਨਾਂ ਲਿਖਿਆ ਤਿੰਨ ਸਫ਼ਿਆਂ ਦਾ ਮੰਗ ਪੱਤਰ ਅਮਰੀਕੀ ਰਾਜਦੂਤ ਨੂੰ ਦਿੱਤਾ। ਵਫ਼ਦ ਵਿਚ ਸ. ਬਾਬੂ ਸਿੰਘ ਦੁੱਖੀਆ, ਸੁਧੀਰ ਮੁਹੰਮਦ, ਭਾਈ ਮੋਹਕਮ ਸਿੰਘ, ਭਾਈ ਹਰਪਾਲ ਸਿੰਘ ਚੀਮਾ, ਬੀਬੀ ਗੰਗਾ ਕੌਰ ਅਤੇ ਬੀਬੀ ਠਾਕਰੀ ਕੌਰ ਸ਼ਾਮਿਲ ਸਨ। ਮੰਗ ਪੱਤਰ ਵਿਚ ਕਿਹਾ ਗਿਆ ਕਿ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੋਈ ਤੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਵਜੋਂ ਰਾਸ਼ਟਰਪਤੀ ਓਬਾਮਾ ਪੀੜਤਾਂ ਨੂੰ ਨਿਆਂ ਦੁਆਉਣ ਲਈ ਆਵਾਜ਼ ਬੁਲੰਦ ਕਰਨ।

ਇਸ ਪਿਛੋਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਅਨਿਆਂ ਵਿਰੁਧ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਮਨੁੱਖੀ ਹੱਕਾਂ ਦੀ ਉਲੰਘਣਾ ਵਿਰੁਧ ਰਾਸ਼ਟਰਪਤੀ ਓਬਾਮਾ ਨੂੰ ਦਖ਼ਲ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸ੍ਰੀ ਓਬਾਮਾ ਵੱਲੋਂ ਸ੍ਰੀ ਦਰਬਾਰ ਸਾਹਿਬ ਜਾਣ ਦਾ ਪ੍ਰੋਗਰਾਮ ਬਣਾ ਕੇ ਰੱਦ ਕਰਨ ਦਾ ਸਪੱਸ਼ਟ ਅਰਥ ਹੈ ਕਿ ਉਹ ਭਾਰਤ ਦੇ ਉਨ੍ਹਾਂ ਮੌਕਾਪ੍ਰਸਤਾਂ ਦੇ ਪ੍ਰਭਾਵ ਹੇਠ ਆ ਗਏ ਹਨ ਜਿਹੜੇ ਇਹ ਨਹੀਂ ਚਾਹੁੰਦੇ ਸਨ ਕਿ ਉਹ ਦਰਬਾਰ ਸਾਹਿਬ ਜਾਣ।

ਸ੍ਰੀ ਦਰਬਾਰ ਸਾਹਿਬ ਜਾਣ ਤੋਂ ਨਾਂਹ ਕਰਨ ਨਾਲ ਧਾਰਮਿਕ ਵਿਭਿੰਨਤਾ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਦੇ ਦਾਅਵਿਆਂ ਦਾ ਪਰਦਾਫਾਸ਼ ਹੋ ਗਿਆ ਹੈ ਤੇ ਇਸ ਨਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਰੁਤਬੇ ਤੇ ਸਤਿਕਾਰ ਨੂੰ ਵੀ ਸੱਟ ਵੱਜੀ ਹੈ। ਉਨ੍ਹਾਂ ਨੇ ਕਿਹਾ ਕਿ 19 ਜਨਵਰੀ 2008 ਨੂੰ ਆਪਣੇ ਭਾਸ਼ਣ ਦੌਰਾਨ ਓਬਾਮਾ ਨੇ ਕਿਹਾ ਸੀ ਕਿ ਉਹ ਹਰ ਤਰ੍ਹਾਂ ਦੀ ਨਸਲਕੁਸ਼ੀ ਵਿਰੁਧ ਜ਼ੋਰਦਾਰ ਆਵਾਜ਼ ਉਠਾਉਣਗੇ। ਸ. ਪੀਰ ਮੁਹੰਮਦ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਮੁੰਬਈ ਵਿਚ ਹਮਲੇ ਦਾ ਸ਼ਿਕਾਰ ਹੋਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਵਾਲੇ ਰਾਸ਼ਟਰਪਤੀ ਓਬਾਮਾ ਨੇ 1984 ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸ੍ਰੀ ਦਰਬਾਰ ਸਾਹਿਬ ਤੇ ਫਿਰ ਦਿੱਲੀ ਸਣੇ ਦੇਸ਼ ਦੇ ਅਨੇਕ ਹਿੱਸਿਆਂ 'ਚ ਕਤਲ ਕਰ ਦਿੱਤੇ ਗਏ ਸਿੱਖਾਂ ਨੂੰ ਅਣਗੌਲਿਆਂ ਕੀਤਾ।

ਮੰਗ ਪੱਤਰ ਵਿਚ ਸਿੱਖਾਂ ਲਈ ਖ਼ੁਦਮੁਖ਼ਤਿਆਰੀ ਦੇ ਅਧਿਕਾਰ ਨੂੰ ਮਾਨਤਾ ਦੇਣ, ਇਸ ਸਬੰਧੀ ਅਮਰੀਕਾ ਵੱਲੋਂ ਜ਼ਿੰਮੇਵਾਰੀ ਨਿਭਾਏ ਜਾਣ, ਸਿੱਖ ਧਰਮ ਨੂੰ ਵੱਖਰੇ ਧਰਮ ਦਾ ਦਰਜਾ ਬਹਾਲ ਕਰਨ ਲਈ ਸੰਵਿਧਾਨ ਦੀ ਧਾਰਾ 25 ਵਿਚ ਸੋਧ, ਭਾਰਤ ਵਿਚ ਸਿੱਖਾਂ ਦੀਆਂ ਯੋਜਨਾਬੱਧ ਹਤਿਆਵਾਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ, ਨਸਲਕੁਸ਼ੀ ਦੇ ਦੋਸ਼ੀਆਂ ਲਈ ਸਜ਼ਾਵਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਭਾਰਤ ਵਿਚ ਖਾਸਕਰ ਪੰਜਾਬ ਵਿਚ ਦਾਖ਼ਲ ਹੋਣ ਦੀ ਆਗਿਆ ਦੇਣ ਸਬੰਧੀ ਮੰਗ ਕੀਤੀ ਗਈ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਅਣਗੌਲਿਆ ਕਰਕੇ ਇਹ ਸਾਬਤ ਕੀਤਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਅਮਰੀਕਾ ਨੂੰ ਜ਼ਰਾ ਵੀ ਪ੍ਰਵਾਹ ਨਹੀਂ ਹੈ। ਇਨਸਾਫ਼ ਰੈਲੀ ਵਿਚ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਹਰਪਾਲ ਸਿੰਘ ਚੀਮਾ, ਜਸਬੀਰ ਸਿੰਘ ਖੜੂਰ, ਸੰਤੋਖ ਸਿੰਘ ਸਲਾਣਾ, ਸਿੱਖ ਫੈਡਰੇਸ਼ਨ (ਭੋਮਾ) ਦੇ ਆਗੂ ਡਾ. ਮਨਜੀਤ ਸਿੰਘ ਭੋਮਾ, ਅਕਾਲ ਸਹਾਏ ਜਥੇਬੰਦੀ ਦੇ ਪ੍ਰਧਾਨ ਦਰਸ਼ਨ ਸਿੰਘ ਘੋਲੀਆ, ਮੋਹਾਲੀ ਤੋਂ ਨਵੰਬਰ 1984 ਸਿੱਖ ਕਤਲੇਆਮ ਪੀੜਤ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਭਾਟੀਆ, ਮੀਤ ਪ੍ਰਧਾਨ ਬਲਦੇਵ ਸਿੰਘ, ਜਨਰਲ ਸਕੱਤਰ ਬਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਪੀੜਤ ਪਰਿਵਾਰ ਰੈਲੀ ਵਿਚ ਸ਼ਾਮਿਲ ਹੋਏ।

# ਓਬਾਮਾ ਦੇ ਦੌਰੇ ਨਾਲ ਭਾਰਤ ਆਲਮੀ ਮੰਚ 'ਤੇ ਉਭਰਿਆ

ਪੈਦਾ ਹੋਣਗੀਆਂ। ਦੋਵਾਂ ਮੁਲਕਾਂ ਦੇ ਆਗੂਆਂ ਵੱਲੋਂ ਜਾਰੀ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਖਿੱਤੇ ਤੇ ਕੌਮਾਂਤਰੀ ਸੁਰੱਖਿਆ ਲਈ ਪਾਕਿਸਤਾਨ ਤੇ ਅਫਗਾਨਿਸਤਾਨ ਵਿਚਲੇ ਅਤਿਵਾਦੀਆਂ ਦੇ ਸੁਰੱਖਿਅਤ ਅੱਡਿਆਂ ਤੇ ਤਾਣੇ-ਬਾਣੇ ਨੂੰ ਖਤਮ ਕਰਨ ਦੀ ਲੋੜ ਹੈ। ਸਾਂਝੇ ਬਿਆਨ ਵਿਚ ਹਰ ਤਰ੍ਹਾਂ ਦੇ ਅਤਿਵਾਦ ਦੀ ਨਿੰਦਾ ਕਰਦਿਆਂ ਦੋਵੇਂ ਧਿਰਾਂ ਨੇ ਲਸ਼ਕਰ-ਏ-ਤਾਇਬਾ ਸਮੇਤ ਸਾਰੇ ਅਤਿਵਾਦੀ ਸੰਗਠਨਾਂ ਨੂੰ ਹਰ ਹਾਲਤ ਵਿਚ ਮਾਤ ਦੇਣ ਲਈ ਸਹਿਮਤੀ ਪ੍ਰਗਟਾਈ ਹੈ ਤੇ ਪਾਕਿਸਤਾਨ ਨੂੰ ਕਿਹਾ ਹੈ ਕਿ ਮੁੰਬਈ ਹਮਲੇ ਦੇ ਸਾਜ਼ਿਸ਼ਕਾਰਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ।

ਜੁਲਾਈ 2010 ਵਿਚ ਅਤਿਵਾਦ ਵਿਰੋਧੀ ਕਦਮਾਂ 'ਤੇ ਹੋਈ ਸਹਿਮਤੀ ਨੂੰ ਅੱਗੇ ਵਧਾਉਂਦਿਆਂ ਦੋਵਾਂ ਆਗੂਆਂ ਨੇ ਐਲਾਨ ਕੀਤਾ ਕਿ ਗ੍ਰਹਿ ਮੰਤਰਾਲੇ (ਭਾਰਤ) ਤੇ ਹੋਮਲੈਂਡ ਸੁਰੱਖਿਆ ਵਿਭਾਗ (ਅਮਰੀਕਾ) ਵਿਚਾਲੇ ਸੁਰੱਖਿਆ ਦੇ ਮੁੱਦੇ 'ਤੇ ਵਿਚਾਰ-ਵਟਾਂਦਰਾ ਹੋਵੇਗਾ। ਦੋਵਾਂ ਦੇਸ਼ਾਂ ਨੇ ਅਤਿਵਾਦ ਵਿਰੋਧੀ ਸਹਿਯੋਗ ਹੋਰ ਮਜ਼ਬੂਤ ਕਰਨ ਉਪਰ ਸਹਿਮਤੀ ਪ੍ਰਗਟਾਈ। ਇਸ ਤੋਂ ਇਲਾਵਾ ਸਾਂਝੇ ਬਿਆਨ ਵਿਚ ਕੌਮਾਂਤਰੀ ਮੰਦੇ ਵਿਚੋਂ ਨਿਕਲਣ ਦੇ ਯਤਨ ਤੇਜ਼ ਕਰਨ ਦੇ ਮਾਮਲੇ ਵਿਚ ਦੋਵਾਂ ਦੇਸ਼ਾਂ ਨੂੰ ਸੁਭਾਵਕ ਭਾਈਵਾਲ ਕਰਾਰ ਦਿੰਦਿਆਂ ਭਾਰਤ ਤੇ ਅਮਰੀਕਾ ਵਪਾਰਕ ਰੋਕਾਂ ਤੇ ਰੱਖਿਆਵਾਦੀ ਪਹੁੰਚ 'ਚ ਕਟੌਤੀ ਕਰਨ ਲਈ ਰਾਜ਼ੀ ਹੋਏ ਹਨ। ਦੋਵਾਂ ਦੇਸ਼ਾਂ ਵੱਲੋਂ ਸ੍ਰੀ ਓਬਾਮਾ ਦੇ ਦੌਰੇ ਨੂੰ ਬੇਹੱਦ ਸਫਲ ਕਿਹਾ ਜਾ ਰਿਹਾ ਹੈ। ਭਾਰਤ ਲਈ ਇਸ ਦੌਰੇ ਤੋਂ ਸੰਤੁਸ਼ਟ ਹੋਣ ਦੇ ਕਈ ਕਾਰਨ ਹਨ। ਅਮਰੀਕਾ ਵੱਲੋਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਸਥਾਈ ਸੀਟ ਲਈ ਦਾਅਵੇਦਾਰੀ ਦਾ ਸਮਰਥਨ, ਪੋਖਰਨ ਪ੍ਰਮਾਣੂ ਤਜਰਬੇ ਤੋਂ ਬਾਅਦ ਲਾਈਆਂ ਤਕਨੀਕੀ ਤੇ ਆਰਥਿਕ ਪਾਬੰਦੀਆਂ ਨੂੰ ਖਤਮ ਕਰਨਾ ਤੇ ਓਬਾਮਾ ਵੱਲੋਂ ਪਾਕਿਸਤਾਨ ਦੀ ਧਰਤੀ ਤੋਂ ਅਤਿਵਾਦੀਆਂ ਨੂੰ ਮਿਲਦੀ ਹੱਲਾਸ਼ੇਰੀ ਨਾਲ ਸਹਿਮਤ ਹੋਣਾ ਭਾਰਤ ਲਈ ਇਸ ਦੌਰੇ ਦੀਆਂ ਅਹਿਮ ਪ੍ਰਾਪਤੀਆਂ ਮੰਨੀਆਂ ਜਾ ਰਹੀਆਂ ਹਨ।

ਅਮਰੀਕਾ ਨੇ ਸ੍ਰੀ ਓਬਾਮਾ ਦੇ ਦੌਰੇ ਨੂੰ ਸਫਲ ਕਰਾਰ ਦਿੱਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਪੀ. ਜੇ. ਕਰੌਲੇ ਨੇ ਵਾਸ਼ਿੰਗਟਨ 'ਚ ਕਿਹਾ ਕਿ ਉਨ੍ਹਾਂ ਉਹ ਸਭ ਕੁਝ ਪ੍ਰਾਪਤ ਕੀਤਾ ਹੈ ਜੋ ਇਸ ਦੌਰੇ ਤੋਂ ਆਸ ਸੀ। ਜਿਥੋਂ ਤੱਕ ਅਤਿਵਾਦ ਦਾ ਸਬੰਧ ਹੈ ਓਬਾਮਾ ਪ੍ਰਸ਼ਾਸਨ ਨੇ ਕਿਹਾ ਹੈ ਕਿ 26/11 ਵਰਗੇ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ ਤੇ ਪਾਕਿਸਤਾਨ ਨੂੰ ਮੁੰਬਈ ਹਮਲੇ ਦੇ ਸਾਜ਼ਿਸ਼ਕਾਰਾਂ ਨੂੰ ਸਜ਼ਾ ਦੇਣ ਲਈ ਯਤਨ ਤੇਜ਼ ਕਰਨੇ ਪੈਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂਤ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਓਬਾਮਾ ਦੀ ਭਾਰਤ ਫੇਰੀ ਮੌਕੇ ਐਫ ਬੀ ਆਈ ਦੇ ਸਨੀਫਰ ਕੁੱਤੇ ਵੀ ਨਾਲ ਜਾਣਗੇ-ਇਕ ਖਬਰ**
-ਚਲੋ ਬੰਦਿਆਂ ਦਾ ਤਾਂ ਮੰਨਿਆ ਪਰ ਅਮਰੀਕਾ ਨੂੰ ਭਾਰਤ ਦੇ ਕੁੱਤਿਆਂ ਦੀ ਵਫਾਦਾਰੀ 'ਤੇ ਸ਼ੱਕ ਨਹੀਂ ਸੀ ਕਰਨਾ ਚਾਹੀਦਾ।

***ਮਾਰਕਸੀ ਚਿੰਤਕਾਂ ਦੀ ਬੌਧਿਕ ਕਾਬਲੀਅਤ 'ਤੇ ਹੱਸੀਏ ਕਿ ਰੋਈਏ? ਰਾਜਿੰਦਰ ਰਾਹੀ**
-ਨਾ ਹਾਸਾ, ਨਾ ਰੋਣਾ, ਸਾਨੂੰ ਤੇ ਤਰਸ ਆਉਣ ਡਿਹੈ।

***ਸਮਾਂ ਆ ਗਿਐ ਕਿ ਸੁਖਬੀਰ ਬਾਦਲ ਨੂੰ ਪੰਜਾਬ ਦੀ ਵਾਗਡੋਰ ਸੰਭਾਲ ਦਿੱਤੀ ਜਾਵੇ-ਗੋਗਾ ਸੰਧੂ**
-ਤਾਂ ਕਿ ਥੋਡੀ ਵੀ ਪ੍ਰੋਮੋਸ਼ਨ ਹੋ ਸਕੇ।

***ਸਿਰਫ ਗਰੀਬ ਹੀ ਭਾਰਤ ਨੂੰ ਅੱਗੇ ਲਿਜਾ ਸਕਦੇ ਹਨ-ਰਾਹੁਲ ਗਾਂਧੀ**
-ਇਸੇ ਲਈ ਸਾਡੇ ਖਾਨਦਾਨ ਨੇ ਪਿਛਲੇ 60 ਸਾਲਾਂ ਤੋਂ ਅੱਧਿਓਂ ਵੱਧ ਭਾਰਤ ਗਰੀਬ ਰੱਖਿਆ ਹੋਇਐ।

***ਰਾਜਸੀ ਸ਼ਰਨ ਲੈਣ ਵਾਲਿਆਂ ਦੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਹੁਣ ਮਿਲ ਸਕੇਗਾ ਭਾਰਤ ਦਾ ਵੀਜ਼ਾ**
-ਤੇ 18 ਸਾਲ ਤੋਂ ਉਪਰ ਵਾਲਿਆਂ ਲਈ ਵੀਜ਼ੇ ਦਾ ਭਲਾ ਕੀ ਰੇਟ ਐ?

***ਸਰਕਾਰ ਦੀਆਂ ਨੀਤੀਆਂ ਕਿਸਾਨਾਂ ਨੂੰ ਕੋਈ ਲਾਭ ਨਹੀਂ ਦੇ ਸਕਣਗੀਆਂ-ਬੀਰ ਦਵਿੰਦਰ ਸਿੰਘ**
-ਸੱਚੀ ਗੱਲ ਐ। ਕਿਹੜੀ ਸਰਕਾਰ ਥੋਨੂੰ ਲਾਭ ਨਾ ਦੇ ਸਕੀ ਉਹ ਭਲਾ ਕਿਸਾਨਾਂ ਨੂੰ ਕਿੱਥੋਂ ਦੇ ਦਊ?

***ਪੁਲਿਸ ਮੁਕਾਬਲੇ 'ਚ ਮੌਤ ਦੀ ਰਿਪੋਰਟ 48 ਘੰਟਿਆਂ 'ਚ ਸੌਂਪਣ ਦੀ ਹਦਾਇਤ**
-ਅਸਲੀ ਦੀ ਕਿ ਨਕਲੀ ਦੀ?

# ਅਲਬਰਟਾ ਤੇ ਪੰਜਾਬ ਵਿਚਾਲੇ ਸਿੱਖਿਆ ਤੇ ਖੇਤੀ ਬਾਰੇ ਸਮਝੌਤਾ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਕੈਨੇਡਾ ਦੇ ਸੂਬੇ ਅਲਬਰਟਾ ਤੇ ਪੰਜਾਬ ਵਿਚਾਲੇ ਅਹਿਮ ਸਮਝੌਤਾ ਕੀਤਾ ਗਿਆ ਹੈ। ਅਲਬਰਟਾ ਤੇ ਪੰਜਾਬ ਵੱਲੋਂ ਇਸ ਸਮਝੌਤੇ 'ਤੇ ਸਹੀ ਪਾਉਂਦਿਆਂ ਸਿੱਖਿਆ, ਖੇਤੀਬਾੜੀ, ਖੇਤੀ ਅਧਾਰਤ ਸਨਅਤ ਤੇ ਕੁਦਰਤੀ ਸ਼ੈਲ ਗੈਸ ਦੇ ਵਿਕਾਸ ਲਈ ਇਕੱਠੇ ਹੋ ਕੇ ਕੰਮ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਦੋਵਾਂ ਸੂਬਿਆਂ ਵੱਲੋਂ ਤਕਨੀਕੀ ਅਦਾਨ-ਪ੍ਰਦਾਨ ਤੇ ਵਪਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਇਹ ਸਮਝੌਤੇ 'ਤੇ ਪੰਜਾਬ ਦੇ ਦੌਰੇ 'ਤੇ ਆਏ ਅਲਬਰਟਾ ਦੇ ਪ੍ਰੀਮੀਅਰ ਐਡ ਸਟੈਲਮਕ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਹਸਤਾਖਰ ਕੀਤੇ ਗਏ।

ਇਸ ਸਮਝੌਤੇ ਨੂੰ ਪੰਜਾਬ ਲਈ ਇਤਿਹਾਸਕ ਦੱਸਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਦੋਹਾਂ ਸੂਬਿਆਂ ਦਰਮਿਆਨ ਇਹ ਸਮਝੌਤਾ ਹੋਣ ਉਪਰੰਤ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਲੋੜੀਂਦੀਆਂ ਵਪਾਰਕ ਗਤੀਵਿਧੀਆਂ ਤੇ ਪੂੰਜੀ ਨਿਵੇਸ਼ ਵਿਚ ਤੇਜ਼ੀ ਆਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਫੂਡ ਪ੍ਰੋਸੈਸਿੰਗ ਤਕਨਾਲੋਜੀ ਅਜੇ ਸ਼ੁਰੂਆਤੀ ਦੌਰ ਵਿਚ ਹੈ ਪਰ ਅਲਬਰਟਾ ਵਿਚ ਇਹ ਪੂਰੇ ਸਿਖਰ 'ਤੇ ਹੈ। ਇਸ ਲਈ ਇਸ ਖੇਤਰ ਵਿਚ ਅਦਾਨ-ਪ੍ਰਦਾਨ ਨਾਲ ਪੰਜਾਬ ਨੂੰ ਕਾਫੀ ਲਾਭ ਹੋਵੇਗਾ। ਉਨ੍ਹਾਂ ਦੱਸਿਆ ਕਿ ਅਲਬਰਟਾ ਵਿਚ ਘੱਟ ਪ੍ਰਦੂਸ਼ਣ ਫੈਲਾਉਣ ਵਾਲੀ ਸ਼ੈਲ ਗੈਸ ਤਕਨਾਲੋਜੀ ਵੀ ਕਾਫੀ ਵਿਕਸਤ ਹੈ ਜਦੋਂਕਿ ਭਾਰਤ ਤੇ ਪੰਜਾਬ ਵਿਚ ਇਸ ਊਰਜਾ ਲਈ ਲੋੜੀਂਦੇ ਸਰੋਤ ਤਾਂ ਹਨ ਪਰ ਵਰਤੋਂ ਦੀ ਤਕਨੀਕ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਭਵਿੱਖ ਦੀਆਂ ਲੋੜਾਂ ਦੇ ਮੱਦੇਨਜ਼ਰ ਇਸ ਖੇਤਰ ਵਿਚ ਅਲਬਰਟਾ ਨਾਲ ਸਾਂਝ ਭਾਰਤ ਤੇ ਪੰਜਾਬ ਦੇ ਲਈ ਲਾਭਦਾਇਕ ਸਾਬਤ ਹੋਵੇਗੀ। ਇਸੇ ਤਰ੍ਹਾਂ ਅਲਬਰਟਾ 'ਚ ਖੇਤੀਬਾੜੀ ਅਤਿ ਆਧੁਨਿਕ ਮਸ਼ੀਨਾਂ ਨਾਲ ਕੀਤੀ ਜਾਂਦੀ ਹੈ ਤੇ ਉਤਪਾਦਨ ਵੀ ਵਧੇਰੇ ਹੈ।



ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅਤੇ ਅਲਬਰਟਾ ਦੇ ਮੁੱਖ ਮੰਤਰੀ ਸ੍ਰੀ ਐਡ ਸਟੈਲਮਕ ਸਮਝੌਤੇ ਉਤੇ ਸਹੀ ਪਾਉਂਦੇ ਹੋਏ

ਉਪ ਮੁੱਖ ਮੰਤਰੀ ਨੇ ਸ੍ਰੀ ਸਟੈਲਮਕ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਨਾਲ ਉਪਰੋਕਤ ਮੁੱਦਿਆਂ 'ਤੇ ਸਾਂਝ ਦੋਵਾਂ ਸੂਬਿਆਂ ਲਈ ਲਾਹੇਵੰਦ ਸਾਬਤ ਹੋਵੇਗੀ। ਉਨ੍ਹਾਂ ਆਸ ਕੀਤੀ ਕਿ ਅਲਬਰਟਾ ਤੇ ਪੰਜਾਬ ਵੱਲੋਂ ਕੀਤੀ ਪਹਿਲਕਦਮੀ ਸਮੁੱਚੇ ਦੇਸ਼ ਲਈ ਲਾਹੇਵੰਦ ਸਾਬਤ ਹੋਵੇਗੀ। ਸ੍ਰੀ ਬਾਦਲ ਨੇ ਕਿਹਾ ਕਿ ਇਕੱਲੇ ਅਲਬਰਟਾ ਸੂਬੇ ਵਿਚ ਇਕ ਲੱਖ ਤੋਂ ਵਧ ਪੰਜਾਬੀ ਵੱਸਦੇ ਹਨ ਤੇ ਕੈਨੇਡਾ ਦੇ ਲੋਕ ਪੰਜਾਬੀਆਂ ਦੀ ਮਾਨਸਿਕਤਾ ਤੋਂ ਭਲੀ-ਭਾਂਤ ਜਾਣੂ ਹਨ। ਇਸ ਲਈ ਅਲਬਰਟਾ ਨੂੰ ਪੰਜਾਬ ਨਾਲ ਸਾਂਝ ਵਧਾਉਣ ਵਿਚ ਕੋਈ ਮੁਸ਼ਕਲ ਨਹੀਂ ਆਵੇਗੀ।

ਇਸ ਮੌਕੇ ਸ੍ਰੀ ਸਟੈਲਮਕ ਨੇ ਕਿਹਾ ਕਿ ਭਾਰਤ ਦਾ ਅਰਥਚਾਰਾ 8.5 ਫੀਸਦੀ ਵਿਕਾਸ ਦਰ ਨਾਲ ਵਿਕਾਸ ਕਰ ਰਿਹਾ ਹੈ ਤੇ ਜਲਦੀ ਹੀ ਇਸ ਦੇ 10 ਫੀਸਦੀ ਹੋਣ ਦੀ ਆਸ ਹੈ। ਇਸ ਲਈ ਇਸ ਤੇਜ਼ੀ ਨਾਲ ਵਿਕਾਸ ਕਰਦੇ ਦੇਸ਼ ਦੇ ਪ੍ਰਮੁੱਖ ਸੂਬੇ ਨਾਲ ਵਪਾਰਕ ਸਾਂਝ ਤੇ ਤਕਨਾਲੋਜੀ ਦਾ ਅਦਾਨ-ਪ੍ਰਦਾਨ ਕਰਨਾ ਅਲਬਰਟਾ ਲਈ ਖੁਸ਼ੀ ਦੀ ਗੱਲ ਹੈ। ਕੈਨੇਡਾ ਤੋਂ ਆਏ ਇਸ ਵਫ਼ਦ ਵਿਚ ਅਲਬਰਟਾ ਦੇ ਪ੍ਰੀਮੀਅਰ ਐਡ ਸਟੈਲਮਕ, ਉਨ੍ਹਾਂ ਦੀ ਪਤਨੀ ਮੈਰੀ ਸਟੈਲਮਕ ਤੇ ਅਲਬਰਟਾ ਦੇ ਤਿੰਨ ਵਿਧਾਇਕ ਨਰੇਸ਼ ਭਾਰਦਵਾਜ, ਪੀਟਰ ਸੰਧੂ ਤੇ ਮਨਮੀਤ ਭੁੱਲਰ ਸ਼ਾਮਲ ਹਨ। ਉਨ੍ਹਾਂ ਨੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤੇ ਸਿਰੋਪਾ ਦੇ ਕੇ ਸਨਮਾਨਤ ਕੀਤਾ।

## ਪਿੰਡ ਬੋਦਲਾਂ ਵਿਚ ਦੂਜਾ ਕਬੱਡੀ ਟੂਰਨਾਮੈਂਟ 25 ਤੋਂ

**ਹੁਸ਼ਿਆਰਪੁਰ:** ਇਸ ਜ਼ਿਲੇ ਦੇ ਪਿੰਡ ਬੋਦਲਾਂ (ਗੜ੍ਹਨਾ ਸਾਹਿਬ) ਵਿਚ ਦੂਜਾ ਸਾਲਾਨਾ ਕਬੱਡੀ ਟੂਰਨਾਮੈਂਟ ਇਸ ਸਾਲ 25 ਤੋਂ 27 ਨਵੰਬਰ ਤੱਕ ਪਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਵਾਰ ਇਹ ਟੂਰਨਾਮੈਂਟ ਸੁਖਵਿੰਦਰ ਸਿੰਘ ਡਿੰਪਲ ਦੀ ਅਗਵਾਈ ਹੇਠ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਵੈਨਕੂਵਰ, ਵਾਸ਼ਿੰਗਟਨ ਰਹਿੰਦੇ ਪਿੰਡ ਬੋਦਲਾਂ ਦੇ ਪਰਵਾਸੀ ਪੰਜਾਬੀ ਸੁਖਵਿੰਦਰ ਸਿੰਘ ਬੋਦਲਾਂਵਾਲਾ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਕਬੱਡੀ ਦੀਆਂ ਨਾਮੀ ਟੀਮਾਂ ਇਸ ਖੇਡ ਮੇਲੇ ਵਿਚ ਹਿੱਸਾ ਲੈਣਗੀਆਂ ਜਿਨ੍ਹਾਂ ਦੀ ਨਕਦ ਅਤੇ ਹੋਰ ਇਨਾਮਾਂ ਨਾਲ ਹੌਸਲਾ ਅਫਜ਼ਾਈ ਕੀਤੀ ਜਾਵੇਗੀ। ਇਸ ਸਾਲ ਦਾ ਪਹਿਲਾ ਇਨਾਮ ਮਸ਼ਿਆਣਾ ਬ੍ਰਦਰਜ਼ (ਸੁਖਵਿੰਦਰ, ਇੰਦਰਜੀਤ ਅਤੇ ਅੰਮ੍ਰਿਤਪਾਲ ਮਸ਼ਿਆਣਾ) ਵਲੋਂ ਦਿੱਤਾ ਜਾਵੇਗਾ। ਇਸ ਟੂਰਨਾਮੈਂਟ ਵਿਚ ਸ਼ਰੀਕ ਹੋਣ ਅਤੇ ਇਸ ਬਾਰੇ ਹੋਰ ਜਾਣਕਾਰੀ ਲਈ ਸੁਖਵਿੰਦਰ ਸਿੰਘ ਬੋਦਲਾਂਵਾਲਾ ਨਾਲ ਫੋਨ 360-281-2624 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## 'ਨੰਨ੍ਹੀ ਛਾਂ' ਦੇ ਨਾਂ 'ਤੇ ਸ਼੍ਰੋਮਣੀ ਕਮੇਟੀ ਦੇ ਪੈਸੇ ਦੀ ਦੁਰਵਰਤੋਂ-ਪਰਨੀਤ ਕੌਰ

**ਪਟਿਆਲਾ:** ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਕਿਹਾ ਹੈ ਕਿ ਪੰਜਾਬ ਸੱਤਾਧਾਰੀ ਅਕਾਲੀ ਦਲ ਨੇ 'ਨੰਨ੍ਹੀ ਛਾਂ' ਪ੍ਰੋਗਰਾਮ ਨੂੰ ਸਿਆਸੀ ਹਿੱਤਾਂ ਲਈ ਵਰਤਿਆ ਹੈ ਤੇ ਇਸ ਨੂੰ ਰੁੱਖ ਤੇ ਕੁੱਖ ਬਚਾਓ ਮੁਹਿੰਮ ਦਾ ਨਾਂ ਦੇ ਕੇ ਸਿਆਸੀ ਲਾਹਾ ਲਿਆ ਜਾ ਰਿਹਾ ਹੈ।

ਯੂਥ ਕਾਂਗਰਸ ਰੈਲੀ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਨੇ ਦੋਸ਼ ਲਾਇਆ ਕਿ ਹਰਸਿਮਰਤ ਕੌਰ ਬਾਦਲ 'ਨੰਨ੍ਹੀ ਛਾਂ' ਦੇ ਪ੍ਰਚਾਰ ਲਈ ਪਾਰਟੀ ਦੀਆਂ ਸਿਆਸੀ ਰੈਲੀਆਂ ਲਈ ਸ਼੍ਰੋਮਣੀ ਕਮੇਟੀ ਦੇ ਪੈਸੇ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾਂ ਅਕਾਲੀ ਦਲ ਦੇ ਯੂਥ ਵਿੰਗ 'ਤੇ ਵੀ ਦੋਸ਼ ਲਾਇਆ ਕਿ ਇਸ ਦੇ ਆਗੂ ਕਾਰਾਂ ਵਿਚ ਭੁੱਕੀ, ਅਫੀਮ ਦੀ ਤਸਕਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਦੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਨਿਯੁਕਤੀ ਦੇ ਨਾਲ ਹੀ ਅਕਾਲੀ ਦਲ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਵਾਰ ਕਰਦਿਆਂ ਪਰਨੀਤ ਕੌਰ ਨੇ ਕਿਹਾ ਕਿ ਟਰਾਂਸਪੋਰਟ ਤੋਂ ਲੈ ਕੇ ਕੇਬਲ ਵਪਾਰ ਤੱਕ ਅਜਿਹਾ ਕੋਈ ਧੰਦਾ ਨਹੀਂ ਬਚਿਆ ਜਿੱਥੇ ਬਾਦਲ ਪਰਿਵਾਰ ਦਾ ਕਬਜ਼ਾ ਨਾ ਹੋਵੇ। ਦੋਵੇਂ ਜਣੇ ਸਿਰਫ ਆਪਣੇ ਹਿੱਤਾਂ ਦੀ ਪੂਰਤੀ ਵਿਚ ਰੁੱਝੇ ਹੋਏ ਹਨ ਤੇ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਦਾ ਭੋਰਾ ਫ਼ਿਕਰ ਨਹੀਂ ਹੈ।


# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



**Call For Special Price**

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838



# Real Estate & Loans Under One Roof

*Call:Sam Chahal Tel: 916-612-5773*

*For Buying and Selling Residential, Commercial property and for Loans in Sacramento area*



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**Reo-Bankowned Properties**
Serving from Bay Area to Sacramento

We Help You Buy/Sell Business & Homes

**Multi-Million Dollars Producer-2007-08**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

# Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਅਮਰੀਕਾ ਦੇ ਹਵਾਈ ਅੱਡਿਆਂ 'ਤੇ ਪੱਗ ਦੀ ਤਲਾਸ਼ੀ ਤੋਂ ਸਿੱਖ ਖ਼ਫ਼ਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਦੇ ਹਵਾਈ ਅੱਡਿਆਂ 'ਤੇ ਪੱਗ ਦੀ ਤਲਾਸ਼ੀ ਲੈਣ ਬਾਰੇ ਫ਼ੈਸਲੇ ਦਾ ਸਿੱਖ ਜਗਤ ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਸਿੱਖ ਆਗੂਆਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤੀ ਦੌਰੇ 'ਤੇ ਆਏ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਕੋਲ ਇਹ ਮਾਮਲਾ ਉਠਾਉਣ। ਬੀਤੇ ਦਿਨੀਂ ਹੀ ਅਮਰੀਕਾ ਦੇ ਆਵਾਜਾਈ ਸੁਰੱਖਿਆ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸਿੱਖ ਸੰਗਠਨਾਂ ਨੂੰ ਸਪਸ਼ਟ ਕੀਤਾ ਹੈ ਕਿ ਅਮਰੀਕੀ ਹਵਾਈ ਅੱਡਿਆਂ 'ਤੇ ਹੁਣ ਪੱਗ ਦੀ ਤਲਾਸ਼ੀ ਲਈ ਜਾਵੇਗੀ। ਇਸ ਬਾਰੇ ਸਿੱਖ ਕੁਲੀਸ਼ਨ, ਯੂਨਾਈਟਡ ਸਿੱਖ ਤੇ ਸਿੱਖ ਅਮਰੀਕੀ ਕਾਨੂੰਨੀ ਰੱਖਿਆ ਤੇ ਰੱਖਿਆ ਫੰਡ (ਸਾਲਡਿਫ) ਸਮੇਤ ਕਈ ਸਿੱਖ ਸੰਗਠਨਾਂ ਨੇ ਇਸ ਦਾ ਵਿਰੋਧ ਕੀਤਾ ਹੈ। ਹੁਣ ਤਕ ਤਲਾਸ਼ੀ ਪ੍ਰਕਿਰਿਆ ਇਸ ਤਰ੍ਹਾਂ ਹੁੰਦੀ ਸੀ ਕਿ ਸਿੱਖ ਆਪਣੇ ਹੱਥਾਂ ਨਾਲ ਪੱਗ ਫੜਦੇ ਸਨ ਜਿਸ ਦੀ ਟੀ.ਐਸ.ਏ. ਸਕੈਨਰ ਨਾਲ ਤਲਾਸ਼ੀ ਲਈ ਜਾਂਦੀ ਸੀ। ਇਸ ਪ੍ਰਕਿਰਿਆ ਵਿਚ ਤਬੀਦੀਲੀ ਇਹ ਹੋਈ ਹੈ ਕਿ ਸਿੱਖਾਂ ਨੂੰ ਹਰੇਕ ਵਾਰ ਇਕ ਹੋਰ ਦਸਤੀ ਸੁਰੱਖਿਆ ਜਾਂਚ ਰਾਹੀਂ ਲੰਘਣਾ ਪਵੇਗਾ। ਇਹ ਉਨ੍ਹਾਂ ਸਿੱਖ ਯਾਤਰੀਆਂ 'ਤੇ ਵੀ ਲਾਗੂ ਹੋਵੇਗੀ ਜਿਹੜੇ ਸਵੈ ਇੱਛਾ ਨਾਲ ਉਨਤ ਇਮੇਜ਼ਿੰਗ ਤਕਨੀਕ (ਏ.ਆਈ.ਟੀ.) ਮਸ਼ੀਨ ਨਾਲ ਤਲਾਸ਼ੀ ਦਿੰਦੇ ਹਨ। ਸੂਤਰਾਂ ਅਨੁਸਾਰ ਏ.ਆਈ.ਟੀ. ਤਕਨੀਕ ਵਿਚ ਸਾਰੇ ਸਰੀਰ ਦੀ ਤਸਵੀਰ ਮਸ਼ੀਨ ਰਾਹੀਂ ਲਈ ਜਾਂਦੀ ਤੇ ਆਉਣ ਵਾਲੇ ਸਾਲਾਂ ਵਿਚ ਇਹ ਦੇਸ਼ ਦੇ ਸਾਰੇ ਹਵਾਈ ਅੱਡਿਆਂ 'ਤੇ ਲਾ ਦਿੱਤੀ ਜਾਵੇਗੀ। ਆਵਾਜਾਈ ਸੁਰੱਖਿਆ ਪ੍ਰਸ਼ਾਸਨ ਦਾ ਕਹਿਣਾ ਕਿ ਕਿਉਂਕਿ ਪੱਗ ਫਿਟਿੰਗ ਵਾਲਾ ਕਪੜਾ ਨਹੀਂ ਇਸ ਲਈ ਹੋਰ ਕੱਪੜਿਆਂ ਦੀ ਮੁਕਾਬਲੇ ਖਤਰਨਾਕ ਸਮੱਗਰੀ ਛੁਪਾਉਣ 'ਚ ਜ਼ਿਆਦਾ ਸਮਰੱਥ ਹੈ।

ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਉਹ ਇਸ ਮਾਮਲੇ 'ਚ ਦਿਲਚਸਪੀ ਲੈਣ ਤੇ ਦਸਤਾਰ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਯਤਨ ਕਰਨ। ਉਨਾਂ ਨੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਵੀ ਕਿਹਾ ਕਿ ਉਹ ਵੀ ਆਪਣੇ ਪੱਧਰ 'ਤੇ ਇਸ ਮਾਮਲੇ ਵਿਚ ਯਤਨ ਕਰਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ 'ਅਮਰੀਕਾ ਟਰਾਂਸਪੋਰਟ ਸੁਰੱਖਿਆ ਅਥਾਰਟੀ' ਵਲੋਂ ਸਿੱਖਾਂ ਦੀ ਦਸਤਾਰ ਦੀ ਜਾਂਚ ਲਈ ਜਾਰੀ ਕੀਤੀਆਂ ਨਵੀਆਂ ਹਦਾਇਤਾਂ ਸਿੱਖ ਭਾਈਚਾਰੇ ਨਾਲ ਵਿਤਕਰਾ ਤੇ ਸਿੱਖਾਂ ਦੀ ਤੌਹੀਨ ਕਰਨ ਬਰਾਬਰ ਹਨ। ਇਸ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਲਿਖੇ ਪੱਤਰ 'ਚ ਉਨ੍ਹਾਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੂੰ ਖੁਦ ਸਿੱਖ ਹੋਣ ਦੇ ਨਾਤੇ ਇਸ ਮਾਮਲੇ ਦਾ ਤੁਰੰਤ ਨੋਟਿਸ ਲੈਂਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਕੋਲ ਸਿੱਖਾਂ ਦੇ ਜਜ਼ਬਾਤਾਂ ਦੀ ਤਰਜ਼ਮਾਨੀ ਕਰਨੀ ਚਾਹੀਦੀ ਹੈ।

## ਕਰਜ਼ੇ ਹੇਠ ਦਬੇ ਕਿਸਾਨ ਵਾਲੋਂ ਖ਼ੁਦਕੁਸ਼ੀ

**ਰਾਮਪੁਰਾ ਫੂਲ:** ਨੇੜਲੇ ਪਿੰਡ ਜੇਠੂਕੇ 'ਚ ਇਕ ਨੌਜਵਾਨ ਕਿਸਾਨ ਨੇ ਕਰਜ਼ੇ ਤੋਂ ਤੰਗ ਆ ਕੇ ਜ਼ਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਕਰ ਲਈ।

ਜਾਣਕਾਰੀ ਅਨੁਸਾਰ ਪਿੰਡ ਜੇਠੂਕੇ ਦਾ ਕਿਸਾਨ ਰਣਜੀਤ ਸਿੰਘ (35) ਪੁੱਤਰ ਲਾਭ ਸਿੰਘ ਸ਼ਾਮ ਵਕਤ ਘਰ ਅਡ ਕੇ ਦਵਾਈ ਪੀ ਕੇ ਪੈ ਗਿਆ ਘਰ ਦੇ ਪਰਿਵਾਰਕ ਮੈਂਬਰਾਂ ਨੇ ਸਮਝਿਆ ਕਿ ਰਣਜੀਤ ਰੋਜ਼ਾਨਾ ਦੀ ਤਰ੍ਹਾਂ ਹੀ ਬਿਸਤਰੇ 'ਤੇ ਲੇਟ ਗਿਆ ਹੈ, ਜਦੋਂ ਉਸ ਨੂੰ ਰੋਟੀ ਖਾਣ ਲਈ ਬੁਲਾਇਆ ਤਾਂ ਪਤਾ ਲੱਗਾ ਕਿ ਉਸ ਨੇ ਤਾਂ ਜ਼ਹਿਰੀਲੀ ਦਵਾਈ ਪੀ ਲਈ ਹੈ ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਸਿਰ ਕਰੀਬ ਢਾਈ ਲੱਖ ਦਾ ਕਰਜ਼ਾ ਸੀ ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ।

# ਪੰਜਾਬ ਦੀਆਂ ਜੇਲ੍ਹਾਂ ਕੈਦੀਆਂ ਨਾਲ ਭਰੀਆਂ

## ਸਮਰਥਾ ਨਾਲੋਂ ਢਾਈ ਸੌ ਫੀਸਦੀ ਕੈਦੀ ਵੱਧ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਕੈਦੀਆਂ ਨਾਲ ਭਰੀਆਂ ਪਈਆਂ ਹਨ ਤੇ ਸਮਰੱਥਾ ਨਾਲੋਂ ਕਿਤੇ ਜ਼ਿਆਦਾ ਕੈਦੀ ਜੇਲ੍ਹਾਂ 'ਚ ਤੂੜੇ ਹੋਏ ਹਨ। ਜ਼ਿਆਦਾ ਭੀੜ ਕਰਕੇ ਕੈਦੀਆਂ ਨੂੰ ਡੰਗਰਾਂ ਵਰਗਾ ਜੀਵਨ ਜਿਊਣਾ ਪੈ ਰਿਹਾ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਪੰਜਾਬ ਦੀਆਂ ਜੇਲ੍ਹਾਂ ਵਿਚ ਸਮਰੱਥਾ ਤੋਂ 142% ਵੱਧ ਕੈਦੀ ਹਨ ਤੇ ਸੈਂਟਰਲ ਜੇਲ੍ਹ ਅੰਮ੍ਰਿਤਸਰ 'ਚ ਸਮਰੱਥਾ ਤੋਂ 255% ਵੱਧ ਕੈਦੀ ਡੱਕੇ ਹੋਏ ਹਨ।

ਇਹ ਹੈਰਾਨੀਜਨਕ ਅੰਕੜੇ ਪੰਜਾਬ ਦੇ ਆਈ.ਪੀ.ਐਸ. ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਪੀ.ਐਚ.ਡੀ. ਲਈ ਕੀਤੀ ਖੋਜ ਦੌਰਾਨ ਸਾਹਮਣੇ ਆਏ ਹਨ। ਮਿਲੇ ਅੰਕੜਿਆਂ ਅਨੁਸਾਰ 31 ਮਾਰਚ 2005 ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਕੁੱਲ 14,073 ਕੈਦੀ ਸਨ ਜਦਕਿ ਇਨ੍ਹਾਂ ਜੇਲ੍ਹਾਂ ਵਿਚ ਕੈਦੀ ਰੱਖਣ ਦੀ ਸਮਰਥਾ 9854 ਹੈ ਜੋ ਤੈਅ ਸਮਰੱਥਾ ਤੋਂ 142 ਫੀਸਦੀ ਵੱਧ ਹੈ। ਇਸ ਤੋਂ ਬਾਅਦ ਸਾਲ 2006 ਦੇ ਅੰਕੜਿਆਂ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿੱਚ ਕੈਦੀ ਰੱਖਣ ਦੀ ਸਮਰੱਥਾ 10,854 ਸੀ ਜਦਕਿ ਉਸ ਵੇਲੇ ਜੇਲ੍ਹਾਂ ਵਿਚ 15,581 ਕੈਦੀ ਸਨ ਜੋ ਸਮਰੱਥਾ ਤੋਂ 143.55 ਫੀਸਦੀ ਵੱਧ ਹਨ। ਇਕ ਅੰਦਾਜ਼ੇ ਅਨੁਸਾਰ ਪੰਜਾਬ ਦੀਆਂ 7 ਸੈਂਟਰਲ ਜੇਲ੍ਹਾਂ ਵਿਚ ਨਿਰਧਾਰਤ ਸਮਰੱਥਾ ਤੋਂ ਵੱਧ ਕੈਦੀ ਰੱਖਣ ਦੀ ਸਮੱਸਿਆ ਕੌਮੀ ਔਸਤ ਦੇ ਬਰਾਬਰ ਹੀ ਹੈ। ਇਸ ਦਸਤਾਵੇਜ਼ ਅਨੁਸਾਰ ਦੁਨੀਆਂ ਭਰ ਦੀ 665 ਕਰੋੜ ਦੀ ਆਬਾਦੀ ਵਿਚੋਂ 94.5 ਲੱਖ ਦੇ ਕਰੀਬ ਕੈਦੀ ਜੇਲ੍ਹ ਵਿਚ ਬੰਦ ਹਨ ਜੋ ਦੁਨੀਆਂ ਦੀ ਕੁੱਲ ਆਬਾਦੀ ਦਾ 0.14 ਫੀਸਦ ਬਣਦਾ ਹੈ। ਜਦਕਿ ਭਾਰਤ ਵਿਚ ਸਾਲ 2006 'ਚ ਕੁੱਲ ਆਬਾਦੀ 1,12,98,66,154 ਵਿਚੋਂ 3,58,368 ਕੈਦੀ ਜੇਲ੍ਹਾਂ ਵਿਚ ਸਨ ਜੋ ਕੁੱਲ ਆਬਾਦੀ ਦਾ 0.03 ਫੀਸਦੀ ਬਣਦਾ ਹੈ। ਇਕ ਜਨਵਰੀ 2006 ਦੇ ਅੰਕੜਿਆਂ ਅਨੁਸਾਰ ਦੇਸ਼ ਦੀਆਂ ਕੁੱਲ 1328 ਜੇਲ੍ਹਾਂ ਵਿਚ 3, 58, 368 ਕੈਦੀ ਬੰਦ ਸਨ ਜਦਕਿ ਜੇਲ੍ਹਾਂ ਦੀ ਸਮਰੱਥਾ 2,46, 497 ਕੈਦੀ ਰੱਖਣ ਦੀ ਹੈ। ਸਾਲ 2001 ਤੋਂ 2005 ਤੱਕ ਭਾਰਤ ਵਿਚ ਕੈਦੀਆਂ ਦੀ ਗਿਣਤੀ 'ਚ 14.26 ਫੀਸਦ ਵਾਧਾ ਹੋਇਆ ਹੈ।

ਭਾਰਤ ਦੀਆਂ ਜੇਲ੍ਹਾਂ ਵਿਚ ਔਸਤਨ 145.4 ਫੀਸਦ ਕੈਦੀ ਸਮਰੱਥਾ ਤੋਂ ਵੱਧ ਬੰਦ ਹਨ। ਉਂਜ ਝਾਰਖੰਡ ਵਿਚ ਇਹ ਅੰਕੜਾ 300.9 ਅਤੇ ਦਿੱਲੀ ਵਿਚ 249.7 ਫੀਸਦ ਹੈ। ਇਸ ਦਸਤਾਵੇਜ਼ ਵਿਚ ਦੱਸਿਆ ਗਿਆ ਹੈ ਕਿ ਯੂ.ਕੇ. ਵਿਚ 122.2 ਫੀਸਦ, ਯੂ.ਐਸ.ਏ. ਵਿਚ 107.09 ਫੀਸਦੀ ਤੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 147 ਫੀਸਦ ਸਮਰੱਥਾ ਤੋਂ ਵੱਧ ਕੈਦੀ ਜੇਲ੍ਹਾਂ ਵਿਚ ਬੰਦ ਹਨ।

ਜੇਲ੍ਹਾਂ ਵਿਚ ਸਮਰੱਥਾ ਤੋਂ ਵੱਧ ਕੈਦੀ ਰੱਖਣ ਦੀ ਸਮੱਸਿਆ ਵਿਚਾਰ ਅਧੀਨ ਕੈਦੀਆਂ ਦਾ ਲੰਮੀ ਤੇ ਟੇਢੀ ਕਾਨੂੰਨੀ ਪ੍ਰਕਿਰਿਆ ਕਾਰਨ ਸਜ਼ਾ ਮਿਲਣ ਤੋਂ ਬਿਨਾਂ ਹੀ ਜੇਲ੍ਹ ਵਿਚ ਬੰਦ ਰਹਿਣਾ ਹੈ। ਇਸ ਦਸਤਾਵੇਜ਼ ਅਨੁਸਾਰ 96 ਫੀਸਦ ਮੁਲਜ਼ਮਾਂ ਵੱਲੋਂ ਕੀਤਾ ਅਪਰਾਧ ਜ਼ਮਾਨਤਯੋਗ ਹੁੰਦਾ ਹੈ ਪਰ ਔਸਤਨ ਹਰੇਕ ਜੇਲ੍ਹ ਵਿਚ ਸਜ਼ਾਯਾਫਤਾ ਤੋਂ ਵੀ 65 ਫੀਸਦ ਵੱਧ ਵਿਚਾਰ ਅਧੀਨ ਕੈਦੀ ਸਾਲਾਂਬੱਧੀ ਬੰਦ ਰਹਿੰਦੇ ਹਨ।

# ਪ੍ਰਧਾਨ ਮੰਤਰੀ ਨੂੰ ਵਾਦੀ 'ਚ ਸਿੱਖਾਂ ਦੀ ਸੁਰੱਖਿਆ ਬਾਰੇ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਵਾਦੀ ਵਿਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ। ਜੰਮੂ ਕਸ਼ਮੀਰ ਦੇ ਸਰਬ ਪਾਰਟੀ ਸਿੱਖ ਤਾਲਮੇਲ ਕਮੇਟੀ ਦੇ ਆਗੂ ਜਗਮੋਹਨ ਸਿੰਘ ਰੈਣਾ ਨੇ ਦੱਸਿਆ ਕਿ ਰਾਜਪੁਰਾ ਪਿੰਡ ਸਿੱਖ ਵਸੋਂ ਵਾਲਾ ਪਿੰਡ ਹੈ। ਇਸ ਪਿੰਡ ਵਿਚ ਵਰਦੀਧਾਰੀ ਵਿਅਕਤੀ ਨੇ ਸਿੱਖ ਦੇ ਘਰ ਦਾ ਦਰਵਾਜ਼ਾ ਖੜਕਾ ਕੇ ਉਸ ਨੂੰ ਬਾਹਰ ਆਉਣ ਲਈ ਕਿਹਾ ਪਰ ਸਿੱਖ ਵਿਅਕਤੀ ਨੇ ਬਾਹਰ ਆਉਣ ਤੋਂ ਮਨਾ ਕਰ ਦਿੱਤਾ ਤੇ ਭਾਈਚਾਰੇ ਦੇ ਹੋਰ ਲੋਕਾਂ ਨੂੰ ਸੱਦ ਲਿਆ। ਜਦੋਂ ਲੋਕ ਇਕੱਠੇ ਹੋ ਕੇ ਬਾਹਰ ਆਏ ਤਾਂ ਇਹ ਵਰਦੀਧਾਰੀ ਵਿਅਕਤੀ ਭੱਜ ਚੁੱਕਾ ਸੀ। ਉਸ ਵਰਦੀਧਾਰੀ ਵਿਅਕਤੀ ਨੇ ਆਪਣੇ ਆਪ ਨੂੰ ਸਿਹਤ ਸੇਵਾਵਾਂ ਨਾਲ ਸਬੰਧਤ ਕਾਮਾ ਦੱਸਿਆ।

ਸ੍ਰੀ ਰੈਣਾ ਨੇ ਦੱਸਿਆ ਕਿ 3 ਨਵੰਬਰ ਦੀ ਸ਼ਾਮ ਨੂੰ ਬਾਰਾਮੂਲਾ ਦੇ ਪਿੰਡ ਉਪਲੀਨਾ, 4 ਨਵੰਬਰ ਦੀ ਰਾਤ ਹੁਟਮੁਰਾ ਤੇ 6 ਨਵੰਬਰ ਦੀ ਰਾਤ ਰਾਜਪੁਰਾ ਵਿਖੇ ਵਾਪਰੀਆਂ ਘਟਨਾਵਾਂ ਇਕੋ ਜਿਹੀਆਂ ਹਨ। ਸਾਰੀਆਂ ਘਟਨਾਵਾਂ ਵਿਚ ਹੀ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਘਰਾਂ ਤੋਂ ਬਾਹਰ ਆਉਣ ਲਈ ਕਿਹਾ ਗਿਆ ਪਰ ਲੋਕਾਂ ਦੇ ਚੌਕਸ ਹੋਣ ਕਾਰਨ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ।

ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੀ ਇਸ ਬਾਰੇ ਕਸ਼ਮੀਰ ਵਾਦੀ ਦੇ ਪ੍ਰਭਾਵਿਤ ਸਿੱਖਾਂ ਨਾਲ ਗੱਲ ਕੀਤੀ ਹੈ। ਉਥੇ ਸਿੱਖਾਂ ਵਲੋਂ ਕਾਬੂ ਕੀਤੀ ਗਈ ਸੂਮੋ ਗੱਡੀ ਤੇ ਉਸ ਦਾ ਡਰਾਈਵਰ ਸੁਰੱਖਿਆ ਦਸਤਿਆਂ ਵਲੋਂ ਠੇਕੇ 'ਤੇ ਰੱਖਿਆ ਹੋਇਆ ਇਕ ਕਾਮਾ ਹੈ ਜਿਸ ਨੂੰ ਅਗਲੇ ਦਿਨ ਥਾਣੇ ਵਿਚੋਂ ਹੀ ਗਾਇਬ ਕਰ ਦਿੱਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਹ ਕਾਰਵਾਈ ਭਾਰਤੀ ਏਜੰਸੀਆਂ ਦੀ ਹੈ।

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com



FREE CREDIT CARD TERMINAL!




London Properties

Teresa Norman
Hablo Español • Lic.#01808099
(559) 213-2090
tnorman@londonproperties.com

Beautiful 4758 sq. ft estate and rental house on 73 acres of almond & corn agriculture. This estate also has 4 bedrooms, 4 bath, 7 car garage.

ਸ਼ਾਨਦਾਰ ਮਹਿਲਨੁਮਾ ਘਰ

ਕੀਮਤ $2,142,805



18702 Avenue 14 Madera, CA 93637-9438

**ELEGANCE AT ITS FINEST!** One of a kind custom design estate. Gated driveway provides spacious enclosed area for entertaining and added privacy secluded with a serene setting of a private orchard, the large wrap-around yard invites entertaining, charming Euro gardens. Covered patio, tennis courts, basketball courts, and sparkling pool w/ 7 car garage. Stunning open floor plan features sophistication & craftsmanship. First landing offers a step down great room w/ 30ft ceilings, full length windows w/ custom draperies. Formal living & dining rooms are inspired w/ amazing design. Handsome game room, full bar w/ wine rack & refrigerator. Even an indoor gym. A Must See!!!

**Directions:** West on Avenue 14 pass Road 19, property on left side of road.

**Contact:Teresa Norman** (Lic: 01808099), e-mail:tnorman@londonproperties.com

559-213-2090, Burr Frye 559-905-3512

Mobile Auto Service
Bay Area & Central Valley

*32 Years Experience*

ASE Certified
Master Auto Technician
Engine Performance Specialist



*Guljender Dhami*

>· Brakes
>· Tune Up
>· Timing Belts
>· Water Pump
>· Check Engine Light
>· Electrical

ਵਾਧੂ ਖਰਚਾ ਕਿਉਂ ਕਰਦੇ ਹੋ? ਵਧੀਆ ਸਰਵਿਸ, ਵਾਜਬ ਕੀਮਤ

ASE CERTIFIED MASTER AUTO TECHNICIAN

Call For Appt.: 510-284-9479 & 209-622-9051

# ਅਕਾਲੀ ਦਲ (ਬ) ਉਤੇ ਨਵੰਬਰ '84 ਦੇ ਸਿੱਖ ਕਤਲੇਆਮ ਉਤੇ ਗੰਦੀ ਰਾਜਨੀਤੀ ਖੇਡਣ ਦਾ ਦੋਸ਼

**ਨਿਊ ਯਾਰਕ:** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਅਕਾਲੀ ਦਲ (ਬਾਦਲ) ਉਤੇ ਨਵੰਬਰ '84 ਦੇ ਸਿੱਖ ਕਤਲੇਆਮ ਤੋਂ ਸਿਆਸੀ ਲਾਹਾ ਲੈਣ ਦਾ ਦੋਸ਼ ਲਾਇਆ ਹੈ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜਿਥੇ ਸਮੁੱਚੀ ਕੌਮ ਨੇ ਕਾਂਗਰਸ ਸਰਕਾਰ ਵੇਲੇ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਵਿਰੁਧ ਪਹਿਲੀ ਨਵੰਬਰ ਨੂੰ ਰੋਸ ਦਿਵਸ ਵਜੋਂ ਯਾਦ ਕਰਕੇ ਭਾਰਤ ਦੀ ਲੋਕਰਾਜੀ-ਪ੍ਰਣਾਲੀ ਨੂੰ ਨੰਗਿਆਂ ਕੀਤਾ ਉਥੇ ਇਸ ਸਾਲ ਬਾਦਲਕੇ ਵੀ ਇਸ ਕਤਲੇਆਮ ਦਾ ਰਾਜਸੀ ਲਾਹਾ ਖੱਟਣ ਲਈ ਮੱਗਰਮੱਛ ਵਾਲੇ ਅੱਥਰੂ ਕੇਰਦੇ ਨਜ਼ਰ ਆਏ ਕਿਉਕਿ ਭਾਜਪਾ ਆਗੂ ਅਰੁਣ ਜੇਤਲੀ ਦੀ ਅਗਵਾਈ ਹੇਠ ਬੀਬੀ ਹਰਸਿਮਰਤ ਕੌਰ ਬਾਦਲ, ਬਲਵਿੰਦਰ ਸਿੰਘ ਭੂੰਦੜ ਅਤੇ ਹੋਰ ਅਖੌਤੀ ਅਕਾਲੀਆਂ ਨੇ ਦਿੱਲੀ ਵਿਚ ਕੈਂਡਲ ਵਿਜ਼ਨ ਰਾਹੀਂ ਆਪਣਾ ਰੋਸ ਜ਼ਾਹਿਰ ਕਰਦਿਆਂ ਮੰਗ ਕੀਤੀ ਕਿ ਕਾਂਗਰਸ ਸਰਕਾਰ ਦੋਸ਼ੀਆਂ ਨੂੰ ਸਜ਼ਾਵਾਂ ਦੇਵੇ।

ਬਿਆਨ ਅਨੁਸਾਰ ਇਸ ਗੱਲ ਦੀ ਸ਼ਲਾਘਾ ਕਰਨੀ ਬਣਦੀ ਹੈ ਪਰ ਉਦੋਂ ਹੈਰਾਨੀ ਜਦੋਂ ਪੰਥਕ ਜਥੇਬੰਦੀਆਂ ਵਲੋਂ ਇਨ੍ਹਾਂ ਹੀ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਵਿਰੁਧ 3 ਨਵੰਬਰ ਨੂੰ ਪੰਜਾਬ ਬੰਦ ਦਾ ਸੱਦਾ ਦਿਤਾ ਤਾਂ ਕੈਂਡਲ ਵਿਜ਼ਨ ਕਰਨ ਵਾਲੀ ਇਸੇ ਅਕਾਲੀ ਸਰਕਾਰ ਨੇ ਇਸਦਾ ਵਿਰੋਧ ਕੀਤਾ। 100 ਦੇ ਕਰੀਬ ਮੁਜਾਹਰਾਕਾਰੀਆਂ ਨੂੰ ਗ੍ਰਿਫਤਾਰ ਕਰਕੇ ਪੰਜਾਬ ਬੰਦ ਨੂੰ ਅਸਫਲ ਬਣਾਉਣ ਦੀ ਕੋਸ਼ਿਸ਼ ਕੀਤੀ।

ਬਿਆਨ ਵਿਚ ਕਿਹਾ ਗਿਆ ਹੈ ਕਿ ਜਿਥੇ ਕਾਂਗਰਸ ਪਾਰਟੀ ਸਿੱਖਾਂ ਦੀ ਦੁਸ਼ਮਣ ਜਮਾਤ ਹੈ ਉਥੇ ਭਾਜਪਾ ਅਤੇ ਅਖੌਤੀ ਅਕਾਲੀ ਉਸ ਤੋਂ ਵੀ ਜਿਆਦਾ ਖਤਰਨਾਕ ਹਨ ਕਿਉਂਕਿ ਕਾਂਗਰਸ ਹਕੂਮਤ ਨੇ ਸਿੱਖ ਮਾਰੇ ਸਨ ਅਤੇ ਇਹ ਅਖੌਤੀ ਅਕਾਲੀ ਜਨਸੰਘ ਦੇ ਹੱਥ ਠੋਕੇ ਬਣਕੇ ਸਿੱਖ ਸਿਧਾਤਾਂ ਨੂੰ ਮਾਰ ਰਹੇ ਹਨ। ਅੱਜ ਜਦੋਂ ਕੇਂਦਰ ਵਿਚ ਇਨ੍ਹਾਂ ਦੀ ਵਿਰੋਧੀ ਸਰਕਾਰ ਹੈ ਤਾਂ ਬੀਬੀ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਬਾਦਲ ਨੂੰ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਦੀ ਯਾਦ ਤਾਂ ਆ ਗਈ ਪਰ ਜਦੋਂ ਭਾਜਪਾਈ ਸਰਕਾਰ ਨੇ ਨੈਸ਼ਨਲ ਡੈਮੋਕਰੈਟਿਕ ਗਠਜੋੜ ਨਾਲ 1999 ਤੋਂ 2004 ਸਾਲ ਤੱਕ ਆਪਣੇ 5 ਸਾਲ ਪੂਰੇ ਕੀਤੇ, ਸੁਖਬੀਰ ਬਾਦਲ ਉਦੋਂ ਸਨਅਤ ਮੰਤਰੀ ਸੀ ਅਤੇ 2001 ਤੋਂ 2004 ਵਿਚ ਰਾਜ ਸਭਾ ਮੈਂਬਰ ਰਿਹਾ ਪਰ ਉਦੋਂ ਇਨ੍ਹਾਂ ਵਿਚੋਂ ਕਿਸੇ ਨੂੰ ਇਹ ਮੁੱਦੇ ਯਾਦ ਨਹੀਂ ਆਏ। ਇਨ੍ਹਾਂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਅਤੇ ਕਮਲ ਨਾਥ ਜਿਹੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਭਾਜਪਾ ਸਰਕਾਰ ਕੋਲ ਗੁਹਾਰ ਕਿਉਂ ਨਹੀਂ ਲਾਈ? ਇਨ੍ਹਾਂ ਦੇ ਭਾਈਵਾਲ ਭਾਜਪਾਈਆਂ ਨੇ ਸਿੱਖ ਕੌਮ ਦੇ ਸਿਧਾਤਾਂ ਉਤੇ ਕਿੰਨੀ ਵਾਰ ਹਮਲੇ ਕੀਤੇ ਤਾਂ ਇਹ ਚੁੱਪ ਵੱਟੀ ਬੈਠੇ ਰਹੇ। ਇਨ੍ਹਾਂ ਦੀ ਸਰਕਾਰ ਸਮੇਂ ਭਾਜਪਾ ਦੀ ਸੀਨੀਅਰ ਆਗੂ ਸ਼ੁਸਮਾ ਸਵਰਾਜ ਨੇ ਗੰਗੂ ਨੂੰ ਨਿਰਦੋਸ਼ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮੌਜੂਦਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਪੰਜਾਬੀ ਮਾਂ ਬੋਲੀ ਨਾਲ ਗੱਦਾਰੀ ਕੀਤੀ। ਇਸ ਤੋਂ ਬਿਨਾਂ ਮੌਜੂਦਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਤਾਬਦੀ ਵੇਲੇ ਚੱਪੜਚਿੜੀ ਦੇ ਮੈਦਾਨ ਅੰਦਰ ਬਾਬਾ ਜੀ ਨੂੰ ਹਿੰਦੂ ਸਿੱਧ ਕਰਨ ਲਈ ਵਾਰ-ਵਾਰ ਬੰਦਾ-ਬੈਰਾਗੀ ਕਿਹਾ।


*To Advertise with us*
*call: 847-359-0746*



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

**Law Offices Of Jaspreet Singh**

*4491 W. Shaw Ave., Suite 300 B (Near Costco) Fresno, CA 93722*
*Ph: 559-271-5511*

*44790 S. Grimmer Blvd. #204 Fremont CA-94538*
*Ph:510-657-6444*
*Fax: 510-657-6443*


*2945 W. Capitol Ave, Sacramento CA-95691*
*Ph: 916-372-4448*
*Fax: 916-372-4440*



TAJ
INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
*Note:Also Income Tax filing Available*



Gurdawar S. Mann
Lic#0F34231



San Jose ਤੋਂ Sacramento, Yuba City ਅਤੇ Bakersfield ਵਿੱਚ ਸੁਣਿਆ ਜਾਣ ਵਾਲਾ

ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ,
ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

ਪੰਜਾਬੀ ਰੇਡੀਓ
Punjabi RADIO
24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25
ਆਪਣੇ ਸਟੋਰ 'ਤੇ ਰੇਡੀਓ ਵੇਚਣ ਲਈ ਕਾਲ ਕਰੋ

ਨੌਜਵਾਨਾਂ ਦੇ ਦਿਲਾਂ ਦੀ ਧੜਕਣ
ਡੀ ਜੇ ਪ੍ਰੀਤ
25 ਅਕਤੂਬਰ ਤੋਂ
ਹਰ ਰੋਜ ਸ਼ਾਮ 4.00 ਵਜੇ ਤੋਂ 6.00 ਵਜੇ ਤੱਕ
ਫਰਮਾਈਸ਼ੀ ਗੀਤ ਸੁਣਾਇਆ ਕਰਨਗੇ।

ਸਪੈਸ਼ਲ ਟਾਕ ਸ਼ੋਅ ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ

ਪੰਜਾਬੀ ਰੇਡੀਓ Sacramento ਵਿਚ ਸ਼ੁਰੂ

ਰੇਡੀਓ ਹੇਠ ਲਿਖੇ ਸਟੋਰਾਂ ਤੋਂ ਪ੍ਰਾਪਤ ਕਰੋ ਜੀ

**Sacramento & Yuba City Station**

1) India Spices & Bollywood Music -Elk Grove -- 916-691-1110
2) India Market- Elk Grove -- 916-338-5511
3) India Stop-Elk Grove -- 916-685-3133
4) Desi Bazzar-Scaramento-- 916-509-9598
5) AB India Restaurant & Catering-Sacramento-- 916-681-6950
6) Star India Mart-Sacramento-- 916-525-2362
7) India House of Grocery-Sacramento-- 916-424-6342
8) India Fresh-Sacramento-- 916-476-6289
9) Natomas Fabrics-Sacramento-- 916-649-8786
10) Vicky Emporium-Sacramento-- 916-725-7633
11) Shan Market-Sacramento-- 916-649-9321
12) Punjab Fashion & Accessories-Sacramento-- 916-920-3456
13) Hothi Palace-Sacramento-- 916-725-4825
14) India Supermarket-Roseville-- 916-786-5000
15) Bombay Video-Yuba City-- 530-673-7150
16) Kirpal Singh Dhillon-Elk Grove, CA-- 916-678-2268

**Bay Area Stores** (San Jose & Berkeley Station)

1) Royal Fabrics- Union City 510-429-0122 • 2) Kash Fabrics—Hayward 510-538-1138 • 3) Roshni Fabrics & Grocery-Union City- 510-487-5141
4) McKee Liquors -- San Jose- 408-929-1111 • 5) Bhai Khushminder Singh 408-406-9135

ਹੋਰ ਜਾਣਕਾਰੀ ਲਈ
**Phone : 408.722.7698**
Email: punjabiradiousa@yahoo.com
3750 McKee Road, # B, San Jose CA 95127

# ਵਿਸ਼ਵ ਸਿੱਖ ਕੌਂਸਲ ਦੀ ਕਨਵੈਨਸ਼ਨ 'ਚ ਸਿੱਖ ਮਸਲਿਆਂ ਉਤੇ ਵਿਚਾਰ










**ਬ੍ਰਿਜਵਾਟਰ, ਨਿਊ ਜਰਸੀ:** ਇਥੇ 22 ਤੋਂ 24 ਅਕਤੂਬਰ ਦਰਮਿਆਨ ਹੋਈ ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਦੀ ਕੌਮੀ ਕਨਵੈਨਸ਼ਨ ਵਿਚ ਜਿਥੇ ਕੌਂਸਲ ਦੇ ਕੰਮ ਕਾਰ ਨੂੰ ਹੋਰ ਪ੍ਰਭਾਵੀ ਬਣਾਉਣ ਉਤੇ ਵਿਚਾਰ ਚਰਚਾ ਹੋਈ, ਉਥੇ ਹੋਰਨਾਂ ਦੇਸ਼ਾਂ ਵਿਚ ਕੌਮੀ ਪੱਧਰ ਦੀਆਂ ਨੁਮਾਇੰਦਾ ਜਥੇਬੰਦੀਆਂ ਕਾਇਮ ਕਰਕੇ ਇਕ ਕੌਮਾਂਤਰੀ ਸਿੱਖ ਨੁਮਾਇੰਦਾ ਢਾਂਚਾ ਖੜ੍ਹਾ ਕਰਨ, ਅਮਰੀਕਾ ਵਿਚ ਗੁਰੂ ਘਰਾਂ ਵਿਚ ਆਪਸੀ ਲੜਾਈ ਅਤੇ ਮੁਕੱਦਮੇਬਾਜ਼ੀ ਖਤਮ ਕਰਨ ਵਾਸਤੇ ਕਨੈਕਸ਼ਨਲ ਚਰਚ ਤਰਜ ਉਤੇ ਢਾਂਚਾ ਤਿਆਰ ਕਰਨ ਬਾਰੇ ਵੀ ਵਿਚਾਰ ਕੀਤੀ ਗਈ।

ਇਹ ਜਾਣਕਾਰੀ ਦਿੰਦਿਆਂ ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਦੇ ਚੇਅਰਪਰਸਨ ਡਾ. ਸਤਿਪਾਲ ਸਿੰਘ ਨੇ ਦੱਸਿਆ ਕਿ ਕੌਂਸਲ ਵਲੋਂ ਉਨ੍ਹਾਂ ਸਭ ਗੁਰੂ ਘਰਾਂ, ਜਿਨ੍ਹਾਂ ਦਾ ਪ੍ਰਬੰਧ ਸੰਗਤ ਚਲਾਉਂਦੀ ਹੈ, ਨੂੰ ਅਤੇ ਸਿੱਖ ਰਹਿਤ ਮਰਿਆਦਾ ਨੂੰ ਸਤਿਕਾਰ ਦਿੰਦੀਆਂ ਜਥੇਬੰਦੀਆਂ ਨੂੰ ਇਸ ਕਨਵੈਨਸ਼ਨ ਵਿਚ ਸ਼ਰੀਕ ਹੋਣ ਦਾ ਸੱਦਾ ਦਿੱਤਾ ਗਿਆ ਸੀ। ਇਸ ਕਨਵੈਨਸ਼ਨ ਵਿਚ ਨਿਊ ਯਾਰਕ ਤੋਂ ਕੈਲੀਫੋਰਨੀਆ ਅਤੇ ਵਿਨਕਾਨਸਿਨ ਤੋਂ ਟੈਕਸਸ ਤੱਕ ਦੇ ਨੁਮਾਇੰਦੇ ਸ਼ਾਮਲ ਹੋਏ। ਇਹ ਕਨਵੈਨਸ਼ਨ ਗਾਰਡਨ ਸਟੇਟ ਸਿੱਖ ਐਸੋਸੀਏਸ਼ਨ ਅਤੇ ਸ੍ਰੀ ਗੁਰੂ ਸਿੰਘ ਸਭਾ, ਗਲੈਨਰਾਕ ਦੇ ਸਹਿਯੋਗ ਨਾਲ ਕੀਤੀ ਗਈ।

ਸ਼ੁਕਰਵਾਰ ਰਾਤ ਨੂੰ ਗੁਰਦੁਆਰਾ ਬ੍ਰਿਜਵਾਟਰ ਵਿਖੇ ਛੋਟੇ ਫੋਕਸ ਗਰੁਪ ਸੈਸ਼ਨਾਂ ਵਿਚ ਸਿੱਖ ਕੌਮ ਨੂੰ ਅਤੇ ਗੁਰਦੁਆਰਾ ਪ੍ਰਬੰਧਾਂ ਵਿਚ ਦਰਪੇਸ਼ ਮਸਲਿਆਂ ਬਾਰੇ ਗਹਿਰ-ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਸਨਿਚਰਵਾਰ ਸਵੇਰ ਦੇ ਪਲੈਨਰੀ ਸੈਸ਼ਨ ਵਿਚ ਕੌਂਸਲ ਦੀਆਂ ਪ੍ਰਾਪਤੀਆਂ ਉਤੇ ਵਿਚਾਰ ਕੀਤੀ ਗਈ। ਇਸ ਤੋਂ ਇਲਾਵਾ ਵੱਖ ਵੱਖ ਕੌਮੀ ਤੇ ਕੌਮਾਂਤਰੀ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਸਿੱਖ ਮਸਲਿਆਂ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਇਸ ਸੈਸ਼ਨ ਵਿਚ ਮੁੱਖ ਪੇਸ਼ਕਾਰੀ ਯੂ ਕੇ ਤੋਂ ਪ੍ਰਸਿਧ ਧਰਮ ਪ੍ਰਚਾਰਕ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਨੇ ਕਰਦਿਆਂ ਸਿੱਖ ਰਹਿਤ ਮਰਿਆਦਾ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਬਾਅਦ ਦੁਪਹਿਰ ਦੇ ਸੈਸ਼ਨ ਵਿਚ ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਦਾ ਆਮ ਇਜਲਾਸ ਹੋਇਆ ਜਿਸ ਵਿਚ ਜਥੇਬੰਦੀ ਦੀ ਕਾਰਜਕਾਰਨੀ ਬਾਰੇ ਵਿਚਾਰ ਕੀਤੀ ਗਈ। ਰਾਤ ਦੇ ਸਮਾਗਮ ਵਿਚ ਪੰਜਾਬ ਤੋਂ ਉਘੇ ਸਿੱਖ ਵਿਦਵਾਨ ਡਾ. ਹਰਨਾਮ ਸਿੰਘ ਸ਼ਾਨ ਨੇ ਸਿੱਖ ਇਤਿਹਾਸ ਅਤੇ ਇਕ ਸਰਬ ਪ੍ਰਵਾਨਿਤ ਸੰਸਥਾ ਕਾਇਮ ਕਰਨ ਦੇ ਵੱਖ ਵੱਖ ਪਹਿਲੂਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਐਤਵਾਰ ਨੂੰ ਸਵੇਰ ਦਾ ਸੈਸ਼ਨ ਗੁਰਦੁਆਰਾ ਗਲੈਨਰਾਕ ਵਿਚ ਹੋਇਆ ਜਿਥੇ ਕਨਵੈਨਸ਼ਨ ਦੇ ਅਹਿਮ ਫੈਸਲੇ ਲਏ ਗਏ ਅਤੇ ਹਾਜ਼ਰ ਸੰਗਤ ਨੂੰ ਪੜ੍ਹ ਕੇ ਸੁਣਾਏ ਗਏ।

ਇਸ ਕਨਵੈਨਸ਼ਨ ਵਿਚ ਜਿਹੜੇ ਗੁਰੂ ਘਰਾਂ ਦੇ ਪ੍ਰਬੰਧਕਾਂ ਅਤੇ ਸਿੱਖ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ ਉਨ੍ਹਾਂ ਵਿਚ ਦਸਵੰਧ ਨੈਟਵਰਕ, ਗਾਰਡਨ ਸਟੇਟ ਸਿੱਖ ਐਸੋਸੀਏਸ਼ਨ-ਬ੍ਰਿਜਵਾਟਰ (ਨਿਊ ਜਰਸੀ), ਗੁਰਦੁਆਰਾ ਗੁਰੂ ਅੰਗਦ ਦਰਬਾਰ, ਬੇਕਰਜ਼ਫੀਲਡ (ਕੈਲੀਫੋਰਨੀਆ), ਗੁਰਦੁਆਰਾ ਫਰੀਮਾਂਟ (ਕੈਲੀਫੋਰਨੀਆ), ਗੁਰਦੁਆਰਾ ਮਰਸਡ (ਕੈਲੀਫੋਰਨੀਆ), ਗੁਰੂ ਗੋਬਿੰਦ ਸਿੰਘ ਸਿੱਖ ਸੁਸਾਇਟੀ, ਬੈਡਫੋਰਡ (ਓਹਾਇਓ), ਗੁਰੂ ਨਾਨਕ ਫੈਡਰੇਸ਼ਨ ਆਫ ਗਰੇਟਰ ਕਲੀਵਲੈਂਡ, ਰਿਚਫੀਲਡ (ਓਹਾਇਓ), ਗੁਰੂ ਨਾਨਕ ਮਿਸ਼ਨ ਸੁਸਾਇਟੀ, ਐਟਲਾਂਟਾ (ਜਾਰਜੀਆ), ਗੁਰੂ ਨਾਨਕ ਰਿਲੀਜੀਅਸ ਸੁਸਾਇਟੀ ਆਫ ਸੈਂਟਰਲ ਓਹਾਇਓ, ਕੋਲੰਬਸ, ਨਿਊ ਇੰਗਲੈਂਡ ਸਿੱਖ ਸਟੱਡੀ ਸਰਕਲ, ਬੌਸਟਨ (ਮੈਸਾਚੂਟਸ), ਫਿਲਾਡੈਲਫੀਆ ਸਿੱਖ ਸੁਸਾਇਟੀ, ਮੈਲਬੌਰਨ (ਪੈਨਸਿਲਵੇਨੀਆ), ਸੈਲਡੈਫ (ਡੀ ਸੀ), ਸਿੱਖ ਐਸੋਸੀਏਸ਼ਨ ਆਫ ਦੀ ਕੈਪਿਟਲ ਡਿਸਟ੍ਰਿਕਟ (ਡੀ ਸੀ), ਸਿੱਖ ਕੋਲੀਸ਼ਨ ਨਿਊ ਯਾਰਕ, ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ, ਸਿੱਖ ਰਿਲੀਜੀਅਸ ਸੁਸਾਇਟੀ-ਬਰੁਕਫੀਲਡ (ਵਿਸਕਾਨਸਿਨ), ਸਿੱਖ ਰਿਸਰਚ ਇੰਸਟੀਚਿਊਟ (ਟੈਕਸਸ), ਸਿੰਘ ਸਭਾ ਨਿਊ ਜਰਸੀ ਲਾਰੈਂਸਵਿਲ, ਸਿੱਖ ਸਭਾ ਅੱਪਰਵੈਲੀ, ਹੈਨੂਵਰ (ਨਿਊ ਹੈਂਪਸ਼ਾਇਰ), ਸਿੱਖ ਸਾਧ ਸੰਗਤ ਈਟਨ (ਪੈਨਸਿਲਵੇਨੀਆ), ਸਿੱਖ ਸੁਸਾਇਟੀ ਮਿਸ਼ੀਗਨ (ਮੈਡੀਸਨ ਹਾਈਟਸ, ਮਿਸ਼ੀਗਨ), ਸਿੱਖ ਸਟੱਡੀ ਸਰਕਲ ਐਟਲਾਂਟਾ (ਜਾਰਜੀਆ), ਸਿੱਖ ਟੈਂਪਲ ਵਿਸਕਾਨਸਿਨ, ਮਿਲਵਾਕੀ, ਸਿੱਖ ਯੂਥ ਆਫ ਯੂ ਐਸ ਏ (ਟੋਲੀਡੋ, ਓਹਾਇਓ), ਸਿੱਖ ਸਰਵਿੰਗ ਅਮੈਰਿਕਾ, ਟੋਪੀਕੋ (ਕੈਨਸਸ), ਸਿੰਘ ਸਭਾ ਮਿਸ਼ੀਗਨ, ਕੈਂਟਨ (ਮਿਸ਼ੀਗਨ), ਸ੍ਰੀ ਗੁਰੂ ਸਿੰਘ ਸਭਾ ਗਲੈਨਰਾਕ (ਨਿਊ ਜਰਸੀ), ਸ੍ਰੀ ਗੁਰੂ ਸਿੰਘ ਸਭਾ ਰਿਚਰਡਸਨ (ਟੈਕਸਸ) ਅਤੇ ਯੂਨਾਈਟਿਡ ਸਿੱਖਸ (ਨਿਊ ਯਾਰਕ)। ਇਸ ਤੋਂ ਇਲਾਵਾ ਗੁਰਦੁਆਰਾ ਖਾਲਸਾ ਪ੍ਰਕਾਸ਼ ਵਿੰਡਸਰ (ਕੈਨੇਡਾ), ਨੈਟਵਰਕ ਆਫ ਆਰਗੇਨਾਈਜੇਸ਼ਨਜ਼ ਯੂ ਕੇ, ਪੰਜਾਬ ਡਿਜੀਟਲ ਲਾਇਬਰੇਰੀ, ਸਿੱਖ ਇੰਟਰਫੇਥ ਕੌਂਸਲ ਆਫ ਵਿਕਟੋਰੀਆ (ਆਸਟਰੇਲੀਆ), ਸਿੱਖ ਮਿਸ਼ਨਰੀ ਕਾਲਜ (ਇੰਡੀਆ) ਅਤੇ ਸਿੱਖ ਫੁਲਵਾੜੀ (ਇੰਡੀਆ) ਦੇ ਨੁਮਾਇੰਦੇ ਵੀ ਸ਼ਾਮਲ ਹੋਏ।

ਜ਼ਿਕਰਯੋਗ ਹੈ ਕਿ ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਸਿੱਖ ਗੁਰੂ ਘਰਾਂ ਅਤੇ ਸੰਸਥਾਵਾਂ ਦੀ ਇਕ ਪ੍ਰਤੀਨਿਧ ਅਤੇ ਚੁਣੀ ਹੋਈ ਸੰਸਥਾ ਹੈ। ਕੌਮੀ ਪੱਧਰ ਉਤੇ 45 ਗੁਰੂ ਘਰ ਅਤੇ ਹੋਰ ਸੰਸਥਾਵਾਂ ਇਸ ਦੇ ਮੈਂਬਰ ਹਨ। ਕੌਂਸਲ ਸਿੱਖ ਕੌਮ ਨੂੰ ਦਰਪੇਸ਼ ਮਸਲਿਆਂ ਦੇ ਹੱਲ ਅਤੇ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਮਾਨਵ ਭਲਾਈ ਦੇ ਕੰਮਾਂ ਅਤੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਦੇ ਉਦਮ ਕਰਦੀ ਹੈ।





FARMERS INSURANCE GROUP
Symbol of Superior Service
FARMERS®
181 Metro Drive, Suite 290, San Jose, CA 95110
ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।
*Call for a Review of your any Insurance Policy or to Get a Quote. !!Totally Free and No Obligation to buy from us!!*

Satwant Singh
Insurance Specilist
License # OH11256
*Auto *Home *Life *Business
*Workers Compencation
Call for free consulation
Ph: 408-771-2438
*408-580-6063, 408-687-7566*
Fax: 408-573-3829
ssingh6@farmeragent.com
*Call us to know about special discounts for nurses, teachers, engineers, pharmacists, doctors and more professionals to get low prices.*

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
REALTY WORLD
Millennium
Gurbans Gill 209-815-1869

# ਕੈਪਟਨ ਤੇ ਮਨਪ੍ਰੀਤ ਬਣੇ ਅਕਾਲੀ-ਭਾਜਪਾ ਲਈ ਚੁਣੌਤੀ

## ਵਿੱਤੀ ਸੁਧਾਰ ਛੱਡ ਕੇ ਮੁੜ ਲੋਕ ਲਭਾਊ ਸਕੀਮਾਂ ਅਰੰਭੀਆਂ





**ਚੰਡੀਗੜ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਦਲ ਤੋਂ ਵੱਖ ਹੋਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਕਾਲੀ-ਭਾਜਪਾ ਸਰਕਾਰ ਲਈ ਵੱਡੀ ਚੁਣੌਤੀ ਬਣਦੇ ਨਜ਼ਰ ਆ ਰਹੇ ਹਨ। ਇਸ ਲਈ ਕਾਂਗਰਸ ਦੀਆਂ ਸਰਗਰਮੀਆਂ ਤੇ ਆਪਸੀ ਪਾਟੋਧਾੜ ਨੂੰ ਗੰਭੀਰਤਾ ਨਾਲ ਲੈਂਦਿਆਂ ਸੱਤਾਧਾਰੀ ਅਕਾਲੀ-ਭਾਜਪਾ ਨੇ ਹੁਣ ਤੋਂ ਹੀ ਆਪਣਾ ਧਿਆਨ ਵਿਧਾਨ ਸਭਾ ਚੋਣਾਂ ਵੱਲ ਲਾ ਦਿੱਤਾ ਹੈ। ਇਸ ਕੜੀ ਤਹਿਤ ਅਕਾਲੀ-ਭਾਜਪਾ ਗਠਜੋੜ ਨੇ ਖੇਤੀ ਲਈ ਟਿਊਬਵੈਲਾਂ ਦੇ ਬਿੱਲ ਮੁੜ ਮੁਆਫ ਕਰਨ ਤੋਂ ਇਲਾਵਾ ਸ਼ਹਿਰੀ ਲੀਡਰਸ਼ਿਪ ਦੇ ਮਾਣ ਭੱਤੇ ਵਧਾ ਦਿੱਤੇ ਹਨ। ਹਾਲਾਂਕਿ ਇਹ ਵਿਸ਼ਾ ਮੰਤਰੀ ਮੰਡਲ ਦੇ ਏਜੰਡੇ 'ਚ ਹੀ ਨਹੀਂ ਸੀ।

ਜ਼ਿਕਰਯੋਗ ਹੈ ਕਿ ਜਿਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ ਜਾਣਾ ਅਕਾਲੀ-ਭਾਜਪਾ ਸਰਕਾਰ ਲਈ ਚਣੌਤੀ ਸਮਝਿਆ ਜਾ ਰਿਹਾ ਹੈ ਉਥੇ ਅਕਾਲੀ ਦਲ 'ਚੋਂ ਕੱਢੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਵੱਲੋਂ 16 ਨਵੰਬਰ ਨੂੰ ਆਪਣੀ ਨਵੀਂ ਰਣਨੀਤੀ ਪੇਸ਼ ਕਰਨ ਦੇ ਐਲਾਨ ਨੇ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਹੈ। ਭਾਵੇਂ ਅਕਾਲੀ ਪਾਰਟੀ 'ਚੋਂ ਛੇਕੇ ਜਾਣ ਪਿਛੋਂ ਮਨਪ੍ਰੀਤ ਬਾਦਲ ਦੀ ਹਰ ਸਰਗਰਮੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਤੇ ਉਸਦੀ ਰੈਲੀ ਨੂੰ ਨਾਕਾਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਮਨਪ੍ਰੀਤ ਵੱਲੋਂ 16 ਨਵੰਬਰ ਨੂੰ ਆਪਣੀ ਰਣਨੀਤੀ ਦੇ ਐਲਾਨ ਨਾਲ ਸੱਤਾਧਾਰੀ ਅਕਾਲੀ ਪਾਰਟੀ ਦੀਆਂ ਮੁਸ਼ਕਲਾਂ 'ਚ ਹੋਰ ਵਾਧਾ ਹੋ ਗਿਆ ਹੈ। ਮਨਪ੍ਰੀਤ ਨੇ ਸਰਕਾਰ ਨਾਲ ਕਿਸੇ ਵੀ ਤਰ੍ਹਾਂ ਦੇ ਸਮਝੌਤੇ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਉਹ 16 ਨਵੰਬਰ ਨੂੰ ਅੰਮ੍ਰਿਤਸਰ ਜਾ ਕੇ ਦਰਬਾਰ ਸਾਹਿਬ ਮੱਥਾ ਟੇਕਣ ਤੋਂ ਬਾਅਦ ਆਪਣੇ ਰਾਜਨੀਤਕ ਜੀਵਨ ਦੀ ਸ਼ੁਰੂਆਤ ਕਰਣਗੇ। ਇਸ ਐਲਾਨ ਪਿਛੋਂ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਉਹ ਹੁਣ ਸਰਕਾਰ ਖ਼ਿਲਾਫ ਖੁੱਲ੍ਹ ਕੇ ਪ੍ਰਚਾਰ ਕਰਨਗੇ ਤੇ ਅੰਦਰਲੇ ਭੇਤ ਲੋਕਾਂ ਸਾਹਮਣਏ ਲਿਆਉਣਗੇ। ਦੂਜੇ ਪਾਸੇ ਕਾਂਗਰਸ ਵੀ ਸੱਤਾਧਾਰੀ ਅਕਾਲੀ ਪਾਰਟੀ ਲਈ ਨਵੀਆਂ ਮੁਸ਼ਕਲਾਂ ਖੜ੍ਹੀਆਂ ਕਰਨ ਦੇ ਮੌਕੇ ਲੱਭ ਰਹੀ ਹੈ। ਕੈਪਟਨ ਅਮਰਿਦਰ ਸਿੰਘ ਨੇ ਪ੍ਰਧਾਨਗੀ ਮਿਲਣ ਤੋਂ ਬਾਅਦ ਅਕਾਲੀ-ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਸਰਕਾਰ ਨੇ ਆਪਣੇ ਸਾਸ਼ਨ ਕਾਲ ਦੌਰਾਨ ਪੰਜਾਬ ਦੇ ਵਿਕਾਸ ਬਾਰੇ ਨਹੀਂ ਸੋਚਿਆ ਤੇ ਪੰਜਾਬ ਵਿਕਾਸ ਦੇ ਮਾਮਲੇ 'ਚ ਪੱਛੜ ਰਿਹਾ ਹੈ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਪਰਿਵਾਰ ਬਾਰੇ ਹੀ ਸੋਚ ਰਿਹਾ ਹੈ।

ਕਾਂਗਰਸ ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਦੇਸ਼ ਪ੍ਰਧਾਨ ਬਣਾਉਣ ਦੇ ਐਲਾਨ ਤੋਂ ਕੁਝ ਦਿਨਾਂ ਬਾਅਦ ਲਏ ਗਏ ਇਹ ਫ਼ੈਸਲੇ ਦਰਸਾਉਂਦੇ ਹਨ ਕਿ ਹਾਕਮ ਧਿਰ ਕਾਂਗਰਸੀ ਚੁਣੌਤੀ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਤੇ ਉਹ ਆਪਣੇ ਵੋਟ ਬੈਂਕ ਨੂੰ ਖੋਰਾ ਨਹੀਂ ਲੱਗਣ ਦੇਣਾ ਚਾਹੁੰਦੀ। ਹਾਕਮ ਧਿਰ ਵੱਲੋਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀਆਂ ਸਰਗਰਮੀਆਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ।

ਮਨਪ੍ਰੀਤ ਨੂੰ ਮਿਲ ਰਹੇ ਲੋਕ ਹੁੰਗਾਰੇ ਦੀ ਪੁਣਛਾਣ ਕੀਤੀ ਜਾ ਰਹੀ ਹੈ ਤੇ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅਜਿਹਾ ਕੋਈ ਵੀ ਕਦਮ ਨਾ ਲਿਆ ਜਾਵੇ ਜੋ ਮਨਪ੍ਰੀਤ ਪ੍ਰਤੀ ਮੁੱਢਲੇ ਹੁੰਗਾਰੇ ਨੂੰ ਹਮਦਰਦੀ ਵਿਚ ਬਦਲ ਦੇਵੇ। ਦੂਜੇ ਪਾਸੇ ਹਾਕਮ ਧਿਰ ਦੀ ਇਕ ਰਾਇ ਇਹ ਹੈ ਕਿ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਦੇਣ ਦਾ ਸਭ ਤੋਂ ਢੁੱਕਵਾਂ ਸਮਾਂ ਹੈ ਪਰ ਕੁਝ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਡਟ ਕੇ ਜਿੱਤਣ ਨੂੰ ਤਰਜੀਹ ਦੇਣਗੇ ਤੇ ਫਿਰ ਕੋਈ ਅਗਲਾ ਪੈਂਤੜਾ ਸੋਚਣਗੇ।

# ਘਰੋਂ ਭੱਜੇ ਜੋੜਿਆਂ ਦੀ ਰਾਖੀ ਕਰੇਗੀ ਪੰਜਾਬ ਸਰਕਾਰ

**ਨਵੀਂ ਦਿੱਲੀ :** ਹੁਣ ਘਰੋਂ ਭੱਜੇ ਜੋੜਿਆਂ ਦੀ ਰਾਖੀ ਕਰਨੀ ਸਰਕਾਰ ਦੀ ਜ਼ਿਮੇਵਾਰੀ ਹੋਵੇਗੀ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਆਪਣੇ ਵਿਆਹ ਦੀ ਤਰੀਕ ਤੋਂ ਲੈ ਕੇ ਛੇ ਹਫ਼ਤਿਆਂ ਤੱਕ ਪ੍ਰੇਮੀ ਜੋੜੇ ਸਰਕਾਰੀ ਸੁਰੱਖਿਆ ਦੇ ਹੱਕਦਾਰ ਹੋਣਗੇ। ਇਸ ਸਮੇਂ ਦੌਰਾਨ ਉਨ੍ਹਾਂ ਦੇ ਰਹਿਣ-ਸਹਿਣ ਦੀ ਸਾਰੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਏਗੀ। ਅੰਤਰਜਾਤੀ ਜਾਂ ਪਿਆਰ ਵਿਆਹ ਕਰਾਉਣ ਵਾਲੇ ਆਪਣੇ ਘਰਦਿਆਂ ਜਾਂ ਰਿਸ਼ਤੇਦਾਰਾਂ ਤੋਂ ਖੌਫਜ਼ਦਾ ਜੋੜਿਆਂ ਨੂੰ ਸਿਰਫ ਜ਼ਿਲ੍ਹਾ ਰਜਿਸਟਰਾਰ ਦੀ ਅਦਾਲਤ 'ਚ ਅਰਜ਼ੀ ਦੇਣੀ ਹੋਏਗੀ। ਜ਼ਿਲ੍ਹਾ ਰਜਿਸਟਰਾਰ ਨੂੰ ਹੁਣ ਅਜਿਹੇ ਮਾਮਲਿਆਂ 'ਚ ਉਚਿਤ ਸੁਰੱਖਿਆ ਮੁਹੱਈਆ ਕਰਾਏ ਜਾਣ ਦੇ ਹੁਕਮ ਦੇਣ ਦੇ ਅਧਿਕਾਰ ਦਿੱਤੇ ਗਏ ਹਨ। ਸੁਪਰੀਮ ਕੋਰਟ ਨੇ ਇਸ ਸਾਲ ਦੇ ਸ਼ੁਰੂ 'ਚ ਪੰਜਾਬ ਸਣੇ ਨੌਂ ਰਾਜਾਂ ਦੀ ਖਿਚਾਈ ਕਰਦਿਆਂ ਇਹ ਪ੍ਰੇਮੀ ਜੋੜਿਆਂ ਦੀਆਂ ਹੱਤਿਆਵਾਂ ਰੋਕਣ ਲਈ ਕਿਹਾ ਸੀ ਤੇ ਸਬੰਧਤ ਸਰਕਾਰਾਂ ਨੂੰ ਇਸ ਬਾਰੇ ਕੀਤੇ ਗਏ ਉਪਰਾਲੇ ਦੱਸਣ ਲਈ ਕਿਹਾ ਸੀ।

ਜ਼ਿਕਰਯੋਗ ਹੈ ਕਿ ਅਜਿਹੀਆਂ ਘੱਟੋ-ਘੱਟ 50 ਫੀਸਦੀ ਹੱਤਿਆਵਾਂ ਦੇ ਘਰ ਰਾਜਸਥਾਨ ਸੂਬੇ ਨੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸਭ ਤੋਂ ਪਹਿਲਾਂ ਫੁੱਲ ਚੜ੍ਹਾਏ ਸਨ। ਪੰਜਾਬ ਸਰਕਾਰ ਨੇ ਆਪਣੇ ਹਲਫਨਾਮੇ 'ਚ ਅਜਿਹੇ ਅਪਰਾਧ ਕਰਨ ਵਾਲੇ ਮਾਪਿਆਂ, ਰਿਸ਼ਤੇਦਾਰਾਂ ਵਿਰੁੱਧ ਸਖਤੀ ਨਾਲ ਨਜਿੱਠਣ ਦਾ ਪ੍ਰਬੰਧ ਕਰਨ ਲਈ ਵੀ ਕਿਹਾ ਹੈ। ਸੂਬਾ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਅਣਖ ਲਈ ਕਤਲ ਦਾ ਵਰਤਾਰਾ ਲੋਕਾਂ ਦੀ ਸੋਚ ਬਦਲੇ ਬਿਨਾਂ ਖਤਮ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਨੇ ਪੁਲੀਸ ਕਮਿਸ਼ਨਰਾਂ ਜਾਂ ਐਸ.ਐਸ.ਪੀ. ਨੂੰ ਜੋੜਿਆਂ ਦੇ ਮਾਪਿਆਂ, ਪਰਿਵਾਰਾਂ ਤੇ ਰਿਸ਼ਤੇਦਾਰਾਂ ਨੂੰ ਸਮਝਾਉਣ ਲਈ ਤੇ ਵਿਚੋਲਗੀ ਕਰਨ ਲਈ ਕੌਂਸਲਿੰਗ ਕੇਂਦਰ ਸਥਾਪਤ ਕਰਨ ਲਈ ਕਿਹਾ ਹੈ। ਇਸੇ ਤਹਿਤ ਪਿੰਡਾਂ ਦੀਆਂ ਪੰਚਾਇਤਾਂ 'ਚ ਵਿਸ਼ੇਸ਼ ਸੈੱਲ ਕਾਇਮ ਕੀਤੇ ਜਾਣ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਹਲਫਨਾਮੇ ਤਹਿਤ, ਸੱਜ-ਵਿਆਹੇ ਮੁੰਡਿਆਂ ਵਿਰੁੱਧ ਬਲਾਤਕਾਰ ਜਾਂ ਅਗਵਾ ਦੇ ਕੇਸ ਦਰਜ ਕੀਤੇ ਜਾਣ ਬਾਰੇ ਵੀ ਪੁਲੀਸ ਨੂੰ ਚੇਤਾਵਨੀ ਦਿੱਤੀ ਗਈ ਹੈ।

ਸਰਕਾਰ ਨੇ ਕਿਹਾ ਹੈ ਕਿ ਬਾਲਗ ਹੋ ਚੁੱਕੇ ਵਿਆਹੇ ਜੋੜਿਆਂ 'ਚੋਂ ਲੜਕਿਆਂ 'ਤੇ ਆਈ.ਪੀ.ਸੀ. ਦੇ ਸੈਕਸ਼ਨ 363/366/ 376 ਤਹਿਤ ਕੇਸ ਦਰਜ ਨਹੀਂ ਕੀਤੇ ਜਾਣੇ ਚਾਹੀਦੇ। ਏਹੀ ਨਹੀਂ ਜੋੜਿਆਂ ਨੂੰ ਵੱਖ ਕਰਨ ਵਾਲੇ ਮਾਪਿਆਂ ਵਿਰੁੱਧ ਵੀ ਸਖਤੀ ਨਾਲ ਨਜਿੱਠੇ ਜਾਣ ਲਈ ਕਿਹਾ ਗਿਆ ਹੈ। ਇਸ ਸਾਲ ਅਪਰੈਲ 'ਚ ਸੁਪਰੀਮ ਕੋਰਟ ਨੇ ਅਜਿਹੀਆਂ ਹੱਤਿਆਵਾਂ ਦੀ ਵਧ ਰਹੀ ਗਿਣਤੀ ਦੇਖਦਿਆਂ ਸ਼ਕਤੀ ਵਾਹਿਨੀ ਵੱਲੋਂ ਦਾਇਰ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਸੂਬਾ ਸਰਕਾਰ ਨੂੰ ਇਹ ਹੱਤਿਆਵਾਂ ਬੰਦ ਕਰਨ ਦੇ ਨਿਰਦੇਸ਼ ਦਿੱਤੇ ਸਨ। ਜਨਹਿਤ ਪਟੀਸ਼ਨ 'ਚ ਉਨ੍ਹਾਂ ਜੋੜਿਆਂ ਦੀਆਂ ਹੱਤਿਆਵਾਂ ਬਾਰੇ ਦਸਤਾਵੇਜ਼ਾਂ ਦੇ ਵੇਰਵੇ ਸਨ ਜਿਨ੍ਹਾਂ ਨੂੰ ਆਪੇ ਜਾਂ ਅੰਤਰਜਾਤੀ ਵਿਆਹ ਕਰਵਾਉਣ 'ਤੇ ਮੌਤ ਦੇ ਮੂੰਹ ਜਾਣਾ ਪਿਆ ਸੀ। ਸੁਪਰੀਮ ਕੋਰਟ ਨੇ ਪੰਜਾਬ, ਰਾਜਸਥਾਨ, ਹਰਿਆਣਾ, ਯੂ.ਪੀ., ਤਾਮਿਲਨਾਡੂ ਤੇ ਦਿੱਲੀ ਸਮੇਤ 9 ਰਾਜਾਂ ਨੂੰ ਨੋਟਿਸ ਜਾਰੀ ਕੀਤੇ ਸਨ ਤੇ ਇਸ ਵਰਤਾਰੇ ਨੂੰ ਰੋਕਣ ਲਈ ਕੀਤੇ ਉਪਰਾਲਿਆਂ ਬਾਰੇ ਪੁੱਛਿਆ ਸੀ


Global Eagle Transportation Inc.

ਡਰਾਈਵਰਾਂ ਅਤੇ ਓਨਰ ਓਪਰੇਟਰਾਂ ਦੀ ਤੁਰੰਤ ਲੋੜ ਹੈ

Oakland, Lathrop, Stockton, Yuba City, Sacramento ਏਰੀਏ ਤੋਂ ਲੋਡ ਉਪਲਬਧ

ਕੰਪਨੀ ਦੇ ਟਰੇਲਰ ਵੀ ਵਰਤ ਸਕਦੇ ਹੋ
ਕਾਗਜ਼ ਪੂਰੇ ਹੋਣ 'ਤੇ ਪੈਸਿਆਂ ਦਾ ਭੁਗਤਾਨ ਸਮੇਂ ਸਿਰ
24 ਘੰਟੇ ਡਿਸਪੈਚ ਉਪਲਬਧ
ਬੇ-ਏਰੀਏ ਅਤੇ ਵੈਲੀ ਏਰੀਏ ਤੋਂ ਲਾਸ ਏਂਜਲਸ ਤੇ ਟੈਕਸਸ ਨੂੰ round trip ਲੋਡ ਉਪਲਬਧ
ਵੈਲੀ ਅਤੇ ਬੇ-ਏਰੀਏ 'ਚ ਲੋਕਲ ਲੋਡ ਹਰ ਸਮੇਂ ਉਪਲਬਧ

*Dedicated run to Portland and Seattle*



FUEL ਵਾਸਤੇ ਕਾਮ ਚੈਕ ਦੀ ਵਿਸ਼ੇਸ਼ ਸਹੂਲਤ

*Contact :Bobby Thiara, Jas Gill*

Toll Free Phone # 1-800-788-2993

Phone: 510-832-4444, Fax : 510-832-4445

*web site : www.globaleagletrans.com*

# ਪੁਲਿਸ ਵੱਲੋਂ ਦੰਗਾ ਪੀੜਤਾਂ 'ਤੇ ਲਾਠੀਚਾਰਜ, ਇਕ ਮੌਤ, 11 ਜ਼ਖ਼ਮੀ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਲੁਧਿਆਣਾ ਦੀ ਦੁੱਗਰੀ ਸਥਿਤ ਸੀ.ਆਰ.ਪੀ.ਐਫ਼. ਕਾਲੋਨੀ ਵਿਚ 8 ਨਵੰਬਰ ਨੂੰ ਦੰਗਾ ਪੀੜਤਾਂ ਤੇ ਸਰਕਾਰੀ ਮੁਲਾਜ਼ਮਾਂ ਵਿਚਾਲੇ ਹੋਈਆਂ ਜ਼ਬਰਦਸਤ ਝੜਪਾਂ ਦੌਰਾਨ ਇਕ ਦੰਗਾ ਪੀੜਤ ਦੀ ਮੌਤ ਹੋ ਗਈ ਜਦਕਿ ਪੁਲੀਸ ਵੱਲੋਂ ਇਸ ਮੌਕੇ ਕੀਤੇ ਲਾਠੀਚਾਰਜ ਵਿਚ ਦਰਜਨ ਦੇ ਕਰੀਬ ਦੰਗਾ ਪੀੜਤ ਤੇ ਮੁਲਾਜ਼ਮ ਜ਼ਖ਼ਮੀ ਹੋ ਗਏ।

ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੀ ਅਗਵਾਈ ਲੋਕ ਆਪਣੇ 100 ਦੇ ਕਰੀਬ ਹਮਾਇਤੀਆਂ ਤੇ ਸਾਥੀਆਂ ਨਾਲ ਉਕਤ ਕਾਲੋਨੀ ਵਿਚ ਪਹੁੰਚੇ ਜਿੱਥੇ ਕਿ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਵੱਲੋਂ ਪੁਲੀਸ ਦੀ ਮਦਦ ਨਾਲ ਕੁਆਟਰਾਂ ਵਿਚੋਂ ਦੰਗਾ ਪੀੜਤਾਂ ਨੂੰ ਕੱਢਿਆ ਜਾ ਰਿਹਾ ਸੀ। ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਦੰਗਾ ਪੀੜਤ ਪਿਛਲੇ ਲੰਬੇ ਸਮੇਂ ਤੋਂ ਇਨ੍ਹਾਂ ਕੁਆਟਰਾਂ ਵਿਚ ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹਨ।



*ਲੁਧਿਆਣਾ ਦੀ ਸੀ.ਆਰ.ਪੀ.ਐਫ. ਕਾਲੋਨੀ ਦੇ ਵਸਨੀਕਾਂ ਅਤੇ ਦੰਗਾ ਪੀੜ੍ਹਤਾਂ ਦਰਮਿਆਨ ਹੋਏ ਝਗੜੇ ਦੀ ਮੂੰਹ ਬੋਲਦੀ ਤਸਵੀਰ।*


ਉਨ੍ਹਾਂ ਦਾਅਵਾ ਕੀਤਾ ਕਿ ਇਸ ਬਾਰੇ ਅਦਾਲਤ ਨੇ ਉਨ੍ਹਾਂ ਦੇ ਹੱਕ ਵਿਚ ਫੈਸਲਾ ਕੀਤਾ ਹੋਇਆ ਹੈ। ਇਸ ਦੇ ਬਾਵਜੂਦ ਪੁਲੀਸ ਵੱਲੋਂ ਧੱਕੇਸ਼ਾਹੀ ਨਾਲ ਇਨ੍ਹਾਂ ਦੰਗਾ ਪੀੜਤਾਂ ਨੂੰ ਬਾਹਰ ਕੱਢਿਆ ਜਾ ਰਿਹਾ ਸੀ। ਜਦੋਂ ਇਹ ਦੰਗਾ ਪੀੜਤ ਅਧਿਕਾਰੀਆਂ ਦੀ ਇਸ ਕਾਰਵਾਈ ਦਾ ਵਿਰੋਧ ਕਰ ਰਹੇ ਸਨ ਤਾਂ ਉੱਥੇ ਕੁਝ ਸਰਕਾਰੀ ਮੁਲਾਜ਼ਮ ਆ ਗਏ ਤੇ ਦੰਗਾ ਪੀੜਤਾਂ ਨਾਲ ਉਲਝ ਪਏ।

ਇਸ ਦੌਰਾਨ ਕੁਝ ਮੁਲਾਜ਼ਮ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਦੇ ਸਲਾਹਕਾਰ ਮਨਜੀਤ ਸਿੰਘ ਚਾਵਲਾ ਨਾਲ ਹੱਥੋਪਾਈ ਹੋ ਗਏ ਜਿਸ 'ਤੇ ਉਥੇ ਖੜ੍ਹੇ ਜਸਪਾਲ ਸਿੰਘ ਪੁੱਤਰ ਫੇਰਾ ਸਿੰਘ ਨੇ ਜਦੋਂ ਇਨ੍ਹਾਂ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਮੁਲਾਜ਼ਮਾਂ ਨੇ ਉਸ ਨਾਲ ਧੱਕਾ-ਮੁੱਕੀ ਤੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਜਿਸ 'ਤੇ ਉਹ ਹੇਠਾਂ ਡਿਗ ਕੇ ਬੇਹੋਸ਼ ਹੋ ਗਏ। ਗੰਭੀਰ ਹਾਲਤ ਵਿਚ ਉਨ੍ਹਾਂ ਨੂੰ ਦੁੱਗਰੀ ਸਥਿਤ ਬੱਗਾ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ ਹੈ। ਇਸ ਸਮੇਂ ਮੁਲਾਜ਼ਮਾਂ ਤੇ ਦੰਗਾ ਪੀੜਤਾਂ ਵਿਚਾਲੇ ਹੋਈਆਂ ਜ਼ਬਰਦਸਤ ਝੜਪਾਂ ਨੂੰ ਰੋਕਣ ਲਈ ਪੁਲੀਸ ਨੂੰ ਲਾਠੀਚਾਰਜ ਕਰਨਾ ਪਿਆ ਜਿਸ ਕਾਰਨ ਕਈ ਆਗੂਆਂ ਦੀਆਂ ਦਸਤਾਰਾਂ ਵੀ ਲੱਥ ਗਈਆਂ। ਦੰਗਾ ਪੀੜਤਾਂ ਦਾ ਦੋਸ਼ ਸੀ ਕਿ ਪੁਲੀਸ ਮੁਲਾਜ਼ਮਾਂ ਨੇ ਸਰਕਾਰੀ ਮੁਲਾਜ਼ਮਾਂ ਨੂੰ ਸ਼ਹਿ ਦੇ ਕੇ ਲੜਾਈ ਸ਼ੁਰੂ ਕਰਵਾਈ ਹੈ ਤੇ ਇਹ ਸਭ ਕੁਝ ਉੱਚ-ਅਧਿਕਾਰੀਆਂ ਦੀ ਮੌਜੂਦਗੀ ਵਿਚ ਹੋਇਆ ਪਰ ਅਧਿਕਾਰੀ ਮੂਕ ਦਰਸ਼ਕ ਬਣੇ ਰਹੇ। ਜਸਪਾਲ ਸਿੰਘ ਦੀ ਮੌਤ ਦੀ ਖ਼ਬਰ ਜਿਉਂ ਹੀ ਦੁੱਗਰੀ ਇਲਾਕੇ ਵਿਚ ਪਹੁੰਚੀ ਤਾਂ ਭਾਰੀ ਗਿਣਤੀ ਵਿਚ ਦੰਗਾ ਪੀੜਤ ਉੱਥੇ ਪਹੁੰਚੇ। ਉਨ੍ਹਾਂ ਨੇ ਦੁੱਗਰੀ ਨਹਿਰ ਪੁਲ 'ਤੇ ਧਰਨਾ ਦੇ ਦਿੱਤਾ। ਇਨ੍ਹਾਂ ਨੇ ਜਸਪਾਲ ਸਿੰਘ ਦੀ ਮੌਤ ਲਈ ਪੁਲੀਸ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਜੇਕਰ ਪੁਲੀਸ ਚਾਹੁੰਦੀ ਤਾਂ ਇਹ ਤਕਰਾਰ ਟਲ ਸਕਦਾ ਸੀ।

ਸੂਤਰਾਂ ਅਨੁਸਾਰ ਪੁਲੀਸ ਵੱਲੋਂ ਦੇਰ ਸ਼ਾਮ ਦੁੱਗਰੀ ਥਾਣੇ ਵਿਚ ਸਰਕਾਰੀ ਕੁਆਟਰਾਂ ਤੇ ਕਬਜ਼ੇ ਦੀ ਕੋਸ਼ਿਸ਼ ਦੇ ਮਾਮਲੇ ਵਿਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਿਸ ਵੱਲੋਂ ਇਹ ਕਾਰਵਾਈ ਪੀ. ਡਬਲਯੂ. ਡੀ ਦੇ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਕੀਤੀ ਹੈ।

## ਜੁਗਰਾਜ ਸਿੰਘ ਸਹੋਤਾ ਨੂੰ ਸਦਮਾ, ਦਾਦੀ ਸੁਰਗਵਾਸ

**ਹੇਵਰਡ, ਕੈਲੀਫੋਰਨੀਆ:** ਕਬੱਡੀ ਪ੍ਰੋਮੋਟਰ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਡਾਇਰੈਕਟਰ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਨੂੰ ਉਸ ਸਮੇਂ ਦੋਹਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜੀ ਦੀ ਮੌਤ ਤੋਂ 6 ਦਿਨ ਬਾਅਦ ਹੀ ਉਨ੍ਹਾਂ ਦੀ ਦਾਦੀ ਮਾਤਾ ਗੁਰਪਾਲ ਕੌਰ ਪਿੰਡ ਬੜਾ ਪਿੰਡ ਸਦੀਵੀ ਵਿਛੋੜਾ ਦੇ ਗਏ। ਉਹ



88 ਵਰ੍ਹਿਆਂ ਦੇ ਸਨ।

ਮਾਤਾ ਗੁਰਪਾਲ ਕੌਰ ਆਪਣੇ ਪਿਛੇ ਲੜਕੀ ਬੀਬੀ ਜਸਵੀਰ ਕੌਰ, ਦੋ ਪੋਤਰੇ ਤੇ ਇਕ ਪੋਤਰੀ ਬੀਬੀ ਸੁਖਵਿੰਦਰ ਕੌਰ (ਸੁਪਤਨੀ ਸ. ਇਕਬਾਲ ਸਿੰਘ ਗਾਖਲ) ਛੱਡ ਗਏ ਹਨ। ਉਨ੍ਹਾਂ ਦਾ ਅੰਤਮ ਸਸਕਾਰ 14 ਨਵੰਬਰ ਨੂੰ ਇਥੇ ਚੈਪਲ ਆਫ ਚਾਈਮਜ਼ ਵਿਖੇ ਸਵੇਰੇ 10 ਤੋਂ 12 ਵਜੇ ਤੱਕ ਹੋਵੇਗਾ ਅਤੇ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਚ ਹੋਵੇਗੀ। ਪਰਿਵਾਰ ਨਾਲ ਸੰਪਰਕ ਜੁਗਰਾਜ ਸਿੰਘ ਸਹੋਤਾ ਫੋਨ 510-673-0825 ਜਾਂ ਇਕਬਾਲ ਸਿੰਘ ਗਾਖਲ ਫੋਨ 831-840-9035 ਉਤੇ ਕੀਤਾ ਜਾ ਸਕਦਾ ਹੈ।

# 3 ਦੇ ਪੰਜਾਬ ਬੰਦ ਦੌਰਾਨ ਸ਼੍ਰੋਮਣੀ ਕਮੇਟੀ ਨੇ ਸਕੂਲ ਖੋਲ੍ਹੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬੜੀ ਹੈਰਾਨੀ ਦੀ ਗੱਲ ਹੈ ਕਿ 3 ਨਵੰਬਰ ਨੂੰ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕੀਤੇ ਗਏ ਪੰਜਾਬ ਬੰਦ ਦੌਰਾਨ ਹਿੰਦੂ ਸੰਸਥਾ ਡੀ.ਏ.ਵੀ. ਨੇ ਤਾਂ ਆਪਣੇ ਸਾਰੇ ਸਕੂਲ-ਕਾਲਜ ਬੰਦ ਰੱਖੇ ਪਰ 'ਸਰਕਾਰ' ਨੂੰ ਖੁਸ਼ ਕਰਨ ਸ਼੍ਰੋਮਣੀ ਕਮੇਟੀ ਨੇ ਆਪਣੇ ਅਦਾਰੇ ਖੁੱਲ੍ਹੇ ਰੱਖੇ ਜਿਸ ਦੀ ਸਿੱਖ ਭਾਈਚਾਰੇ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ। ਇਸੇ ਦੌਰਾਨ ਖਾਲਸਾ ਐਕਸ਼ਨ ਕਮੇਟੀ, ਦਲ ਖਾਲਸਾ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਨੇ ਕੁਝ ਪੰਥਕ ਅਖਵਾਉਣ ਵਾਲੀਆਂ ਜਥੇਬੰਦੀਆਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਵੱਲੋਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਜ਼ਿੰਮੇਵਾਰ ਲੋਕਾਂ ਨੂੰ 26 ਵਰ੍ਹਿਆਂ ਬਾਅਦ ਵੀ ਸਜ਼ਾਵਾਂ ਨਾ ਮਿਲਣ ਦੇ ਰੋਸ 'ਚ ਕੀਤੇ ਪੰਜਾਬ ਬੰਦ ਦੀ ਕਾਰਵਾਈ ਨੂੰ ਅਸਫ਼ਲ ਕਰਨ ਦੀ ਹਰ ਕੋਸ਼ਿਸ਼ ਕੀਤੀ ਗਈ। ਭਾਈ ਮੋਹਕਮ ਸਿੰਘ, ਕੰਵਰਪਾਲ ਸਿੰਘ, ਕਰਨੈਲ ਸਿੰਘ ਪੀਰਮੁਹੰਮਦ ਤੇ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬੰਦ ਰਾਹੀਂ ਪੰਜਾਬ ਦੇ ਲੋਕਾਂ ਨੇ ਇਕ ਸਾਂਝਾ ਸੁਨੇਹਾ ਦਿੱਤਾ ਹੈ ਕਿ ਨਵੰਬਰ 1984 ਨੂੰ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਖਿਲਾਫ਼ ਹਰ ਪੰਜਾਬੀ ਅੰਦਰ ਰੋਹ ਹੈ। ਉਨ੍ਹਾਂ ਨੇ ਪੰਥਕ ਅਖਵਾਉਣ ਵਾਲੀਆਂ ਕੁਝ ਧਿਰਾਂ ਦੇ ਬੰਦ ਖ਼ਿਲਾਫ਼ ਭੁਗਤਣ ਨੂੰ ਅਫ਼ਸੋਸਨਾਕ ਕਰਾਰ ਦਿੰਦਿਆਂ ਕਿਹਾ ਹੈ ਕਿ ਇਨ੍ਹਾਂ ਜਥੇਬੰਦੀਆਂ ਦੀ ਮਾੜੀ ਸੋਚ ਤੇ ਪੰਜਾਬ ਦੀ ਅਫ਼ਸਰਸ਼ਾਹੀ ਵੱਲੋਂ ਬੰਦ ਨੂੰ ਅਸਫ਼ਲ ਬਣਾਉਣ ਲਈ ਵਰਤੇ ਗਏ ਹਰ ਹਰਬੇ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ ਬੰਦ 'ਚ ਹਿੱਸਾ ਪਾ ਕੇ ਸਰਕਾਰੀ ਧਿਰ ਦੀ ਕਿਸੇ ਚਾਲ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਦੇ ਬਿਆਨ ਦੀ ਅਲੋਚਨਾ ਕਰਦਿਆਂ ਕਿਹਾ ਕਿ ਇਹ ਇਤਿਹਾਸ ਦਾ ਕਾਲਾ ਪੰਨਾ ਹੈ ਜਦ ਸਿੱਖ ਮੁੱਦੇ 'ਤੇ ਡੀ.ਏ.ਵੀ. ਵਰਗੀਆਂ ਸੰਸਥਾਵਾਂ ਤਾਂ ਬੰਦ ਰਹੀਆਂ ਪਰ ਸ਼੍ਰੋਮਣੀ ਕਮੇਟੀ ਦੇ ਅਦਾਰੇ ਖੁੱਲ੍ਹੇ ਰਹੇ।



ਅਕਾਲੀਆਂ ਉੱਤੇ ਸਿੱਖ ਜਜ਼ਬਾਤ ਰੋਲਣ ਦਾ ਇਲਜ਼ਾਮ ਲਾਉਂਦਿਆਂ ਉਨ੍ਹਾਂ ਕਿਹਾ ਕਿ ਸੰਸਦ ਤੇ ਵਿਧਾਨ ਸਭਾ ਵਿਚ ਤਾਂ ਇਨ੍ਹਾਂ ਮਗਰਮੱਛ ਦੇ ਹੰਝੂ ਵਹਾਏ ਜਾਂਦੇ ਹਨ ਪਰ ਸੰਘਰਸ਼ ਕਰ ਰਹੀਆਂ ਧਿਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ।

ਸਿੱਖ ਜਥੇਬੰਦੀਆਂ ਵੱਲੋਂ 3 ਨਵੰਬਰ ਨੂੰ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਕਾਰਨ ਜਿੱਥੇ ਸੜਕੀ ਤੇ ਰੇਲ ਆਵਾਜਾਈ ਪ੍ਰਭਾਵਿਤ ਹੋਈ ਉੱਥੇ ਕਈ ਥਾਈਂ ਦੁਕਾਨਾਂ, ਵਿੱਦਿਅਕ ਅਦਾਰੇ, ਸਕੂਲ ਤੇ ਕਾਲਜ ਕਿਤੇ ਪੂਰੀ ਤਰ੍ਹਾਂ ਤੇ ਕਿਤੇ ਅੰਸ਼ਕ ਰੂਪ 'ਚ ਬੰਦ ਰਹੇ। ਆਵਾਜਾਈ ਨੂੰ ਰੋਕਣ ਦੇ ਯਤਨ ਕਰ ਰਹੇ ਤਕਰੀਬਨ 300 ਵਿਅਕਤੀਆਂ ਨੂੰ ਇਹਤਿਆਤੀ ਤੌਰ 'ਤੇ ਪੁਲੀਸ ਹਿਰਾਸਤ 'ਚ ਲੈ ਲਿਆ ਗਿਆ। ਅੰਮ੍ਰਿਤਸਰ ਸ਼ਹਿਰ 'ਚ ਰੇਲਾਂ ਬੰਦ ਕਰਾਉਣ ਲਈ ਪੰਥਕ ਆਗੂ ਪਟੜੀਆਂ 'ਤੇ ਬੈਠੇ ਤਾਂ ਪੁਲੀਸ ਪ੍ਰਸ਼ਾਸਨ ਨੇ ਖ਼ਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਤੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਮੋਹਕਮ ਸਿੰਘ, ਬਾਬਾ ਬਲਬੀਰ ਸਿੰਘ ਦਾਦੂਵਾਲ, ਦਲ ਖ਼ਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ, ਦਲ ਖ਼ਾਲਸਾ ਦੇ ਮੁੱਖ ਬੁਲਾਰੇ ਭਾਈ ਕੰਵਰਪਾਲ ਸਿੰਘ ਬਿੱਟੂ, ਸਤਨਾਮ ਸਿੰਘ ਪਾਉਂਟਾ ਸਾਹਿਬ, ਸਰਬਜੀਤ ਸਿੰਘ ਘੁਮਾਣ, ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਬਲਵੰਤ ਸਿੰਘ ਗੋਪਾਲਾ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ, ਭਾਈ ਦਇਆ ਸਿੰਘ ਕੱਕੜ ਸਮੇਤ ਵੱਡੀ ਗਿਣਤੀ 'ਚ ਉਨ੍ਹਾਂ ਦੇ ਹਮਾਇਤੀਆਂ ਨੂੰ ਹਿਰਾਸਤ 'ਚ ਲੈ ਕੇ ਥਾਣੇ ਬੰਦ ਕਰ ਦਿੱਤਾ। ਇਸ ਮੌਕੇ ਪੁਲੀਸ ਤੇ ਮੁਜ਼ਾਹਰਾਕਾਰੀਆਂ ਦੀ ਜ਼ਬਰਦਸਤ ਧੱਕਾ-ਮੁੱਕੀ ਵੀ ਹੋਈ।

ਇਸੇ ਦੌਰਾਨ ਮਨੁੱਖੀ ਅਧਿਕਾਰ ਜਥੇਬੰਦੀ 'ਸਿੱਖਸ ਫ਼ਾਰ ਜਸਟਿਸ' ਨੇ ਬੰਦ ਦਾ ਸੱਦਾ ਦੇਣ ਆਗੂਆਂ ਖਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ, ਦਲ ਖਾਲਸਾ ਦੇ ਆਗੂ ਹਰਚਰਨਜੀਤ ਸਿੰਘ ਧਾਮੀ ਤੇ ਕੰਵਰਪਾਲ ਸਿੰਘ ਬਿੱਟੂ, ਬਾਬਾ ਬਲਜੀਤ ਸਿੰਘ ਦਾਦੂਵਾਲ, ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਹਰਪਾਲ ਸਿੰਘ ਚੀਮਾ, ਕੁਲਬੀਰ ਸਿੰਘ ਬੜਾ ਪਿੰਡ, ਜਸਵੀਰ ਸਿੰਘ ਖਡੂਰ, ਸੰਤੋਖ ਸਿੰਘ ਸਲਾਣਾ, ਹਰਪ੍ਰੀਤ ਸਿੰਘ ਦਧੇਰੀ, ਦੇਵਿੰਦਰ ਸਿੰਘ ਸੋਢੀ (ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ) ਨੂੰ ਹਿਰਾਸਤ ਵਿਚ ਲੈ ਲਏ ਜਾਣ ਦੀ ਤਿੱਖੇ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਹੈ ਕਿ 26 ਵਰ੍ਹਿਆਂ ਤੋਂ ਇਨਸਾਫ਼ ਲਈ ਭਟਕ ਰਹੇ 1984 ਦੇ ਪੀੜਤਾਂ ਲਈ ਇਨਸਾਫ਼ ਦੀ ਮੰਗ ਕਰਨ ਵਾਲੇ ਆਗੂਆਂ ਨੂੰ ਹਿਰਾਸਤ ਵਿਚ ਲਏ ਜਾਣਾ ਉਸੇ ਦਮਨ ਅਤੇ ਬੇਇਨਸਾਫ਼ੀ ਵਾਲੀ ਕਾਰਵਾਈ ਹੈ ਜਿਸ ਵਿਰੁੱਧ ਬੰਦ ਦਾ ਸੱਦਾ ਦਿੱਤਾ ਗਿਆ ਸੀ।

ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਸ. ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਹੈ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ਼ ਦੁਆਉਣ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਅਕਾਲੀ-ਭਾਜਪਾ ਸਰਕਾਰ ਨੇ ਹੁਣ ਇਨਸਾਫ਼ ਦੀ ਮੰਗ ਨੂੰ ਖ਼ਤਮ ਕਰਨ ਲਈ ਕੇਂਦਰ ਸਰਕਾਰ ਨਾਲ ਹੱਥ ਮਿਲਾ ਲਿਆ ਹੈ।

# ਚੋਣ ਝੜਪ ਪਿਛੋਂ ਟਾਇਰਾ ਬਿਊਨਾ ਗੁਰੂਘਰ ਦਾ ਖਜਾਨਚੀ ਗ੍ਰਿਫਤਾਰ

**ਯੂਬਾ ਸਿਟੀ:** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੇ ਖਜਾਨਚੀ ਸ. ਸੁਖਦੇਵ ਸਿੰਘ ਮੁੰਡੀ ਅਤੇ ਇਕ ਹੋਰ ਵਿਅਕਤੀ ਨੂੰ ਪੁਲਿਸ ਨੇ ਅਮਰੀਕੀ ਚੋਣਾਂ ਦੀ ਪੂਰਬਲੀ ਸ਼ਾਮ ਹੋਈ ਚੋਣ ਖਹਿਬਾਜ਼ੀ ਦੇ ਸਿਲਸਿਲੇ ਵਿਚ ਲੰਘੇ ਸ਼ੁਕਰਵਾਰ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਸੂਤਰਾਂ ਅਨੁਸਾਰ ਸੁਖਦੇਵ ਸਿੰਘ ਮੁੰਡੀ (58 ਸਾਲ) ਨੂੰ ਸਟਰ ਕਾਊਂਟੀ ਸ਼ੈਰਿਫ ਪੁਲਿਸ ਨੇ ਜਾਨਲੇਵਾ ਧਮਕੀਆਂ ਦੇਣ ਦੇ ਦੋਸ਼ ਅਧੀਨ ਸ਼ੁਕਰਵਾਰ ਸ਼ਾਮੀ ਗ੍ਰਿਫਤਾਰ ਕੀਤਾ ਅਤੇ ਉਹ ਸਟਰ ਕਾਊਂਟੀ ਜੇਲ੍ਹ ਵਿਚ ਭੇਜ ਦਿੱਤਾ। ਸੂਤਰਾਂ ਅਨੁਸਾਰ ਉਸ ਦੀ ਜਮਾਨਤ ਹੋ ਗਈ ਹੈ। 23 ਸਾਲਾ ਨਵਜੋਤ ਸਿੰਘ ਥਿਆਰਾ ਨੂੰ ਸ਼ੈਰਿਫ ਪੁਲਿਸ ਨੇ ਖਤਰਨਾਕ ਹਥਿਆਰ ਰਖਣ ਦੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਹੈ ਪਰ ਉਸਨੂੰ 2500 ਡਾਲਰ ਦੀ ਜ਼ਮਾਨਤ ਉਤੇ ਰਿਹਾ ਕਰ ਦਿਤਾ ਗਿਆ।

ਪੁਲਿਸ ਅਨੁਸਾਰ ਉਨ੍ਹਾਂ ਨੂੰ ਚੋਣਾਂ ਵਾਲੇ ਦਿਨ ਮੰਗਲਵਾਰ ਨੂੰ ਸ਼ਾਮ ਸਮੇਂ ਕੁਝ ਲੋਕਾਂ ਵਿਚ ਝੜਪ ਹੋਣ ਦੀ ਖਬਰ ਮਿਲੀ ਸੀ ਜਿਸ ਪਿਛੋਂ ਪੁਲਿਸ ਘਟਨਾ ਸਥਾਨ ਕੈਮੀਨੋ ਡੈਲ ਫਲੋਰਜ਼ ਅਤੇ ਵਾਲਟਨ ਐਵਨਿਊ 'ਤੇ ਪਹੁੰਚੀ ਜਿਥੇ ਕਰਨ ਬੈਂਸ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਪਰਿਵਾਰ ਅਤੇ ਬੱਚਿਆਂ ਨਾਲ ਯੂਬਾ ਸਿਟੀ ਦੇ ਮੇਅਰ ਦੀ ਚੋਣ ਲੜ ਰਹੇ ਕੈਸ਼ ਗਿੱਲ ਦੀ ਹਮਾਇਤ ਵਿਚ ਪ੍ਰਚਾਰ ਕਰ ਰਿਹਾ ਸੀ ਕਿ ਲਾਲ ਰੰਗ ਦੀ ਇਕ ਗਡੀ ਵਿਚ ਕੁਝ ਲੋਕਾਂ ਨੇ ਪਹਿਲਾਂ ਉਨ੍ਹਾਂ ਵਲ ਗੰਦੇ ਇਸ਼ਾਰੇ ਕੀਤੇ ਅਤੇ ਫਿਰ ਗਡੀ ਤੋਂ ਉਤਰ ਕੇ ਉਨ੍ਹਾਂ ਨੂੰ ਹਾਕੀਆਂ ਅਤੇ ਬੇਸਬਾਲ ਬੈਟਾਂ ਨਾਲ ਡਰਾਵੇ ਦਿਤੇ।

# ਐਨ ਆਰ ਆਈ ਸਭਾ ਮਿਸ਼ੀਗਨ ਦਾ ਗਠਨ

**ਬੇਕਰਜ਼ਫੀਲਡ:** ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਸ੍ਰੀ ਜੋਬਨਜੀਤ ਸਿੰਘ ਬੌਬੀ ਨੇ ਪੰਜਾਬ ਦੇ ਐਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ ਆਰ ਆਈ ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨਾਲ ਸਲਾਹ-ਮਸ਼ਵਰੇ ਪਿਛੋਂ ਮਿਸ਼ੀਗਨ ਸਟੇਟ ਦੀ ਐਨ ਆਰ ਆਈ ਸਭਾ ਦਾ ਗਠਨ ਕਰ ਦਿੱਤਾ ਹੈ।

ਐਨ ਆਰ ਆਈ ਸਭਾ ਅਮਰੀਕਾ ਦੇ ਮੀਡੀਆ ਸਲਾਹਕਾਰ ਮਨਦੀਪ ਮਾਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਸ਼ੀਗਨ ਸਟੇਟ ਲਈ ਚੇਅਰਮੈਨ ਹਰਪਾਲ ਸਿੰਘ ਬੈਂਸ, ਪ੍ਰਧਾਨ ਕਰਮਵੀਰ ਸਿੰਘ ਬਸਰਾਨ, ਸਕੱਤਰ ਜਨਰਲ ਸੁਖਰਾਜ ਸਿੰਘ ਜਾਮਾਰਾਏ, ਵਾਈਸ ਚੇਅਰਮੈਨ ਸੁਖਦੇਵ ਸਿੰਘ ਸੇਖੋਂ ਤੇ ਭੁਪਿੰਦਰ ਸਿੰਘ ਨਿੱਜਰ, ਸੀਨੀਅਰ ਮੀਤ ਪ੍ਰਧਾਨ ਸਤਪਾਲ ਸਿੰਘ, ਜਸਵਿੰਦਰ ਸਿੰਘ, ਸੁਖਵੰਤ ਸਿੰਘ ਗਿੱਲ, ਪ੍ਰਭਪਾਲ ਸਿੰਘ ਖੁੱਲਰ, ਮੀਤ ਪ੍ਰਧਾਨ ਰਾਜਿੰਦਰ ਸਿੰਘ ਸੰਧੂ, ਮਨਜੀਤ ਸਿੰਘ ਨੰਨਣ ਤੇ ਪਲਵਿੰਦਰ ਸਿੰਘ, ਸਕੱਤਰ ਕਰਤਾਰ ਸਿੰਘ, ਮਨਪ੍ਰੀਤ ਗਿੱਲ, ਜਗਮੋਹਨ ਸਿੰਘ ਤੇ ਸਤਿਨਾਮ ਸਿੰਘ, ਮੀਤ ਸਕੱਤਰ ਕੁਲਵੀਰ ਗਿੱਲ (ਬਿੰਦੂ), ਭਗਵਾਨ ਸਿੰਘ ਸੰਧੂ, ਇੰਦਰਜੀਤ ਸਿੰਘ, ਬਲਜੀਤ ਸਿੰਘ ਅਤੇ ਖਜ਼ਾਨਚੀ ਸੁਖਪਾਲ ਸਿੰਘ ਬੈਂਸ ਨਿਯੁਕਤ ਕੀਤੇ ਗਏ ਹਨ।

# ਸਕੂਲ ਬੋਰਡ ਲਈ ਬੀਬੀ ਸਰਬਜੀਤ ਕੌਰ ਚੀਮਾ ਜੇਤੂ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੀ ਸਾਬਕਾ ਮੀਤ ਪ੍ਰਧਾਨ ਅਤੇ ਸਿੱਖ ਭਾਈਚਾਰੇ ਦੀ ਉਘੀ ਸ਼ਖਸੀਅਤ ਬੀਬੀ ਸਰਬਜੀਤ ਕੌਰ ਚੀਮਾ 2 ਨਵੰਬਰ ਨੂੰ ਹੋਈਆਂ ਚੋਣਾਂ ਵਿਚ ਯੂਨੀਅਨ ਸਿਟੀ ਨਿਊ ਹੇਵਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਮੈਂਬਰ ਚੁਣੇ ਗਏ ਹਨ। ਬੀਬੀ ਚੀਮਾ ਨੇ ਆਪਣੀ ਇਸ ਸਫ਼ਲਤਾ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਚੋਣ ਮੁਹਿੰਮ ਵਿਚ ਸਹਿਯੋਗ ਅਤੇ ਵੋਟਾਂ ਪਾਉਣ ਬਦਲੇ ਸਭਨਾਂ ਦਾ ਧੰਨਵਾਦ ਕੀਤਾ ਹੈ।



ਬੀਬੀ ਚੀਮਾ ਨੇ ਲੋਗਨ ਹਾਈ ਸਕੂਲ ਵਿਚ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ।

ਇਸ ਸਕੂਲ ਲਈ ਦੋ ਮੈਂਬਰ ਚੁਣੇ ਜਾਣੇ ਸਨ ਜਿਨ੍ਹਾਂ ਵਿਚੋਂ ਬੀਬੀ ਚੀਮਾ 4452 (24.44%) ਵੋਟਾਂ ਮਿਲੀਆਂ ਜਦੋਂਕਿ ਦੂਜੇ ਉਮੀਦਵਾਰ ਲਿੰਡਾ ਕਾਨਲਸ 6195 (34%) ਵੋਟਾਂ ਪਈਆਂ।

# ਪੰਜਾਬ ਸਰਕਾਰ ਗ਼ੈਰ ਕਾਨੂੰਨੀ ਪਰਵਾਸ ਰੋਕਣ 'ਚ ਨਾਕਾਮ

## ਹਰ ਸਾਲ 20 ਵਿਅਕਤੀਆਂ ਵੱਲੋਂ ਗ਼ੈਰ ਕਾਨੂੰਨੀ ਪਰਵਾਸ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿੱਚੋਂ ਗੈਰ ਕਾਨੂੰਨੀ ਪਰਵਾਸ ਰੋਕਣ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀ ਲਈ ਨਿਪੁੰਨ ਬਣਾਉਣ ਦੇ ਮਾਮਲੇ ਵਿੱਚ ਸੂਬੇ ਦੀ ਕਾਰਗੁਜ਼ਾਰੀ ਬੇਹੱਦ ਢਿੱਲੀ ਰਹੀ ਹੈ। ਪੰਜਾਬ ਸਰਕਾਰ ਨੇ ਕਾਗਜ਼ਾਂ ਦਾ 'ਢਿੱਡ' ਭਰਨ ਲਈ ਤਾਂ ਕਾਫੀ ਭੱਜ-ਨੱਠ ਕੀਤੀ ਹੈ ਪਰ ਇਸ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਦੂਜੇ ਸੂਬਿਆਂ ਨੇ ਇਸ ਮਾਮਲੇ ਵਿੱਚ ਪੰਜਾਬ ਨੂੰ ਪਛਾੜ ਦਿੱਤਾ ਹੈ। ਇਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਪੰਜਾਬ ਦਾ ਐਨ.ਆਰ.ਆਈ. ਵਿਭਾਗ ਮਹਿਜ਼ ਖਾਨਾ ਪੂਰਤੀ ਹੀ ਹੈ। ਯੂ.ਐਨ.ਓ. ਦੇ ਤਾਜ਼ਾ ਸਰਵੇਖਣ ਮੁਤਾਬਕ ਪੰਜਾਬ ਵਿਚੋਂ ਹਰ ਸਾਲ 20 ਹਜ਼ਾਰ ਵਿਅਕਤੀ ਯੂਰਪੀ ਮੁਲਕਾਂ ਨੂੰ ਗੈਰ ਕਾਨੂੰਨੀ ਤਰੀਕਿਆਂ ਨਾਲ ਪਰਵਾਸ ਕਰਦਾ ਹੈ। ਕੇਂਦਰ ਸਰਕਾਰ ਨੇ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਰਾਜ ਸਰਕਾਰਾਂ ਨੇ ਐਨ.ਆਰ.ਆਈਜ਼. ਤੇ ਵਿਦੇਸ਼ਾਂ ਵਿੱਚ ਪੱਕੀ ਨਾਗਰਿਕਤਾ ਵਾਲਿਆਂ ਦੀ ਪਛਾਣ ਕਰਨੀ ਹੈ। ਰਾਜ ਸਰਕਾਰ ਨੇ ਪਿਛਲੇ ਸਾਲ ਪਰਵਾਸੀਆਂ ਬਾਰੇ ਗਣਨਾ ਦੇ ਹੁਕਮ ਦਿੱਤੇ ਸਨ। ਸੂਤਰਾਂ ਮੁਤਾਬਕ ਦੋ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਤਾਂ ਅਜੇ ਤਾਈਂ ਰਿਪੋਰਟਾਂ ਹੀ ਨਹੀਂ ਭੇਜੀਆਂ ਤੇ 18 ਜ਼ਿਲ੍ਹਿਆਂ ਵਿਚ ਐਨ.ਆਰ.ਆਈਜ਼. ਦੀ ਗਿਣਤੀ ਤਕਰੀਬਨ 80 ਹਜ਼ਾਰ ਸਾਹਮਣੇ ਆਈ ਹੈ। ਐਨ.ਆਰ.ਆਈ. ਵਿਭਾਗ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚੋਂ ਵਿਦੇਸ਼ਾਂ ਵਿੱਚ ਵੱਸਣ ਵਾਲਿਆਂ ਤੇ ਆਰਜ਼ੀ ਤੌਰ 'ਤੇ ਕੰਮ ਕਰਨ ਵਾਲਿਆਂ ਦੀ ਗਿਣਤੀ 20 ਲੱਖ ਦੇ ਕਰੀਬ ਹੋਵੇਗੀ। ਇਸ ਲਈ ਡਿਪਟੀ ਕਮਿਸ਼ਨਰਾਂ ਦੀ ਰਿਪੋਰਟਾਂ ਪੂਰੀ ਤਰ੍ਹਾਂ ਸ਼ੱਕੀ ਮੰਨੀਆਂ ਜਾ ਰਹੀਆਂ ਹਨ।



ਪਿਛਲੇ ਹਫ਼ਤੇ ਨਵੀਂ ਦਿੱਲੀ ਵਿੱਚ ਹੋਈ ਕੇਂਦਰੀ ਪਰਵਾਸੀ ਮਾਮਲਿਆਂ ਬਾਰੇ ਮੰਤਰਾਲੇ ਦੀ ਮੀਟਿੰਗ 'ਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ। ਇਸ ਮੀਟਿੰਗ ਦੌਰਾਨ ਵਿਦੇਸ਼ਾਂ ਵਿੱਚ ਰੋਜ਼ਗਾਰ, ਗੈਰ ਕਾਨੂੰਨੀ ਪਰਵਾਸ ਤੇ ਪਰਵਾਸੀਆਂ ਦੀਆਂ ਸਮੱਸਿਆਵਾਂ ਬਾਰੇ ਸਾਰੇ ਸੂਬਿਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਵਿੱਚ ਚਰਚਾ ਕੀਤੀ ਗਈ। ਮੀਟਿੰਗ 'ਚ ਪ੍ਰਮੁੱਖ ਸਕੱਤਰ ਰੁਜ਼ਗਾਰ ਉਤਪਤੀ ਧਨਬੀਰ ਸਿੰਘ ਬੈਂਸ, ਸਕੱਤਰ ਪਰਵਾਸੀ ਮਾਮਲੇ ਵਿਕਾਸ ਪ੍ਰਤਾਪ ਤੇ ਸੀ.ਆਈ.ਡੀ. ਦੇ ਆਈ.ਜੀ. ਬੀ.ਕੇ. ਭਾਵਰਾ ਨੇ ਪੰਜਾਬ ਦੀ ਨੁਮਾਇੰਦਗੀ ਕੀਤੀ। ਭਾਰਤ ਸਰਕਾਰ ਨੇ ਸਾਲ 2022 ਤੱਕ ਵਿਦੇਸ਼ਾਂ 'ਚ 500 ਮਿਲੀਅਨ ਲੋਕਾਂ ਨੂੰ ਭੇਜਣ ਦਾ ਟੀਚਾ ਮਿਥਿਆ ਹੈ ਤੇ ਕੇਂਦਰ ਨੇ ਰਾਜ ਸਰਕਾਰ ਨੂੰ ਇਹ ਟੀਚਾ ਪੂਰਾ ਕਰਨ ਲਈ ਸਿਖਲਾਈ ਕੇਂਦਰ ਖੋਲ੍ਹਣ ਤੇ ਪਰਵਾਸ ਦੀ ਵਿਧੀ ਕਾਨੂੰਨ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਗੈਰ ਕਾਨੂੰਨੀ ਟਰੈਵਲ ਏਜੰਟਾਂ ਨੂੰ ਨੱਥ ਪਾਉਣ ਲਈ ਉਪਰਾਲੇ ਕਰਨ ਦੀ ਯੋਜਨਾ ਹੈ। ਭਾਰਤ ਸਰਕਾਰ ਦੇ ਦਾਅਵਿਆਂ ਮੁਤਾਬਕ ਯੂਰਪੀ ਮੁਲਕਾਂ ਵਿੱਚ ਕੰਮ ਕਰਨ ਵਾਲੇ ਨੌਜਵਾਨਾਂ ਦੀ ਵੱਡੀ ਜ਼ਰੂਰਤ ਹੈ। ਇਸ ਖੇਤਰ 'ਚ ਆਂਧਰਾ ਪ੍ਰਦੇਸ਼, ਕੇਰਲਾ, ਤਾਮਿਲਨਾਡੂ, ਗੁਜਰਾਤ, ਕਰਨਾਟਕਾ ਦੀਆਂ ਸਰਕਾਰਾਂ ਨੇ ਇਸ ਖੇਤਰ 'ਚ ਸ਼ਲਾਘਾਯੋਗ ਕੰਮ ਕੀਤਾ ਹੈ ਪਰ ਪੰਜਾਬ ਦੀ ਕਾਰਗੁਜ਼ਾਰੀ ਢਿੱਲੀ ਹੀ ਰਹੀ ਹੈ। ਰਾਜ ਸਰਕਾਰ ਦਾ ਦਾਅਵਾ ਹੈ ਕਿ ਕਈ ਕੇਂਦਰ ਖੋਲ੍ਹੇ ਗਏ ਹਨ ਪਰ ਇਨ੍ਹਾਂ ਕੇਂਦਰਾਂ ਦੀ ਕਾਰਗੁਜ਼ਾਰੀ ਨੂੰ ਅਜੇ ਸਮਾਂ ਲੱਗਣਾ ਹੈ। ਰਾਜ ਦੇ ਰੋਜ਼ਗਾਰ ਉਤਪਤੀ ਵਿਭਾਗ ਵੱਲੋਂ ਕੀਤੀ ਪੇਸ਼ਕਾਰੀ ਦੌਰਾਨ ਕਿਹਾ ਗਿਆ ਹੈ ਕਿ ਕਈ ਪੇਸ਼ਿਆਂ ਲਈ ਪੰਜਾਬ 'ਚ ਨੌਜਵਾਨਾਂ ਨੂੰ ਨਿਪੁੰਨ ਬਣਾਇਆ ਜਾਵੇਗਾ। ਗੈਰ ਕਾਨੂੰਨੀ ਪਰਵਾਸ ਰੋਕਣ ਦੇ ਮੁੱਦੇ 'ਤੇ ਰਾਜ ਸਰਕਾਰ ਦਾ ਦਾਅਵਾ ਹੈ ਕਿ 'ਪੰਜਾਬ ਪ੍ਰਵੈਨਸ਼ਨ ਆਫ਼ ਹਿਊਮਨ ਸਮਗਲਿੰਗ ਐਕਟ-2010' ਬਣਾ ਦਿੱਤਾ ਗਿਆ ਹੈ ਤੇ ਇਸ ਨੂੰ ਪ੍ਰਵਾਨਗੀ ਲਈ ਰਾਜਪਾਲ ਕੋਲ ਭੇਜ ਦਿੱਤਾ ਗਿਆ ਹੈ।

# ਅਮਰੀਕੀ ਕੰਪਨੀਆਂ ਨੂੰ ਭਾਰਤ 'ਚ ਸਹੀ ਮੁਕਾਬਲੇ ਦਾ ਮਾਹੌਲ ਦੇਣ ਦਾ ਸੱਦਾ

**ਮੁੰਬਈ:** ਅਮਰੀਕੀ ਵਪਾਰ ਮੰਤਰੀ ਗੈਰੀ ਲੌਕ ਨੇ ਕਿਹਾ ਹੈ ਕਿ ਭਾਰਤ 'ਚ ਕਾਰੋਬਾਰ ਕਰਦੀਆਂ ਅਮਰੀਕੀ ਕੰਪਨੀਆਂ ਨੂੰ ਇਥੇ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ ਤੇ ਉਨ੍ਹਾਂ ਨੂੰ ਸਹੀ ਮੁਕਾਬਲੇ ਦਾ ਮਾਹੌਲ ਦਿੱਤਾ ਜਾਣਾ ਚਾਹੀਦਾ ਹੈ।

ਇਥੇ ਭਾਰਤ-ਅਮਰੀਕਾ ਕਾਰੋਬਾਰ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਭਾਰਤ ਦੇ ਵਿਦੇਸ਼ੀ ਨਿਵੇਸ਼ ਨਿਯਮਾਂ ਤੇ ਕਸਟਮ ਦਰਾਂ ਨੂੰ ਕਾਰੋਬਾਰ ਵਿਚ ਰੁਕਾਵਟ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ (ਸਿੱਧੇ ਵਿਦੇਸ਼ੀ ਨਿਵੇਸ਼ ਦੇ) ਨਿਯਮ ਅਸਲ 'ਚ ਵਿਦੇਸ਼ੀ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਦੀ ਥਾਂ ਇਸ ਵਿਚ ਰੁਕਾਵਟ ਬਣਦੇ ਹਨ ਤੇ ਅਮਰੀਕਾ ਬੱਸ ਇਹੋ ਚਾਹੁੰਦਾ ਹੈ ਕਿ ਇਸ ਦੀਆਂ ਕੰਪਨੀਆਂ ਨੂੰ ਇਥੇ ਬਰਾਬਰ ਮੌਕੇ ਤੇ ਸਹੀ ਮੁਕਾਬਲਾ ਮਿਲੇ। ਇਹ ਮੀਟਿੰਗ (ਸੰਮੇਲਨ) ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਭਾਰਤੀ ਕੰਪਨੀਆਂ ਦੇ ਸੀ.ਈ.ਓਜ਼ ਨੂੰ ਦਿੱਤੇ ਗਏ ਭਾਸ਼ਣ ਤੋਂ ਪਹਿਲਾਂ ਤਿਆਰੀ ਵਜੋਂ ਸੱਦੀ ਗਈ ਸੀ। ਸ੍ਰੀ ਲੌਕ ਨੇ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਕਿ ਭਾਰਤ ਅਜਿਹੀਆਂ ਨੀਤੀਆਂ ਨਾ ਬਣਾਏ ਜਿਸ ਨਾਲ ਅਮਰੀਕੀ ਕੰਪਨੀਆਂ ਨੂੰ ਬਰਾਬਰ ਮੌਕੇ ਨਾ ਮਿਲਣ।ਵਪਾਰ ਵਿਚ ਰੁਕਾਵਟਾਂ ਬਾਰੇ ਉਨ੍ਹਾਂ ਕਿਹਾ ਕਿ ਭਾਰਤ ਦੇ ਦਰਾਮਦ ਕਰ ਬਹੁਤ ਗੁੰਝਲਦਾਰ ਹਨ ਤੇ ਅਨੇਕਾਂ ਗੈਰ-ਕਰ ਰੁਕਾਵਟਾਂ ਵੀ ਖੜ੍ਹੀਆਂ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿੱਧੇ ਵਿਦੇਸ਼ੀ ਨਿਵੇਸ਼ ਬਾਰੇ ਭਾਰਤੀ ਨਿਯਮ ਵੱਡੀ ਰੁਕਾਵਟ ਹਨ।

ਇਸ ਮੌਕੇ ਬੋਲਦਿਆਂ ਭਾਰਤੀ ਵਣਜ ਤੇ ਸਨਅਤ ਮੰਤਰੀ ਆਨੰਦ ਸ਼ਰਮਾ ਨੇ ਜ਼ੋਰ ਦੇ ਕੇ ਕਿਹਾ ਕਿ ਆਲਮੀ ਅਰਥਚਾਰੇ ਨੂੰ ਦਰਪੇਸ਼ ਵੰਗਾਰਾਂ ਦੇ ਟਾਕਰੇ ਲਈ ਦੋਵੇਂ ਮੁਲਕਾਂ ਨੂੰ ਪੂਰੀ ਤਰ੍ਹਾਂ ਇਕਜੁੱਟ ਹੋ ਕੇ ਕੰਮ ਕਰਨ ਦੀ ਲੋੜ ਹੈ। ਸ੍ਰੀ ਓਬਾਮਾ ਦੀ ਭਾਰਤ ਫੇਰੀ ਦੇ ਹਵਾਲੇ ਨਾਲ ਭਾਰਤ ਤੇ ਅਮਰੀਕਾ ਦਰਮਿਆਨ ਇਸ ਸਾਂਝ ਨੂੰ 21ਵੀਂ ਸਦੀ ਦੀ ਨਵੀਂ ਭਾਈਵਾਲੀ ਕਰਾਰ ਦਿੱਤਾ ਹੈ।

# ਇਰਾਕ ਜੰਗ ਵੇਲੇ ਕਈ ਗਲਤੀਆਂ ਹੋਈਆਂ:ਬੁਸ਼

**ਨਿਊ ਯਾਰਕ:** ਸਾਬਕਾ ਅਮਰੀਕੀ ਹਾਕਮ ਜਾਰਜ ਡਬਲਿਊ. ਬੁਸ਼ ਨੇ ਮੰਨਿਆ ਹੈ ਕਿ ਇਰਾਕ ਜੰਗ ਵੇਲੇ ਉਨ੍ਹਾਂ ਤੋਂ ਕਈ ਗਲਤੀਆਂ ਹੋਈਆਂ ਸਨ ਤੇ ਆਪਣੇ ਕਾਰਜਕਾਲ ਦੇ ਅਖੀਰਲੇ ਸਮੇਂ ਮੰਦੀ ਨਾਲ ਸਿੱਝਦਿਆਂ ਉਨ੍ਹਾਂ ਨੂੰ 'ਡੁੱਬਦੇ ਜਹਾਜ਼ ਦੇ ਕਪਤਾਨ' ਵਾਂਗ ਮਹਿਸੂਸ ਹੁੰਦਾ ਸੀ। ਇਸ ਹਫ਼ਤੇ ਰਿਲੀਜ਼ ਹੋਣ ਜਾ ਰਹੀ ਆਪਣੀ ਕਿਤਾਬ 'ਡਿਸੀਜ਼ਨ ਪੁਆਇੰਟਸ' ਵਿਚ ਬੁਸ਼ ਨੇ ਲਿਖਿਆ ਕਿ ਇਰਾਕ ਜੰਗ ਦੀ ਮੁਹਿੰਮ ਵਿਚ ਗਲਤੀਆਂ ਹੋਈਆਂ ਤੇ ਜਨ ਤਬਾਹੀ ਦੇ ਹਥਿਆਰ (ਡਬਲਿਊ.ਐਮ.ਡੀ.) ਲੱਭਣ ਵਿਚ ਨਾਕਾਮੀ ਮਿਲੀ ਹਾਲਾਂਕਿ ਇਨ੍ਹਾਂ ਹਥਿਆਰਾਂ ਬਾਰੇ ਬਹੁਤ ਸਾਰੀਆਂ ਅਮਰੀਕੀ ਖੁਫੀਆ ਰਿਪੋਰਟਾਂ ਮਿਲੀਆਂ ਸਨ।

ਬੁਸ਼ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਇਰਾਨ 'ਚੋਂ ਤਬਾਹੀ ਦੇ ਹਥਿਆਰ ਨਾ ਮਿਲਣ ਦਾ ਪਤਾ ਚੱਲਿਆ ਸੀ ਤਾਂ ਉਨ੍ਹਾਂ ਨੂੰ ਬੇਹੱਦ ਧੱਕਾ ਲੱਗਾ ਸੀ। ਉਨ੍ਹਾਂ ਕਿਹਾ ਕਿ ਫੌਜ ਦੀ ਨਫ਼ਰੀ ਵਿਚ ਇੰਨੀ ਛੇਤੀ ਕਟੌਤੀ ਕਾਰਨ ਉਹ ਜੰਗ ਨੂੰ ਸਿਰੇ ਨਾ ਲਾ ਸਕੇ ਤੇ ਇਹ ਉਨ੍ਹਾਂ ਦੀ ਸਭ ਤੋਂ ਵੱਡੀ ਨਾਕਾਮੀ ਸੀ। ਸਾਬਕਾ ਰਾਸ਼ਟਰਪਤੀ ਨੇ ਇਹ ਖੁਲਾਸਾ ਵੀ ਕੀਤਾ ਹੈ ਕਿ ਉਨ੍ਹਾਂ 2003 ਵਿਚ ਉਪ ਰਾਸ਼ਟਰਪਤੀ ਡਿਕ ਚੇਨੀ ਨੂੰ ਬਦਲਣ ਬਾਰੇ ਸੋਚਿਆ ਸੀ ਤਾਂ ਕਿ 2004 ਵਿਚ ਦੂਜੀ ਵਾਰ ਚੋਣ ਲੜਨ ਵੇਲੇ ਕਿਸੇ ਹੋਰ ਨੂੰ ਸਾਥੀ ਉਮੀਦਵਾਰ ਬਣਾਇਆ ਜਾਵੇ। ਬੁਸ਼ ਨੇ ਕਿਹਾ ਕਿ ਉਨ੍ਹਾਂ ਚੇਨੀ ਦੇ ਅਸਤੀਫੇ ਦੀ ਪੇਸ਼ਕਸ਼ 'ਤੇ ਵਿਚਾਰ ਕੀਤੀ ਸੀ। ਚੇਨੀ ਨੇ ਉਨ੍ਹਾਂ ਦਾ ਆਧਾਰ ਵਧਾਉਣ ਵਿਚ ਬਹੁਤ ਮਦਦ ਕੀਤੀ ਸੀ ਪਰ ਉਦੋਂ ਉਹ ਮੀਡੀਆ ਤੇ ਖੱਬੇ ਪੱਖੀਆਂ ਦੀ ਨੁਕਤਾਚੀਨੀ ਦਾ ਸ਼ਿਕਾਰ ਹੋਣ ਲੱਗ ਗਏ ਸਨ। ਉਨ੍ਹਾਂ ਕਿਤਾਬ ਵਿਚ ਲਿਖਿਆ ਕਿ ਚੇਨੀ ਨੂੰ ਨਾ-ਉਮੀਦ ਤੇ ਬੇਰਹਿਮ ਵਿਅਕਤੀ ਵਜੋਂ ਦੇਖਿਆ ਜਾਂਦਾ ਸੀ।

# ਹਥਿਆਰਬੰਦ ਵਿਅਕਤੀਆਂ ਵੱਲੋਂ ਕਸ਼ਮੀਰੀ ਸਿੱਖਾਂ ਦੇ ਪਿੰਡਾਂ 'ਚ ਹਮਲਾ

**ਸ੍ਰੀਨਗਰ (ਪੰਜਾਬ ਟਾਈਮਜ਼ ਬਿਊਰੋ):** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਭਾਰਤ ਦੌਰੇ ਮੌਕੇ ਕਸ਼ਮੀਰ ਵਾਦੀ 'ਚ ਵਰਦੀਧਾਰੀ ਹਥਿਆਰਬੰਦ ਵਿਅਕਤੀਆਂ ਵੱਲੋਂ ਸਿੱਖਾਂ ਦੇ ਦੋ ਪਿੰਡਾਂ 'ਤੇ ਹਮਲਾ ਕੀਤਾ ਗਿਆ ਜਿਸ ਨਾਲ ਸਿੱਖ ਭਾਈਚਾਰੇ 'ਚ ਦਹਿਸ਼ਤ ਦਾ ਮਾਹੌਲ ਹੈ। ਸਿੱਖ ਭਾਈਚਾਰਾ ਇਸ ਗੱਲੋਂ ਚਿੰਤਾ ਦੇ ਆਲਮ 'ਚ ਹੈ ਕਿ ਕਿਤੇ ਮਾਰਚ 2000 ਵਿਚ ਛੱਤੀਸਿੰਘਪੁਰਾ ਵਿਚ 35 ਸਿੱਖਾਂ ਨੂੰ ਕਤਲ ਕਰਨ ਵਰਗੀ ਘਟਨਾ ਮੁੜ ਨਾ ਵਾਪਰ ਜਾਵੇ। ਉਦੋਂ ਵੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਭਾਰਤ ਦੌਰੇ 'ਤੇ ਆਏ ਸਨ। ਸੂਤਰਾਂ ਅਨੁਸਾਰ 5 ਅਕਤੂਬਰ ਦੀ ਰਾਤ ਨੂੰ ਸਰਕਾਰੀ ਗੱਡੀ ਵਿਚ ਸਫ਼ਰ ਕਰ ਰਹੇ ਵਰਦੀਧਾਰੀ ਮੁਲਾਜ਼ਮਾਂ ਨੇ ਅਨੰਤਨਾਗ ਜ਼ਿਲ੍ਹੇ ਦੇ ਸਿੱਖਾਂ ਦੀ ਆਬਾਦੀ ਵਾਲੇ ਪਿੰਡ ਹਟਮਾਰਾ ਵਿਖੇ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਖੜਕਾਏ ਜਿਸ ਨਾਲ ਸਿੱਖਾਂ 'ਚ ਦਹਿਸ਼ਤ ਫੈਲ ਗਈ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਹਟਮਾਰਾ ਪਿੰਡ ਵਿਚ ਸੁਰੱਖਿਆ ਬਲਾਂ ਦੀ ਗਸ਼ਤ ਨਾਲ ਗਲਤਫਹਿਮੀ ਪੈਦਾ ਹੋ ਗਈ ਸੀ ਜਿਸ ਨੂੰ ਸਿਵਲ ਪ੍ਰਸ਼ਾਸਨ ਤੇ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਦੀ ਦਖ਼ਲ ਨਾਲ ਹੱਲ ਕਰ ਲਿਆ ਹੈ ਪਰ ਫ਼ੌਜ ਦੇ ਬੁਲਾਰੇ ਲੈਫਟੀਨੈਂਟ ਕਰਨਲ ਜੇ.ਐਸ. ਬਰਾੜ ਨੇ ਦੱਸਿਆ ਕਿ ਇਸ ਘਟਨਾ ਵਿਚ ਫ਼ੌਜ ਦੀ ਕੋਈ ਵੀ ਯੂਨਿਟ ਸ਼ਾਮਲ ਨਹੀਂ ਸੀ। ਸਿੱਖ ਭਾਈਚਾਰੇ ਦੇ ਆਗੂਆਂ ਨੇ ਦੱਸਿਆ ਕਿ ਵਰਦੀਧਾਰੀ ਵਿਅਕਤੀਆਂ ਦੇ ਆਉਣ 'ਤੇ ਪਹਿਲਾਂ ਤਾਂ ਪਿੰਡ ਦੇ ਲੋਕ ਖੇਤਾਂ ਨੂੰ ਦੌੜ ਗਏ ਪਰ ਬਾਅਦ ਵਿਚ ਉਨ੍ਹਾਂ ਮੁਸਲਮਾਨ ਗੁਆਂਢੀਆਂ ਦਾ ਧਿਆਨ ਖਿੱਚਣ ਲਈ ਰੌਲਾ ਪਾਇਆ ਤਦ ਪਿੰਡ ਦੇ ਲੋਕ ਹਥਿਆਰਬੰਦ ਵਿਅਕਤੀਆਂ 'ਤੇ ਟੁੱਟ ਪਏ ਤੇ ਉਨ੍ਹਾਂ ਨੂੰ ਮੌਕੇ ਤੋਂ ਭੱਜਣ ਲਈ ਮਜਬੂਰ ਕਰ ਦਿੱਤਾ। ਪਿੰਡ ਵਾਸੀਆਂ ਨੇ ਗੱਡੀ ਦੇ ਡਰਾਈਵਰ ਨੂੰ ਕਾਬੂ ਕਰਕੇ ਪੁਲੀਸ ਦੇ ਹਵਾਲੇ ਕਰ ਦਿੱਤਾ। ਸਿੱਖ ਭਾਈਚਾਰੇ ਦੇ ਕੁਝ ਮੈਂਬਰਾਂ ਨੇ ਘਟਨਾ ਦੀ ਜਾਂਚ ਦੀ ਮੰਗ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਘਟਨਾ 3 ਨਵੰਬਰ ਦੀ ਰਾਤ ਨੂੰ ਬਾਰਾਮੂਲਾ ਜ਼ਿਲ੍ਹੇ ਵਿਚ ਉਪਲੀਨਾ ਪਿੰਡ ਵਿਚ ਵਾਪਰੀ ਸੀ। ਸਰਬ ਪਾਰਟੀ ਸਿੱਖ ਤਾਲਮੇਲ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਦੱਸਿਆ ਕਿ ਇਸ ਕਿਸਮ ਦੀ ਘਟਨਾਵਾਂ ਨਾਲ ਸਿੱਖ ਭਾਈਚਾਰਾ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।



ਰੋਸ ਪ੍ਰਗਟਾਉਂਦੇ ਹੋਏ ਸਿੱਖ ਭਾਈਚਾਰੇ ਦੇ ਲੋਕ

## ਸਿੱਖਾਂ ਵੱਲੋਂ ਰੋਸ ਪ੍ਰਦਰਸ਼ਨ

**ਸ੍ਰੀਨਗਰ:** ਅਣਪਛਾਤੇ ਵਰਦੀਧਾਰੀ ਵਿਅਕਤੀਆਂ ਵੱਲੋਂ ਪਿੰਡਾਂ 'ਤੇ ਧਾਵਾ ਬੋਲਣ ਵਿਰੁੱਧ ਸਿੱਖਾਂ ਵੱਲੋਂ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਜੰਮੂ ਦੇ ਡਿਗਿਆਣਾ ਆਸ਼ਰਮ ਤੋਂ ਚੱਲ ਕੇ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰੀ ਰਾਜ ਮਾਰਗ ਨੂੰ ਜਾਮ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਵਾਦੀ 'ਚ ਘੱਟ ਗਿਣਤੀਆਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਤੇ ਸਿੱਖਾਂ ਨੂੰ ਧਮਕਾਉਣ ਵਾਲੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਸਿੱਖ ਸੰਗਠਨਾਂ ਦੇ ਆਗੂਆਂ ਨੇ ਕਿਹਾ ਕਿ ਸਾਲ 2000 ਦੌਰਾਨ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਭਾਰਤ ਦੌਰੇ 'ਤੇ ਆਏ ਸਨ ਤਾਂ ਉਸ ਸਮੇਂ ਛੱਤੀਸਿੰਘਪੁਰਾ 'ਚ 35 ਬੇਕਸੂਰ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ ਤੇ ਹੁਣ ਬਰਾਕ ਓਬਾਮਾ ਦੇ ਭਾਰਤ ਦੌਰੇ ਦੌਰਾਨ ਉਸੇ ਘਟਨਾ ਨੂੰ ਫਿਰ ਦੁਹਰਾਉਣ ਦੀ ਜੋ ਕੋਸ਼ਿਸ਼ ਕੀਤੀ ਗਈ ਹੈ ਤੇ ਉਸ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ।

# ਮਾਓਵਾਦੀਆਂ ਵੱਲੋਂ 'ਭਾਰਤ ਬੰਦ' ਦੌਰਾਨ 6 ਮੌਤਾਂ

**ਕੋਲਕਾਤਾ:** ਮਾਓਵਾਦੀਆਂ ਵੱਲੋਂ 8 ਨਵੰਬਰ ਦਿੱਤੇ ਗਏ 24 ਘੰਟੇ ਦੇ 'ਭਾਰਤ ਬੰਦ' ਦੇ ਸੱਦੇ ਦੌਰਾਨ ਹੋਈ ਹਿੰਸਾ ਦੌਰਾਨ ਪੱਛਮੀ ਬੰਗਾਲ ਤੇ ਬਿਹਾਰ ਵਿਚ 6 ਜਾਨਾਂ ਗਈਆਂ ਹਨ ਜਿਨ੍ਹਾਂ ਵਿਚ ਇਕ ਔਰਤ ਤੇ ਦੋ ਸੁਰੱਖਿਆ ਜਵਾਨ ਵੀ ਸ਼ਾਮਲ ਹਨ। ਮਾਓਵਾਦੀਆਂ ਨੇ ਬੰਦ ਦਾ ਇਹ ਸੱਦਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਖ਼ਿਲਾਫ਼ ਦਿੱਤਾ ਸੀ। ਇਸ ਤੋਂ ਇਲਾਵਾ ਬੰਦ ਦੇ ਹਮਾਇਤੀਆਂ ਵੱਲੋਂ ਬਿਹਾਰ ਵਿਚ ਰੇਲਵੇ ਲਾਈਨਾਂ ਉਡਾ ਦੇਣ ਤੇ ਇਕ ਮਾਲ ਗੱਡੀ ਨੂੰ ਲੀਹੋਂ ਲਾਹ ਦਿੱਤੇ ਜਾਣ ਦੀ ਵੀ ਖ਼ਬਰ ਹੈ।

ਬਿਹਾਰ ਦੇ ਗਯਾ ਜ਼ਿਲ੍ਹੇ ਵਿਚ ਦੋ ਸੁਰੱਖਿਆ ਜਵਾਨ ਉਦੋਂ ਮਾਰੇ ਗਏ ਜਦੋਂ ਸ਼ਹਿਰ ਦੇ ਬਾਂਕੇ ਬਾਜ਼ਾਰ ਵਿਚ ਬੀੜੇ ਗਏ ਇਕ ਤਾਕਤਵਰ ਬੰਬ ਨੂੰ ਨਕਾਰਾ ਕਰ ਰਹੇ ਸਨ। ਇਸ ਘਟਨਾ ਵਿਚ ਦੋ ਐਸ.ਪੀ.ਓ. ਤੇ ਦੋ ਪੱਤਰਕਾਰ ਜ਼ਖ਼ਮੀ ਹੋ ਗਏ। ਪੱਛਮੀ ਬੰਗਾਲ ਦੇ ਮਿਦਨਾਪੁਰ ਜ਼ਿਲ੍ਹੇ ਵਿਚ ਮਾਓਵਾਦੀਆਂ ਨੇ ਸੀ.ਪੀ.ਐਮ. ਨਾਲ ਸਬੰਧਤ ਸਾਬਕਾ ਸਰਪੰਚ ਕਾਂਤੀ ਦੇਵੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਦੇ ਨਾਲ ਹੀ ਮਾਓਵਾਦੀਆਂ ਵੱਲੋਂ ਅਗਵਾ ਕੀਤੇ ਗਏ ਤਿੰਨ ਵਿਅਕਤੀਆਂ ਦੀਆਂ ਗੋਲੀਆਂ ਵਿੰਨ੍ਹੀਆਂ ਲਾਸ਼ਾਂ ਅੱਜ ਬਰਾਮਦ ਹੋ ਗਈਆਂ। ਮ੍ਰਿਤਕ ਸੀ.ਪੀ.ਐਮ. ਦੇ ਹਮਾਇਤੀ ਦੱਸੇ ਜਾਂਦੇ ਹਨ। ਬਾਂਕਰਾ ਜ਼ਿਲ੍ਹੇ ਵਿਚ ਸਲਾਮਤੀ ਦਸਤਿਆਂ ਨੇ ਮਾਓਵਾਦੀਆਂ ਦਾ ਟਿਕਾਣਾ ਤਬਾਹ ਕਰ ਦਿੱਤਾ ਜਿਥੋਂ ਵੱਡੀ ਮਾਤਰਾ ਵਿਚ ਹਥਿਆਰ ਤੇ ਬਾਰੂਦੀ ਸੁਰੰਗਾਂ ਮਿਲੀਆਂ ਹਨ। ਬਿਹਾਰ ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿਚ ਮਾਓਵਾਦੀਆਂ ਨੇ ਪੂਰਬੀ ਕੇਂਦਰੀ ਰੇਲਵੇ ਦੇ ਹਾਜੀਪੁਰ-ਮੁਜ਼ੱਫਰਪੁਰ ਸੈਕਸ਼ਨ ਉੱਤੇ ਰੇਲ ਲਾਈਨ ਉਡਾ ਦਿੱਤੀ।

# ਵਿਗਿਆਨੀਆਂ ਵਲੋਂ ਛੋਟਾ ਬਿੱਗ ਬੈਂਗ

**ਲੰਡਨ:** ਵਿਗਿਆਨੀਆਂ ਨੇ ਲਾਰਜ ਹੈਡਰੋਨ ਕੋਲਾਈਡਰ (ਐਲ.ਐਚ.ਸੀ.) ਰਾਹੀਂ ਪ੍ਰਮਾਣੂਆਂ ਨੂੰ ਟਕਰਾ ਕੇ ਮਹਾਂ ਧਮਾਕੇ ਦਾ ਛੋਟਾ ਰੂਪ (ਮਿੰਨੀ ਬਿੱਗ ਬੈਂਗ) ਸਿਰਜਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਗੌਰਤਲਬ ਹੈ ਕਿ ਵਿਗਿਆਨ ਦੀ ਮਾਨਤਾ ਹੈ ਕਿ ਬਿੱਗ ਬੈਂਗ ਭਾਵ ਮਹਾਂ ਧਮਾਕਾ ਉਹ ਪੁਲਾੜੀ ਘਟਨਾ ਸੀ ਜਿਸ ਤੋਂ ਬਾਅਦ ਇਹ ਸਮੁੱਚੀ ਕਾਇਨਾਤ ਹੋਂਦ ਵਿੱਚ ਆਈ।

ਇਸ ਧਮਾਕੇ ਦੀ ਪ੍ਰਤੀਕਿਰਿਆ ਵਜੋਂ ਇੰਨਾ ਜ਼ਿਆਦਾ ਤਾਪਮਾਨ ਪੈਦਾ ਹੋਇਆ ਜਿਹੜਾ ਸੂਰਜ ਦੇ ਐਨ ਕੇਂਦਰ ਦੇ ਤਾਪਮਾਨ ਤੋਂ ਵੀ 10 ਲੱਖ ਗੁਣਾ ਵੱਧ ਸੀ। ਉਮੀਦ ਜ਼ਾਹਰ ਕੀਤੀ ਜਾ ਰਹੀ ਸੀ ਕਿ ਇਸ ਸਦਕਾ ਪਰਮਾਣੂ ਦੇ ਹਿੱਸੇ ਜਿਵੇਂ ਪ੍ਰੋਟੋਨ ਤੇ ਨਿਊਟਰੋਨ ਪਿਘਲ ਕੇ ਅਜਿਹਾ ਰੂਪ ਧਾਰ ਲੈਣਗੇ ਜਿਹੜਾ ਧਰਤੀ ਉੱਤੇ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਇਨ੍ਹਾਂ ਸਾਇੰਸਦਾਨਾਂ ਵਿਚ ਬਰਤਾਨਵੀ ਵਿਗਿਆਨੀ ਵੀ ਸ਼ਾਮਲ ਹਨ। ਉਹ ਹੁਣ ਪਰਮਾਣੂ ਦੇ ਇਨ੍ਹਾਂ ਹਿੱਸਿਆਂ ਦਾ ਅਧਿਐਨ ਕਰਨਗੇ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਨਾਲ ਇਸ ਗੱਲ ਦਾ ਪਤਾ ਲਾਇਆ ਜਾ ਸਕੇਗਾ ਕਿ ਪਰਮਾਣੂ ਨੂੰ ਕਿਹੜੀ ਚੀਜ਼ ਇਕੱਠਿਆਂ ਬੰਨ੍ਹ ਕੇ ਰੱਖਦੀ ਹੈ। ਇਹ ਰਿਪੋਰਟ 'ਟੈਲੀਗ੍ਰਾਫ਼' 'ਚ ਛਪੀ ਹੈ। ਇਹ ਤਜਰਬਾ ਪ੍ਰਮਾਣੂ ਖੋਜ ਯੂਰਪੀ ਆਰਗੇਨਾਈਜ਼ੇਸ਼ਨ ਦੀ ਸਵਿਟਜ਼ਰਲੈਂਡ ਵਿੱਚ ਜਨੇਵਾ ਨੇੜੇ ਸੀ.ਈ.ਆਰ.ਐਮ. ਵਿਖੇ ਸਥਿਤ ਸੁਰੰਗ ਵਿੱਚ ਕੀਤਾ ਗਿਆ। ਤਜਰਬੇ ਲਈ ਸਿੱਕੇ ਦੇ ਅਣੂ ਵਰਤੇ ਗਏ। ਇਨ੍ਹਾਂ ਅਣੂਆਂ ਨੂੰ ਪ੍ਰਮਾਣੂਆਂ ਤੋਂ ਇਲੈਕਟਰੋਨ ਵੱਖ ਕਰਕੇ ਬਣਾਇਆ ਗਿਆ ਸੀ।

ਗੌਰਤਲਬ ਹੈ ਕਿ ਇਕ ਪਰਮਾਣੂ ਦੇ ਤਿੰਨ ਹਿੱਸੇ ਹੁੰਦੇ ਹਨ-ਇਲੈਕਟਰੋਨ, ਨਿਊਟਰੋਨ ਤੇ ਪ੍ਰੋਟੋਨ। ਇਨ੍ਹਾਂ ਅਣੂਆਂ ਨੂੰ ਉਲਟ ਦਿਸ਼ਾਵਾਂ ਤੋਂ ਐਲ.ਐਚ.ਸੀ. ਦੀ ਸੁਰੰਗ ਵਿਚ ਇਕ-ਦੂਜੇ ਨਾਲ ਬਹੁਤ ਹੀ ਤੇਜ਼ ਰਫ਼ਤਾਰ ਨਾਲ ਟਕਰਾਇਆ ਗਿਆ। ਇਸ ਤੋਂ ਪਹਿਲਾਂ ਵਿਗਿਆਨੀਆਂ ਨੇ ਪ੍ਰੋਟੋਨਜ਼ ਨੂੰ ਟਕਰਾ ਕੇ ਤਜਰਬਾ ਕੀਤਾ ਸੀ ਜਿਹੜੇ ਸਿੱਕੇ ਦੇ ਅਣੂਆਂ ਤੋਂ 200 ਗੁਣਾ ਹਲਕੇ ਹੁੰਦੇ ਹਨ। ਇਸ ਤੋਂ ਸੱਤ ਮਹੀਨੇ ਬਾਅਦ ਵਿਗਿਆਨੀਆਂ ਨੇ ਅਣੂਆਂ ਦਾ ਇਹ ਤਜਰਬਾ ਕੀਤਾ।

ਪੰਜਾਬ ਟਾਈਮਜ਼

ਸਨਿਚਰਵਾਰ, 13 ਨਵੰਬਰ 2010

# ਨਵੰਬਰ:ਰਿਸਦੇ ਜ਼ਖ਼ਮਾਂ ਦਾ ਦਰਦ

ਪਿਛਲੇ 26 ਸਾਲ ਤੋਂ ਰਿਸ ਰਿਹਾ, ਨਵੰਬਰ 1984 ਵਿਚ ਹੋਏ ਸਿੱਖਾਂ ਦੇ ਕਤਲ-ਏ-ਆਮ ਦਾ ਜ਼ਖ਼ਮ ਇਕ ਵਾਰ ਫਿਰ ਛਿੱਲਿਆ ਗਿਆ। ਇਹ ਗੱਲ ਨਹੀਂ ਕਿ ਇਸ ਜ਼ਖ਼ਮ ਵਿਚ ਛਿੱਲਤ ਨਵੰਬਰ ਵਿਚ ਆਣ ਕੇ ਹੀ ਚੁੱਭਦੀ ਹੈ। ਇਹ ਤਾਂ ਅਜਿਹਾ ਜ਼ਖ਼ਮ ਹੈ ਜਿਸ ਦਾ ਦਰਦ ਬੰਦੇ ਦੇ ਮੁੱਕਣ ਨਾਲ ਹੀ ਖ਼ਤਮ ਹੋ ਸਕਦਾ ਹੈ। ਸਮਾਂ ਵੀ ਇਸ ਦਰਦ ਦੀ ਦਵਾ ਨਹੀਂ ਬਣ ਸਕਿਆ, ਬਣਨਾ ਵੀ ਨਹੀਂ ਸੀ ਕਿਉਂਕਿ ਕਿਸੇ ਨੇ ਮੱਲ੍ਹਮ ਲਾਉਣ ਦਾ ਨਾਟਕ ਤੱਕ ਨਾ ਕੀਤਾ। ਇਸ ਦਰਦ ਦੀ ਚੀਸ ਹਰ ਵੇਲੇ-ਕੁਵੇਲੇ ਪੈਂਦੀ ਹੈ। ਸਿਤਮਜ਼ਰੀਫ਼ੀ ਇਹ ਕਿ ਇਸ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਸਜ਼ਾ ਕੋਈ ਨਹੀਂ ਦਿੱਤੀ ਗਈ। ਇਸ ਨਾਲ ਨਿਆਂ ਪਾਲਿਕਾ ਖੁਦ ਕਟਿਹਰੇ ਵਿਚ ਜਾ ਖੜ੍ਹੀ ਹੋਈ ਹੈ। ਇਕ ਹੋਰ ਕੋਣ ਤੋਂ ਦੇਖਿਆਂ, ਇਹ ਵੀ ਕਿਹਾ ਜਾ ਸਕਦਾ ਹੈ ਕਿ ਇਕੱਲੀ ਨਿਆਂਪਾਲਿਕਾ ਹੀ ਨਹੀਂ, ਸਮੁੱਚੇ ਸਿਸਟਮ 'ਤੇ ਹੀ ਸਵਾਲੀਆ ਚਿੰਨ੍ਹ ਲੱਗਿਆ ਹੈ।

ਭਾਰਤ ਦੀ ਸੁਪਰੀਮ ਕੋਰਟ ਲਗਾਤਾਰ ਤਿੰਨ ਵਾਰ ਕੇਂਦਰ ਸਰਕਾਰ ਨੂੰ ਹਦਾਇਤ ਕਰ ਚੁੱਕੀ ਹੈ ਕਿ ਗੁਦਾਮਾਂ ਵਿਚ ਸੜ ਰਿਹਾ ਅਤੇ ਚੂਹਿਆਂ ਦੇ ਪੇਟੀਂ ਪੈ ਰਿਹਾ ਅੰਨ ਗ਼ਰੀਬਾਂ/ਲੋੜਵੰਦਾਂ ਨੂੰ ਵੰਡ ਦਿੱਤਾ ਜਾਵੇ। ਸਰਕਾਰ ਨੇ ਇਸ ਹੁਕਮ ਵੱਲ ਕੰਨ ਧਰਨ ਦੀ ਵੀ ਲੋੜ ਨਹੀਂ ਸਮਝੀ। ਉਲਟਾ ਪ੍ਰਧਾਨ ਮੰਤਰੀ ਨੇ ਇਹ ਸੁਣਾਈ ਕੀਤੀ ਕਿ ਇਸ ਕੋਲ ਅਜਿਹਾ ਕੋਈ ਢਾਂਚਾ ਨਹੀਂ ਹੈ ਜਿਸ ਦੇ ਆਧਾਰ 'ਤੇ ਇਹ ਵੰਡ-ਵੰਡਾਈ ਹੋ ਸਕੇ। ਕੇਂਦਰ ਸਰਕਾਰ ਆਪਣੀ ਹੀ ਅਦਾਲਤ ਦੀ ਹਦਾਇਤ ਮੰਨਣ ਤੋਂ ਆਕੀ ਹੈ ਅਤੇ ਅਦਾਲਤ ਵੀ ਸਿਰਫ਼ ਹਦਾਇਤਾਂ ਹੀ ਦੇ ਰਹੀ ਹੈ। ਜੇ ਕਿਤੇ ਸਰਕਾਰ ਦਾ ਮਾਮਲਾ ਨਾ ਹੁੰਦਾ ਤਾਂ ਸ਼ਾਇਦ ਅਦਾਲਤੀ ਹੱਤਕ ਦਾ ਕੇਸ ਬਣਾ ਦਿੱਤਾ ਜਾਂਦਾ। ਇੱਦਾਂ ਦੇ ਸੰਵੇਦਨਹੀਣ ਢਾਂਚੇ ਵਿਚ ਨਿਆਂ ਦੀ ਆਸ ਦਾ ਦੀਵਾ ਕਿੰਨੀ ਕੁ ਦੇਰ ਬਲ਼ਦਾ ਰਹਿ ਸਕਦਾ ਹੈ? ਅਜਿਹੇ ਸਮਿਆਂ ਵਿਚ ਛਿੱਲਤਾਂ ਅਤੇ ਛਿੱਲੇ ਹੋਏ ਜ਼ਖ਼ਮਾਂ ਦੀ ਬਾਤ ਪੈਣੀ ਹੀ ਚਾਹੀਦੀ ਹੈ। ਇਸ ਦਾ ਰੂਪ-ਸਰੂਪ ਕੋਈ ਵੀ ਹੋ ਸਕਦਾ ਹੈ। ਇਉਂ ਚਿਣਗ ਸਾਂਭੀ ਪਈ ਰਹਿੰਦੀ ਹੈ ਅਤੇ ਬੰਦਾ ਸੰਵੇਦਨਹੀਣ ਹੋਣ ਤੋਂ ਵੀ ਬਚਿਆ ਰਹਿੰਦਾ ਹੈ।

ਇਸ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਜ਼ੋਰ ਪਾਉਣ ਖ਼ਾਤਰ ਐਤਕੀਂ ਖ਼ਾਲਸਾ ਐਕਸ਼ਨ ਕਮੇਟੀ ਵੱਲੋਂ ਤਿੰਨ ਨਵੰਬਰ ਨੂੰ ਦਿੱਤਾ ਬੰਦ ਦਾ ਸੱਦਾ ਬਹੁਤਾ ਅਸਰਦਾਰ ਨਹੀਂ ਬਣ ਸਕਿਆ। ਇਸ ਦੇ ਕਈ ਕਾਰਨ ਹੋ ਸਕਦੇ ਹਨ ਜਿਨ੍ਹਾਂ ਦੀ ਨਿਸ਼ਾਨਦੇਹੀ ਹਰ ਹਾਲ ਅਤੇ ਹਰ ਹੀਲੇ ਹੋਣੀ ਚਾਹੀਦੀ ਹੈ। ਇਸ ਨੁਕਤੇ ਨੂੰ ਲੋਕਾਂ ਦੀ ਸੰਵੇਦਨਹੀਣਤਾ ਨਾਲ ਜੋੜਨ ਦੀ ਥਾਂ ਇਸ ਬਾਰੇ ਖੁਦ ਨੂੰ ਸਵਾਲ ਕਰਨ ਦੀ ਲੋੜ ਹੈ। ਕੁਝ ਕੁ ਜਥੇਬੰਦੀਆਂ ਨੇ ਇਸ ਬੰਦ ਦੀ ਹਮਾਇਤ ਵੀ ਕੀਤੀ ਸੀ ਅਤੇ ਇਨ੍ਹਾਂ ਜਥੇਬੰਦੀਆਂ ਨੇ ਵਿਤ ਮੁਤਾਬਕ ਆਪੋ-ਆਪਣਾ ਹਿੱਸਾ ਵੀ ਪਾਇਆ। ਉਂਜ ਸਵਾਲਾਂ ਦਾ ਸਵਾਲ ਇਹ ਹੈ ਕਿ ਜਿਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਅਤੇ ਪੰਜਾਬ ਸਰਕਾਰ ਕੋਲੋਂ ਬੰਦ ਦੀ ਹਮਾਇਤ ਕਰਨ ਲਈ ਅਪੀਲ ਕੀਤੀ ਗਈ, ਸ਼੍ਰੋਮਣੀ ਕਮੇਟੀ ਨੇ ਆਪਣੇ ਦਫਤਰ ਅਤੇ ਅਦਾਰੇ ਇਸ ਦਿਨ ਖੁੱਲ੍ਹੇ ਰੱਖੇ ਜਦੋਂਕਿ ਅਕਾਲੀ ਦਲ (ਬ) ਦੀ ਅਗਵਾਈ ਹੇਠਲੀ ਸਰਕਾਰ ਨੇ ਬੰਦ ਨੂੰ ਅਸਫਲ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ। ਕੀ ਉਸ ਬਾਰੇ ਅਜੇ ਵੀ ਭਰਮ-ਭੁਲੇਖੇ ਹਨ? ਕੀ ਅਜੇ ਵੀ ਇਹ ਸਪਸ਼ਟ ਨਹੀਂ ਹੋਇਆ ਕਿ ਕਿਹੜੀ ਧਿਰ ਸਾਥ ਦੇ ਸਕਦੀ ਹੈ ਤੇ ਕਿਹੜੀ ਨਹੀਂ? ਇਸ ਵਾਰ ਖੱਬੇ ਪੱਖੀ ਵਿਦਿਆਰਥੀ ਜਥੇਬੰਦੀ 'ਪੰਜਾਬ ਸਟੂਡੈਂਟਸ ਯੂਨੀਅਨ' ਨੇ ਵੀ ਤਿੰਨ ਨਵੰਬਰ ਨੂੰ ਹੀ ਕਤਲ-ਏ-ਆਮ ਖ਼ਿਲਾਫ਼ ਵਿੱਦਿਅਕ ਅਦਾਰਿਆਂ ਵਿਚ ਹੜਤਾਲ ਕੀਤੀ ਅਤੇ ਇਸ ਮਸਲੇ ਬਾਰੇ ਵਿਦਿਆਰਥੀਆਂ ਸਾਹਮਣੇ ਸਟੇਟ ਦੀ ਅਸਲ ਨੀਤੀ ਦਾ ਖੁਲਾਸਾ ਕੀਤਾ। ਇਸ ਮਸਲੇ 'ਤੇ ਖ਼ਾਲਸਾ ਐਕਸ਼ਨ ਕਮੇਟੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦਾ ਆਪਸ ਵਿਚ ਕੋਈ ਰਾਬਤਾ ਜਾਂ ਤਾਲਮੇਲ ਨਹੀਂ ਸੀ। ਫ਼ਿਲਹਾਲ ਸ਼ਾਇਦ ਸੰਭਵ ਵੀ ਨਹੀਂ ਕਿਉਂਕਿ ਕੁਝ ਮੁੱਦਿਆਂ 'ਤੇ ਦੋਹਾਂ ਧਿਰਾਂ ਦੀ ਪਹੁੰਚ ਪਾਟਵੀਂ/ਕਾਟਵੀਂ ਹੈ ਪਰ ਪਹੁੰਚ ਵਿਚਕਾਰ ਅਜਿਹਾ ਪਾੜਾ ਕੋਈ ਏਡੀ ਵੱਡੀ ਗੱਲ ਵੀ ਨਹੀਂ। ਅਸਲ ਮਸਲਾ ਦੂਜੇ ਨੂੰ ਸਪੇਸ ਦੇਣ ਦਾ ਹੈ। ਇਸ ਪਹੁੰਚ ਵਿਚੋਂ ਹੀ ਕੋਈ ਰਾਸਤਾ ਲੱਭ ਸਕਦਾ ਹੈ।

ਇਸ ਸਬੰਧ ਵਿਚ ਸਾਨੂੰ ਬੀਬੀ ਅਰੁੰਧਾਤੀ ਰਾਏ ਦੀ ਗੱਲ ਰਤਾ ਕੁ ਧਿਆਨ ਨਾਲ ਸੁਣਨੀ ਪਵੇਗੀ। ਨਹੀਂ ਤਾਂ ਪਤਾ ਨਹੀਂ ਅਸੀਂ ਹੋਰ ਕਿੰਨੀ ਦੇਰ ਇਉਂ ਕੰਧਾਂ 'ਚ ਟੱਕਰਾਂ ਮਾਰਦੇ ਰਹਾਂਗੇ! ਅਰੁੰਧਾਤੀ ਰਾਏ ਸਪਸ਼ਟ ਲਕੀਰ ਖਿੱਚ ਕੇ ਕਹਿੰਦੀ ਹੈ ਕਿ ਭਾਰਤੀ ਸਟੇਟ ਫਾਸਿਸਟ ਹੈ, ਇਸ ਦਾ ਖਾਸਾ ਹਿੰਦੂਵਾਦ ਹੈ। ਇਸੇ ਮੁਤਾਬਕ ਇਸ ਦੀਆਂ ਨੀਤੀਆਂ ਬਣਦੀਆਂ ਹਨ ਅਤੇ ਸਿਆਸਤ ਚਲਦੀ ਹੈ ਪਰ ਇਸ ਦੇ ਨਾਲ ਹੀ ਉਹ ਬੜੀ ਅਹਿਮ ਗੱਲ ਆਖਦੀ ਹੈ ਕਿ ਇਸ ਹਿੰਦੂ ਗਲਬੇ ਅਤੇ ਖਾਸੇ ਵਾਲੇ ਸਟੇਟ ਨੂੰ ਚਲਾਉਣ ਵਾਲੇ ਲੀਡਰ ਉੱਚ ਵਰਗ ਵਿਚੋਂ ਹਨ। ਉਹ ਇਨ੍ਹਾਂ ਲੀਡਰਾਂ ਦੇ ਜਮਾਤੀ ਖਾਸੇ ਵੱਲ ਧਿਆਨ ਦੇਣ 'ਤੇ ਜ਼ੋਰ ਦਿੰਦੀ ਹੈ। ਇਹ ਬੀਬੀ ਦੇਸ਼ ਦੀ ਮੁੱਖ ਧਾਰਾ ਸਿਆਸਤ ਅਤੇ ਮੀਡੀਆ ਦੀ ਪਹੁੰਚ ਨੂੰ ਸਮਝਣ-ਬੁੱਝਣ ਲਈ ਹਾਕਾਂ ਮਾਰ ਰਹੀ ਹੈ। ਇਹ ਅਸਲ ਵਿਚ ਬਦਲਵੇਂ ਪ੍ਰਬੰਧ ਲਈ ਮਾਰੀਆਂ ਹਾਕਾਂ ਹੀ ਹਨ। ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਪਵੇਗੀ ਅਤੇ ਖੁਦ ਦੀ ਇਸ ਨੁਕਤੇ ਤੋਂ ਪੁਣ-ਛਾਣ ਕਰਨੀ ਪਵੇਗੀ ਕਿ ਅਸੀਂ ਬਦਲਵੇਂ ਪ੍ਰਬੰਧ ਵਾਲੇ ਰਾਹ ਵੱਲ ਕਿੰਨੇ ਕੁ ਕਦਮ ਵਧਾਏ ਹਨ। ਪਿਛਲੇ ਸਮਿਆਂ ਦੌਰਾਨ ਅਸੀਂ ਬਦਲਵੇਂ ਪ੍ਰਬੰਧ ਵਾਲੇ ਸਿੱਧੇ ਰਾਸਤੇ ਦੀ ਥਾਂ ਗੋਲ ਚੱਕਰਾਂ ਵਿਚ ਗੇੜੀਆਂ ਕੱਢ ਰਹੇ ਹਾਂ। ਇਹੀ ਕਾਰਨ ਹੈ ਕਿ ਨਵੰਬਰ '84 ਤੋਂ ਬਾਅਦ ਉੱਜੜ ਦੇ ਆਏ ਲੋਕਾਂ ਦੀ ਅੱਜ ਤੱਕ ਕਿਸੇ ਨੇ ਢੰਗ ਨਾਲ ਬਾਂਹ ਵੀ ਨਹੀਂ ਫੜੀ। ਹਾਂ, ਇਸ ਮੁੱਦੇ 'ਤੇ ਗਾਹੇ-ਬਗਾਹੇ ਸਿਰੇ ਦੀ ਸਿਆਸਤ ਜ਼ਰੂਰ ਹੁੰਦੀ ਰਹੀ ਹੈ ਤੇ ਸਿਆਸਤਦਾਨ ਆਪਣਾ ਗੱਡਾ ਕੱਢ ਲਿਜਾਂਦੇ ਰਹੇ ਹਨ। ਇਸ ਕੋਝੀ ਸਿਆਸਤ ਦੀ ਕਾਟ ਲਈ ਅਤੇ ਇਸ ਦੇ ਗਧੀ-ਗੇੜ ਵਿਚੋਂ ਨਿਕਲਣ ਲਈ ਸਾਨੂੰ ਅਰੁੰਧਾਤੀ ਰਾਏ ਵੱਲੋਂ ਛੇੜੇ ਸੁਰ ਨਾਲ ਸੁਰ ਮਿਲਾਉਣੀ ਚਾਹੀਦੀ ਹੈ।

## ਠਾਹ-ਸੋਟਾ


-ਚਾਚਾ ਬੇਲਿਹਾਜ਼

### *ਕੁਰਸੀ ਅਤੇ ਕੈਪਟਨ!*

ਐੜੇ-ਕੱਕੇ ਦਾ ਯੁੱਧ ਹੀ ਹੋਈ ਜਾਂਦਾ, ਜਿੱਦਾਂ ਝਗੜਦੇ ਹੋਣ ਸ਼ਰੀਕ ਮੀਆਂ।
ਇਕ ਆਉਣੇ ਤੇ ਦੂਸਰੇ ਚਲੇ ਜਾਣੇ, ਬਹੁਤੀ ਦੂਰ ਨਾ ਰਹੀ ਤਰੀਕ ਮੀਆਂ।
ਤੀਜੇ ਬਦਲ ਦੀਂ ਹੋਂਦ ਨਾ ਬਣਨ ਦਿੰਦੇ, ਸੱਤਾ ਮਾਣਦੇ ਦੋਵੇਂ ਫਰੀਕ ਮੀਆਂ।
ਕਾਰਨਾਮੇ ਉਹ ਕਰੀ ਨਿਸੰਗ ਜਾਂਦੇ, ਲੋਕ-ਰਾਜ ਨੂੰ ਲਾਉਣ ਜੋ ਲੀਕ ਮੀਆਂ।
ਸੋਚਣ ਦਵੇ ਨਾ ਡੌਂਡੀ-ਇਸ਼ਤਿਹਾਰਬਾਜ਼ੀ, ਹੋ ਰਿਹਾ ਕੀ ਗਲਤ ਤੇ ਠੀਕ ਮੀਆਂ।
ਪਹਿਲੇ ਹਾਕਮਾਂ ਹੱਥੋਂ ਉਚਾਟ ਹੋਈ ਕੁਰਸੀ, ਕੈਪਟਨ ਦੀ ਕਰੇ ਉਡੀਕ ਮੀਆਂ!

# ਸੰਘਰਸ਼ ਦਾ ਮੁਜੱਸਮਾ ਸੰਤ ਰਾਮ ਉਦਾਸੀ

**ਡਾ. ਰੁਪਿੰਦਰਜੀਤ ਗਿੱਲ**



ਸੰਤ ਰਾਮ ਉਦਾਸੀ ਨੂੰ ਸਾਥੋਂ ਵਿਛੜਿਆਂ ਡੇਢ ਦਹਾਕਾ ਹੋ ਚੱਲਿਆ ਹੈ, (6 ਨਵੰਬਰ 1996) ਪਰ ਪੰਜਾਬੀ ਦੇ ਇਸ ਅਜ਼ੀਮ ਸ਼ਾਇਰ ਦੀ ਅਜੇ ਤਕ ਕਿਸੇ ਨੇ ਕਦਰ ਨਹੀਂ ਪਾਈ। ਨਾ ਤਾਂ ਉਸ ਦੀ ਰਚਨਾ ਤੇ ਸ਼ਖਸੀਅਤ ਦਾ ਅਜੇ ਤਕ ਨਿਰਪੱਖ ਮੁਲਾਂਕਣ ਹੋਇਆ ਹੈ ਅਤੇ ਨਾ ਹੀ ਉਸ ਦੀ ਕਵਿਤਾ ਸਬੰਧੀ ਅਕਾਦਮਿਕ ਪੱਧਰ ਦੀ ਕੋਈ ਗੱਲਬਾਤ ਛਿੜੀ ਹੈ। ਦਲਿਤ ਵਰਗ ਨਾਲ ਸਬੰਧਤ ਹੋਣ ਕਰਕੇ ਸ੍ਰੀ ਉਦਾਸੀ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝਣਾ ਪਿਆ ਸੀ। ਜਾਤ-ਪਾਤ ਦੇ ਵਿਤਕਰਿਆਂ ਤੋਂ ਦੁਖੀ ਹੋ ਕੇ ਚੜ੍ਹਦੀ ਜਵਾਨੀ ਵੇਲੇ ਉਹ ਨਾਮਧਾਰੀ ਲਹਿਰ ਦਾ ਸਮਰਥਕ ਵੀ ਬਣਿਆ ਪਰ ਉਥੇ ਵੀ ਉਸ ਨੂੰ ਇਹੀ ਮੁਸ਼ਕਲਾਂ ਦਰਪੇਸ਼ ਸਨ। ਸ੍ਰੀ ਉਦਾਸੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਲੱਗਦੀ ਹੈ ਕਿ ਉਹ ਮਾਰਕਸਵਾਦ ਦਾ ਸਮਰਥਕ ਸੀ ਤੇ ਨਕਸਲਬਾੜੀ ਲਹਿਰ ਨਾਲ ਜੁੜਿਆ ਸੀ ਪਰ ਉਸ ਦਾ ਮਾਰਕਸਵਾਦ ਪ੍ਰਭਾਵਿਤ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨਾਂ ਤੋਂ ਹੈ। ਸਿੱਖ ਧਰਮ ਉਸ ਦਾ ਪ੍ਰੇਰਨਾ ਸਰੋਤ ਹੈ। ਉਹ ਉਹੋ ਜਿਹਾ ਇਨਕਲਾਬ ਚਾਹੁੰਦਾ ਹੈ ਜਿਹੋ ਜਿਹਾ ਸਾਡੇ ਗੁਰੂ ਸਾਹਿਬਾਨ ਨੇ ਤਸੱਵੁਰ ਕੀਤਾ ਸੀ। ਉਹ ਕਾਣੀ ਵੰਡ ਦਾ ਵਿਰੋਧੀ ਹੈ ਤੇ ਗੁਰੂ ਨਾਨਕ ਦੇਵ ਦੇ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦਾ ਹੋਕਾ ਘਰ-ਘਰ ਦੇਣਾ ਚਾਹੁੰਦਾ ਹੈ। ਉਦਾਸੀ ਦਾ ਦੁਖਾਂਤ ਇਹ ਹੈ ਕਿ ਇਹ ਸਰਮਾਏਦਾਰੀ ਵਰਗ ਦੇ ਖਿਲਾਫ ਹੈ, ਅਤਿਵਾਦ ਨਾਲ ਉਸ ਦੀ ਕੋਈ ਸਾਂਝ ਨਹੀਂ ਹੈ, ਪਰ ਸੱਚ ਲਿਖਣ ਕਾਰਨ ਉਹ ਪੁਲੀਸ ਦੇ ਤਸ਼ੱਦਦ ਦਾ ਸ਼ਿਕਾਰ ਹੋਇਆ। ਕਈ ਵਾਰ ਫੜ ਕੇ ਕੁੱਟਿਆ ਵੀ ਗਿਆ:

ਸਿਰਾਂ ਵਾਲੇ ਲੋਕੀਂ
ਬੀਜ ਚੱਲੇ ਆ ਬੇਓੜ ਨੀ
ਇਕ ਦਾ ਤੂੰ ਮੁੱਲ ਭਾਵੇਂ ਰੱਖਦੀਂ ਕਰੋੜ ਨੀ
ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ
ਸਿੰਘ ਤੈਥੋਂ ਜਾਣੇ ਨਾ ਫੜੇ
ਦਿੱਲੀਏ ਦਿਆਲਾ ਦੇਖ
ਦੇਗ 'ਚ ਉਬਲਦਾ ਨੀ
ਅਜੇ ਤੇਗ ਦਿਲ ਨਾ ਠਰੇ।
(ਦਿੱਲੀਏ ਦਿਆਲਾ ਵੇਖ)

ਪੁਲੀਸ ਦੇ ਤਸ਼ੱਦਦ ਨਾਲ ਸ੍ਰੀ ਉਦਾਸੀ ਆਪਣਾ ਮਾਨਸਿਕ ਸੰਤੁਲਨ ਵੀ ਗਵਾ ਬੈਠਾ ਸੀ ਅਤੇ ਆਪਣੀ ਰੋਜ਼ੀ-ਰੋਟੀ ਦਾ ਇਕੋ-ਇਕ ਸਾਧਨ ਜੇ.ਬੀ.ਟੀ. ਅਧਿਆਪਕ ਦੀ ਨੌਕਰੀ ਤੋਂ ਵੀ ਉਸ ਨੂੰ ਅਨੇਕਾਂ ਵਾਰ ਮੁਅੱਤਲ ਹੋਣਾ ਪਿਆ ਸੀ। ਪੰਜਾਬੀ ਦਾ ਇਹ ਮਹਾਨ ਸ਼ਾਇਰ ਕਈ ਵਾਰ ਰੋਟੀ ਤੋਂ ਵੀ ਆਤੁਰ ਰਿਹਾ ਪਰ ਇਸ ਨੇ ਜ਼ੁਲਮ ਦੇ ਸਾਹਮਣੇ ਸਿਰ ਨਹੀਂ ਝੁਕਾਇਆ, ਸਗੋਂ ਇਨ੍ਹਾਂ ਮੁਸੀਬਤਾਂ ਨੇ ਉਸ ਦੀ ਕਲਾ ਵਿਚ ਵਧੇਰੇ ਨਿਖਾਰ ਲਿਆਂਦਾ।

ਜਿਨ੍ਹਾਂ ਨੇ ਐਮਰਜੈਂਸੀ ਨੂੰ
ਬੇਦਾਵਾ ਲਿਖਿਆ ਹੈ
ਉਹ ਅਸੀਂ ਹੀ ਤੇਰੇ ਗੁਸਤਾਖ ਪੁੱਤਰ ਹਾਂ
ਪਿਆਰੇ ਵਤਨ!
ਅਸੀਂ ਹੀ ਉਂਗਲ ਕੀਤੀ ਸੀ
ਭੁਬਨੇਸ਼ਵਰ ਵਿਚਲੇ
'ਖੰਡਾਗਿਰੀ' ਦੇ ਨੰਗੇ ਬੁੱਤ ਵੱਲ
ਤੇ ਅਸੀਂ ਹੀ ਹੱਸ ਪਏ ਸਾਂ
ਤੇਰੇ ਬੈਜਨਾਥ ਦੀਆਂ ਕੰਧਾਂ 'ਤੇ
ਉਕਰਿਆ ਹੋਇਆ
'ਕੋਕਸ਼ਾਸਤਰ' ਵੇਖ ਕੇ। (ਬੇਦਾਵਾ)

ਉਹ ਰਾਜਿਆਂ ਦੇ ਦੈਵੀ ਸੰਕਲਪ ਵਿਰੁੱਧ ਲੋਕ ਆਗੂਆਂ ਨੂੰ ਸਦਾ ਸ਼ਹੀਦ ਕਰਨ ਵਾਲੇ ਹਾਕਮ ਰਾਜੇ ਪੈਦਾ ਕਰਨ ਵਾਲੇ ਨੂੰ ਵੀ ਲਲਕਾਰਦਾ ਹੈ:

"ਰੋਣ ਵਾਲਿਓ ਲੋਥ ਮੇਰੀ 'ਤੇ
ਬੰਨ੍ਹੋ ਕੁਝ ਤਲਵਾਰਾਂ"
ਜਿਸ ਦੇ ਵਰ ਤੋਂ ਰਾਜੇ ਜੰਮਦੇ
ਉਸ ਰੱਬ ਨੂੰ ਲਲਕਾਰਾਂ।

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਕਿਸਾਨੀ ਦੀ ਨਿੱਘਰਦੀ ਹਾਲਤ ਤੇ ਕਿਸਾਨਾਂ ਵੱਲੋਂ ਹੋ ਰਹੀਆਂ ਖੁਦਕੁਸ਼ੀਆਂ ਦੀ ਵਧ ਰਹੀ ਗਿਣਤੀ ਸਮੇਂ ਉਦਾਸੀ ਦੀ ਕਵਿਤਾ ਵਧੇਰੇ ਪ੍ਰਸੰਗਕ ਹੋ ਨਿਬੜਦੀ ਹੈ ਜਦੋਂ ਉਹ ਕਹਿੰਦਾ ਹੈ:

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲਾਂ ਵਿਚੋਂ ਨੀਰ ਵਗਿਆ
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ
ਤੂੜੀ ਵਿਚੋਂ ਪੁੱਤ "ਜੰਮਿਆ।"
(ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ)

ਮਹਿਕੂਮ ਹੋ ਕੇ ਹਕੂਮਤ ਨਾਲ ਮੱਥਾ ਸੰਤ ਰਾਮ ਉਦਾਸੀ ਵਰਗਾ ਦਲੇਰ, ਬੇਬਾਕ ਤੇ ਨਿੱਡਰ ਸ਼ਾਇਰ ਹੀ ਲਾ ਸਕਦਾ ਹੈ:

ਜਿਥੇ ਜ਼ੁਲਮ ਜੰਮੇ, ਜਿਥੇ ਜ਼ਹਿਰ ਉਗੇ
ਉਥੇ ਅੰਮ੍ਰਿਤ ਲਈ ਦੇਖੀਂ ਮਜ਼ਲੂਮ ਲੜਦੇ
ਤੇਰੀ ਹਾਜ਼ਰੀ ਉਥੇ ਜ਼ਰੂਰ ਬਣਦੀ
ਜਿਥੇ ਹਾਕਮਾਂ ਸੰਗ ਮਹਿਕੂਮ ਲੜਦੇ।
(ਗੁਰੂ ਗੋਬਿੰਦ ਸਿੰਘ ਜੀ, ਵੱਲੋਂ ਮਾਧੋ ਦਾਸ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਭੇਜਣਾ)

ਜਿਹੜੇ ਲੋਕਾਂ ਦੀ ਕਿਰਤ ਨੂੰ ਪੈਣ ਗਿਰਝਾਂ
ਮੇਰੇ ਲੋਕ ਉਹ ਮੇਰਾ ਖ਼ੁਆਬ ਹੈਗਾ
ਮੇਰੇ ਮੁਸਲਮਾਨਾਂ, ਸਿੱਖਾਂ, ਹਿੰਦੂਆਂ ਨੇ
ਕਰਨਾ ਸਰਬਰਾਹ ਇਨਕਲਾਬ ਹੈਗਾ।
(ਮਾਤਾ ਗੁਜਰੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਪੇਸ਼ੀ)

ਸੰਤ ਰਾਮ ਉਦਾਸੀ ਜਿਥੇ ਬੇਬਾਕ ਕਲਮ ਨਾਲ ਲਿਖਦਾ ਸੀ ਉਥੇ ਸੁਰੀਲੀ ਆਵਾਜ਼ ਵੀ ਉਸ ਦਾ ਵੱਡਾ ਹਾਸਲ ਸੀ। ਉਹ ਸਰੋਤਿਆਂ ਨੂੰ ਆਪਣੀ ਆਵਾਜ਼ ਨਾਲ ਕੀਲ ਲੈਂਦਾ ਸੀ। ਉਹ 26 ਜਨਵਰੀ ਤੇ 15 ਅਗਸਤ ਨੂੰ ਲਾਲ ਕਿਲੇ ਤੋਂ ਵੀ ਗਾਉਂਦਾ ਰਿਹਾ ਹੈ। ਗੁਰੂ ਨਾਨਕ ਕਾਲ ਵਿਚ ਸਮਾਜਕ ਨਾਬਰਾਬਰੀ ਨੂੰ ਬਹੁਤ ਸੋਹਣੀ ਤਰ੍ਹਾਂ ਬਿਆਨਦਾ ਹੈ।

ਸ੍ਰੀ ਉਦਾਸੀ ਕਿਰਤੀ ਵਰਗ ਦਾ ਹਮੇਸ਼ਾ ਦਰਦੀ ਰਿਹਾ ਹੈ। ਉਹ ਮਾੜਿਆਂ ਦੇ ਨਾਲ ਖਲੋਂਦਾ ਹੈ ਤੇ ਉਨ੍ਹਾਂ ਦੇ ਹੱਕ ਇਨਸਾਫ ਦੀ ਗੱਲ ਕਰਦਾ ਹੈ। ਜੇ ਉਹ ਚਾਹੁੰਦਾ ਤਾਂ ਅਮੀਰਾਂ ਤੇ ਸਰਕਾਰਾਂ ਲਈ ਲਿਖ ਕੇ ਇਨਾਮ ਤੇ ਰੁਤਬੇ ਵੀ ਹਾਸਲ ਕਰ ਸਕਦਾ ਸੀ, ਜਿਸ ਦੇ ਸੰਕੇਤ ਉਸ ਦੀ ਕਵਿਤਾ ਵਿਚੋਂ ਵੀ ਮਿਲਦੇ ਹਨ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਉਸ ਨੇ ਆਮ ਮਨੁੱਖ ਦੀ ਹੋਣੀ ਬਾਰੇ ਲਿਖਿਆ ਉਸ ਦੇ ਦਰਦ ਉਸ ਦੇ ਹਾਵੇ ਲਿਖੇ:

ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਦੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਈਂ ਵੇ ਸੂਰਜਾ
ਕੰਮੀਆਂ ਦੇ ਵਿਹੜੇ।

ਉਦਾਸੀ ਵਰਗਾ ਸੂਰਜ ਵੀ ਕੰਮੀਆਂ ਦੇ ਵਿਹੜੇ ਪੈਦਾ ਹੋ ਕੇ ਪੂਰੇ ਸੰਸਾਰ ਵਿਚ ਮਘਿਆ। ਉਸ ਦੀ ਮੌਤ ਵੀ ਬਹੁਤ ਦਰਦਨਾਕ ਹੈ। ਉਹ ਹਜ਼ੂਰ ਸਾਹਿਬ ਤੋਂ ਵਾਪਸ ਆ ਰਿਹਾ ਸੀ ਕਿ ਮਨਵਾੜ ਸਟੇਸ਼ਨ 'ਤੇ ਅਚਾਨਕ ਉਸ ਦੀ ਮੌਤ ਹੋ ਗਈ। ਉਸ ਦੀ ਲਾਸ਼ ਵੀ ਉਸ ਦੇ ਪਰਿਵਾਰ ਤਕ ਨਾ ਪਹੁੰਚ ਸਕੀ। ਇਸ ਸਭ ਵਰਤਾਰੇ ਪਿੱਛੇ ਵੀ ਸਾਡਾ ਰਾਜਨੀਤਕ ਸਿਸਟਮ, ਕਾਨੂੰਨੀ ਦਾਅਪੇਚ ਅਤੇ ਅੱਜ ਦੇ ਮਨੁੱਖ ਦੇ ਸਵਾਰਥੀ ਹਿੱਤ ਹੀ ਕਾਰਜਸ਼ੀਲ ਨਜ਼ਰ ਆਉਂਦੇ ਹਨ। ਭਾਵੇਂ ਅੱਜ ਉਦਾਸੀ ਸਾਡੇ ਨਾਲ ਨਹੀਂ ਹੈ ਪਰ ਉਹ ਆਪਣੀ ਕਵਿਤਾ ਦੇ ਰਾਹੀਂ ਹਮੇਸ਼ਾ ਪਾਠਕਾਂ ਦੇ ਦਿਲਾਂ ਵਿਚ ਅਮਰ ਰਹੇਗਾ। ਲੋੜ ਅੱਜ ਦੇ ਯੁੱਗ ਵਿਚ ਉਸ ਦੀ ਸੋਚ ਨੂੰ ਬਚਾਉਣ ਦੀ ਹੈ। ਉਸ ਨੂੰ ਅੱਗੇ ਲੈ ਕੇ ਜਾਣ ਦੀ ਹੈ ਤਾਂ ਜੋ ਹੋਰ ਉਦਾਸੀ ਸਮੇਂ ਦੀ ਬਲੀ ਨਾ ਚੜ੍ਹਨ 'ਤੇ ਪੁਲੀਸ ਦੇ ਤਸ਼ੱਦਦ ਨਾ ਸਹਿਣ। ਇਸੇ ਲਈ ਉਸ ਨੇ ਕਿਹਾ ਸੀ:

ਮੇਰੀ ਮੌਤ 'ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ
ਮੇਰੇ ਲਹੂ ਦਾ ਕੇਸਰ
ਰੇਤੇ 'ਚ ਨਾ ਰਲਾਇਓ।

### *ਹੁਣ ਤੁਹਾਡੀ ਯਾਦ ਵਿਚ*

ਹੁਣ ਤੁਹਾਡੀ ਯਾਦ ਵਿਚ
ਨਾ ਸਾਥੀਓ ਰੋਵਾਂਗਾ ਮੈਂ,
ਬਚਦਿਆਂ ਹੰਝੂਆਂ 'ਚ ਉਚੜੇ
ਚਿਹਰੇ ਕੁਝ ਧੋਵਾਂਗਾ ਮੈਂ।

ਮੈਂ ਨਹੀਂ ਪਰਖਾਂਗਾ ਸ਼ੁਹਦੀ
ਸੱਜ ਵਿਆਹੀ ਦਾ ਮਿਜ਼ਾਜ,
ਪੈਰ ਦੀ ਝਾਂਜਰ 'ਚ ਜਿਸ ਦੇ
ਵੀਰ ਦੇ ਸਿਰ ਦਾ ਵਿਆਜ।
ਸੱਗੀਆਂ ਦੀ ਠੂਠੀ 'ਚੋਂ
ਕੋਠੀ ਸੇਠ ਦੀ ਖੋਹਾਂਗਾ ਮੈਂ...।

ਟਿੱਬਿਆਂ ਤੇ ਪਹਿਲਾਂ ਬੜ੍ਹੀ ਹੀ
ਅੱਥਰੂਆਂ ਦੀ ਹੈ ਸਲ੍ਹਾਬ,
ਹੁਣ ਤਾਂ ਊਣੇ ਵੀ ਰਹੇ ਨਾਂ
ਮੇਰੇ ਸਤਲੁਜ ਤੇ ਚਨਾਬ।
ਢਲ ਰਹੇ ਪਰਛਾਵਿਆਂ ਤੋਂ
ਆਪਣੀ ਲੋਅ ਖੋਹਾਂਗਾ ਮੈਂ...।

ਮੈਂ ਜਿਨ੍ਹਾਂ ਦੀ ਅੱਖ ਦੇ ਅੰਦਰ
ਰੜ੍ਹਕਦਾ ਇੱਕ ਰੋੜ ਹਾਂ,
ਮੈਂ ਜਿਨ੍ਹਾਂ ਦੀ ਐਸ਼ ਦੀ ਤਾਂ
ਇੱਕ ਜ਼ਰੂਰੀ ਲੋੜ ਹਾਂ।
ਉਨ੍ਹਾਂ ਦੇ ਮੂੰਹਾਂ ਦੀ ਲਾਲੀ
ਕੰਮੀਆਂ ਤੇ ਚੋਆਂਗਾ ਮੈਂ...।
ਹੁਣ ਤੁਹਾਡੀ ਯਾਦ ਵਿਚ
ਨਾ ਸਾਥੀਓ ਰੋਵਾਂਗਾ ਮੈਂ।

***-ਸੰਤ ਰਾਮ ਉਦਾਸੀ***

# ਧਾਰਮਿਕ ਜਥੇਦਾਰ ਪਦਵੀਆਂ ਦੇ ਸਵਾਮੀ 'ਬੰਦੇ ਦਾ ਬੰਦਾ' ਬਣਨ ਤੋਂ ਪਰਹੇਜ਼ ਕਰਨ

**ਜਤਿੰਦਰ ਪੰਨੂੰ**

ਪੰਜਾਬ ਇਸ ਵੇਲੇ ਇਕ ਨਵਾਂ ਰਾਜਸੀ ਨਕਸ਼ਾ ਡੌਲਣ ਵਾਲੇ ਹਾਲਾਤ ਵਿਚੋਂ ਗੁਜ਼ਰ ਰਿਹਾ ਹੈ। ਬਹੁਤ ਕੁਝ ਨਵਾਂ ਵੇਖਣ ਨੂੰ ਮਿਲ ਰਿਹਾ ਹੈ ਅਤੇ ਇਹ ਮੌਕਾ ਇਹੋ ਜਿਹਾ ਨਹੀਂ ਜਦੋਂ ਕੋਈ ਰਾਜਸੀ ਵਿਆਖਿਆਕਾਰ ਹਿੱਕ ਥਾਪੜ ਕੇ ਆਖ



*ਗਿਆਨੀ ਗੁਰਬਚਨ ਸਿੰਘ*

ਸਕੇ ਕਿ ਹਾਲਾਤ ਫਲਾਣੇ ਪਾਸੇ ਨੂੰ ਹੀ ਜਾਣਗੇ। ਹੁਣ ਤੱਕ ਸਾਡੇ ਲੋਕ ਸਿਰਫ਼ ਇਸ ਗੱਲ ਦੀ ਚਰਚਾ ਕਰਦੇ ਸਨ ਕਿ ਅਕਾਲੀਆਂ ਅਤੇ ਕਾਂਗਰਸੀਆਂ ਤੋਂ ਬਿਨਾਂ ਉਨ੍ਹਾਂ ਕੋਲ ਹੋਰ ਬਦਲ ਕੋਈ ਨਹੀਂ। ਤਾਜ਼ਾ ਹਾਲਾਤ ਵਿਚ ਇਸ ਚਰਚਾ ਨੂੰ ਬੰਦ ਕਰਨ ਵਾਲੇ ਵੀ ਸਾਬਤ ਹੋ ਸਕਦੇ ਹਨ। ਇਨ੍ਹਾਂ ਦੋਵਾਂ ਦੇ ਮੁਕਾਬਲੇ ਤੀਜੀ ਧਿਰ ਵੀ ਇਸ ਵਾਰੀ ਸਾਹਮਣੇ ਆ ਸਕਦੀ ਹੈ। ਮਨਪ੍ਰੀਤ ਸਿੰਘ ਬਾਦਲ ਦਾ ਆਪਣੇ ਪਰਿਵਾਰ ਦੀ ਜਗੀਰ ਬਣ ਚੁੱਕੀ ਪਾਰਟੀ ਵਿਚੋਂ ਬਾਹਰ ਕੱਢਿਆ ਜਾਣਾ ਇਸ ਤੀਜੀ ਧਿਰ ਦਾ ਪੜੁੱਲ ਸਾਬਤ ਹੁੰਦਾ ਹੈ ਜਾਂ ਨਹੀਂ, ਹਾਲ ਦੀ ਘੜੀ ਇਹ ਕਹਿ ਸਕਣਾ ਤਾਂ ਔਖਾ ਹੈ ਪਰ ਇਸ ਵਿਚੋਂ ਭਵਿੱਖ ਦੀ ਰਾਜਨੀਤੀ ਲਈ ਸੰਕੇਤ ਲੱਭੇ ਜਾ ਰਹੇ ਹਨ।

ਐਨ ਉਸ ਮੌਕੇ ਜਦੋਂ ਘਟਨਾਵਾਂ ਦਾ ਇਹ ਦੌਰ ਚੱਲ ਰਿਹਾ ਹੈ, ਦੂਜੇ ਪਾਸੇ ਇਕ ਧਿਰ ਦੀ ਰਾਜਸੀ ਲੋੜ ਖ਼ਾਤਰ ਧਰਮ ਦੀ ਦੁਰਵਰਤੋਂ ਵਾਲਾ ਚੱਕਰ ਵੀ ਫਿਰ ਚੱਲ ਪਿਆ ਹੈ। ਅਗਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਹੋਣ ਵਾਲੀਆਂ ਹਨ। ਇਸ ਵਿਚ ਇਕ ਧਿਰ ਦੇ ਤੌਰ 'ਤੇ ਕਾਂਗਰਸ ਪਾਰਟੀ ਕੋਈ ਦਖ਼ਲ ਭਾਵੇਂ ਨਹੀਂ ਦੇਣ ਵਾਲੀ, ਪਰ ਇਸ ਦੇ ਨਵੇਂ ਨਿਯੁਕਤ ਹੋਏ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਸੰਦ ਦੇ ਬੰਦਿਆਂ ਦੀ ਮਦਦ ਕਰਨ ਤੋਂ ਵੀ ਨਹੀਂ ਰਹਿਣਾ। ਬਾਦਲ ਅਕਾਲੀ ਦਲ ਨੂੰ ਜੇਬ ਵਿਚ ਪਾਈ ਫਿਰਦੇ ਬਾਪ-ਬੇਟਾ ਖ਼ੁਦ ਤਾਂ ਮੁੱਖ ਮੰਤਰੀ ਅਤੇ ਉੱਪ ਮੁੱਖ ਮੰਤਰੀ ਹੁੰਦਿਆਂ ਵੀ ਇਸ ਚੋਣ ਵਿਚ ਨਗਾਰੇ ਉਤੇ ਚੋਟ ਲਾ ਕੇ ਮੈਦਾਨ ਮੱਲਣ ਵਾਲੇ ਹਨ ਪਰ ਅਮਰਿੰਦਰ ਸਿੰਘ ਬਾਰੇ ਆਖੀ ਜਾਂਦੇ ਹਨ ਕਿ ਉਸ ਦਾ ਇੰਜ ਕਰਨਾ ਚੋਣਾਂ ਦੇ ਬਹਾਨੇ ਸਿੱਖ ਧਰਮ ਦੇ ਮਾਮਲਿਆਂ ਵਿਚ ਦਖ਼ਲ ਮੰਨਿਆ ਜਾਵੇਗਾ। ਸਿੱਖ ਧਰਮ ਦਾ ਮੁਖ਼ਤਾਰਨਾਮਾ ਉਹ ਸਿਰਫ਼ ਆਪਣੇ ਨਾਂ ਹੀ ਲਿਖਿਆ ਹੋਇਆ ਮੰਨੀ ਬੈਠੇ ਹਨ। ਇਸ ਵਿਚ ਕਸੂਰ ਉਨ੍ਹਾਂ ਦਾ ਘੱਟ ਅਤੇ ਧਾਰਮਿਕ ਪਦਵੀਆਂ ਦੇ ਉਨ੍ਹਾਂ ਸਵਾਮੀਆਂ ਦਾ ਵੱਧ ਹੈ ਜਿਹੜੇ ਸ੍ਰੀ ਅਕਾਲ ਤਖ਼ਤ ਮੂਹਰੇ ਖੜ੍ਹੇ ਵੀ ਅਕਾਲ ਪੁਰਖ਼ ਵੱਲ ਘੱਟ ਅਤੇ ਪਦਵੀਆਂ ਬਖ਼ਸ਼ਣ ਵਾਲੇ ਬਾਪ-ਬੇਟੇ ਵੱਲ ਵੱਧ ਧਿਆਨ ਰੱਖਦੇ ਹਨ। ਜੇ ਉਹ ਸਿੱਖੀ ਸਿਧਾਂਤ ਨੂੰ ਪਹਿਲ ਦੇਣ ਵਾਲੇ ਹੁੰਦੇ ਤਾਂ ਪੰਜਾਬ ਅਤੇ ਸਿੱਖੀ ਨੇ ਉਸ ਅਧੋਗਤੀ ਨੂੰ ਕਦੇ ਪਹੁੰਚਣਾ ਹੀ ਨਹੀਂ ਸੀ, ਜਿਥੇ ਉਨ੍ਹਾਂ ਨੂੰ ਪਹੁੰਚਾ ਦਿੱਤਾ ਗਿਆ ਹੈ।

ਅਸੀਂ ਅਕਾਲੀ ਦਲ ਦੀ ਗੱਲ ਨਹੀਂ ਕਰਦੇ ਜਿਹੜਾ ਅੱਜ ਕੱਲ੍ਹ ਅਕਾਲੀਆਂ ਦਾ ਦਲ ਨਹੀਂ ਰਹਿ ਗਿਆ ਜਾਪਦਾ। ਕਦੇ ਕਾਂਗਰਸ ਪਾਰਟੀ ਦੇ ਇਕ ਫੁਕਰੇ ਜਿਹੇ ਪ੍ਰਧਾਨ ਨੇ 'ਇੰਦਰਾ ਇਜ਼ ਇੰਡੀਆ' ਦੀ ਗੱਲ ਕਹੀ ਤੇ ਉਸ ਦੀ ਪਾਰਟੀ ਵਿਚ ਬੈਠੇ ਹੋਰ ਚਾਪਲੂਸਾਂ ਨੇ ਉਸੇ ਨੂੰ ਨਾਅਰੇ ਵਾਂਗ ਚੁੱਕ ਲਿਆ ਸੀ। ਹੁਣ ਅਕਾਲੀ ਦਲ ਦੇ ਨਾਲ ਵੀ 'ਬਾਦਲ' ਇੰਜ ਜੁੜ ਗਿਆ ਹੈ ਜਿਵੇਂ ਉਹ ਲੀਡਰ ਹੀ 'ਬਾ-ਦਲ' (ਦਲ ਸਮੇਤ) ਬਣ ਗਿਆ ਹੋਵੇ। ਇਹ ਕਿਸੇ ਜਮਹੂਰੀ ਪਾਰਟੀ ਲਈ ਚੰਗੀ ਦਿੱਖ ਨਹੀਂ। ਬਾਦਲ ਦਲ ਉਂਜ ਵੀ ਜਮਹੂਰੀ ਚੱਜ-ਆਚਾਰ ਵਾਲੀ ਪਾਰਟੀ ਨਹੀਂ ਰਿਹਾ। ਇਸ ਵਿਚ ਆਗੂ ਹੁਣ ਲੋਕਾਂ ਵਿਚ ਭੱਲ ਰੱਖਣ ਵਾਲੇ ਬੰਦੇ ਨਹੀਂ ਬਣਦੇ ਸਗੋਂ ਉਨ੍ਹਾਂ ਨੂੰ ਬਣਾਇਆ ਜਾਂਦਾ ਹੈ, ਜਿਹੜੇ ਬਾਪ-ਬੇਟੇ ਦੇ ਫ਼ਰਮਾਬਰਦਾਰ ਹੋਣ ਅਤੇ ਉਨ੍ਹਾਂ ਦੇ ਇਕੋ ਇਸ਼ਾਰੇ ਉਤੇ ਕਿਸੇ ਦੇ 'ਪਿੱਛੇ' ਪੈ ਸਕਦੇ ਹੋਣ। ਲੋਕਾਂ ਨਾਲ ਵਾਅਦੇ ਕਰਨੇ ਤੇ ਮੁੱਕਰ ਜਾਣਾ ਤਾਂ ਇਸ ਪਾਰਟੀ ਦਾ ਸੁਭਾਅ ਬਣ ਗਿਆ ਹੈ। ਇਸੇ ਦਾ ਸਬੂਤ ਥਾਂ-ਥਾਂ ਟੈਂਕੀਆਂ ਉਤੇ ਚੜ੍ਹ ਕੇ ਬਾਦਲ ਅਕਾਲੀ ਦਲ ਦੇ ਚੋਣ ਮੈਨੀਫੈਸਟੋ ਲਹਿਰਾਉਂਦੇ ਤੇ ਖ਼ੁਦਕੁਸ਼ੀਆਂ ਕਰ ਰਹੇ ਮੁੰਡੇ-ਕੁੜੀਆਂ ਪੇਸ਼ ਕਰਦੇ ਹਨ। ਕਾਨੂੰਨ ਨਾਲ ਅੱਖ-ਮਟੱਕਾ ਕਰਨ ਤੋਂ ਵੀ ਇਹ ਪਾਰਟੀ ਝਿਜਕਦੀ ਨਹੀਂ। ਕਿਸੇ ਵੀ ਪਾਰਟੀ ਜਾਂ ਸੰਸਥਾ ਦੇ ਦੋ ਸੰਵਿਧਾਨ ਅੱਗੇ ਕਦੇ ਨਹੀਂ ਸਨ ਸੁਣੇ ਗਏ, ਪਰ ਬਾਦਲ ਅਕਾਲੀ ਦਲ ਨੇ ਇਹ ਵੀ ਕਰ ਕੇ ਵਿਖਾ ਦਿੱਤਾ ਹੈ ਅਤੇ ਇਸ ਸਬੰਧੀ ਕੇਸ ਹੁਣ ਅਦਾਲਤਾਂ ਦੇ ਵਿਚਾਰਅਧੀਨ ਹੈ। ਉਨ੍ਹਾਂ ਉਤੇ ਦੋਸ਼ ਇਹ ਲੱਗਾ ਹੈ ਕਿ ਪਾਰਲੀਮੈਂਟ, ਵਿਧਾਨ ਸਭਾ ਅਤੇ ਹੋਰ ਲੋਕ-ਰਾਜੀ ਅਦਾਰਿਆਂ ਲਈ ਚੋਣ ਲੜਨ ਵਾਸਤੇ ਉਸ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਆਪਣਾ ਇਕ ਸੰਵਿਧਾਨ ਪੇਸ਼ ਕੀਤਾ ਜਿਸ ਵਿਚ ਲਿਖਿਆ ਸੀ ਕਿ ਇਹ ਧਰਮ-ਨਿਰਪੱਖ ਪਾਰਟੀ ਹੈ, ਜਿਸ ਦੇ ਅਹੁਦੇਦਾਰਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਹਨ ਅਤੇ ਉਨ੍ਹਾਂ ਨੂੰ ਚੋਣਾਂ ਲੜਨ ਲਈ ਟਿਕਟਾਂ ਵੀ ਦਿੰਦੀ ਹੈ। ਦੂਜੇ ਪਾਸੇ, ਗੁਰਦੁਆਰਾ ਚੋਣ ਕਮਿਸ਼ਨ ਕੋਲ ਇਹ ਸੰਵਿਧਾਨ ਪੇਸ਼ ਕਰ ਦਿੱਤਾ ਕਿ ਬਾਦਲ ਅਕਾਲੀ ਦਲ ਸਿਰਫ਼ ਸਿੱਖਾਂ ਦੀ ਪਾਰਟੀ ਹੈ, ਤਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਸਕੇ ਅਤੇ ਜਿੱਤ ਕੇ ਗੋਲਕਾਂ, ਸਟੇਜਾਂ ਅਤੇ ਸਟਾਫ ਦੀ ਦੁਰਵਰਤੋਂ ਕਰ ਸਕੇ। ਇਕ ਥਾਂ ਇਹ ਲਿਖਤੀ ਮੁਆਫ਼ੀ ਵੀ ਮੰਗ ਲਈ ਕਿ ਦੋ ਸੰਵਿਧਾਨ ਪੇਸ਼ ਕਰਨੇ ਸਾਡੀ ਗ਼ਲਤੀ ਸੀ ਪਰ ਸੰਵਿਧਾਨ ਫਿਰ ਵੀ ਦੋ ਦੇ ਦੋ ਹੀ ਰੱਖੇ ਹੋਏ ਹਨ। ਇਹੋ ਜਿਹੀ ਪਾਰਟੀ ਆਪਣੀਆਂ ਰਾਜਸੀ ਖ਼ਾਹਿਸ਼ਾਂ ਲਈ ਕੀ ਕਰਦੀ ਹੈ ਤੇ ਕੀ ਨਹੀਂ, ਇਸ ਦੀ ਚਿੰਤਾ ਛੱਡ ਕੇ ਸਾਨੂੰ ਇਹ ਵੇਖਣ ਦੀ ਲੋੜ ਹੈ ਕਿ ਰਾਜਨੀਤੀ ਲਈ ਧਰਮ ਦੀ ਦੁਰਵਰਤੋਂ ਜਦੋਂ ਹੁੰਦੀ ਹੈ, ਧਾਰਮਿਕ ਪੁਰਸ਼ ਕੀ ਭੂਮਿਕਾ ਨਿਭਾਉਂਦੇ ਹਨ?

ਧਾਰਮਿਕ ਪਦਵੀਆਂ ਵਾਲਿਆਂ ਦੀ ਦੁਰਵਰਤੋਂ ਤਾਂ ਸ਼ਾਇਦ ਕਾਫੀ ਪਹਿਲਾਂ ਤੋਂ ਹੁੰਦੀ ਸੀ ਪਰ ਬਾਦਲ-ਟੌਹੜਾ ਖਹਿਸਰ ਦੇ ਦੌਰ ਵਿਚ ਇਹ ਕਾਫੀ ਵਧ ਗਈ। ਇਕ ਤੋਂ ਵੱਧ ਵਾਰੀ ਅਕਾਲੀ ਏਕਤਾ ਦੇ ਨਾਂ 'ਤੇ ਕੱਦ ਕੱਢ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਵਾਰ ਵਾਰ ਦੂਜੀ ਧਿਰ ਦੇ ਥੱਲੇ ਲਾਉਣ ਦੀ ਖੇਡ ਜਦੋਂ ਖੇਡੀ ਗਈ ਸੀ, ਅਸੀਂ ਉਦੋਂ ਵੀ ਕਹਿੰਦੇ ਸਾਂ ਕਿ ਇਸ ਦੇ ਨਤੀਜੇ ਚੰਗੇ ਨਹੀਂ ਨਿਕਲਣਗੇ ਤੇ ਗੱਲ ਅੰਤ ਨੂੰ ਹੋਈ ਵੀ ਇਹੋ ਸੀ। ਸਾਰਿਆਂ ਨੂੰ ਪਤਾ ਹੈ ਕਿ ਮੁੱਖ ਮੰਤਰੀ ਬੇਅੰਤ ਸਿੰਘ ਦੇ ਰਾਜ ਵੇਲੇ ਜਦੋਂ ਸਾਰੇ ਅਕਾਲੀ ਧੜਿਆਂ ਦੀ ਏਕਤਾ ਦੀ ਗੱਲ ਚੱਲੀ ਅਤੇ ਇਸ ਬਹਾਨੇ ਹੇਠ ਉਦੋਂ ਦੇ ਐਕਟਿੰਗ ਜਥੇਦਾਰ ਪ੍ਰੋ. ਮਨਜੀਤ ਸਿੰਘ ਤੋਂ ਖ਼ਾਸ ਕਿਸਮ ਦੀ 'ਐਕਟਿੰਗ' ਕਰਵਾਈ ਗਈ, ਉਸ ਦਾ ਨਿਸ਼ਾਨਾ ਸਿਰਫ਼ ਪ੍ਰਕਾਸ਼ ਸਿੰਘ ਬਾਦਲ ਸੀ।

ਜਿਨ੍ਹਾਂ ਕੋਲ ਟਾਂਗੇ ਦੀਆਂ ਸਵਾਰੀਆਂ ਜਿੰਨੇ ਜੋੜੀਦਾਰਾਂ ਤੋਂ ਬਿਨਾਂ ਕੋਈ ਬੰਦਾ ਨਹੀਂ ਸੀ, ਉਨ੍ਹਾਂ ਸਾਰਿਆਂ ਨੂੰ ਇਕ ਥਾਂ ਕਰ ਕੇ ਬਾਦਲ ਨੂੰ ਉਨ੍ਹਾਂ ਦੇ ਬਰਾਬਰ ਬਿਠਾਉਣ ਦੀ ਖੇਡ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਕੇ ਉਸ ਨੇ ਅਜਨਾਲਾ, ਨਕੋਦਰ ਅਤੇ ਗਿੱਦੜਬਾਹਾ ਤੋਂ ਵਿਧਾਨ ਸਭਾ ਦੇ ਤਿੰਨ ਹਲਕਿਆਂ ਦੀ ਉਪ ਚੋਣ ਲੜ ਕੇ ਲੋਕਾਂ ਦਾ ਫਤਵਾ ਲੈਣ ਦਾ ਠੀਕ ਪੈਂਤੜਾ ਲੈ ਲਿਆ। ਚੋਣਾਂ ਦੇ ਨਤੀਜੇ ਨੇ ਸਿਰਫ਼ ਇਹੋ ਨਹੀਂ ਕਿ ਬਾਦਲ ਧੜੇ ਦੀ ਦੂਜਿਆਂ ਉਤੇ ਅਗੇਤ ਸਾਬਤ ਕੀਤੀ ਹੋਵੇ, ਨਾਲ ਹੀ ਉਸ ਧੜੇ ਦੇ ਮੁਖੀ ਬਾਦਲ ਦੇ ਮਨ ਵਿਚ ਇਹ ਗੱਲ ਵੀ ਬਿਠਾ ਦਿੱਤੀ ਕਿ ਰੋਜ਼ ਦੇ ਪੰਥਕ ਪੁਆੜਿਆਂ ਦਾ ਹੱਲ ਇਹੋ ਹੈ ਕਿ ਧਾਰਮਿਕ ਪਦਵੀਆਂ ਵਾਲੇ ਵੀ 'ਆਪਣੇ' ਬਣਾਉਣੇ ਪੈਣਗੇ। ਜਦੋਂ ਉਹ ਇਸ ਚਾਲ ਵਿਚ ਕਾਮਯਾਬ ਹੋ ਗਿਆ, ਧਾਰਮਿਕ ਪਦਵੀਆਂ ਵਾਲੇ ਵੀ ਉਸ ਦੇ ਇੰਨੇ 'ਆਪਣੇ' ਬਣਨ ਦੀ ਦੌੜ ਵਿਚ ਪੈ ਗਏ ਕਿ ਹਰ ਕੋਈ ਹੈਰਾਨ ਰਹਿ ਗਿਆ। ਜਿਸ ਕਿਸੇ ਨੇ ਹੀਲ-ਹੁੱਜਤ ਕੀਤੀ, ਉਸ ਨੂੰ ਇੰਜ ਬੇਆਬਰੂ ਕਰ ਕੇ ਤੋਰ ਦਿੱਤਾ ਕਿ ਬਾਕੀਆਂ ਨੂੰ ਕੰਨ ਹੋ ਜਾਣ। ਹੁਣ ਅੰਮ੍ਰਿਤਸਰ ਤੋਂ ਲੈ ਕੇ ਆਨੰਦਪੁਰ ਸਾਹਿਬ ਤਕ ਪੰਥ ਕੇ ਪਿੜ ਵਿਚ 'ਚਾਰੇ ਚੱਕ ਜਗੀਰ' ਇਸੇ ਟੱਬਰ ਦੀ ਬਣੀ ਪਈ ਹੈ।

ਪੰਜਾਬ ਦੇ ਸਭਿਆਚਾਰ ਵਿਚ ਇਹ ਵਿਹਾਰ ਆਮ ਵੇਖਿਆ ਜਾਂਦਾ ਹੈ ਕਿ ਜਿਹੜੀ ਔਰਤ ਨੇ ਨੂੰਹ ਹੁੰਦਿਆਂ ਆਪਣੀ ਸੱਸ ਦੀਆਂ ਵਧੀਕੀਆਂ ਨਾਲ ਵਿਲਕਦਿਆਂ ਦਿਨ ਕੱਟੇ ਹੋਏ ਹੋਣ, ਜਦੋਂ ਆਪ ਸੱਸ ਬਣ ਜਾਵੇ ਤਾਂ ਅੱਗਿਓਂ ਨੂੰਹਾਂ ਨਾਲ ਵੀ ਉਹੋ ਕੁਝ ਕਰਨਾ ਸ਼ੁਰੂ ਕਰ ਦਿੰਦੀ ਹੈ। ਸੱਸਾਂ ਘੱਟੋ-ਘੱਟ ਇਕ ਗੱਲੋਂ ਈਮਾਨਦਾਰ ਹੁੰਦੀਆਂ ਹਨ। ਜੇ ਕਿਸੇ ਸੱਚ ਦਾ ਸਾਹਮਣਾ ਹੋ ਜਾਵੇ ਤਾਂ ਇਹ ਵੀ ਕਹਿ ਦਿੰਦੀਆਂ ਹਨ ਕਿ ਇਸ ਨੂੰਹ ਨਾਲ ਕੋਈ ਜੱਗੋਂ ਤੇਰ੍ਹਵੀਂ ਤਾਂ ਨਹੀਂ ਹੋਈ, ਸਾਡੇ ਨਾਲ ਵੀ ਬਥੇਰਾ ਕੁਝ ਹੁੰਦਾ ਰਿਹਾ ਸੀ। ਬਾਦਲ ਬਾਪ-ਬੇਟਾ ਮੂੰਹੋਂ ਇਹ ਗੱਲ ਮੰਨਣ ਦੀ ਈਮਾਨਦਾਰੀ ਕਦੇ ਨਹੀਂ ਵਿਖਾਉਣਗੇ ਪਰ ਕਰਦੇ ਉਹੋ ਕੁਝ ਹਨ ਜਿਹੜਾ ਉਹ ਸੱਸਾਂ ਕਰਦੀਆਂ ਹਨ। ਇਕ ਗੱਲ ਜਿਹੜੀ ਉਨ੍ਹਾਂ ਨੂੰ ਯਾਦ ਰੱਖਣ ਦੀ ਲੋੜ ਹੈ, ਉਹ ਇਹ ਕਿ ਸੱਸਾਂ ਨੇ ਮੁੜ ਕੇ ਕਦੇ ਨੂੰਹ ਨਹੀਂ ਬਣਨਾ ਹੁੰਦਾ ਪਰ ਰਾਜਨੀਤੀ ਵਿਚ 'ਕਦੇ ਦਾਦੇ ਦੀਆਂ ਤੇ ਕਦੇ ਪੋਤੇ ਦੀਆਂ' ਵਾਲੀ ਖੇਡ ਵਿਚ ਕੱਲ੍ਹ ਨੂੰ ਇਹੋ ਕੁਝ ਬਾਦਲ ਸਾਹਿਬ ਦੀ ਥਾਂ ਉਨ੍ਹਾਂ ਦੇ ਪੁੱਤਰ ਨੂੰ ਵੀ ਭੁਗਤਣਾ ਪੈ ਸਕਦਾ ਹੈ।

ਕੱਲ੍ਹ ਦੀ ਗੱਲ ਕੱਲ੍ਹ ਲਈ ਛੱਡ ਕੇ ਅਸੀਂ ਅੱਜ ਦੀ ਗੱਲ ਕਰੀਏ ਤਾਂ ਸਾਫ਼ ਲੱਭਦਾ ਹੈ ਕਿ ਜਦੋਂ ਤੋਂ ਸਿੱਖ ਧਰਮ ਦੀਆਂ ਸੰਸਥਾਵਾਂ ਬਾਦਲਸ਼ਾਹੀ ਛੱਪੇ ਹੇਠ ਆਈਆਂ ਹਨ, ਉਦੋਂ ਤੋਂ ਇਨ੍ਹਾਂ ਦਾ ਵਿਹਾਰ ਇੰਨਾ ਕਾਣੀ ਡੰਡੀ ਵਾਲਾ ਹੋ ਗਿਆ ਹੈ ਜਿੰਨਾ ਕਦੇ ਇਤਿਹਾਸ ਵਿਚ ਪਹਿਲਾਂ ਨਹੀਂ ਵੇਖਿਆ ਗਿਆ। ਇਸ ਦੀ ਪਹਿਲੀ ਝਲਕ ਪੰਜਾਬ ਦੇ ਲੋਕਾਂ ਨੇ ਉਸ ਵੇਲੇ ਵੇਖੀ ਜਦੋਂ ਇੰਦਰ ਕੁਮਾਰ ਗੁਜਰਾਲ ਦੇ ਪ੍ਰਧਾਨ ਮੰਤਰੀ ਬਣਨ ਉਤੇ ਉਸ ਦੇ ਨਾਲ ਅੰਮ੍ਰਿਤਸਰ ਆਏ ਕੇਂਦਰ ਦੇ ਇਕੋ-ਇਕ ਸਿੱਖ ਅਤੇ ਪੰਜਾਬੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੂੰ ਸਿਰਫ਼ ਸਿਰੋਪਾ ਦੇਣ ਤੋਂ ਨਾਂਹ ਕਰਨ ਵੇਲੇ ਉਸ ਦੀ ਦਾੜ੍ਹੀ ਨੂੰ ਹੱਥ ਲਾ ਕੇ ਇਹ ਵੀ ਦੱਸਿਆ ਗਿਆ ਕਿ 'ਤੂੰ ਆਹ ਰੰਗੀ ਹੋਈ ਹੈ।' ਰਾਮੂਵਾਲੀਏ ਨੂੰ ਪਹਿਲਾਂ ਉਥੋਂ ਹੀ ਕਈ ਵਾਰੀ ਸਿਰੋਪੇ ਦਿੱਤੇ ਜਾਂਦੇ ਰਹੇ ਸਨ ਪਰ ਕਦੇ ਇਸ ਦਲੀਲ ਹੇਠ ਨਾਂਹ ਨਹੀਂ ਸੀ ਕੀਤੀ ਗਈ। ਉਦੋਂ ਵੀ ਗੱਲ ਸਿਰੋਪੇ ਦੀ ਨਹੀਂ, ਦਾੜ੍ਹੀ ਰੰਗਣ ਦੀ ਢੁੱਚਰ ਡਾਹ ਕੇ ਉਸ ਦੀ ਬੇਇੱਜ਼ਤੀ ਕਰਾਉਣੀ ਸੀ, ਕਰਵਾ ਦਿੱਤੀ ਗਈ। ਫਿਰ ਇਕ ਵਾਰ ਇਹੋ ਕੁਝ ਕੈਪਟਨ ਅਮਰਿੰਦਰ ਸਿੰਘ ਨਾਲ ਕੀਤਾ ਗਿਆ, ਹਾਲਾਂਕਿ ਉਸ ਨੂੰ ਵੀ ਮੁੱਖ ਮੰਤਰੀ ਬਣਨ ਤੀਕਰ ਸਿਰੋਪੇ ਮਿਲਦੇ ਰਹੇ ਸਨ। ਭਲਾ ਜੇ ਦਾੜ੍ਹੀ ਰੰਗਣਾ ਹੀ ਗੁਨਾਹ ਹੈ ਤਾਂ ਯੂਥ ਵਿੰਗ ਦੀ ਲੀਡਰੀ ਕਰਨ ਖ਼ਾਤਰ ਪੁੱਤਰਾਂ ਹੀ ਨਹੀਂ, ਪੋਤਰਿਆਂ ਵਾਲੇ ਹੋ ਕੇ ਵੀ ਦਾੜ੍ਹੀਆ ਰੰਗੀ ਫਿਰਦੇ ਬਾਦਲ ਅਕਾਲੀ ਦਲ ਦੇ ਲੀਡਰਾਂ ਨਾਲ ਏਦਾਂ ਕਦੇ ਕਿਉਂ ਨਹੀਂ ਕੀਤਾ ਗਿਆ?

ਇਕ ਵਾਰੀ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਇਜਲਾਸ ਵਿਚ ਇਸੇ ਕਮੇਟੀ ਦੇ ਇਕ ਜੂਨੀਅਰ ਮੀਤ ਪ੍ਰਧਾਨ ਦੀ ਦਾੜ੍ਹੀ ਰੰਗਣ ਦਾ ਰੌਲਾ ਵੀ ਪੈ ਗਿਆ ਸੀ। ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਉਸ ਦੀ ਦਾੜ੍ਹੀ ਟੋਹ ਕੇ ਵੇਖੀ ਤੇ ਕਹਿ ਦਿੱਤਾ ਸੀ ਕਿ ਅੱਗੇ ਤੋਂ ਨਾ ਰੰਗੀਂ, ਉਸ ਨੂੰ ਉਦੋਂ ਤਕ ਸਿਰੋਪੇ ਕਿਉਂ ਦਿੱਤੇ ਜਾਂਦੇ ਰਹੇ ਸਨ?



*ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ*

ਇਹ ਗੱਲ ਅਸੀਂ ਇਸ ਲਈ ਛੇੜੀ ਹੈ ਕਿ ਪਿਛਲੇ ਦਿਨੀਂ ਮਨਪ੍ਰੀਤ ਬਾਦਲ ਨੂੰ ਇਕ ਧਾਰਮਿਕ ਅਸਥਾਨ ਵਿਚੋਂ ਸਿਰੋਪੇ ਤੋਂ ਨਾਂਹ ਕੀਤੀ ਗਈ ਹੈ। ਇੰਨਾ ਹੀ ਨਹੀਂ, ਉਸ ਦਾ ਚੌਦਾਂ ਨਵੰਬਰ ਨੂੰ ਅੰਮ੍ਰਿਤਸਰ ਜਾ ਕੇ ਮੱਥਾ ਟੇਕਣ ਦਾ ਐਲਾਨ ਸੁਣ ਕੇ ਅਖ਼ਬਾਰਾਂ ਨੂੰ ਇਹ ਸੂਹਾਂ ਪੁਚਾਈਆਂ ਜਾ ਰਹੀਆਂ ਹਨ ਕਿ ਆਉਣ ਦਿਓ, ਸਿਰੋਪਾ ਤਾਂ ਉਸ ਨੂੰ ਦੇਣਾ ਨਹੀਂ, ਅੰਮ੍ਰਿਤ ਛਕ ਕੇ ਨਿਭਾ ਨਾ ਸਕਣ ਕਾਰਨ ਕੁੜਿੱਕੀ ਪਾ ਦੇਣੀ ਹੈ। ਜਦੋਂ ਕਿਸੇ ਕੋਲ ਇੰਜ ਕਰ ਸਕਣ ਦੀ ਸਮਰੱਥਾ ਹੋਵੇ, ਉਸ ਨੂੰ ਕੋਈ ਰੋਕ ਨਹੀਂ ਸਕਦਾ ਪਰ ਇਸ ਨਾਲ ਜਿਹੜਾ ਪ੍ਰਭਾਵ ਪੈਣਾ ਹੈ, ਧਾਰਮਿਕ ਹਸਤੀਆਂ ਨੂੰ ਉਹਦਾ ਖ਼ਿਆਲ ਰੱਖ ਲੈਣਾ ਚਾਹੀਦਾ ਹੈ। ਜੇ ਚੇਤਾ ਨਾ ਹੋਵੇ ਤਾਂ ਅਸੀਂ ਤਰਜਬਾ ਚੇਤੇ ਕਰਵਾ ਸਕਦੇ ਹਾਂ।

ਕਦੇ ਪ੍ਰੋਫੈਸਰ ਮਨਜੀਤ ਸਿੰਘ ਨੇ ਅਕਾਲ ਤਖ਼ਤ ਦੀ ਐਕਟਿੰਗ ਜਥੇਦਾਰੀ ਲੈਣ ਲੱਗਿਆਂ



*ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ*

ਇਹ ਆਖਿਆ ਸੀ ਕਿ 'ਬੰਦੇ ਨੂੰ ਬੰਦੇ ਦਾ ਬੰਦਾ' ਨਹੀਂ ਬਣਨਾ ਚਾਹੀਦਾ। ਸਮਾਂ ਪਾ ਕੇ ਉਹ ਆਪ ਇਹੋ ਜਿਹਾ ਤਿਲਕਿਆ ਕਿ ਹਰ 'ਬੰਦੇ ਦਾ ਬੰਦਾ' ਬਣਿਆ ਦਿਸਦਾ ਸੀ ਤੇ ਕੋਈ ਵੱਕਾਰ ਵੀ ਨਹੀਂ ਸੀ ਰਹਿ ਗਿਆ। ਪਹਿਲਾਂ ਇਕ 'ਬੰਦੇ ਦਾ ਬੰਦਾ' ਬਣ ਕੇ ਉਹ ਬਾਦਲ ਦੇ ਗਿੱਟੇ ਛਾਂਗਣ ਲੱਗਾ ਸੀ, ਵਕਤ ਦੇ ਮੋੜਾ ਕੱਟਦੇ ਸਾਰ ਉਹ ਬਾਦਲ ਦਾ ਵੀ 'ਬੰਦਾ' ਬਣਨ ਤੁਰ ਪਿਆ ਸੀ। ਆਖ਼ਰ ਨੂੰ ਉਸ ਨਾਲ ਇਹ ਭਾਣਾ ਵਾਪਰਿਆ ਕਿ ਸਿਰਫ਼ ਅਹੁਦਾ ਹੀ ਨਹੀਂ ਸੀ ਖੋਹਿਆ ਗਿਆ, ਬੇਆਬਰੂ ਕਰਨ ਵਾਲੀਆਂ ਊਜਾਂ ਵੀ ਉਸ ਦੇ ਨਾਂ ਨਾਲ ਲਾ ਕੇ ਘਰ ਨੂੰ ਤੋਰਿਆ ਗਿਆ ਸੀ। ਜੋ ਉਹਦੇ ਨਾਲ ਬੀਤੀ ਸੀ, ਕਿਸੇ ਮੋੜ ਉਤੇ ਹੁਣ ਵਾਲਿਆਂ ਨਾਲ ਵੀ ਬੀਤ ਸਕਦੀ ਹੈ। ਇਸ ਤੋਂ ਬਚਣ ਦਾ ਰਾਹ ਇਹ ਨਹੀਂ ਕਿ ਚੰਡੀਗੜ੍ਹੋਂ ਆਏ ਸਾਰੇ ਹੁਕਮ 'ਸੱਤ' ਕਰ ਕੇ ਮੰਨੇ ਜਾਣ। ਮਨਜੀਤ ਸਿੰਘ ਦੇ ਬਾਅਦ ਪ੍ਰੋਫੈਸਰ ਦਰਸ਼ਨ ਸਿੰਘ ਨਾਲ ਕੀ ਹੋਈ, ਭਾਈ ਰਣਜੀਤ ਸਿੰਘ ਨਾਲ ਕੀ, ਗਿਆਨੀ ਪੂਰਨ ਸਿੰਘ ਨਾਲ ਕੀ ਤੇ ਫਿਰ ਜਿਹੜਾ ਹਸ਼ਰ ਗਿਆਨੀ ਜੁਗਿੰਦਰ ਸਿੰਘ ਵੇਦਾਂਤੀ ਦਾ ਕੀਤਾ ਗਿਆ, ਉਹ ਸਭ ਅੰਮ੍ਰਿਤਸਰ ਵੱਲ ਵੇਖਣ ਵਾਲੇ ਬੱਚੇ-ਬੱਚੇ ਨੂੰ ਪਤਾ ਹੈ!

...ਤੇ ਇਹ ਸਭ ਕਰਨ-ਕਰਾਉਣ ਵਾਲੇ ਕੌਣ ਸਨ? ਉਹ ਸਿਆਸੀ ਲੀਡਰ, ਜਿਹੜੇ ਬਾਹਰੋਂ ਤਾਂ ਧਰਮ ਦਾ ਜਿੰਨਾ ਵੀ ਹੋਕਾ ਦਿੰਦੇ ਰਹਿਣ, ਅੰਦਰੋਂ ਇਸ ਦੀ ਰਤਾ ਪ੍ਰਵਾਹ ਨਹੀਂ ਕਰਦੇ। ਇਕ ਮੌਕਾ ਏਦਾਂ ਦਾ ਵੀ ਆਇਆ ਸੀ ਜਦੋਂ ਖਡੂਰ ਸਾਹਿਬ ਦੇ ਮੇਲੇ ਮੌਕੇ ਅਕਾਲੀ ਦਲ ਦੀ ਰਾਜਸੀ ਸਟੇਜ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਕਾਲੀਆਂ ਦੇ ਦੋ ਧੜੇ ਖਹਿਬੜ ਪਏ ਸਨ। ਪੱਗਾਂ ਲੱਥ ਗਈਆਂ ਤੇ ਸਟੇਜ ਉਤੇ ਜੁੱਤੀਆਂ ਸਣੇ ਖੌਰੂ ਪਾਇਆ ਗਿਆ ਸੀ। ਫਿਰ ਇਹ ਸ਼ਿਕਾਇਤ ਅਕਾਲ ਤਖ਼ਤ ਸਾਹਿਬ ਪਹੁੰਚ ਗਈ। ਮੌਕੇ ਦੇ ਜਥੇਦਾਰ ਅਤੇ ਉਸ ਨਾਲ ਬੈਠੇ ਪੰਜ ਸਿੰਘ ਸਾਹਿਬਾਨ ਨੇ ਰਤਾ ਕੌੜ ਨਾਲ ਇਸ ਦੀ ਨਿੰਦਾ ਕਰਨ ਦੀ ਗੱਲ ਛੋਹੀ ਤਾਂ ਅਕਾਲੀ ਲੀਡਰ ਉਨ੍ਹਾਂ ਦੇ ਗਲ ਪੈ ਗਏ। ਨੌਬਤ ਹੱਥੋਪਾਈ ਦੀ ਆਉਂਦੀ ਵੇਖੀ ਤਾਂ ਸਿੰਘ ਸਾਹਿਬਾਨ ਭੱਜ ਕੇ ਪਿਛਲੀ ਕੋਠੜੀ ਵਿਚ ਜਾ ਵੜੇ ਅਤੇ ਅਕਾਲੀ ਲੀਡਰ ਉਨ੍ਹਾਂ ਦੇ ਦਰਵਾਜ਼ੇ ਨੂੰ ਬਾਹਰੋਂ ਠੁੱਡ ਮਾਰ ਕੇ ਇਹ ਦੱਸਣ ਦੀ ਕੋਸ਼ਿਸ਼ ਕਰਦੇ ਰਹੇ ਸਨ ਕਿ ਜੇ ਕਾਬੂ ਆ ਜਾਣ ਤਾਂ ਇਨ੍ਹਾਂ ਨਾਲ ਵੀ ਆਹ ਕੁਝ ਹੋ ਸਕਦਾ ਹੈ। ਕੁਝ ਦਿਨਾਂ ਬਾਅਦ ਧਰਮ ਦੇ ਨਾਂ ਉਤੇ ਰਾਜਨੀਤੀ ਕਰਨ ਵਾਲੇ ਕੁਝ ਲੋਕਾਂ ਨੇ ਵਿਚ ਪੈ ਕੇ ਸਮਝੌਤਾ ਕਰਵਾ ਦਿੱਤਾ ਤੇ ਉਨ੍ਹਾਂ ਲੀਡਰਾਂ ਦੀ ਅਕਾਲ ਤਖ਼ਤ ਅੱਗੇ ਪੇਸ਼ੀ ਇਹ ਸ਼ਰਤ ਅਗਾਊਂ ਮੰਨਵਾ ਕੇ ਹੋਈ ਸੀ ਕਿ ਉਨ੍ਹਾਂ ਨੂੰ 'ਤਨਖ਼ਾਹ' ਬਾਹਲੀ ਕਰੜੀ ਅਤੇ ਬੇਇੱਜ਼ਤ ਕਰਨ ਵਾਲੀ ਨਹੀਂ ਲਾਈ ਜਾਵੇਗੀ। ਏਦਾਂ ਕਰਨ ਵਾਲੇ ਅਕਾਲੀ ਲੀਡਰਾਂ ਵਿਚੋਂ ਇਕ ਅੱਜ ਵੀ ਦੇ ਪੰਜਾਬ ਦੇ ਮੰਤਰੀ ਮੰਡਲ 'ਚ ਸ਼ਾਮਲ ਹੈ।

ਇਕ ਗੱਲ ਹੋਰ ਦੱਸ ਦੇਈਏ, ਜਿਸ ਦਾ ਸਬੰਧ ਉਸ ਦੌਰ ਨਾਲ ਹੈ ਜਦੋਂ ਧਾਰਮਿਕ ਅਸਥਾਨਾਂ ਦੀ ਰਾਜਸੀ ਮੰਤਵਾਂ ਲਈ ਦੁਰਵਰਤੋਂ ਦਾ ਹਾਲੇ ਮੁੱਢ ਹੀ ਬੱਝਾ ਸੀ। ਪੰਜਾਬੀ ਸੂਬੇ ਦੀ ਮੰਗ ਲਈ ਮੋਰਚੇ ਲੱਗਣ ਵੇਲੇ ਉਦੋਂ ਦੀ ਜਨ ਸੰਘ ਪਾਰਟੀ, ਜਿਹੜੀ ਪਿੱਛੋਂ ਸਮਾਂ ਪਾ ਕੇ ਭਾਰਤੀ ਜਨਤਾ ਪਾਰਟੀ ਬਣ ਗਈ, ਦੇ ਲੀਡਰ ਅਕਾਲੀ ਲੀਡਰਾਂ ਸੰਤ ਫਤਹਿ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਮਰਨ-ਵਰਤ ਦੇ ਮੁਕਾਬਲੇ ਦਾ ਮਰਨ-ਵਰਤ ਰੱਖਿਆ ਕਰਦੇ ਸਨ। ਜਦੋਂ ਪੰਜਾਬੀ ਬੋਲੀ ਦੇ ਨਾਂ ਉਤੇ ਹੁਣ ਵਾਲਾ ਪੰਜਾਬ ਉਲੀਕਿਆ ਗਿਆ, ਪਹਿਲੀ ਚੋਣ ਮਗਰੋਂ ਹੀ ਉਨ੍ਹਾਂ ਨਾਲ ਸਾਂਝੀ ਸਰਕਾਰ ਬਣਾਉਣੀ ਪੈ ਗਈ। ਉਹ ਸਿਰਫ਼ ਇਕ ਰਾਜਸੀ ਸਾਂਝ ਸੀ ਤੇ ਰਾਜਸੀ ਰਹਿਣੀ ਚਾਹੀਦੀ ਸੀ ਪਰ ਹੋਇਆ ਇਹ ਕਿ ਮੱਸਿਆ ਅਤੇ ਹੋਰ ਮੌਕਿਆਂ ਉਤੇ ਉਨ੍ਹਾਂ ਦੇ ਕੁਝ ਲੀਡਰਾਂ ਨੂੰ ਗੁਰਦੁਆਰਿਆਂ ਵਿਚ ਬੋਲਣ ਦਾ ਮੌਕਾ ਦਿੱਤਾ ਜਾਣ ਲੱਗ ਪਿਆ। ਜਿਹੜੇ ਬੰਦੇ ਉਸ ਵਕਤ ਸਿੱਖੀ ਸਟੇਜਾਂ ਉਤੇ ਜਾ ਕੇ ਬੋਲਦੇ ਰਹੇ, ਉਹ ਡੇਢ ਸਾਲ ਬਾਅਦ ਗੁਰੂ ਨਾਨਕ ਯੂਨੀਵਰਸਿਟੀ ਬਣਾਉਣ ਦੇ ਸਵਾਲ ਉਤੇ ਫਿਰ ਵਿਰੋਧ ਵਿਚ ਜਾ ਖਲੋਤੇ ਸਨ, ਪਰ ਜਦੋਂ ਕੁਝ ਸਾਲ ਪਿੱਛੋਂ ਫਿਰ ਰਾਜਸੀ ਗੰਢ-ਚਿਤਰਾਵਾ ਹੋ ਗਿਆ ਤਾਂ ਇਸ ਨੂੰ 'ਹਿੰਦੂ-ਸਿੱਖ ਏਕਤਾ' ਕਿਹਾ ਜਾਣ ਲੱਗ ਪਿਆ ਸੀ।

ਅਸੀਂ ਗੱਲ ਸ਼ੁਰੂ ਇਥੋਂ ਕੀਤੀ ਸੀ ਕਿ ਘਟਨਾਵਾਂ ਦੀ ਤਿੱਖੀ ਤੋਰ ਦੱਸਦੀ ਹੈ ਕਿ ਪੰਜਾਬ ਦੇ ਭਵਿੱਖ ਦਾ ਇਕ ਨਵਾਂ ਰਾਜਸੀ ਨਕਸ਼ਾ ਵੀ ਉਭਰ ਸਕਦਾ ਹੈ। ਅਗਲੀਆਂ ਚੋਣਾਂ ਪਿਛਲੀਆਂ ਸਾਰੀਆਂ ਤੋਂ ਵੱਖਰੀ ਕਿਸਮ ਦੀਆਂ ਹੋਣ ਦਾ ਅੰਦਾਜ਼ਾ ਹੁਣੇ ਤੋਂ ਲਾਇਆ ਜਾ ਰਿਹਾ ਹੈ। ਜੇ ਕੋਈ ਹਾਲੇ ਇਹ ਨਹੀਂ ਜਾਣਦਾ ਕਿ ਕੋਈ ਤੀਜੀ ਵੰਨਗੀ ਵੀ ਪੰਜਾਬ ਦੀ ਰਾਜਨੀਤੀ ਵਿਚ ਉਭਰ ਸਕਦੀ ਹੈ ਤਾਂ ਕੋਈ ਇਹ ਕਹਿਣ ਵਾਲਾ ਵੀ ਨਹੀਂ ਕਿ ਇਸ ਰਾਜ ਦੀ ਵਾਗ ਹੁਣ ਵਾਲੇ ਹੱਥਾਂ ਵਿਚ ਹੀ ਰਹੇਗੀ। ਲਾਹੌਰ ਦਰਬਾਰ ਦੇ ਵੇਲੇ ਤੋਂ ਪੰਜਾਬ ਵਿਚ ਇਹ ਮੁਹਾਵਰਾ ਪ੍ਰਚੱਲਤ ਹੈ ਕਿ 'ਜਦੋਂ ਦੇਗਬਰਾ ਬਦਲਿਆ ਜਾਵੇ, ਲੱਗੇ ਹੱਥ ਕੜਛਾ ਵੀ ਬਦਲ ਦਿੱਤਾ ਜਾਂਦਾ ਹੈ।' ਇਹ ਖੇਡ ਰਾਜ ਦਰਬਾਰ ਤਕ ਸੀਮਤ ਰਹਿੰਦੀ ਤਾਂ ਠੀਕ ਸੀ ਪਰ ਪਿਛਲੇ ਸਮੇਂ ਵਿਚ ਧਾਰਮਿਕ ਪਦਵੀਆਂ ਦੇ ਸਵਾਮੀਆਂ ਨੇ ਆਪਣੇ ਨਿਜੀ ਸਵਾਰਥਾਂ ਕਾਰਨ ਇਥੋਂ ਤਕ ਵੀ ਲੈ ਆਂਦੀ ਹੈ। ਮਨਪ੍ਰੀਤ ਬਾਦਲ ਜਾਂ ਅਮਰਿੰਦਰ ਸਿੰਘ ਜਾਂ ਫਿਰ ਕੱਲ੍ਹ ਨੂੰ ਕਿਸੇ ਬੀਰ ਦਵਿੰਦਰ ਸਿੰਘ ਨਾਲ ਉਨ੍ਹਾਂ ਜੋ ਵੀ ਕਰਨਾ ਹੈ, ਕਰਦੇ ਰਹਿਣ ਪਰ ਕਦੇ-ਕਦੇ ਇਹ ਸੋਚਦੇ ਰਿਹਾ ਕਰਨ ਕਿ 'ਬੰਦੇ ਦਾ ਬੰਦਾ' ਬਣਨ ਨਾਲ ਹੁਣ ਤਕ ਕਿਸੇ ਨੇ ਸ਼ੋਭਾ ਖੱਟੀ ਨਹੀਂ ਤੇ ਅੱਗੋਂ ਕਿਸੇ ਨੇ ਖੱਟਣੀ ਨਹੀਂ। ਇਹੋ ਜਿਹੇ ਰਾਜਸੀ ਆਗੂਆਂ ਦੇ ਹੱਥਾਂ ਵਿਚ ਖੇਡਣ ਦਾ ਲਾਭ ਕਿਸੇ ਨੂੰ ਕਿਵੇਂ ਹੋ ਸਕਦਾ ਹੈ ਜਿਹੜੇ ਆਪਣੇ ਕੁੱਛੜ ਚੁੱਕ ਕੇ ਖਿਡਾਏ ਨਿਆਣਿਆਂ ਦੀ ਜ਼ਰਾ ਜਿੰਨੀ ਗੱਲ ਨੂੰ ਸਹਾਰ ਸਕਣ ਦਾ ਮਾਦਾ ਵੀ ਨਹੀਂ ਰੱਖਦੇ?

# ਨਿਰਮਲ ਪੰਥ ਨੂੰ ਗੰਧਲਾ ਕੌਣ ਕੌਣ ਕਰ ਰਿਹਾ ਹੈ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਵਪਾਰੀ ਤਬਕੇ ਦੇ ਕਈ ਮਾੜੇ ਅਨਸਰ ਆਪਣੇ ਮੁਨਾਫੇ ਦੇ ਵਾਧੇ ਲਈ ਮੱਕਾਰੀ ਕਰਦੇ ਹੋਏ ਮਿਲਾਵਟਖੋਰੀ ਦਾ ਧੰਦਾ ਕਰਦੇ ਰਹਿੰਦੇ ਹਨ। ਚੰਗੀਆਂ ਵਸਤੂਆਂ ਦੀ ਮਿਕਦਾਰ ਜਾਂ ਭਾਰ ਵਧਾਉਣ ਲਈ ਉਨ੍ਹਾਂ ਵਿਚ ਘਟੀਆ ਚੀਜ਼ਾਂ ਰਲਾ ਦਿੱਤੀਆਂ ਜਾਂਦੀਆਂ ਹਨ। ਇਹ ਕੁਕਰਮ ਇੰਨੀ ਕਾਰਾਗਰੀ ਨਾਲ ਕੀਤਾ ਜਾਂਦਾ ਹੈ ਕਿ ਅਕਸਰ ਪਾਰਖੂ ਅੱਖਾਂ ਵੀ ਧੋਖਾ ਖਾ ਜਾਂਦੀਆਂ ਹਨ। ਇਸੇ ਕਰਕੇ ਮਿਲਾਵਟ ਵਾਲੀਆਂ ਵਸਤੂਆਂ ਦੀ ਨਿਰਖ-ਪਰਖ ਕਰਨ ਲਈ ਵੱਖ ਵੱਖ ਯੰਤਰ ਹੋਂਦ ਵਿਚ ਆਏ। ਜਿਵੇਂ ਦੁੱਧ ਵਿਚ ਰਲਾਇਆ ਪਾਣੀ ਦੇਖਣ ਲਈ ਕੋਈ ਹੋਰ ਯੰਤਰ ਹੈ ਅਤੇ ਸੋਨੇ ਦਾ ਖੋਟ ਦੇਖਣ ਲਈ ਕਸਵੱਟੀ ਵੱਖਰੀ।

ਮਿਲਾਵਟ ਦਾ ਇਹ ਧੰਦਾ ਕੇਵਲ ਆਮ ਵਰਤੋਂ ਦੀਆਂ ਚੀਜ਼ਾਂ-ਵਸਤਾਂ ਤੱਕ ਹੀ ਸੀਮਤ ਨਹੀਂ ਸਗੋਂ ਇਤਿਹਾਸ ਗਵਾਹ ਹੈ ਕਿ ਈਰਖਾ, ਦਵੈਸ਼ ਜਾਂ ਮੁਤੱਸਬਪੁਣੇ ਦੇ ਸ਼ਿਕਾਰ ਕਪਟੀ ਲੋਕਾਂ ਨੇ ਸਮੇਂ ਸਮੇਂ 'ਤੇ ਅਜਿਹਾ ਘੋਰ ਅਨਰਥ ਧਰਮ-ਗ੍ਰੰਥਾਂ ਜਾਂ ਫਲਸਫਿਆਂ ਨਾਲ ਵੀ ਕਮਾਇਆ। ਇਸ ਪੱਖੋਂ ਬਾਬਾ ਗੁਰੂ ਨਾਨਕ ਜੀ ਦਾ ਸਾਜਿਆ ਨਿਰਮਲ ਪੰਥ ਸ਼ਾਇਦ ਸਭ ਤੋਂ ਵੱਧ ਮਾਰ ਝੱਲਦਾ ਆ ਰਿਹਾ ਹੈ। ਸਿੱਖ ਤਵਾਰੀਖ ਪੜ੍ਹਦਿਆਂ ਇਹ ਦੇਖ ਕੇ ਰੌਂਗਟੇ ਖੜ੍ਹੇ ਹੁੰਦੇ ਹਨ ਕਿ ਸਾਮ, ਦਾਮ, ਦੰਡ, ਭੇਦ ਵਾਲੀ ਕੁਟਲ ਨੀਤੀ ਦਾ ਉਹ ਕਿਹੜਾ ਅੰਗ ਹੈ ਜੋ ਸਾਡੇ 'ਤੇ ਨਹੀਂ ਵਰਤਿਆ ਗਿਆ। ਤਤਕਾਲੀ ਹਾਲਾਤ ਮੁਤਾਬਕ ਕਦੇ ਸਾਨੂੰ ਦਾਮ ਤੇ ਦੰਡ ਨਾਲ ਦਰੜਨ ਦੇ ਯਤਨ ਕੀਤੇ ਗਏ, ਕਦੇ ਸਾਮ ਅਤੇ ਭੇਦ ਦੀਆਂ ਗੁੱਝੀਆਂ ਸੱਟਾਂ ਮਾਰੀਆਂ ਗਈਆਂ।

ਰਾਏ ਭੋਏ ਦੀ ਤਲਵੰਡੀ ਦੇ ਬਾਬਾ ਮਹਿਤਾ ਕਾਲੂ ਜੀ ਦੇ ਵਿਹੜੇ ਵਿਚ ਆਏ ਕੁੱਲ ਪੁਰੋਹਿਤ ਬ੍ਰਾਹਮਣ ਨੂੰ ਜਦੋਂ ਬਾਲ ਗੁਰੂ ਨਾਨਕ ਨੇ ਆਪਣੇ ਗਲ ਜਨੇਊ ਪਾਉਣ ਤੋਂ ਰੋਕਿਆ ਸੀ ਤਾਂ ਉਸ ਇਨਕਲਾਬੀ ਘੜੀ ਤੋਂ ਲੈ ਕੇ ਅਜੋਕੀਆਂ ਆਰ ਐਸ ਐਸ ਦੀਆਂ ਸ਼ਾਤਰ ਚਾਲਾਂ ਤੱਕ ਸਿੱਖ ਕੌਮ ਦਾ ਸਿਤਾਰਾ ਬ੍ਰਾਹਮਣਵਾਦ ਦੀਆਂ ਕਪਟੀ ਅੱਖਾਂ ਵਿਚ ਰੜਕਦਾ ਹੀ ਆ ਰਿਹਾ ਹੈ। ਇਸ ਵਿਚਾਰ ਨੂੰ ਵਧੇਰੇ ਸਪਸ਼ਟ ਕਰਨ ਲਈ ਇਥੇ ਪ੍ਰਲੋਕ ਵਾਸੀ ਸ. ਹਰਿੰਦਰ ਸਿੰਘ 'ਮਹਿਬੂਬ' ਦੇ ਕੁਝ ਸ਼ਬਦ ਪੇਸ਼ ਕਰ ਰਿਹਾ ਹਾਂ:

"ਬਿਪਰ-ਸੰਸਕਾਰ ਨੇ ਗੁਰੂ ਚੇਤਨਾ ਉਤੇ ਇਸ ਦੇ ਜਨਮ ਤੋਂ ਹੀ ਮਾਰੂ ਵਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਬਿਪਰ-ਸੰਸਕਾਰ ਦੀ ਮਾਰ ਬਹੁਤ ਦੂਰ ਤੱਕ ਚੱਲੀ ਹੈ। ਇਹ ਅਤਿ-ਮਹੀਨ ਸ਼ਕਲਾਂ ਵਿਚ ਬਦਲ ਸਕਦਾ ਹੈ। ਕਈ ਵਾਰ ਪੰਥ ਦੀ ਗੁਰੂ-ਚੇਤਨਾ ਦੇ ਅੰਦਰੋਂ ਵਾਰ ਕਰਦਾ ਹੈ। ਉਦੋਂ ਇਸ ਦੀ ਹਰਕਤ ਸੂਖਮ ਅਤੇ ਅਦ੍ਰਿਸ਼ਟ ਹੁੰਦੀ ਹੈ ਪਰ ਇਸ ਦੀ ਹਰਕਤ ਵਿਚ ਚਲਾਕੀ, ਸਾਜ਼ਿਸ਼ ਅਤੇ ਜਾਸੂਸੀ ਦੇ ਅੰਸ਼ ਹੁੰਦੇ ਹਨ। ਬਿਪਰ-ਸੰਸਕਾਰ ਦਾ ਛਲੇਡਾ ਰੂਪ ਪੰਥ ਦੀ ਗੁਰੂ-ਚੇਤਨਾ ਸਾਹਮਣੇ ਅਨੇਕਾਂ ਸ਼ਕਲਾਂ ਵਿਚ ਪ੍ਰਗਟ ਹੁੰਦਾ ਹੈ। ਕਈ ਵਾਰ ਦੂਜੇ ਧਰਮਾਂ ਦੇ ਰੂਪ ਵਿਚ, ਕਦੇ ਮਨ ਦਾ ਚੋਰ ਬਣ ਕੇ, ਕਦੇ ਪਖੰਡੀ ਦੀ ਰੂਪ-ਰੇਖਾ ਵਿਚ ਬਦਲ ਕੇ, ਕਦੇ ਚੇਤਨਾ ਦੀ ਮਹੀਨ ਤਰਜ਼ ਵਿਚ ਢਲ ਕੇ ਅਤੇ ਕਦੇ ਕਲਾ ਦੀ ਰੰਗੀਨ ਪੁਸ਼ਾਕ ਪਹਿਨ ਕੇ ਪੰਥ ਦੀ ਗੁਰੂ-ਚੇਤਨਾ ਨੂੰ ਭਰਮਾ ਕੇ ਉਸ ਨੂੰ ਕਮਜ਼ੋਰ ਕਰਦਾ ਰਿਹਾ ਹੈ।"

ਸਿੱਖ ਪੰਥ ਦੇ ਬਾਨੀ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਡੰਕੇ ਦੀ ਚੋਟ ਨਾਲ ਜਨ ਸਮੂਹ ਦੀ ਧਾਰਮਿਕ ਅਗਵਾਈ ਕਰ ਰਹੇ ਕਾਜ਼ੀ, ਬ੍ਰਾਹਮਣ ਅਤੇ ਜੋਗੀ-ਤਿੰਨਾਂ ਨੂੰ 'ਉਜਾੜੇ ਕਾ ਬੰਧੁ' ਆਖਿਆ। ਇਨ੍ਹਾਂ ਤਿੰਨਾਂ ਦੇ ਉਤਰਾਧਿਕਾਰੀਆਂ ਅਤੇ ਪੈਰੋਕਾਰਾਂ ਨੇ ਸਿੱਖੀ ਦਾ ਨੁਕਸਾਨ ਕਰਨ ਲਈ ਹਰ ਹੀਲਾ ਅਪਨਾਇਆ। ਵਿੰਗੇ-ਟੇਢੇ ਤਰੀਕਿਆਂ ਨਾਲ ਇਨ੍ਹਾਂ ਨੇ ਗੁਰਗੱਦੀ ਨਾ ਮਿਲਣ ਤੋਂ ਰੁੱਸੇ ਗੁਰੂ ਕੁਲ ਦੇ ਸਾਹਿਬਜ਼ਾਦਿਆਂ ਜਾਂ ਗੁਰੂ ਅੰਸ਼ ਨਾਲ ਸਬੰਧਤ ਦੂਸਰੀਆਂ ਮਾਣਯੋਗ ਸ਼ਖਸੀਅਤਾਂ ਨਾਲ 'ਨੇੜਤਾ' ਵਧਾਉਂਦਿਆਂ ਆਪਣੀਆਂ ਕਪਟ-ਚਾਲਾਂ ਜਾਰੀ ਰੱਖੀਆਂ।

ਦੂਸਰੇ ਸਤਿਗੁਰੂ ਜੀ ਦਾ ਜੋਗੀਆਂ, ਸਨਾਤਨੀਆਂ ਤੇ ਉਦਾਸੀਆਂ ਨੇ ਤਾਂ ਵਿਰੋਧ ਕਰਨਾ ਹੀ ਸੀ ਪਰ ਗੁਰੂ ਨਾਨਕ ਪਾਤਸ਼ਾਹ ਦੇ ਦੋਵੇਂ ਸਪੁੱਤਰ-ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਵੀ ਗੁਰੂ ਘਰ ਦੇ ਵਿਰੋਧੀ ਰਹੇ। ਤੀਸਰੇ ਗੁਰੂ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਸਪੁੱਤਰਾਂ-ਦਾਤੂ ਜੀ ਅਤੇ ਦਾਸੂ ਜੀ ਦਾ ਵਿਰੋਧ ਝੱਲਿਆ। ਚੌਥੇ ਗੁਰੂ ਰਾਮਦਾਸ ਜੀ ਦੇ ਵਿਰੁਧ ਉਨ੍ਹਾਂ ਦਾ ਆਪਣਾ ਵੱਡਾ ਪੁੱਤਰ ਪ੍ਰਿਥੀ ਚੰਦ ਆ ਖੜ੍ਹਿਆ। ਇਹਦੇ ਨਾਲ ਤੀਜੇ ਗੁਰੂ ਜੀ ਦਾ ਸਪੁੱਤਰ ਬਾਬਾ ਮੋਹਨ ਵੀ ਰਲ ਗਿਆ। ਪੰਜਵੇਂ ਗੁਰੂ ਅਰਜਨ ਦੇਵ ਜੀ ਨਾਲ ਹੋਰ ਵਿਰੋਧੀਆਂ ਸਮੇਤ ਪ੍ਰਿਥੀ ਚੰਦ, ਕਾਨ੍ਹਾ ਅਤੇ ਮਿਹਰਵਾਨ ਵਗੈਰਾ ਨੇ ਵੀ ਰੱਜ ਕੇ ਵੈਰ ਕਮਾਇਆ। ਛੇਵੇਂ, ਸੱਤਵੇਂ, ਅੱਠਵੇਂ ਅਤੇ ਨੌਵੇਂ ਸਤਿਗੁਰਾਂ ਦੇ ਰਾਹਾਂ 'ਚ ਕੰਡੇ ਵਿਛਾਉਣ ਵਾਲਿਆਂ ਵਿਚ ਗੁਰੂ ਕੁਲ ਦੇ ਚਿਰਾਗ ਵੀ ਸਰੇ-ਫਹਿਰਿਸਤ ਸਨ, ਜਿਨ੍ਹਾਂ ਵਿਚ ਸ਼ਾਮਲ ਸਨ-ਮਿਹਰਵਾਨ, ਹਰਿ ਜੀ, ਧੀਰ ਮੱਲ, ਰਾਮ ਰਾਇ ਆਦਿ।

ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੁੰਦਿਆਂ ਹੀ ਸਿੱਖ ਸੰਗਤਾਂ ਅੱਗੇ ਇਹ ਇਕ ਵੱਡੀ ਸਮੱਸਿਆ ਆ ਖੜ੍ਹੀ ਹੋਈ ਕਿ 'ਸੱਚੀ ਬਾਣੀ' ਅਤੇ 'ਕੱਚੀ ਬਾਣੀ' ਦਾ ਨਿਖੇੜਾ ਕਿਵੇਂ ਕੀਤਾ ਜਾਵੇ? ਚਿੰਤਤ ਹੋਈਆਂ ਸਿੱਖ ਸੰਗਤਾਂ ਗੁਰੂ ਅਰਜਨ ਦੇਵ ਜੀ ਅੱਗੇ ਫਰਿਆਦੀ ਹੋਈਆਂ। ਕਵੀ ਸੰਤੋਖ ਸਿੰਘ ਜੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਅੰਕਿਤ ਕਰਦੇ ਹਨ:

"ਇਕ ਸਿੱਖ ਬੋਲਯੋ ਜੋਰਿ ਕਰ,
ਗੁਰ ਜੀ ਸੁਨਿ ਲੀਜੈ॥
ਪਿਰਥੀਆ ਆਦਿਕ ਅਪਰ ਬਹੁ,
ਤਿਨ ਕਰਮ ਲਖੀਜੈ॥
ਆਪ ਬਨਾਵਤਿ ਸ਼ਬਦ ਕੋ,
ਨਿਜ ਬੁਧਿ ਅਨੁਸਾਰੀ॥
ਸ੍ਰੀ ਨਾਨਕ ਕੋ ਨਾਮ ਸੁਭ,
ਧਰਿ ਦੇਤਿ ਮਝਾਰੀ॥
ਕੋਈ ਸਕੈ ਪਛਾਨ ਕਰਿ,
ਕੋ ਸਕਹਿ ਨ ਜਾਨੀ॥"

ਸਿੱਖਾਂ ਵਿਚ ਭਰਮ-ਭੁਲੇਖੇ ਖੜ੍ਹੇ ਕਰਨ ਦਾ ਇਸ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ ਕਿ ਅੱਜ ਤਾਈਂ ਪ੍ਰਿਥੀ ਚੰਦ ਨੂੰ ਮੀਣਾ ਸੰਪਰਦਾਏ ਦੀਆਂ ਲਿਖਤਾਂ ਵਿਚ 'ਪਾਤਸ਼ਾਹੀ ਛੇਵੀਂ' ਲਿਖਿਆ ਹੋਇਆ ਹੈ। ਗੁਰੂ ਘਰ ਦੇ 'ਆਪਣਿਆਂ' ਵੱਲੋਂ ਹੀ ਧੁਰੋਂ ਆਈ ਇਲਾਹੀ ਬਾਣੀ (ਜਿਸ ਨੂੰ ਦਸਵੇਂ ਨਾਨਕ ਸ੍ਰੀ ਦਸਮੇਸ਼ ਪਿਤਾ ਵਲੋਂ ਗੁਰਤਾਗੱਦੀ ਪ੍ਰਾਪਤ ਹੋਈ ਸੀ) ਵਿਚ ਰਲਾ ਪਾਉਣ ਦੀਆਂ ਕੁਚਾਲਾਂ ਦਾ ਇਲਾਜ ਪੰਜਵੇਂ ਪਾਤਸ਼ਾਹ ਜੀ ਨੇ ਇਹ ਕੀਤਾ ਕਿ ਉਨ੍ਹਾਂ ਦੇ ਆਦਿ ਗ੍ਰੰਥ ਦੀ ਬੀੜ ਦਾ ਸਰੂਪ ਤਿਆਰ ਕਰ ਦਿੱਤਾ। ਆਦਿ-ਜੁਗਾਦਿ ਲਈ ਇਸ ਭੁਲੇਖੇ ਦਾ ਨਿਰਣਾ ਹੋ ਗਿਆ ਕਿ 'ਗੁਰਬਾਣੀ' ਕਿਹੜੀ ਹੈ! ਅਤੇ ਕੱਚੀ ਬਾਣੀ ਕਿਹੜੀ?

ਗੁਰੂ ਪੁੱਤਰਾਂ ਵਲੋਂ ਹੀ ਗੁਰੂ ਨਾਨਕ ਦੇ ਸਿੱਖਾਂ ਨੂੰ ਕੁਰਾਹੇ ਪਾਉਣ ਦੇ ਇਕ ਹੋਰ ਯਤਨ ਦਾ ਪ੍ਰਮਾਣ ਇਹ ਹੈ। ਬੰਦ ਬੰਦ ਕਟਾਉਣ ਵਾਲੇ ਸ਼ਹੀਦ ਭਾਈ ਮਨੀ ਸਿੰਘ ਦਾ ਲਿਖਿਆ ਹੋਇਆ ਇਕ ਗ੍ਰੰਥ ਹੈ-ਗਿਆਨ ਰਤਨਾਵਲੀ! ਇਸ ਨੂੰ ਲਿਖਣ ਦੀ ਲੋੜ ਕਿਉਂ ਪਈ? ਦਾ ਉਤਰ ਇਸੇ ਗ੍ਰੰਥ ਵਿਚ ਇਉਂ ਲਿਖਿਆ ਹੋਇਆ ਹੈ:

"ਇਕ ਸਮੇਂ ਭਾਈ ਮਨੀ ਸਿੰਘ ਜੀ ਥੀਂ ਸਿੱਖਾਂ ਪ੍ਰਸ਼ਨ ਕੀਤਾ। ਜੋ ਗੋਸਟਿ ਜਨਮਿ ਸਾਖੀ ਪਹਿਲੀ ਪਾਤਸ਼ਾਹੀ ਦੀ ਜੋ ਹੈ। ਉਸ ਦੇ ਵਿਚ ਛੋਟੇ ਮੇਲਿ (ਪ੍ਰਿਥੀ ਚੰਦ ਅਤੇ ਉਸ ਦੇ ਪੈਰੋਕਾਰਾਂ ਦਾ ਪ੍ਰਚਲਿਤ ਨਾਮ) ਵਾਲਿਆਂ ਕਈ ਜੁਗਤਾਂ ਅਣਿ-ਬਨਿਦੀਆਂ ਪਾਇ ਦਿੱਤੀਆਂ ਹੈਨਿ... ਤੁਸੀਂ ਮਹਾਂ ਹੰਸ ਹੋ। ਕ੍ਰਿਪਾ ਕਰਿ ਕੇ ਗੁਰੂ ਕੇ ਬਚਨਿ ਤੇ ਮੀਣਿਆਂ ਕੇ ਬਚਨ ਭਿੰਨ ਭਿੰਨ ਕਰ ਦੇਹੋ...।"

ਇਸ ਪ੍ਰਸੰਗ ਦਾ ਇਹ ਨੁਕਤਾ ਗਹੁ ਨਾਲ ਵਾਚਣਯੋਗ ਹੈ ਕਿ ਖੁਦ ਨੂੰ ਗੁਰੂ ਨਾਨਕ ਦੇ ਹੀ ਸਿੱਖ ਸਦਾਉਣ ਵਾਲੇ 'ਮੀਣਿਆਂ ਕੇ ਬਚਨਾਂ' ਨੂੰ 'ਗੁਰੂ ਕੇ ਬਚਨਾਂ' ਨਾਲੋਂ ਨਿਖੇੜਨ ਲਈ ਸੰਗਤ ਵਲੋਂ ਹੰਸ ਬ੍ਰਿਤੀ ਭਾਈ ਮਨੀ ਸਿੰਘ ਜੀ ਨੂੰ ਅਰਜ ਕੀਤੀ ਗਈ। ਅਜਿਹੀ ਲੋੜੀਂਦੀ ਕਾਂਟ-ਛਾਂਟ ਕਿਸੇ ਐਰੇ-ਗੈਰੇ ਨੇ ਨਹੀਂ ਕੀਤੀ। ਇਸ ਤੋਂ ਭਲੀਭਾਂਤ ਇਹ ਸਿੱਟਾ ਨਿਕਲਦਾ ਹੈ ਕਿ ਪੰਥ-ਦੋਖੀਆਂ ਵਲੋਂ ਕੀਤੀਆਂ ਗਈਆਂ ਮਿਲਾਵਟਾਂ ਦੀ ਪਛਾਣ ਕਰਨ ਲਈ ਹੰਸ ਬ੍ਰਿਤੀ ਦਾ ਹੋਣਾ ਅਤਿ ਜ਼ਰੂਰੀ ਹੈ।

ਆਪਣੇ ਸਮਿਆਂ ਦੇ ਖਾਨਾਜੰਗੀ ਵਰਗੇ ਕੌਮੀ ਹਾਲਾਤ ਦੀ ਤੰਦ ਫੜਨ ਲਈ ਇਕ ਹੋਰ ਇਤਿਹਾਸਕ ਹਵਾਲਾ ਪੜ੍ਹਨਯੋਗ ਹੈ। ਵੀਹਵੀਂ ਸਦੀ ਦੇ ਪਹਿਲੇ ਵਰ੍ਹਿਆਂ ਵਿਚ ਹੀ ਗੁਰੂ ਅੰਸ਼ ਸੋਢੀਆਂ-ਬੇਦੀਆਂ ਦੀ ਸਰਪ੍ਰਸਤੀ ਹੇਠ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ ਵਿਚ ਹਿੰਦੂ ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਪੂਜਾ ਹੋਣ ਲੱਗੀ। ਜਾਗਰੂਕ ਸਿੱਖਾਂ ਨੇ ਬੜਾ ਤਰੱਦਦ ਕਰਕੇ ਪਰਿਕਰਮਾ ਵਿਚੋਂ ਮੂਰਤੀਆਂ ਚੁਕਵਾ ਦਿੱਤੀਆਂ। ਗੁਰੂਡੰਮੀਆਂ ਦੀ ਪੁਸ਼ਤਪਨਾਹੀ ਕਰਨ ਵਾਲੇ ਬਿਪਰਵਾਦੀਆਂ ਨੂੰ ਭਾਰੀ ਨਮੋਸ਼ੀ ਹੋਈ।

ਸਿੱਖ ਪੰਥ ਵਿਚ ਪੈਦਾ ਹੋਈ ਨਿਆਰੇਪਣ ਦੀ ਨਵ-ਚੇਤਨਾ ਲਹਿਰ ਨੂੰ ਭੰਬਲਭੂਸੇ ਵਿਚ ਪਾਉਣ ਲਈ ਜਾਪਦਾ ਹੈ ਕਿ ਬਿਪਰਵਾਦੀ ਤਾਕਤਾਂ ਨੇ ਉਦੋਂ ਹੀ ਅਤਿ ਮਹੀਨ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਦੇ ਛਲੀਏ ਦਿਮਾਗ ਵਿਚ ਇਹ ਨੁਕਤਾ ਆ ਗਿਆ ਕਿ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਰੱਖੀਆਂ ਹੋਈਆਂ ਮੂਰਤੀਆਂ ਤਾਂ ਸਿੱਖਾਂ ਦੇ ਝੱਟ ਹੀ ਨਜ਼ਰੀਂ ਪੈ ਗਈਆਂ ਕਿਉਂ ਨਾ ਹੁਣ ਅਜਿਹੀਆਂ ਜਿਉਂਦੀਆਂ-ਜਾਗਦੀਆਂ ਮੂਰਤੀਆਂ ਤਿਆਰ ਕੀਤੀਆਂ ਜਾਣ ਜਿਨ੍ਹਾਂ ਦਾ ਬਾਹਰੀ ਚਿਹਨ-ਚੱਕਰ ਸਿੱਖਾਂ ਵਾਲਾ ਹੀ ਹੋਵੇ (ਸਗੋਂ ਉਜਲ ਦੀਦਾਰੀ ਸਿੱਖਾਂ ਜਿਹਾ ਹੋਵੇ!)। ਕਠਪੁਤਲੀਆਂ ਵਾਂਗ ਕੰਮ ਕਰਨ ਵਾਲੀਆਂ ਇਨ੍ਹਾਂ ਮੂਰਤੀਆਂ ਨੂੰ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਵਿਚ 'ਸਥਾਪਤ' ਕਰ ਦਿੱਤਾ ਜਾਵੇ। ਫਿਰ ਦੇਖਾਂਗੇ ਕਿ ਇਹ ਖਾਲਸਾ ਕਿੰਨਾ ਕੁ 'ਨਿਆਰਾ' ਰਹਿ ਸਕੇਗਾ!!

ਮੰਦੇ ਭਾਗਾਂ ਨੂੰ ਉਨ੍ਹਾਂ ਵੇਲਿਆਂ ਤੋਂ ਹੀ ਦੇਸ਼-ਕਾਲ ਦੀਆਂ ਸਿਆਸੀ ਤੇ ਰਾਜਸੀ ਪ੍ਰਸਥਿਤੀਆਂ ਕੁਝ ਅਜਿਹੀਆਂ ਬਣਦੀਆਂ ਗਈਆਂ ਕਿ ਸੱਤਾ ਦਾ ਹਥਿਆਰ ਵੀ ਉਕਤ ਤਾਕਤਾਂ ਕੋਲ ਚਲਾ ਗਿਆ। ਗੁਰਧਾਮਾਂ ਦਾ ਪ੍ਰਬੰਧ ਮਹੰਤਾਂ ਕੋਲੋਂ ਖੋਹ ਕੇ ਪੰਥ ਨੂੰ ਦੇਣ-ਦਿਵਾਉਣ ਵਾਲੇ ਜਾਗਰੂਕ ਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਲਈ ਜਥੇਬੰਦੀ ਬਣਾਉਣ ਦੇ ਨਾਲ ਨਾਲ ਸਭ ਤੋਂ ਵੱਧ ਮਹੱਤਵਪੂਰਨ ਕਾਰਜ ਪੰਥਕ ਰਹਿਤ ਮਰਿਆਦਾ ਤਿਆਰ ਕਰਵਾਈ। ਸਿੱਖ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਤੋਂ ਇਲਾਵਾ ਇਸ ਨੇ ਦੇਸ਼-ਵਿਦੇਸ਼ ਦੇ ਸਿੱਖਾਂ ਵਿਚ ਇਕਸੁਰਤਾ ਕਾਇਮ ਕੀਤੀ।

ਕੁਝ ਕੁ ਵਰ੍ਹਿਆਂ ਵਿਚ ਹੀ ਐਸਾ ਭਾਣਾ ਵਰਤਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਰਬ-ਉਚ ਅਸਥਾਨ ਉਤੇ ਪੰਥ ਪ੍ਰਵਾਨ ਹੋਈ। ਇਸ ਰਹਿਤ ਮਰਿਆਦਾ ਦੇ ਬਰਾਬਰ ਹੋਰ ਕਈ ਸੰਸਥਾਵਾਂ ਵਲੋਂ ਮਰਿਆਦਾ ਦੇ ਵਿਧਾਨ 'ਘੜੇ ਜਾਣ' ਲੱਗੇ ਜਿਨ੍ਹਾਂ ਵਿਚ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਵਿਚ ਨਿਸ਼ਚਿਤ ਕੀਤੀ ਗਈ 'ਸ਼ਖਸੀ ਰਹਿਣੀ' ਅਤੇ 'ਪੰਥਕ ਰਹਿਣੀ' ਨਾਲੋਂ ਢੇਰ ਸਾਰੇ ਫੇਰਬਦਲ ਕਰ ਦਿੱਤੇ ਗਏ। ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਬਾਅਦ ਸਮੇਂ ਦੇ ਮੂੰਹ ਜੋਰ ਮੁਹਾਣ ਨੇ ਸਿੱਖ ਕੌਮ ਅੱਗੇ ਅਨੇਕ ਬਿਖਮ ਸਵਾਲ ਖੜ੍ਹੇ ਕਰ ਦਿੱਤੇ ਜਿਨ੍ਹਾਂ ਵਿਚੋਂ ਇਕ 'ਕੌਮ ਕੇ ਲੀਏ ਮੌਤ ਹੈ ਮਰਕਜ਼ ਸੇ ਜੁਦਾਈ' ਵਾਲੀ ਸੱਚਾਈ ਦੇ ਸਨਮੁਖ ਹੋਣ ਦਾ ਹੈ।

ਮੁੱਕਦੀ ਗੱਲ, ਸਾਡੇ ਕੌਮੀ ਮਰਕਜ਼ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਦ 'ਮੂਰਤੀਆਂ' ਅਗਵਾਈ ਕਰਨ ਲੱਗੀਆਂ ਤਾਂ ਉਜੜੇ ਬਾਗਾਂ ਦੇ ਗਾਲੜ੍ਹ ਪਟਵਾਰੀ ਦੇ ਅਖਾਣ ਅਨੁਸਾਰ ਕੁਝ ਆਵਾਜ਼ਾਂ, ਕੁਝ ਕਲਮਾਂ ਪੰਥ ਪ੍ਰਵਾਣਿਤ ਵਿਧਾਨ ਨੂੰ ਚੁੰਝ-ਚਰਚਾ ਦਾ ਵਿਸ਼ਾ ਬਣਾਉਣ ਲੱਗ ਪਈਆਂ। ਸਿੱਖ ਵਿਹੜਿਆਂ ਵਿਚ ਉਦੋਂ ਦੁਬਿਧਾ ਅਤੇ ਦੁਚਿੱਤੀ ਦੇ ਬੱਦਲ ਮੰਡਰਾਉਣ ਲੱਗਦੇ ਨੇ ਜਦੋਂ ਇਹ ਆਵਾਜ਼ਾਂ ਤੇ ਕਲਮਾਂ ਗੁਰਮਤਿ ਵਿਚੋਂ 'ਮਿਲਾਵਟ' ਦੂਰ ਕਰਨ ਦੇ ਦਾਅਵੇ ਕਰਦੀਆਂ ਨੇ!

ਮੂਰਤੀਆਂ ਹੈਣ ਕਿਹੜੀਆਂ ਕਿਹੜੀਆਂ? ਕਿਹੜੇ ਬੁਲਾਰੇ ਅਤੇ ਕਿਹੜੀਆਂ ਕਲਮਾਂ ਗੁਰਮਤਿ ਦਾ ਸੱਚ-ਮੁੱਚ ਪ੍ਰਚਾਰ ਕਰ ਰਹੀਆਂ ਹਨ? ਇਹ ਨਿਖੇੜੇ ਕਰਨੇ ਹੰਸ ਬਿਰਤੀਆਂ ਪਾਸੋਂ ਹੀ ਯੋਗ ਹਨ ਪਰੰਤੂ ਸਾਨੂੰ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਨੂੰ ਕਸਵੱਟੀ ਮੰਨ ਕੇ ਕੌਮ ਵਿਚ ਨਿੱਤ-ਦਿਨ ਬਖੇੜੇ ਖੜ੍ਹੇ ਕਰਨ ਵਾਲੀਆਂ ਜਾਂ ਤੱਤਿ ਗੁਰਮਤਿ ਦੀ ਸੇਵਾ ਕਰਨ ਵਾਲੀਆਂ ਆਵਾਜ਼ਾਂ ਤੇ ਕਲਮਾਂ ਦਾ ਨਿਰਣਾ ਕਰਨਾ ਜ਼ਰੂਰੀ ਹੈ।

***(ਨੋਟ:ਲੇਖਕ ਨੇ ਇਹ ਪਰਚਾ 30 ਅਕਤੂਬਰ, 2010 ਨੂੰ ਸਿਆਟਲ ਵਿਖੇ ਹੋਏ ਅੰਤਰਰਾਸ਼ਟਰੀ ਸੈਮੀਨਾਰ 'ਚ ਪੜ੍ਹਿਆ।)***

# ਗੁਆਚੇ ਸਾਈਕਲ ਨੂੰ ਯਾਦ ਕਰਾਂ ਨਾਲੇ ਰੋਵਾਂ

**ਜਸਬੀਰ ਢੰਡ**

ਇਨਸਾਨ ਜ਼ਿੰਦਗੀ ਵਿਚ ਗਲਤੀਆਂ ਕਰ-ਕਰ ਕੇ, ਠੋਕਰਾਂ ਖਾ-ਖਾ ਕੇ ਬਹੁਤ ਕੁਝ ਸਿੱਖਦਾ ਹੈ। ਕਈ ਵਾਰ ਇਸ ਤਰ੍ਹਾਂ ਵਾਪਰਦਾ ਹੈ ਕਿ ਪਤਾ ਨਹੀਂ ਕਾਹਦੀ ਝੇਪ ਹੋ ਜਾਂਦੀ ਹੈ, ਪਤਾ ਨਹੀਂ ਕਾਹਦਾ ਦਬਾਅ ਪੈ ਜਾਂਦਾ ਹੈ ਕਿ ਕੋਈ ਅਜਿਹਾ ਵਿਅਕਤੀ ਜਿਸ ਨੂੰ ਅਸੀਂ ਬਹੁਤਾ ਜਾਣਦੇ ਵੀ ਨਹੀਂ ਹੁੰਦੇ, ਕੋਈ ਚੀਜ਼ ਸਾਥੋਂ ਮੰਗ ਲੈਂਦਾ ਹੈ ਤੇ ਅਸੀਂ ਉਸ ਨੂੰ ਤੋੜ ਕੇ ਜਵਾਬ ਨਹੀਂ ਦੇ ਸਕਦੇ। ਫਿਰ ਜਦੋਂ ਉਹ ਸਾਨੂੰ ਧੋਖਾ ਦੇ ਜਾਂਦਾ ਹੈ ਤਾਂ ਬਾਅਦ ਵਿਚ ਪਛਤਾਵੇ ਤੋਂ ਬਿਨਾਂ ਸਾਡੇ ਪੱਲੇ ਕੁਝ ਨਹੀਂ ਪੈਂਦਾ। ਫਿਰ ਉਹੀ 'ਅਬ ਪਛਤਾਏ ਕਿਆ ਹੋਤ ਜਬ ਚਿੜੀਆ ਚੁਗ ਗਈ ਖੇਤ' ਵਾਲੀ ਗੱਲ ਹੁੰਦੀ ਹੈ। ਇਨਸਾਨ ਉਸ ਘੜੀ ਨੂੰ ਪਛਤਾਉਂਦਾ ਹੈ ਜਦੋਂ ਜੀਭ ਤੋਂ 'ਨਾਂਹ' ਨਾ ਨਿਕਲੀ। ਜੀਅ ਕਰਦਾ ਹੈ ਕਿ ਆਪ ਹੀ ਆਪਣਾ ਮੂੰਹ ਚਪੇੜਾਂ ਨਾਲ ਭੰਨ ਲਈਏ, ਆਪਣੇ ਸਿਰ ਦੇ ਵਾਲ ਪੁੱਟ ਲਈਏ। ਆਪਣੇ ਹੀ ਹੱਥਾਂ 'ਤੇ ਦੰਦੀਆਂ ਵੱਢਦਾ ਆਦਮੀ ਉਸ ਦੋਹੇ ਨੂੰ ਯਾਦ ਕਰਦਾ ਹੈ ਕਿ 'ਬਿਨਾਂ ਵਿਚਾਰੇ ਜੋ ਕਰੇ ਸੋ ਪਾਛੇ ਪਛਤਾਇ। ਕਾਮ ਬਿਗਾੜੇ ਆਪਣਾ, ਜੱਗ ਮੇਂ ਹੋਤ ਹਸਾਇ।"

ਉਦੋਂ ਸਰਕਾਰੀ ਨੌਕਰੀ ਦੇ ਪਹਿਲੇ-ਪਹਿਲੇ ਦਿਨ ਸਨ। ਸਾਰੀ ਵੀਹ ਸਾਲ ਦੀ ਅੱਲੜ੍ਹ ਜਿਹੀ ਉਮਰ, ਦੁਨੀਆਦਾਰੀ ਤੋਂ ਅਣਜਾਣ! ਜਿਸ ਸਕੂਲ ਵਿਚ ਪਹਿਲੀ ਨਿਯੁਕਤੀ ਹੋਈ, ਉਹ ਘਰ ਤੋਂ ਸਵਾ ਸੌ ਮੀਲ ਦੂਰ ਰਾਜਸਥਾਨ ਦੇ ਬਾਰਡਰ 'ਤੇ ਅਬੋਹਰ ਤੋਂ ਕੋਈ ਵੀਹ ਮੀਲ ਦੂਰ। ਸੜਕ ਤੋਂ ਉਤਰ ਕੇ ਛੇ ਕੋਹ ਦੀ ਟਿੱਬਿਆਂ ਵਾਲੀ ਵਾਟ ਤੁਰ ਕੇ ਜਾਣਾ ਪੈਂਦਾ। ਜਿਸ ਦਿਨ ਤਨਖਾਹ ਲੈਣ ਅਬੋਹਰ ਜਾਂ ਅਮਰਪੁਰੇ ਸੈਂਟਰ ਮੀਟਿੰਗ 'ਤੇ ਜਾਣਾ ਹੁੰਦਾ ਤਾਂ ਤਾਪ ਜਿਹਾ ਚੜ੍ਹ ਜਾਂਦਾ। ਪਿੰਡੋਂ ਛੇ ਕੋਹ ਤੁਰ ਕੇ ਜਾਣਾ, ਫਿਰ ਬਰਵਾਲੇ ਜਾਂ ਰਾਜਪੁਰੇ ਤੋਂ ਬੱਸ ਫੜ ਕੇ ਅਬੋਹਰ ਜਾਣਾ ਅਤੇ ਫੇਰ ਵਾਪਸੀ 'ਤੇ ਹਨੇਰੇ ਹੋਏ ਛੇ ਕੋਹ ਦੀ ਉਹੀ ਵਾਟ...ਥੱਕਿਆ-ਹਾਰਿਆ ਜਿਸਮ। ਰਾਹ ਵਿਚ ਪਾਣੀ ਵੀ ਨਾ ਮਿਲਦਾ ਪੀਣ ਨੂੰ।

ਖ਼ੈਰ! ਤੀਜੀ ਕੁ ਤਨਖਾਹ ਮਿਲੀ ਤੋਂ ਮੈਂ ਅਬੋਹਰ ਤੋਂ ਨਵਾਂ ਸਾਈਕਲ ਖਰੀਦ ਲਿਆ। ਨਵਾਂ-ਨਕੋਰ ਕਾਲੇ ਰੰਗ ਦਾ ਹਰਕੁਲੀਸ ਸਾਈਕਲ, ਐਨਾ ਰੈਲਾ ਕਿ ਟਿੱਬਿਆਂ ਤੋਂ ਦੀ ਉਡਦਾ ਤੁਰਿਆ ਜਾਂਦਾ। ਬੜਾ ਸੁਖ ਹੋ ਗਿਆ। ਅਬੋਹਰ ਜਾਣਾ ਹੁੰਦਾ ਤਾਂ ਬਹਾਵਵਾਲੇ ਕਿਸੇ ਦੇ ਘਰ ਸਾਈਕਲ ਖੜ੍ਹਾ ਕੇ ਅਬੋਹਰ ਲਈ ਬੱਸ ਫੜ ਲੈਂਦਾ।

ਅਮਰਪੁਰਾ ਸਾਡਾ ਸੈਂਟਰ ਸਕੂਲ ਸੀ। ਮਹੀਨੇ ਦੇ ਅਖੀਰ 'ਤੇ ਸੈਂਟਰ ਮੀਟਿੰਗ ਹੁੰਦੀ। ਮੇਰੇ ਬਹੁਤ ਸਾਰੇ ਟ੍ਰੇਨਿੰਗ ਦੇ ਸਾਥੀ ਅਬੋਹਰ ਬਲਾਕ ਵਿਚ ਨਿਯੁਕਤ ਹੋਏ ਸਨ। ਸੋ ਆਲੇ-ਦੁਆਲੇ ਦੇ ਕਈ ਸਕੂਲਾਂ ਵਿਚ ਮੇਰੇ ਸਾਥੀ ਇਸ ਸੈਂਟਰ ਵਿਚ ਲੱਗੇ ਹੋਣ ਕਰਕੇ ਮੀਟਿੰਗ 'ਤੇ ਇਕੱਠੇ ਹੋ ਜਾਂਦੇ। ਮੀਟਿੰਗ ਦੀ ਕਾਰਵਾਈ ਖਤਮ ਹੋਣ ਤੇ ਇਕੱਠੇ ਰੋਟੀ ਖਾਂਦੇ, ਚਾਹ-ਪਾਣੀ ਤੇ ਗੱਪ-ਸ਼ੱਪ ਕਰਦੇ, ਹੱਸਦੇ-ਖੇਡਦੇ।... ਸਿਆਲਾਂ ਦੀ ਕੋਸੀ ਜਿਹੀ ਧੁੱਪ ਵਧੀਆ ਲੱਗ ਰਹੀ ਸੀ ਉਹ। ਮੀਟਿੰਗ ਤੋਂ ਵਿਹਲੇ ਹੋ ਕੇ ਗੋਲਾ ਸੁੱਟਣ ਲੱਗ ਪਏ ਸਾਂ। ਉਨ੍ਹਾਂ ਵਿਚ ਇਕ ਨਵਾਂ ਜਿਹਾ ਮੁੰਡਾ ਸੀ। ਮੈਂ ਆਪਣੇ ਇਕ ਸਾਥੀ ਤੋਂ ਉਸ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ, "ਆਪਣੇ ਪਿੰਡਾਂ ਵਲ ਦਾ ਈ ਐ।" ਉਹ ਮੁੰਡਾ ਵੀ ਮੇਰੇ ਨਾਲ ਗੱਲੀਂ ਪੈ ਗਿਆ।

"ਸਾਈਕਲ ਬੜਾ ਵਧੀਆ ਤੁਹਾਡਾ...ਕਿੱਥੋਂ ਲਿਆ?...ਉਹ ਸਾਈਕਲ 'ਤੇ ਚੜ੍ਹ ਕੇ ਗਰਾਊਂਡ ਵਿਚ ਗੇੜਾ ਵੀ ਦੇ ਆਇਆ। ਉਸ ਵਲੋਂ ਸਾਈਕਲ ਦੀ ਕੀਤੀ ਤਾਰੀਫ ਮੈਨੂੰ ਚੰਗੀ ਲੱਗੀ। ਮੀਟਿੰਗ ਖਤਮ ਹੋਈ ਤੋਂ ਸਾਰੇ ਵਾਪਸ ਆਪਣੇ ਸਕੂਲਾਂ ਨੂੰ ਚਲੇ ਗਏ। ਮੈਂ ਵੀ ਵਾਹਵਾ ਦਿਨ ਖੜ੍ਹੇ ਸਕੂਲ ਪਹੁੰਚ ਗਿਆ। ਆਏ ਨੂੰ ਅਜੇ ਅੱਧਾ-ਪੌਣਾ ਘੰਟਾ ਹੀ ਹੋਇਆ ਹੋਣੈ ਕਿ ਉਹ ਮੁੰਡਾ ਸਕੂਲ ਵਿਚ ਮੇਰੇ ਕੋਲ ਆ ਗਿਆ। ਮੈਨੂੰ ਅੱਜ ਵੀ ਪਤਾ ਨਹੀਂ ਕਿ ਉਹ ਕਾਹਦੇ 'ਤੇ ਮੇਰੇ ਕੋਲ ਪਹੁੰਚਿਆ। ਪਰਦੇਸ ਵਿਚ ਆਪਣੇ ਪਿੰਡਾਂ ਵਲ ਦਾ ਗਰਾਈਂ ਮਿਲ ਜਾਵੇ ਤਾਂ ਬੜਾ ਮੋਹ ਜਿਹਾ ਆਉਂਦਾ ਹੈ। ਬੜੇ ਤਪਾਕ ਨਾਲ ਉਸ ਨੇ ਹੱਥ ਮਿਲਾਇਆ। ਚਾਹ ਪੀਂਦਿਆਂ ਉਸ ਤੋਂ ਉਹਦੇ ਪਿੰਡ ਬਾਰੇ ਪੁੱਛਣ ਲੱਗਾ ਤਾਂ ਉਸ ਨੇ ਦੱਸਿਆ ਕਿ ਭਿੰਡਰੀਂ (ਸਾਡਾ ਗੁਆਂਢੀ ਪਿੰਡ) ਉਸ ਦੇ ਨਾਨਕੇ ਹਨ। ਥੋੜ੍ਹਾ ਕੁ ਚਿਰ ਹੀ ਅਸੀਂ ਗੱਲਾਂ ਕੀਤੀਆਂ ਹੋਣੀਆਂ ਨੇ ਕਿ ਉਹ ਅਚਾਨਕ ਕਹਿਣ ਲੱਗਾ, "ਮੈਂ ਤਾਂ ਤੁਹਾਡੇ ਕੋਲ ਕੰਮ ਆਇਆਂ... ਮੈਂ ਏਥੇ ਸੀਤੋ-ਗੁਨੋ ਕਿਸੇ ਤੋਂ ਪੈਸੇ ਲੈਣੇ ਐ... ਮੈਨੂੰ ਸਾਈਕਲ ਦਿਓ ਘੰਟੇ ਕੁ ਲਈ। ਬਸ, ਮੈਂ ਗਿਆ ਤੇ ਆਇਆ। ਰਾਤ ਮੈਂ ਤੁਹਾਡੇ ਕੋਲ ਹੀ ਰਹਾਂਗਾ। ਬਾਕੀ ਗੱਲਾਂ ਆ ਕੇ ਕਰਾਂਗੇ।"

ਬਸ! ਉਦੋਂ ਹੀ ਮੱਤ ਮਾਰੀ ਗਈ। ਕੁਝ ਵੀ ਸੋਚਿਆ ਨਾ ਗਿਆ। ਸਾਈਕਲ ਉਸ ਨੂੰ ਦੇ ਦਿੱਤਾ। ਉਸ ਨੇ ਤਾਂ ਸਕੂਲ ਵਿਚੋਂ ਹੀ ਸਾਈਕਲ ਨੂੰ ਲੱਤ ਦਿੱਤੀ ਤੇ ਅਹੁ ਗਿਆ...। ਪਰ ਜਦੋਂ ਉਹ ਚਲਾ ਗਿਆ ਤਾਂ ਉਦੋਂ ਈ ਦਿਲ ਨੂੰ ਡੋਬੂ ਜਿਹੇ ਪੈਣ ਲੱਗ ਪਏ। 'ਮਨਾਂ! ਸਾਈਕਲ ਤਾਂ ਨੀ ਮੁੜਦਾ ਹੁਣ।" ਮੈਂ ਤਾਂ ਉਹਦਾ ਨਾਂ ਵੀ ਨਾ ਪੁੱਛਿਆ। ਜਾਹ ਜਾਂਦੀ ਤਾਂ ਹੋ ਗਈ ਆਪ ਤੋਂ ਹੀ। ਸਿਆਲਾਂ ਦੀ ਉਸ ਸਾਰੀ ਰਾਤ ਇਕ ਮਿੰਟ ਵੀ ਅੱਖ ਨਾ ਲੱਗੀ। ਮਾੜਾ ਜਿਹਾ ਖੜਾਕ ਹੋਵੇ ਤਾਂ ਇੰਜ ਲੱਗੇ ਕਿ ਉਹ ਮੁੜ ਆਇਆ ਹੈ ਸਾਈਕਲ ਲੈ ਕੇ, ਕੰਨ ਬੜਿੱਕੇ ਜਿਹੇ ਆਉਣ ਜਿਵੇਂ ਸਾਈਕਲ ਦੀ ਘੰਟੀ ਵੱਜੀ ਹੋਵੇ ਪਰ ਕਿਉਂ ਆਉਣਾ ਸੀ ਉਸਨੇ? ਜਿਵੇਂ-ਜਿਵੇਂ ਦਿਨ ਚੜ੍ਹਿਆ, ਬੇਹੱਦ ਉਦਾਸ। ਸਕੂਲ ਵਿਚ ਛੁੱਟੀ ਲਿਖ ਕੇ ਦੇ ਗਿਆ ਤੇ ਪੈਦਲ ਹੀ ਪੈਰ ਘੜੀਸਦਾ ਅਮਰਪੁਰੇ ਪਹੁੰਚਿਆ। ਜਦੋਂ ਨਾਲ ਦੇ ਸਾਥੀ ਤੋਂ ਉਸ ਮੁੰਡੇ ਬਾਰੇ ਪੁੱਛਿਆ ਤਾਂ ਮੇਰੇ ਤੌਰ-ਤਰੀਕੇ ਵੇਖ ਕੇ ਉਹ ਪੈਂਦੀ ਸੱਟੇ ਕਹਿਣ ਲੱਗਾ, "ਕੁਸ਼ ਲੈ ਤਾਂ ਨੀ ਗਿਆ?" ਜਦੋਂ ਮੈਂ ਦੱਸਿਆ ਕਿ ਸਾਈਕਲ ਲੈ ਗਿਆ ਤਾਂ ਉਹ ਪੱਟਾਂ 'ਤੇ ਹੱਥ ਮਾਰਦਾ ਬੋਲਿਆ, "ਪਤੰਦਰਾ! ਉਹ ਤਾਂ ਠੱਗ ਸੀ, ਸਾਨੂੰ ਵੀ ਲੁੱਪਰੀ ਲਾਉਣ ਨੂੰ ਫਿਰਦਾ ਸੀ।" 'ਫੇਰ ਮੈਨੂੰ ਕਿਉਂ ਨਾ ਦੱਸਿਆ?' ਮੈਂ ਰੋਣ-ਹਾਕਾ ਹੋ ਕੇ ਰੋਸ ਵਜੋਂ ਕਿਹਾ। 'ਸਾਨੂੰ ਕੀ ਸੁਪਨਾ ਆਉਂਦਾ ਸੀ ਬਈ ਉਹ ਤੇਰੇ ਕੋਲ ਪਹੁੰਚ ਜੂ?" ਉਸ ਨੇ ਆਖਿਆ।

'ਗੱਲ ਮੁਕਾਓ...ਕਈ ਥਾਈਂ ਅਸੀਂ ਉਸ ਦੀ ਭਾਲ ਵਿਚ ਧੱਕੇ ਖਾਂਦੇ ਫਿਰੇ, ਰਪਟ ਵੀ ਦਰਜ ਕਰਾਈ। ਪਰ ਕੁਝ ਵੀ ਹੱਥ ਪੱਲੇ ਨਾ ਪਿਆ। ਨਾ ਉਹ ਮਿਲਿਆ, ਨਾ ਸਾਈਕਲ।

ਬਾਅਦ ਦੀ ਜ਼ਿੰਦਗੀ ਵਿਚ ਕਈ ਸਾਈਕਲ ਖਰੀਦੇ ਪਰ ਉਹ ਹਰਕੁਲੀਸ ਅੱਜ ਵੀ ਮੇਰੇ ਸੁਪਨਿਆਂ ਵਿਚ ਟਿੱਬਿਆਂ ਤੋਂ ਦੀ ਹਿਰਨ ਵਾਂਗ ਚੁੰਗੀਆਂ ਭਰਦਾ ਦਿਖਾਈ ਦਿੰਦਾ ਹੈ। ਭੁਲਾਇਆ ਨਹੀਂ ਭੁੱਲਦਾ ਆਪਣੇ ਹੱਥੀਂ ਤੋਰਿਆ ਉਹ ਹਰਕੁਲੀਸ!

## ਉਬਾਮਾ ਦੀ ਭਾਰਤ ਫੇਰੀ

ਉਹ ਆਏ ਤੇ ਆ ਕੇ ਚਲੇ ਗਏ।
ਡੁਗਡੁਗੀ ਵਜਾ ਕੇ ਚਲੇ ਗਏ।
ਸਰਪੰਚਾਂ ਵਾਲਾ ਪਾਇਆ ਫੇਰਾ,
ਸੁੱਤੀ ਕਲਾ ਜਗਾ ਕੇ ਚਲੇ ਗਏ।
ਬੰਬਈ ਹਮਲੇ ਦੀਆਂ ਕਬਰਾਂ ਤੇ,
ਸ਼ਰਧਾਂਜਲੀ ਦਿਖਾ ਕੇ ਚਲੇ ਗਏ।
ਨੱਚ ਨੱਚ ਮਸਤੀ ਕੀਤੀ ਉਨ੍ਹਾਂ,
ਦੁਖੀ ਧਰਤ ਰੁਆ ਕੇ ਚਲੇ ਗਏ।
ਬੇਕਾਰ ਪੈਕੇਜ ਉਡੀਕਦੇ ਰਹੇ,
ਉਹ ਲਾਰਾ ਲਾ ਕੇ ਚਲੇ ਗਏ।
ਚੁਰਾਸੀ ਜ਼ਖ਼ਮ ਦਿਖਾਏ ਸੀਣੇ ਨੂੰ,
ਉਹ ਨਮਕ ਛਿੜਕਾ ਕੇ ਚਲੇ ਗਏ।
ਅਮਨਾਂ ਨਾਲ ਰਹਿਣਾ ਚਾਹੁੰਦੇ ਸੀ,
ਐਟਮ ਬੰਬ ਫੜ੍ਹਾ ਕੇ ਚਲੇ ਗਏ।
ਸੂਚੀ ਰੱਖੀ ਇਨਸਾਫੀ ਮੰਗਾਂ ਦੀ,
ਉਹ ਜੇਬ 'ਚ ਪਾ ਕੇ ਚਲੇ ਗਏ।
ਗਲੀਚੇ ਵਿਸ਼ੇ ਰਹਿਗੇ ਧਰਤੀ ਤੇ,
ਉਹ ਜਹਾਜ਼ ਉਡਾ ਕੇ ਚਲੇ ਗਏ।

-ਚਰਨਜੀਤ ਸਿੰਘ ਪੰਨੂ

# ਬੀਰ ਦਵਿੰਦਰ ਵਲੋਂ ਸਰਕਾਰ ਦੀਆਂ ਕਿਸਾਨ ਪ੍ਰਤੀ ਨੀਤੀਆਂ ਦੀ ਆਲੋਚਨਾ

**ਪਟਿਆਲਾ:** ਬਿਜਲੀ ਦੇ ਖੇਤਰ ਵਿਚ ਪੰਜਾਬ ਸਰਕਾਰ ਦੀਆਂ ਇਕਤਰਫ਼ਾ ਅਤੇ ਬੇਜੋੜ ਡੰਗ-ਟਪਾਊ ਨੀਤੀਆਂ ਨੇ ਜਿੱਥੇ ਪਹਿਲਾਂ ਪੰਜਾਬ ਰਾਜ ਬਿਜਲੀ ਬੋਰਡ ਦੀ ਆਰਥਿਕਤਾ ਦਾ ਬੇੜਾ ਗਰਕ ਕੀਤਾ ਉਥੇ ਹੁਣ ਨਵੀਂ ਬਣੀ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਦੀ ਮਾਲੀ ਹਾਲਤ ਵੀ ਚਿੰਤਾਜਨਕ ਬਣ ਰਹੀ ਹੈ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਕਰਕੇ ਪੰਜਾਬ ਦੀ ਸਮੁੱਚੀ ਆਰਥਿਕਤਾ ਨਿਘਾਰ ਦੀ ਡੂੰਘੀ ਖਾਈ ਵਿਚ ਧੱਕੀ ਗਈ ਹੈ।

ਇਹ ਟਿੱਪਣੀ ਪੰਜਾਬ ਦੇ ਸਾਬਕਾ ਡਿਪਟੀ ਸਪੀਕਰ ਅਤੇ ਹਾਲ ਹੀ ਵਿਚ ਅਕਾਲੀ ਦਲ ਛੱਡ ਕੇ ਗਏ ਆਗੂ ਸ. ਬੀਰ ਦਵਿੰਦਰ ਸਿੰਘ ਨੇ ਸਰਕਾਰ ਦੀਆਂ ਕਿਸਾਨ ਪ੍ਰਤੀ ਨੀਤੀਆਂ ਦੀ ਆਲੋਚਨਾ ਕਰਦਿਆਂ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਦਾ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਫੈਸਲਾ ਦਰਅਸਲ ਕਿਸਾਨੀ ਨੂੰ ਕੋਈ ਵੱਡੀ ਰਾਹਤ ਨਹੀਂ ਹੈ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਬਾਦਲ ਸਰਕਾਰ ਨੇ ਕਿਸਾਨਾਂ ਨੂੰ ਬਿਜਲੀ ਦੇ ਬਿਲ ਦੁਬਾਰਾ ਲਗਾਏ ਸਨ ਤਾਂ ਉਸ ਦੇ ਪਿੱਛੇ ਕੀ ਤਰਕ ਸੀ? ਆਖਰ ਉਦੋਂ ਤੋਂ ਲੈ ਕੇ ਹੁਣ ਤੱਕ ਕਿਸਾਨੀ ਦੀ ਆਰਥਿਕ ਦਸ਼ਾ ਵਿਚ ਕਿਹੜੇ-ਕਿਹੜੇ ਬਦਲਾਓ ਆਏ ਹਨ? ਜੇ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਈ ਪੰਜਾਬ ਦੇ ਕਿਸਾਨ ਨੂੰ ਪੈਦਾਵਾਰੀ ਮੁਨਾਫਾ ਦੇਣਾ ਸੰਭਵ ਨਹੀਂ ਹੈ ਤਾਂ ਅਜਿਹਾ ਫੈਸਲਾ ਲੈਣ ਵੇਲੇ ਕਾਰਪੋਰੇਸ਼ਨ ਨੇ ਪਹਿਲਾਂ ਸੰਜੀਦਗੀ ਅਤੇ ਬਾਰੀਕੀ ਨਾਲ ਅਧਿਐਨ ਕਿਉਂ ਨਹੀਂ ਕੀਤਾ? ਇਸ ਤਰ੍ਹਾਂ ਦੇ ਡੰਗ-ਟਪਾਊ ਫੈਸਲਿਆਂ ਨਾਲ ਜੋ ਹਾਲਾਤ ਪਾਵਰ ਕਾਰਪੋਰੇਸ਼ਨ ਦੀ ਪ੍ਰਬੰਧਕੀ ਅਤੇ ਬਿਜਲੀ ਵੰਡ-ਪ੍ਰਣਾਲੀ ਵਿਚ ਬਣੇ ਹਨ, ਉਸ ਨਾਲ ਕਿਸਾਨਾਂ ਦੇ ਮਨਾਂ ਵਿਚ ਰੋਸ ਪੈਦਾ ਹੋਇਆ ਹੈ ਜਿਸ ਕਾਰਨ ਕਿਸਾਨਾਂ ਨੂੰ ਵਿਦਰੋਹ ਦਾ ਰਸਤਾ ਧਾਰਨ ਕਰਨਾ ਪਿਆ ਹੈ।

ਉਨ੍ਹਾਂ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਦਰਅਸਲ ਪੰਜਾਬ ਸਰਕਾਰ ਛੋਟੇ ਕਿਸਾਨਾਂ ਦੇ ਜਜ਼ਬਾਤ ਨਾਲ ਲੰਮੇ ਸਮੇਂ ਤੋਂ ਲੁਕਣ-ਮੀਟੀ ਖੇਡ ਰਹੀ ਹੈ। ਜਿੱਥੋਂ ਤੱਕ ਖੇਤੀਬਾੜੀ ਲਈ ਟਿਊਬਵੈਲਾਂ ਦੇ ਨਵੇਂ ਕੁਨੈਕਸ਼ਨਾਂ ਦਾ ਸਵਾਲ ਹੈ, ਇਹ ਦਸ਼ਾ ਵੀ ਬੁਹਤੀ ਚੰਗੀ ਨਹੀਂ ਹੈ। ਇਸ ਵੇਲੇ ਪੰਜਾਬ ਬਿਜਲੀ ਕਾਰਪੋਰੇਸ਼ਨ ਪਾਸ ਨਵੇਂ ਟਿਊਬਵੈਲ ਕੁਨੈਕਸ਼ਨਾਂ ਲਈ ਕਰੀਬ ਪੌਣੇ 2 ਲੱਖ ਦਰਖਾਸਤਾਂ ਬਕਾਇਆ ਪਈਆਂ ਹਨ।

ਉਨ੍ਹਾਂ ਪੰਜਾਬ ਸਰਕਾਰ ਅਤੇ ਖਾਸ ਕਰਕੇ ਸ. ਸੁਖਬੀਰ ਸਿੰਘ ਬਾਦਲ ਤੋਂ ਇਹ ਜਾਨਣਾ ਚਾਹਿਆ ਕਿ ਸਰਕਾਰ ਨੇ ਕਿਸਾਨ ਦੀ ਇਸ ਮਾਮਲੇ ਵਿਚ ਕਿਹੜੀ ਮਦਦ ਕੀਤੀ ਹੈ? ਛੋਟਾ ਕਿਸਾਨ ਅਤੇ ਹਾਸ਼ੀਏ ਵਿਚ ਖੜ੍ਹਾ ਕਿਸਾਨ ਨਵਾਂ ਟਿਊਬਵੈਲ ਕੁਨੈਕਸ਼ਨ ਕਿਸ ਤਰ੍ਹਾਂ ਲੈ ਸਕਦਾ ਹੈ? ਉਸ ਨੂੰ ਤਾਂ ਆਪਣੇ ਸੀਮਤ ਮਾਲੀ ਸਾਧਨਾਂ ਵਿਚੋਂ ਡੀਜ਼ਲ ਖਰੀਦ ਕੇ ਆਪਣੀ ਫਸਲ ਪਾਲਣੀ ਪੈ ਰਹੀ ਹੈ। ਜਿਸ ਨਾਲ ਉਸ ਦੀ ਆਰਥਿਕਤਾ ਦਾ ਕਚੂਮਰ ਪਹਿਲੋਂ ਹੀ ਨਿਕਲ ਜਾਂਦਾ ਹੈ। ਕਿਸਾਨ ਨੂੰ ਸਬਸਿਡੀ ਭਾਵੇਂ ਜਿੰਨੀ ਮਰਜ਼ੀ ਵਧਾ ਦਿੱਤੀ ਜਾਵੇ, ਜਦੋਂ ਤੱਕ ਉਸ ਵੱਲੋਂ ਪੈਦਾ ਕੀਤੇ ਉਤਪਾਦਨ ਦੇ ਘੱਟੋ-ਘੱਟ ਖਰੀਦ ਮੁੱਲ ਮਹਿੰਗਾਈ ਦੀਆਂ ਕੀਮਤਾਂ ਦੇ ਸੂਚਕ ਅੰਕ ਨਾਲ ਨਹੀਂ ਜੋੜਿਆ ਜਾਂਦਾ, ਉਦੋਂ ਤੱਕ ਕਿਸਾਨੀ ਦੀ ਆਰਥਿਕਤਾ ਨੂੰ ਉਜਾੜੇ ਦੀ ਡੂੰਘੀ ਖਾਈ ਵਿਚੋਂ ਨਹੀਂ ਕੱਢਿਆ ਜਾ ਸਕੇਗਾ।

ਇਸ ਲਈ ਇਹ ਜ਼ਰੂਰੀ ਹੈ ਕਿ ਸਾਰੀਆਂ ਵੱਡੀਆਂ ਰਾਜਨੀਤਕ ਪਾਰਟੀਆਂ ਆਪਣੀਆਂ ਭਵਿੱਖ ਦੀਆਂ ਕਿਸਾਨ ਨੀਤੀਆਂ ਦਾ ਐਲਾਨ ਕਰਨ ਅਤੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਨ੍ਹਾਂ ਨੂੰ ਮੁੱਦਾ ਬਣਾਇਆ ਜਾਵੇ।

## ਨਕੋਦਰ 'ਚ ਨਸ਼ਿਆਂ ਵਿਰੁਧ ਮੈਰਾਥਨ ਦੌੜ

**ਨਕੋਦਰ:** ਜਲੰਧਰ ਜ਼ਿਲ੍ਹੇ ਦੇ ਇਸ ਇਤਿਹਾਸਕ ਸ਼ਹਿਰ ਦੇ ਇਤਿਹਾਸ ਵਿਚ ਉਦੋਂ ਇਕ ਨਵਾਂ ਕਾਂਡ ਜੁੜ ਗਿਆ ਜਦੋਂ ਅਖਬਾਰ 'ਦੋਆਬਾ ਹੈਡਲਾਈਨਜ਼' ਦੇ ਉਦਮ ਨਾਲ ਕਰਵਾਈ ਗਈ ਚੌਥੀ ਮਿਨੀ ਮੈਰਾਥਨ 'ਚ ਰਿਕਾਰਡਤੋੜ 4000 ਤੋਂ ਵੱਧ ਦੌੜਾਕਾਂ ਨੇ ਹਿੱਸਾ ਲਿਆ। ਨਸ਼ਿਆਂ 'ਚ ਡੁੱਬ ਰਹੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਕਰਵਾਈ ਗਈ ਇਸ ਦੌੜ ਨੂੰ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।




*ਸੰਤ ਬਲਬੀਰ ਸਿੰਘ ਸੀਚੇਵਾਲ ਦੌੜ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦੇ ਹੋਏ*

ਸੰਤ ਸੀਚੇਵਾਲ ਨੇ ਦੌੜ ਵਿਚ ਸ਼ਾਮਲ ਮੁੰਡੇ, ਕੁੜੀਆਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਸਿਹਤਮੰਦ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ। 7 ਕਿਲੋਮੀਟਰ ਦੀ ਇਸ ਦੌੜ ਵਿਚ ਲੜਕਿਆਂ ਦੇ ਵਰਗ ਵਿਚ ਧਰਮਵੀਰ ਸਿੰਘ ਸ਼ਾਹਕੋਟ ਪਹਿਲੇ, ਰਾਜ ਕੁਮਾਰ ਨਕੋਦਰ ਦੂਜੇ ਅਤੇ ਪੱਪੂ ਸ਼ਾਹ ਨਕੋਦਰ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਵਰਗ 'ਚ ਵੀਰਾ ਮਹਿਤਪੁਰ ਪਹਿਲੇ, ਕਰਮਜੀਤ ਕੌਰ ਸੀਚੇਵਾਲ ਦੂਜੇ ਅਤੇ ਦਵਿੰਦਰ ਕੌਰ ਨਕੋਦਰ ਤੀਜੇ ਸਥਾਨ 'ਤੇ ਰਹੀਆਂ। ਅੰਡਰ-15 ਵਰਗ 'ਚ ਮਨਪ੍ਰੀਤ ਸਿੰਘ ਨਕੋਦਰ ਪਹਿਲੇ, ਗੁਰਜੰਟ ਸਿੰਘ ਸਰਹਾਲੀ (ਤਰਨਤਾਰਨ) ਦੂਜੇ ਅਤੇ ਗੁਰਜੰਟ ਸਿੰਘ ਸੀਚੇਵਾਲ ਤੀਜੇ ਸਥਾਨ 'ਤੇ ਰਹੇ।

ਬਜ਼ੁਰਗਾਂ ਦੀ ਦੌੜ ਵਿਚ ਮਾਸਟਰ ਜਗੀਰ ਸਿੰਘ ਨਕੋਦਰ ਪਹਿਲੇ, ਅਵਤਾਰ ਸਿੰਘ ਹੁਸ਼ਿਆਰਪੁਰ ਦੂਜੇ, ਅਵਤਾਰ ਸਿੰਘ ਬਟਾਲਾ ਤੀਜੇ ਸਥਾਨ 'ਤੇ ਰਹੇ। ਔਰਤਾਂ ਦੇ ਵਰਗ ਵਿਚ ਸਵਰਨ ਕੌਰ ਪਹਿਲੇ, ਕੁਲਵਿੰਦਰ ਕੌਰ ਦੂਜੇ ਅਤੇ ਸੁਸ਼ੀਲ ਕੁਮਾਰੀ ਤੀਜੇ ਸਥਾਨ 'ਤੇ ਰਹੇ। ਇਨਾਮਾਂ ਦੀ ਵੰਡ ਸਮੇਂ ਜਸਬੀਰ ਸਿੰਘ ਉਪਲ, ਅਮਰਜੀਤ ਸਿੰਘ ਸੋਹਲ, ਅਸ਼ਵਨੀ ਕੋਹਲੀ, ਰਘਬੀਰ ਸਿੰਘ ਪਦਮ, ਸ਼੍ਰੀ ਕੇ. ਕੇ. ਭਨੋਟ, ਹੰਸ ਰਾਜ ਗਾਬਾ, ਸ਼੍ਰੀ ਸਰਦਾਰੀ ਲਾਲ ਕੋਟਕਪੂਰਾ, ਪ੍ਰੀਤਮ ਸਿੰਘ ਬੱਤਰਾ, ਪਰਮਜੀਤ ਠਰੂ, ਦਲਜੀਤ ਸ਼ਰਮਾ, ਪ੍ਰਿੰ. ਅਮਰ ਚੰਦ, ਪ੍ਰੇਮ ਪਾਲ ਸਿੰਘ ਭਾਟੀਆ ਆਦਿ ਹਾਜ਼ਰ ਸਨ।

## ਡਾ. ਪ੍ਰੀਤਮ ਸਿੰਘ ਰਾਹੀ ਨੂੰ ਸ਼ਰਧਾਂਜਲੀ

**ਫਰਿਜ਼ਨੋ:** ਡਾ. ਪ੍ਰੀਤਮ ਸਿੰਘ ਰਾਹੀ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਨੂੰ ਜੋ ਘਾਟਾ ਪਿਆ ਹੈ ਉਸ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।

ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੀਫੋਰਨੀਆ (ਵਿਪਸਾ) ਵਲੋਂ ਜਾਰੀ ਇਕ ਬਿਆਨ ਵਿਚ ਡਾ. ਗੁਰੂਮੇਲ ਸਿੰਘ ਸਿੱਧੂ, ਕਰਮ ਸਿੰਘ ਮਾਨ, ਹਰਜਿੰਦਰ ਕੰਗ, ਸੁਖਵਿੰਦਰ ਕੰਬੋਜ਼, ਜਗਜੀਤ ਨੁਸ਼ਹਿਰਵੀ, ਰੇਸ਼ਮ ਸੰਘ, ਸੁਰਿੰਦਰ ਸੀਰਤ ਅਤੇ ਕੁਲਵਿੰਦਰ ਨੇ ਕਿਹਾ ਹੈ ਕਿ ਡਾ. ਰਾਹੀ ਪ੍ਰੌੜ੍ਹ ਅਤੇ ਅਨੁਭਵੀ ਵਿਚਾਰਾਂ ਦੇ ਧਾਰਨੀ ਕਵੀ ਸਨ। ਪ੍ਰੌੜ੍ਹ ਸਾਹਿਤ ਰਚਣ ਲਈ ਸੁਹਿਰਦਤਾ, ਸ਼ਹਿਨਸ਼ੀਲਤਾ, ਸਦਭਾਵਨਾ, ਸਾਹਸ ਅਤੇ ਸਹਾਨਭੂਤੀ ਦੀ ਲੋੜ ਹੈ ਅਤੇ ਡਾ ਰਾਹੀ ਸਹਿਜੇ ਹੀ ਇਨ੍ਹਾਂ ਗੁਣਾਂ ਦੇ ਧਾਰਨੀ ਅਤੇ ਪਾਲਣਹਾਰ ਸਨ। ਉਨ੍ਹਾਂ ਨੇ ਸਾਰੀ ਉਮਰ ਵਚਨਬੱਧ ਹੋ ਕੇ ਕਵਿਤਾ ਵਰਗੀ ਕੋਮਲ ਕਲਾ ਨੂੰ ਦ੍ਰਿੜ ਅਕੀਦੇ ਨਾਲ ਕਮਾਇਆ ਅਤੇ 'ਮੁਹਾਂਦਰੇ' ਵਰਗੇ ਸਾਹਿਤਕ ਪਰਚੇ ਰਾਹੀਂ ਬੇਲਾਗ ਅਤੇ ਬੇਦਾਗ ਹੋ ਕੇ ਸਿੰਜਿਆ।

ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬੀ ਸਹਿਤ ਵਿਚ ਡਾ. ਰਾਹੀ ਦਾ ਜੋ ਮੁਲ ਪੈਣਾ ਚਾਹੀਦਾ ਸੀ ਉਹ ਨਹੀਂ ਪੈ ਸਕਿਆ ਕਿਉਂਕਿ ਉਨ੍ਹਾਂ ਨੂੰ ਸਾਰੀ ਉਮਰ ਮੁੱਲ ਪੁਆਉਣ ਦੀ ਅਤੇ ਪੰਜਾਬੀ ਸਾਹਿਤਕਾਰਾਂ ਨੂੰ ਮੁੱਲ ਪਾਉਣ ਦੀ ਸੁਮੱਤ ਨਾ ਆਈ। ਅਜਿਹੇ ਕਰਮ ਯੋਗੀ ਨੂੰ ਉਸ ਦੀ ਨਿਸ਼ਕਾਮ ਸੇਵਾ ਕਰਕੇ ਪ੍ਰਣਾਮ ਕਰਨਾ ਬਣਦਾ ਹੈ।

## Matrimonials

### ਵਰ ਦੀ ਲੋੜ

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

ਬ੍ਰਾਹਮਣ 27 ਸਾਲਾ, 5'6", ਸੁਨੱਖੀ, ਪੜ੍ਹੀ-ਲਿਖੀ ਅਤੇ ਅਸਟਰੇਲੀਆ ਰਹਿ ਰਹੀ ਨਿਰਦੋਸ਼ ਤਲਾਕਸ਼ੁਦਾ ਲੜਕੀ ਲਈ ਅਮਰੀਕੀ ਸਿਟੀਜ਼ਨ ਵਰ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ, ਕੁੰਡਲੀ ਮਿਲਣਾ ਜ਼ਰੂਰੀ। ਕਾਲ ਕਰੋ:61-430907199 ਜਾਂ e-mail: sonamlovesu21@yahoo.com

US citizen vegetarian, professional match for pretty, sincere, honest, obedient and never married girl, in her 30s, 5'-2". Only serious inquiries, cast no bar: Singhb1@yahoo.com

### ਕੰਨਿਆ ਦੀ ਲੋੜ

ਜੱਟ ਸਿੱਖ ਬਰਾੜ, 37 ਸਾਲ, ਕੱਦ 6'11", ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਚਾਹੀਦੀ ਹੈ। ਸੰਪਰਕ ਕਰੋ: 503-409-4844

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

www.punjabtimesusa.com

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service



Desi Cuts and Color Plus
For Men, Women & Children
Grand Opening
Ph:510-429-0786
Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 ( Behind Tacobell )




FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



# ਸਿਆਟਲ ਦੀ ਸਿੱਖ ਕਨਵੈਨਸ਼ਨ 'ਚ ਖਾਲਿਸਤਾਨ ਪ੍ਰਤੀ ਗੰਭੀਰ ਚਿੰਤਨ

**ਸਿਆਟਲ:** ਇਥੇ 30 ਅਕਤੂਬਰ ਨੂੰ ਹੋਈ ਇੰਟਰਨੈਸ਼ਨ ਸਿੱਖ ਕਨਵੈਨਸ਼ਨ 'ਚ ਵੱਖ ਵੱਖ ਬੁਲਾਰਿਆਂ ਨੇ ਜਿਥੇ ਸਿੱਖ ਕੌਮ ਲਈ ਵੱਖਰੇ ਘਰ ਦੀ ਮੰਗ ਲਈ ਸੰਘਰਸ਼ ਨੂੰ ਤੇਜ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਉਥੇ ਨਾਲ ਹੀ ਇਹ ਗੱਲ ਵੀ ਉਭਾਰੀ ਗਈ ਕਿ ਸਿੱਖ ਕੌਮ ਨੂੰ ਆਪਣੇ ਅੰਦਰ ਝਾਤ ਮਾਰ ਕੇ ਕੌਮ ਅੰਦਰ ਆ ਗਈਆਂ ਕਮਜ਼ੋਰੀਆਂ ਨੂੰ ਦੂਰ ਕਰਨ ਦੇ ਗੰਭੀਰ ਉਪਰਾਲੇ ਕਰਨੇ ਚਾਹੀਦੇ ਹਨ।

ਸਿਆਟਲ ਦੀਆਂ ਵੱਖ ਵੱਖ ਸੰਸਥਾਵਾਂ ਅਤੇ ਵੱਖ ਵੱਖ ਧੜਿਆਂ ਦੇ ਸੁਹਿਰਦ ਅਤੇ ਅਗਾਂਹਵਧੂ ਸੋਚ ਵਾਲੇ ਨੌਜੁਆਨਾਂ ਵਲੋਂ ਕਰਵਾਈ ਗਈ ਇਸ ਕਨਵੈਨਸ਼ਨ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਲੋਂ ਖਾਲਸਾ ਰਾਜ ਦੀ ਪ੍ਰਾਪਤੀ ਲਈ ਅਰੰਭੇ ਸੰਘਰਸ਼ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਨਾਲ ਹੀ ਇਸ ਗੱਲ 'ਤੇ ਵੀ ਵਿਚਾਰ ਕੀਤਾ ਗਿਆ ਕਿ ਵਿਦੇਸ਼ਾਂ ਵਿਚ ਬੈਠੇ ਸਿੱਖ ਸ਼ਾਂਤਮਈ ਢੰਗ ਨਾਲ ਆਜ਼ਾਦੀ ਲਈ ਕਿਵੇਂ ਅਤੇ ਕੀ ਯੋਗਦਾਨ ਪਾ ਸਕਦੇ ਹਨ? ਪੰਥ ਵਿਰੋਧੀ ਤਾਕਤਾਂ ਵਲੋਂ ਬਖੇੜੀ ਗਈ ਸਿੱਖ ਕੌਮ ਨੂੰ ਮੁੜ ਨਿਸ਼ਾਨ ਸਾਹਿਬ ਦੇ ਥੱਲੇ ਕਿਵੇਂ ਇਕੱਠਾ ਕੀਤਾ ਜਾਵੇ?

ਇਥੇ ਡਬਲ ਟਰੀ ਹੋਟਲ ਦੇ ਹਾਲ ਵਿਚ ਕਰਵਾਈ ਗਈ ਇਸ ਕਨਵੈਨਸ਼ਨ ਦੇ ਅਰੰਭ ਵਿਚ ਭਾਈ ਹਰਦਿਆਲ ਸਿੰਘ ਨੇ ਗੁਰੂ ਚਰਨਾਂ ਵਿਚ ਕਨਵੈਨਸ਼ਨ ਦੀ ਚੜਦੀ ਕਲਾ ਲਈ ਅਰਦਾਸ ਕਰਦਿਆਂ ਗੁਰੂ ਸਾਹਿਬ ਤੋਂ ਵਿਵੇਕ ਬੁੱਧੀ ਦੀ ਮੰਗ ਕੀਤੀ ਤਾਂ ਕਿ ਉੱਤਰੀ ਅਮਰੀਕਾ ਦਾ ਆਗੂ ਵਰਗ ਸਿਰ ਜੋੜ ਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਵਿਚਾਰਾਂ ਕਰ ਸਕੇ।

ਪ੍ਰਬੰਧਕਾਂ ਵਲੋਂ ਸ. ਅਜਾਇਬ ਸਿੰਘ ਨੇ ਕਨਵੈਨਸ਼ਨ ਨੂੰ ਤਰਤੀਬ ਦਿੰਦਿਆਂ ਇਸ ਦੇ ਏਜੰਡੇ ਬਾਰੇ ਸਪੱਸ਼ਟ ਲਾਈਨ ਅਖਤਿਆਰ ਕਰਦਿਆਂ ਸੱਦਾ ਦਿੱਤਾ ਕਿ ਆਓ ਇੱਕ ਕੇਸਰੀ ਨਿਸ਼ਾਨ ਹੇਠ ਕੇਸਰੀ ਕਾਫਲੇ ਦਾ ਰੂਪ ਧਾਰਨ ਕਰਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਇੱਕ ਸੁਰ ਹੋ ਜਾਈਏ। ਉਨ੍ਹਾਂ ਕਿਹਾ ਕਿ 31 ਅਕਤੂਬਰ ਸਾਡੇ ਵਾਸਤੇ ਅਹਿਮ ਹੈ ਕਿਉਂਕਿ ਇਸੇ ਦਿਨ ਭਾਈ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਸੋਧਾ ਲਾ ਕੇ ਸਿੱਖ ਕੌਮ ਦੀ ਡਿੱਗੀ ਦਸਤਾਰ ਮੁੜ ਸਾਡੇ ਸਿਰਾਂ 'ਤੇ ਟਿਕਾਈ। ਉਨ੍ਹਾਂ ਕਿਹਾ ਕਿ ਇਹ ਕਨਵੈਨਸ਼ਨ 26 ਸਾਲ ਦਾ ਲੇਖਾ ਜੋਖਾ ਕਰਦਿਆਂ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਖਾਲਿਸਤਾਨ ਦੀ ਸੋਚ ਨੂੰ ਸਾਕਾਰ ਕਰਨ ਲਈ ਇਸ ਦੇਸ਼ ਦੇ ਕਾਨੂੰਨੀ ਦਾਇਰੇ ਵਿਚ ਰਹਿੰਦਿਆਂ ਨੀਤੀਆਂ ਘੜਨ ਬਾਰੇ ਵਿਚਾਰ ਕਰਨ ਲਈ ਹੈ। ਉਨ੍ਹਾਂ ਪੰਜਾਬ, ਕੈਨੇਡਾ ਅਤੇ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿਚੋਂ ਆਏ ਬੁਲਾਰਿਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸਮੇਂ ਦੀ ਸੀਮਾ ਵਿਚ ਰਹਿੰਦਿਆਂ ਇਸ ਕਨਵੈਨਸ਼ਨ ਨੂੰ ਸਿੱਖ ਕੌਮ ਦੇ ਆਜ਼ਾਦ ਰਾਜ ਖਾਲਿਸਤਾਨ ਲਈ "ਨੀਤੀ ਕਨਵੈਨਸ਼ਨ" ਦੇ ਰੂਪ ਵਿਚ ਲਿਆ ਜਾਵੇ।

ਕਨਵੈਨਸ਼ਨ ਦੇ ਪਹਿਲੇ ਬੁਲਾਰੇ ਡਾ. ਸਵਰਾਜ ਸਿੰਘ ਨੇ ਸਿੱਖਾਂ ਬਾਰੇ ਭਰਮ ਭੁਲੇਖਿਆਂ ਬਾਰੇ ਪਰਚਾ ਪੜ੍ਹਦਿਆਂ ਕਿਹਾ ਕਿ ਸਿੱਖ ਦਾ ਜੀਵਨ ਗੰਭੀਰ ਚਿੰਤਨ ਦਾ ਪਾਤਰ ਹੈ ਪਰ ਦੁਨੀਆਂ, ਖਾਸ ਕਰਕੇ ਬ੍ਰਿਟਿਸ਼ ਸਰਕਾਰ ਨੇ ਸਿੱਖਾਂ ਨੂੰ ਜੰਗਜੂ ਵਜੋਂ ਪੇਸ਼ ਕੀਤਾ।

ਭਜਨ ਸਿੰਘ ਭਿੰਡਰ ਨੇ ਸਲਾਈਡ ਸ਼ੋਅ ਰਾਹੀਂ ਉੱਤਰੀ ਅਮਰੀਕਾ ਵਿਚ ਮਹਾਤਮਾ ਗਾਂਧੀ ਨੂੰ ਹਿੰਦੂ ਧਰਮ ਦਾ ਸਿੰਬਲ ਬਣਾ ਕੇ ਪੇਸ਼ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਮਹਾਤਮਾ ਗਾਂਧੀ ਭਾਰਤ ਦੇ ਨਸਲੀ



ਰਵੱਈਏ ਦਾ ਸਿੰਬਲ ਤਾਂ ਬਣ ਸਕਦਾ ਹੈ ਪਰ ਸ਼ਾਂਤੀ ਦਾ ਮਸੀਹਾ ਨਹੀਂ ਹੋ ਸਕਦਾ। ਉਨ੍ਹਾਂ ਦੱਸਿਆ ਕਿ ਅਸੀਂ ਗਾਂਧੀ ਦੇ ਲੱਗ ਰਹੇ ਬੁੱਤਾਂ ਖਿਲਾਫ ਜੰਗ ਵਿੱਢੀ ਹੋਈ ਹੈ ਜਿਸ ਵਿਚ ਅਸੀਂ ਸਫਲਤਾ ਹਾਸਿਲ ਕਰ ਰਹੇ ਹਾਂ। ਉਨ੍ਹਾਂ ਸੱਦਾ ਦਿੱਤਾ ਕਿ ਇਹ ਲੋਕ ਘੱਟ ਗਿਣਤੀ ਕੌਮਾਂ ਨੂੰ ਨਿਗਲਣਾ ਚਾਹੁੰਦੇ ਹਨ, ਆਓ ਪ੍ਰਚਾਰ ਕਰਕੇ ਇਨ੍ਹਾਂ ਘਿਨਾਉਣੇ ਚਰਿੱਤਰਾਂ ਨੂੰ ਨੰਗਿਆਂ ਕਰੀਏ।

ਕੌਂਸਲ ਆਫ ਖਾਲਿਸਤਾਨ ਦੇ ਆਗੂ ਸ. ਗੁਰਮੀਤ ਸਿੰਘ ਔਲਖ ਨੇ ਦਾਅਵਾ ਕੀਤਾ ਕਿ 2600 ਸਰਕਾਰੀ ਏਜੰਟ ਇਸ ਸਮੇਂ ਪਰਦੇਸਾਂ ਵਿਚ ਸਿੱਖਾਂ ਨੂੰ ਆਪਸ ਵਿਚ ਲੜਾਉਣ ਲਈ



ਸਰਗਰਮ ਹਨ। ਇਹ ਏਜੰਟ ਗੁਰਦੁਆਰਿਆਂ ਵਿਚ ਦੰਗੇ ਫਸਾਦ ਕਰਵਾਉਣ ਵਿਚ ਭੂਮਿਕਾ ਨਿਭਾ ਰਹੇ ਹਨ। ਆਪਣੇ ਨਿਵੇਕਲੇ ਅੰਦਾਜ਼ ਵਿਚ ਡਾ. ਔਲਖ ਨੇ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਤੋਂ ਬਿਨਾਂ ਸਿੱਖ ਕੌਮ ਦਾ ਗੁਜ਼ਾਰਾ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰਨ ਲਈ ਭਾਰਤ ਸਰਕਾਰ ਮੂਲ ਰੂਪ ਵਿਚ ਜ਼ਿੰਮੇਵਾਰ ਤਾਂ ਹੈ ਹੀ ਪਰ ਬਾਦਲ ਜੁੰਡਲੀ ਇਸ ਹਮਲੇ ਲਈ ਖਾਸ ਤੌਰ 'ਤੇ ਜ਼ਿੰਮੇਵਾਰ ਹੈ। ਡਾ. ਔਲਖ ਨੇ ਭਰੂਣ ਹੱਤਿਆ 'ਤੇ ਟਕੋਰ ਮਾਰਦਿਆਂ ਕਿਹਾ ਕਿ ਅਸੀਂ ਆਪਣੀ ਬੱਚੀਆਂ ਦੇ ਗਲ੍ਹੇ ਘੁੱਟ ਰਹੇ ਹਾਂ ਤੇ ਮੁੰਡੇ ਵਿਆਹੁਣ ਲਈ ਨੇਪਾਲ ਤੋਂ ਜਨਾਨੀਆਂ ਖਰੀਦ ਕੇ ਲਿਆਉਂਦੇ ਹਾਂ, ਉਹ ਕਿਹੋ ਜਿਹੀ ਸੰਤਾਨ ਪੈਦਾ ਕਰਨਗੇ?

ਉਘੇ ਕਾਲਮਨਵੀਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਆਪਣਾ ਪਰਚਾ ਪੜ੍ਹਦਿਆਂ ਕਿਹਾ ਕਿ ਸਿੱਖ ਪੰਥ ਦੇ ਬਾਨੀ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਡੰਕੇ ਦੀ ਚੋਟ ਨਾਲ ਕਾਜ਼ੀ, ਬ੍ਰਾਹਮਣ ਅਤੇ ਜੋਗੀ-ਤਿੰਨਾਂ ਨੂੰ 'ਉਜਾੜੇ ਕਾ ਬੰਧੁ' ਆਖਿਆ। ਇਨ੍ਹਾਂ ਤਿੰਨਾਂ ਦੇ ਉਤਰਾਧਿਕਾਰੀਆਂ ਅਤੇ ਪੈਰੋਕਾਰਾਂ ਨੇ ਸਿੱਖੀ ਦਾ ਨੁਕਸਾਨ ਕਰਨ ਲਈ ਹਰ ਹੀਲਾ ਅਪਨਾਇਆ। ਸਿੱਖ ਪੰਥ ਵਿਚ ਨਿਆਰੇਪਣ ਦੀ ਨਵ-ਚੇਤਨਾ ਨੂੰ ਭੰਬਲਭੂਸੇ ਵਿਚ ਪਾਉਣ ਲਈ ਬਿਪਰਵਾਦੀ ਤਾਕਤਾਂ ਨੇ ਉਦੋਂ ਹੀ ਅਤਿ ਮਹੀਨ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅੱਜ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਨੂੰ ਕਸਵੱਟੀ ਮੰਨ ਕੇ ਕੌਮ ਵਿਚ ਨਿੱਤ-ਦਿਨ ਬਖੇੜੇ ਖੜ੍ਹੇ ਕਰਨ ਵਾਲੀਆਂ ਜਾਂ ਤੱਤਿ ਗੁਰਮਤਿ ਦੀ ਸੇਵਾ ਕਰਨ ਵਾਲੀਆਂ ਆਵਾਜ਼ਾਂ ਤੇ ਕਲਮਾਂ ਦਾ ਨਿਰਨਾ ਕਰਨਾ ਜ਼ਰੂਰੀ ਹੈ।

ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਆਗੂ ਡਾ. ਅਮਰਜੀਤ ਸਿੰਘ ਨੇ ਕਿਹਾ ਕਿ 21ਵੀਂ ਸਦੀ ਸਾਡੀ ਸਦੀ ਹੈ ਕਿਉਂਕਿ ਹਿੰਦੋਸਤਾਨ ਤਿੜਕ ਰਿਹਾ ਹੈ। ਭਾਰਤ ਦੇ ਖੋਖਲੇਪਣ ਦੀ ਤਸਵੀਰ ਖਿੱਚਦਿਆਂ ਉਨ੍ਹਾਂ ਕਿਹਾ ਕਿ ਕਸ਼ਮੀਰ ਵਿਚ 7 ਲੱਖ ਭਾਰਤੀ ਫੌਜ ਦਨਦਨਾਉਂਦੀ ਫਿਰਦੀ ਹੈ ਪਰ ਫਿਰ ਵੀ ਕਸ਼ਮੀਰ ਦੀਆਂ ਗਲੀਆਂ ਵਿਚ 6-6, 7-7 ਸਾਲ ਦੇ ਬੱਚੇ ਆਜ਼ਾਦੀ ਦੇ ਗੀਤ ਗਾਉਂਦੇ ਸੁਣਾਈ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਜਗਤਾਰ ਸਿੰਘ ਹਵਾਰਾ ਦੇ ਹਿਰਾਸਤ ਵਿਚ ਗਰਜਦੇ ਲਲਕਾਰੇ ਇਹ ਸਿੱਧ ਕਰਦੇ ਹਨ ਕਿ ਢਾਈ ਕਰੋੜ ਦੀ ਸਿੱਖ ਕੌਮ ਜਲਦੀ ਖਾਲਿਸਤਾਨ ਦੀ ਆਜ਼ਾਦੀ ਪ੍ਰਾਪਤ ਕਰ ਲਵੇਗੀ।

ਉਨ੍ਹਾਂ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਅਸੀਂ ਆਪਣੇ ਵਿਰੋਧੀਆਂ ਉਪਰ ਸਰਕਾਰੀ ਏਜੰਟ ਹੋਣ ਵਾਲੇ ਲੇਬਲ ਲਾਉਣੇ ਬੰਦ ਕਰੀਏ ਅਤੇ ਕੌਮ ਦੇ ਅਸਲੀ ਕੰਮਾਂ ਵੱਲ ਧਿਆਨ ਦੇਈਏ।

ਚੰਡੀਗੜ੍ਹ ਤੋਂ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸਹਾਇਕ ਸੰਪਾਦਕ ਅਤੇ ਉਘੇ ਚਿੰਤਕ ਪੱਤਰਕਾਰ ਸ. ਕਰਮਜੀਤ ਸਿੰਘ ਨੇ ਆਪਣੇ ਪਰਚੇ ਨੂੰ ਦੋ ਭਾਗਾਂ ਵਿਚ ਵੰਡਦਿਆਂ ਇੱਕ ਭਾਗ ਵਿਚ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਅਤੇ ਦੂਸਰੇ ਭਾਗ ਵਿਚ ਖਾੜਕੂ ਸੰਘਰਸ਼ ਬਾਰੇ ਚਿੰਤਨ ਕੀਤਾ। ਉਨ੍ਹਾਂ ਨੇ ਪੱਤਰਕਾਰਾਂ ਅਤੇ ਲੇਖਕ ਵਰਗ 'ਤੇ ਗਹਿਰੀ ਚੋਟ ਮਾਰਦਿਆਂ ਕਿਹਾ ਕਿ ਜਿਹੜੀਆਂ ਕਲਮਾਂ ਸ਼ਹੀਦ ਸੰਤ ਜਰਨੈਲ ਸਿੰਘ ਬਾਰੇ ਊਟ ਪਟਾਂਗ ਲਿਖਦੀਆਂ ਹਨ, ਦਰਅਸਲ ਉਹ ਸੰਤਾਂ ਦੀ ਸ਼ਖਸੀਅਤ ਤੋਂ ਵਾਕਫ ਹੀ ਨਹੀਂ ਹਨ। ਉਨ੍ਹਾਂ ਕਿਹਾ ਕਿ ਖਾੜਕੂ ਲਹਿਰ ਦੇ ਹੀਰੋ ਭਾਈ ਸੁੱਖਾ ਅਤੇ ਭਾਈ ਜਿੰਦਾ ਦਾ ਭਾਰਤ ਦੇ ਰਾਸ਼ਟਰਪਤੀ ਨੂੰ ਲਿਖਿਆ ਪੱਤਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਖਾੜਕੂ ਸਫਾਂ ਵਿਚ ਵਿਚਰਨ ਵਾਲੇ ਨੌਜੁਆਨ ਗੰਭੀਰ ਸਿੱਖ ਚਿੰਤਕ ਅਤੇ ਪਾਏਦਾਰ ਸੋਚ ਦੇ ਧਾਰਨੀ ਸਨ।

ਬੱਚੀ ਅਰਸ਼ਦੀਪ ਕੌਰ ਨੇ ਇਸ ਮੌਕੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਆਪਣੇ ਵਿਚਾਰਾਂ ਨੂੰ ਤਰਤੀਬ ਦੇ ਕੇ ਹਾਜ਼ਰ ਕੌਮ ਦੇ ਜਥੇਦਾਰਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਅਤੇ ਇਹ ਭਰੋਸਾ ਵੀ ਦੁਆਇਆ ਕਿ ਸਿੱਖ ਕੌਮ ਦੇ ਦੁਖਾਂਤ ਦੀ ਚੀਸ, ਨੌਜੁਆਨ ਵਰਗ ਵੀ ਮਹਿਸੂਸ ਕਰ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਕੱਤਰ ਅਜੀਤ ਸਿੰਘ ਆਲੋਅਰਖ ਨੇ ਪੰਜਾਬ ਵਿਚ ਸਿੱਖ ਨੌਜੁਆਨਾਂ ਉਪਰ ਹੋਏ ਜ਼ੁਲਮਾਂ ਦੀ ਦਾਸਤਾਨ ਦੀ ਬਾਤ ਪਾਈ। ਆਲੋਅਰਖ ਨੇ ਬੇਅੰਤ ਸਿੰਘ ਦੇ ਮੁੱਖ ਮੰਤਰੀ ਬਣਨ ਦੀ ਵਿੱਥਿਆ ਸਾਂਝੀ ਕਰਦਿਆਂ ਕਿਹਾ ਕਿ ਉਸ ਵੇਲੇ ਚੋਣਾਂ ਦਾ ਬਾਈਕਾਟ ਏਜੰਸੀਆਂ ਦੀ ਨੀਤੀ 'ਚੋਂ ਨਿਕਲੀ ਸੋਚ ਅਧੀਨ ਕਰਵਾਇਆ ਗਿਆ ਸੀ ਜਿਸ ਨੂੰ ਸਿੱਖ ਸਮਝ ਨਹੀਂ ਸਕੇ। ਬੇਅੰਤ ਸਿੰਘ ਮੁੱਖ ਮੰਤਰੀ ਬਣ ਗਿਆ ਜਿਸ ਦੇ ਰਾਜ ਵਿਚ ਸਿੱਖ ਨੌਜੁਆਨਾਂ ਉਪਰ ਬੇਇੰਤਹਾ ਜ਼ੁਲਮ ਕੀਤਾ ਗਿਆ।

ਅਮਰੀਕਨ ਆਰਗੇਨਾਈਜੇਸ਼ਨ ਦੇ ਨੁਮਾਇੰਦੇ ਦੇਵਿੰਦਰ ਸਿੰਘ ਨੇ ਇਸ ਮੌਕੇ ਦੁੱਖ ਜਾਹਰ ਕੀਤਾ ਕਿ ਖਾਲਿਸਤਾਨੀ ਆਗੂਆਂ ਨੂੰ ਲੋਕ ਹੀਰੋ ਨਹੀਂ ਵਿਲਨ ਸਮਝਦੇ ਹਨ, ਕੈਲਵਿਨ ਕਲਾਈਨ ਦਾ ਸੂਟ ਪਾਉਣ ਦੇ ਬਾਵਜੂਦ ਵੀ ਸਾਨੂੰ ਰੈਡੀਕਲ ਸਮਝਿਆ ਜਾਂਦਾ ਹੈ। ਉਨ੍ਹਾਂ ਕਰਾਰੀ ਚੋਟ ਮਾਰਦਿਆਂ ਕਿਹਾ ਕਿ ਅਸੀਂ ਧਾਰਮਿਕ ਤੌਰ 'ਤੇ ਕਲਟਾਂ ਵਿਚ ਫਸ ਗਏ ਹਾਂ। ਅਸੀਂ ਗੁਰੂ ਨੂੰ ਛੱਡ ਕੇ ਮਨੁੱਖਾਂ ਦੀ ਪੂਜਾ ਕਰਨ ਲੱਗ ਪਏ ਹਾਂ।

ਟੋਰਾਂਟੋ ਤੋਂ ਛਪਦੇ ਅਖਬਾਰ ਪੰਜਾਬੀ ਡੇਲੀ ਦੇ ਸੰਪਾਦਕ ਸ. ਸੁਖਮਿੰਦਰ ਸਿੰਘ ਹੰਸਰਾ ਨੇ ਆਪਣੇ ਵਿਚਾਰ ਪਾਕਿਸਤਾਨੀ ਲੇਖਕ ਅਫਜ਼ਲ ਅਹਿਸਨ ਰੰਧਾਵਾ ਦੀਆਂ ਲਾਈਨਾਂ ਨਾਲ ਸ਼ੁਰੂ ਕੀਤੇ ਕਿ ਸੁਣ ਰਾਹੀਆ ਕਰਮਾਂ ਵਾਲਿਆ, ਮੈਂ ਬੇਕਰਮੀ ਦੀ ਬਾਤ, ਮੇਰਾ ਚੜ੍ਹਦਾ ਸੂਰਜ ਡੁੱਬਿਆ, ਮੇਰੇ ਦਿਨ ਨੂੰ ਖਾ ਗਈ ਰਾਤ। ਸ਼ਹੀਦ ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਅਤੇ ਕੇਹਰ ਸਿੰਘ ਨੂੰ ਸ਼ਰਧਾਂਜਲੀ ਅਰਪਤ ਕਰਦਿਆਂ ਸ. ਹੰਸਰਾ ਨੇ ਇੱਕ ਇਤਿਹਾਸਕਾਰ ਧੀਟ ਬਰਾਊਨ ਦੇ ਹਵਾਲੇ ਨਾਲ ਕਿਹਾ ਕਿ ਸਿੱਖ ਜਦੋਂ ਸੁਖਾਲੇ ਹੁੰਦੇ ਹਨ ਤਾਂ ਇਨ੍ਹਾਂ ਨੂੰ ਕੰਟਰੋਲ ਕਰਨਾ ਮੁਹਾਲ ਹੁੰਦਾ ਹੈ ਪਰ ਜਦੋਂ ਇਹ ਜੰਗਜੂ ਮਾਹੌਲ ਵਿਚ ਹੁੰਦੇ ਹਨ ਤਾਂ ਇਨ੍ਹਾਂ ਨੂੰ ਮਿਲੇ ਖਿਤਾਬ 'ਸ਼ੇਰ' ਉਤੇ ਪੂਰੇ ਨਿੱਤਰਦੇ ਹਨ। ਸ. ਹੰਸਰਾ ਨੇ ਕਿਹਾ ਕਿ ਇਹ ਸੁਆਲ ਸਿੱਖਾਂ ਦਾ ਧਿਆਨ ਮੰਗਦਾ ਹੈ ਕਿ ਐਨੇ ਬਹਾਦਰ ਹੋਣ ਦੇ ਬਾਵਜੂਦ ਸਿੱਖ ਕੌਮ ਪਿਛਲੇ 60-65 ਸਾਲਾਂ ਤੋਂ ਗੁਲਾਮੀ ਕਿਵੇਂ ਬਰਦਾਸ਼ਤ ਕਰੀ ਜਾ ਰਹੀ ਹੈ? ਉਨ੍ਹਾਂ ਬੁੱਧੀਜੀਵੀ ਵਰਗ ਨੂੰ ਅਪੀਲ ਕੀਤੀ ਕਿ ਉਹ ਡਰਪੋਕ ਕਲਮਾਂ ਤੋੜ ਕੇ ਇਨਕਲਾਬੀ ਕਲਮਾਂ ਚੁੱਕਣ, ਤਾਂ ਕਿ ਖਾਲਿਸਤਾਨ ਦੇ ਸੰਘਰਸ਼ ਨੂੰ ਸਹੀ ਦਿਸ਼ਾ ਮਿਲ ਸਕੇ।

ਸਿੱਖ ਬੁੱਧੀਜੀਵੀ ਡਾ. ਗੁਰਦਰਸ਼ਨ ਸਿੰਘ ਢਿਲੋਂ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕੋਈ ਵੀ ਜੋਰਾਵਰ ਸੱਤਾ, ਕਿਸੇ ਕਮਜ਼ੋਰ ਨੂੰ ਗੁਲਾਮ ਬਣਾ ਸਕਦੀ ਹੈ, ਸੋ ਗੁਲਾਮ ਹੋਣਾ ਜ਼ੁਰਮ ਨਹੀਂ ਹੈ ਪਰ ਗੁਲਾਮ ਹੋ ਕੇ ਗੁਲਾਮੀ ਦਾ ਅਹਿਸਾਸ ਨਾ ਕਰਨਾ ਕਿਸੇ ਵੀ ਕੌਮ ਵਾਸਤੇ ਮੌਤ ਦੇ ਬਰਾਬਰ ਹੈ। ਉਨ੍ਹਾਂ ਵੰਗਾਰ ਦਿੱਤੀ ਕਿ ਆਓ ਪੰਜਾਬ ਦੇ ਲੋਕਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਈਏ।

ਉਪਰੰਤ ਚੰਡੀਗੜ੍ਹ ਤੋਂ ਮਸ਼ਹੂਰ ਕਾਨੂੰਨਦਾਨ ਨਵਕਿਰਨ ਸਿੰਘ, ਸਿੱਖ ਯੂਥ ਆਫ ਅਮਰੀਕਾ ਦੇ ਕਾਰਕੁੰਨ ਗੁਰਿੰਦਰ ਸਿੰਘ ਮਾਨਾ ਨੇ ਆਪਣੇ ਵਿਚਾਰ ਰੱਖੇ। ਅਖੀਰ ਵਿਚ ਜਸਵਿੰਦਰ ਸਿੰਘ ਗਰੇਵਾਲ ਨੇ ਆਈਆਂ ਸੰਗਤਾਂ ਅਤੇ ਬਾਹਰੋਂ ਆਏ ਬੁਲਾਰਿਆਂ ਦਾ ਧੰਨਵਾਦ ਕੀਤਾ। ਭਾਈ ਗੁਰਚਰਨ ਸਿੰਘ ਸੈਦਪੁਰੀ ਨੇ ਸਟੇਜ ਦੀ ਕਾਰਵਾਈ ਸੰਭਾਲੀ।

# ਕੈਨੇਡਾ 'ਚ ਮਲਟੀਮੀਡੀਆ ਸਿੱਖ ਮਿਊਜ਼ੀਅਮ ਦਾ ਉਦਘਾਟਨ

**ਮਿਸੀਸਾਗਾ:** ਇਨਸਾਈਕਲੋਪੀਡੀਆ ਆਫ ਸਿੱਖਿਜ਼ਮ ਦੇ ਰਚੈਤਾ ਡਾ. ਰਘਬੀਰ ਸਿੰਘ ਬੈਂਸ ਵੱਲੋਂ ਨਿਵੇਕਲੀ ਕਿਸਮ ਦੀ ਤਕਨਾਲੋਜੀ ਨਾਲ ਤਿਆਰ ਕੀਤੇ ਮਲਟੀਮੀਡੀਆ ਸਿੱਖ ਮਿਊਜ਼ੀਅਮ ਦਾ ਉਦਘਾਟਨ ਮਿਸੀਸਾਗਾ ਦੇ ਓਂਟਾਰੀਓ ਖਾਲਸਾ ਦਰਬਾਰ ਵਿਖੇ ਵਾਤਾਵਰਣ ਪ੍ਰੇਮੀ ਅਤੇ ਪਦਮਸ਼੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਨੇ ਗੁਰੂ ਚਰਨਾਂ ਵਿਚ ਅਰਦਾਸ ਕਰ ਕੇ ਕੀਤਾ। ਇਸ ਮੌਕੇ ਓਂਟਾਰੀਓ ਦੇ ਕੈਬਨਟ ਮੰਤਰੀ ਹਰਿੰਦਰ ਸਿੰਘ ਤੱਖੜ, ਮਾਈਕਲ ਚੈਨ, ਮਿਸੀਸਾਗਾ ਦੀ ਮੇਅਰ ਹੇਜ਼ਲ ਮਕੈਲੀਅਨ, ਬਰੈਂਪਟਨ ਦੀ ਮੇਅਰ ਸੂਜ਼ਨ ਫੈਨਲ, ਐਮ ਪੀ ਨਵਦੀਪ ਸਿੰਘ ਬੈਂਸ, ਗੁਰਬਖਸ਼ ਸਿੰਘ ਮੱਲ੍ਹੀ, ਕ੍ਰਿਸਟੀ ਡੰਕਨ ਅਤੇ ਹੋਰ ਬਹੁਤ ਸਾਰੇ ਸਿਆਸੀ, ਧਾਰਮਿਕ ਤੇ ਸਮਾਜਿਕ ਆਗੂ ਮੌਜੂਦ ਸਨ। ਦਰਸ਼ਕਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਤੇ ਤਾੜੀਆਂ ਨਾਲ ਭਰਪੂਰ ਸਵਾਗਤ ਕੀਤਾ। ਉਦਘਾਟਨ ਸਮੇਂ ਹਜ਼ਾਰਾਂ ਹੀ ਦਰਸ਼ਕਾਂ ਨੇ ਮਿਊਜ਼ੀਅਮ ਨੂੰ ਦੇਖਿਆ ਜਿਨ੍ਹਾਂ ਵਿਚ ਨੌਜਵਾਨ ਪੀੜ੍ਹੀ ਦੇ ਲੋਕ ਕਾਫੀ ਗਿਣਤੀ ਵਿਚ ਸ਼ਾਮਲ ਸਨ। ਦੂਰੋਂ-ਦੂਰੋਂ ਆਏ ਹਜ਼ਾਰਾਂ ਹੀ ਦਰਸ਼ਕਾਂ ਜਿਨ੍ਹਾਂ ਵਿਚ ਮੁੱਖ ਧਾਰਾ ਦੇ ਲੋਕੀਂ ਵੀ ਸ਼ਾਮਲ ਸਨ, ਦੀ ਭੀੜ ਕਰਕੇ ਪ੍ਰਬੰਧਕਾਂ ਨੂੰ ਦੇਰ ਰਾਤ ਤੱਕ ਮਿਊਜ਼ੀਅਮ ਖੁੱਲ੍ਹਾ ਰੱਖਣਾ ਪਿਆ। ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਪਿੱਛੇ ਡਾ. ਬੈਂਸ ਦੀ ਕੋਈ 25 ਸਾਲ ਦੀ ਮਿਹਨਤ ਅਤੇ ਲਗਨ ਦੀ ਝਲਕ ਸਾਫ ਦਿਖਾਈ ਦੇ ਰਹੀ ਸੀ।

ਜ਼ਿਕਰਯੋਗ ਹੈ ਕਿ ਇਹ ਭਾਰਤ ਤੋਂ ਬਾਹਰ ਸਿੱਖ ਧਰਮ ਸਬੰਧੀ ਪਹਿਲਾ ਮਿਊਜ਼ੀਅਮ ਹੈ। ਡਾ. ਬੈਂਸ ਨੇ ਬਾਬਾ ਸੇਵਾ ਸਿੰਘ ਦੀ ਰਹਿਨੁਮਾਈ ਹੇਠ ਸਭ ਤੋਂ ਪਹਿਲਾ ਅਜਿਹਾ ਮਿਊਜ਼ੀਅਮ ਖਡੂਰ ਸਾਹਿਬ ਤੇ ਫਿਰ ਦੂਸਰਾ ਜਲੰਧਰ ਵਿਚ ਸਥਾਪਤ ਕੀਤਾ ਸੀ। ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਕੇ ਤਿਆਰ ਕੀਤੇ ਗਏ ਇਸ ਮਿਊਜ਼ੀਅਮ ਵਿਚ ਆਡੀਓ, ਵੀਡੀਓ, ਐਨੀਮੇਸ਼ਨ, ਗ੍ਰਾਫਿਕਸ ਤੋਂ ਇਲਾਵਾ ਕੋਈ 60,000 ਲਿਖਤੀ ਪੰਨੇ ਸ਼ਾਮਲ ਹਨ। ਮਿਊਜ਼ੀਅਮ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਸਮੇਂ ਦੇ ਇਤਿਹਾਸ ਦੇ ਅਧਿਆਏ ਵੀ ਸ਼ਾਮਲ ਕਰਕੇ ਅੱਜ ਤੱਕ ਦਾ ਗੁਰ ਇਤਿਹਾਸ, ਸਿੱਖ ਇਤਿਹਾਸ, ਸਿੱਖ ਧਰਮ, ਸਿੱਖ ਸਭਿਆਚਾਰ, ਸਿੱਖ ਵਿਰਸੇ ਤੇ ਸਿੱਖ ਰਹਿਤ-ਬਹਿਤ ਤੋਂ ਇਲਾਵਾ ਦੂਸਰੇ ਧਰਮਾਂ ਦੀ ਵੀ ਵੇਰਵਾ ਸਹਿਤ ਜਾਣਕਾਰੀ ਦਿੱਤੀ ਗਈ ਹੈ। ਮਨੁੱਖੀ ਜੀਵਨ ਦੇ ਹਰ ਪੱਖ ਸਬੰਧੀ ਜਾਣਕਾਰੀ ਨੂੰ ਉਪਲਬਧ ਕਰਾਉਣ ਲਈ ਸੁਹਿਰਦ ਯਤਨ ਕੀਤਾ ਗਿਆ ਹੈ।



ਮਿਊਜ਼ੀਅਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਬਾਣੀਆਂ ਦੇ ਪਾਠ ਦੀ 60 ਘੰਟੇ ਵਾਲੀ ਆਡੀਓ ਤੇ ਵਿਸ਼ਵ ਦੇ ਗੁਰਦੁਆਰਾ ਸਾਹਿਬਾਨ ਦੀ ਭਰਪੂਰ ਜਾਣਕਾਰੀ ਵੀ ਉਪਲਬਧ ਹੈ। ਨੌਜਵਾਨ ਪੀੜ੍ਹੀ ਲਈ ਗੁਰਮਤਿ ਅਨੁਸਾਰ ਸੇਧ ਦੇਣ ਲਈ ਅਜੋਕੇ ਯੁੱਗ ਵਿਚ ਵਧ ਰਹੀਆਂ ਸਮਾਜਿਕ ਬੁਰਾਈਆਂ ਜਿਵੇਂ ਕਿ ਨਸ਼ੇ, ਵੇਸਵਾਗਮਨੀ, ਘਰੇਲੂ ਝਗੜੇ, ਭਰੂਣ ਹੱਤਿਆ ਤੇ ਏਡਜ਼ ਆਦਿ ਤੋਂ ਬਚਣ ਦੇ ਸਾਧਨ ਵੀ ਦਰਸਾਏ ਗਏ ਹਨ। ਛੋਟੇ ਬੱਚਿਆਂ ਵਾਸਤੇ ਵਿਦਿਆ ਸਬੰਧੀ ਅੰਗਰੇਜ਼ੀ, ਹਿਸਾਬ, ਸਾਇੰਸ ਤੇ ਜਨਰਲ ਜਾਣਕਾਰੀ ਦੇਣ ਦੇ ਸਬਕ-ਪਾਠ ਵੀ ਸ਼ਾਮਲ ਕੀਤੇ ਗਏ ਹਨ। ਪਹਿਲੀ ਵਾਰੀ ਪੇਂਟਿੰਗਜ਼ ਦੀ ਜਾਣਕਾਰੀ ਅੰਗਰੇਜ਼ੀ, ਪੰਜਾਬੀ ਅਤੇ ਫਰੈਂਚ ਜ਼ੁਬਾਨ ਵਿਚ ਦਿੱਤੀ ਗਈ ਹੈ। ਦਰਸ਼ਕਾਂ ਨੂੰ ਇਹ ਸਾਰੀ ਸਮੱਗਰੀ ਵਾਚਣ ਵਾਸਤੇ ਕੋਈ 400 ਘੰਟੇ ਦਾ ਸਮਾਂ ਲੋੜੀਦਾ ਹੈ।

ਡਾ. ਰਘਬੀਰ ਸਿੰਘ ਬੈਂਸ ਨੇ ਦੱਸਿਆ ਕਿ ਬੀਬੀ ਨਰਿੰਦਰ ਕੌਰ ਐਮ ਪੀ ਦੇ ਉਦਮ ਸਦਕਾ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਖੁਦ ਮਿਲ ਕੇ ਇਸ ਮਿਊਜ਼ੀਅਮ ਦੀ ਜਾਣਕਾਰੀ ਦਿੱਤੀ ਤਾਂ ਉਨ੍ਹਾਂ ਨੇ ਅਤਿਅੰਤ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਭ ਨੂੰ ਵਧਾਈ ਦਿੱਤੀ। ਕੈਨੇਡਾ ਦੇ ਕੈਬਨਿਟ ਮੰਤਰੀ ਸਟਾਕਵੈਲ ਡੇ, ਕੈਨੇਡੀਅਨ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਲੀਡਰ ਮਾਈਕਲ ਇਗਨੈਟਿਫ, ਓਂਟਾਰੀਓ ਦੇ ਕੈਬਨਿਟ ਮੰਤਰੀ ਹਰਿੰਦਰ ਸਿੰਘ ਤੱਖਰ, ਐਮ ਪੀ ਗੁਰਬਖਸ਼ ਸਿੰਘ ਮੱਲ੍ਹੀ, ਨਵਦੀਪ ਸਿੰਘ ਬੈਂਸ, ਅਮ੍ਰਿਤ ਮਾਂਗਟ, ਵਿੱਕ ਢਿਲੋਂ ਨੇ ਵੀ ਇਸ ਮਿਊਜ਼ੀਅਮ ਦੀ ਸਥਾਪਨਾ 'ਤੇ ਵਧਾਈ ਦਿੱਤੀ।

ਬਾਬਾ ਸੇਵਾ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਨਸੀਹਤ ਕੀਤੀ ਕਿ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਕੁਰੀਤੀਆਂ ਤੋਂ ਦੂਰ ਹੋ ਕੇ ਮਨੁੱਖਤਾ ਦੀ ਸੇਵਾ ਕਰਦਿਆਂ ਵਾਤਾਵਰਣ ਦੀ ਸੰਭਾਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਸ ਮਿਊਜ਼ੀਅਮ ਨੂੰ ਦੇਖਣ ਵਾਸਤੇ ਕੋਈ ਵੀ ਦਾਖਲਾ ਫੀਸ ਨਹੀਂ ਹੋਵੇਗੀ। ਜਸਜੀਤ ਸਿੰਘ ਭੁੱਲਰ ਪ੍ਰਧਾਨ ਤੇ ਸਕੱਤਰ ਹਰਬੰਸ ਸਿੰਘ ਜੰਡਾਲੀ ਨੇ ਸਿੱਖ ਜਗਤ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


Omni Video Productions
Professional Videography & Photography
of Bakersfield
For Booking & Information Contact : Shiara S. Dhindsa
Tel: 661-835-8230
Cell: 661-703-6664
email : omnivideo@hotmail.com
Your Photos Visit
www.omnivideousa.com
Panasonic DVCPRO HD P2 and Sony DVCAM Formats
Output on Blu-ray and DVD
Avid Editing Studio
Graphic Designing & Animations
3D Effects & Special Effects
Output to DVD, HD, Beta SP, VHS, S-VHS or any format
DVD Mastering & Duplication
SINGLE CAMERA & MULTI CAMERA PRODUCTION WITH LIVE MIXING
Weddings & Receptions
Anniversaries & Birthday Parties
Stage Show & TV Ads
Interviews & Documentaries
We have been serving California & Beyond for over 17 years.
NEW SERVICE
Live worldwide streaming of your events
CRANE SETUP
Photography
Studio Portraits
Family Photos
Business Photography
Digital Photo Mixing
Designed Wedding Albums
Quality & Creativity


LONGMAN Photo Studio
HD Videography & Digital Photography
We use "FULL HD 1080" to deliver
Blu-Ray or Standard DVD
Magazine style Album & CD of Pictures
All Occasions
Call
916-712-8485
916-256-8888
510-200-3976
Email: info@longmanstudios.com


District LUDHIANA'S Top Most
HOTEL Snehmohan REGENCY
Three Star Hotel with Banquet Hall
Marriage Palace
Honeymoon Suites
Conference Hall
Kitty Hall
Three Banquet Halls
Well Furnished Rooms
Multi Cuisine Restaurant
Well Equipped Bar
N.R.I. Spl. Rooms
HOTEL Snehmohan REGENCY
G.T. Road, Ludhiana-Moga Highway,
(Jagraon) Ludhiana. Punjab, INDIA.
Phone: +91-1624-258100-200-300
Cell : +91-9988410707, 9988410701
Email: contact@hotelsnehmohanregency.com
Website: www.hotelsnehmohanregency.com


ROSHNI Lincensed and Certified
Beautycare
For Women by appointment only
Hair Threading
Perm
Facials (all kinds)
Waxing
Face make-up
Haircut
Highlights
Nails
Hair Color and Much more.
ਅਸੀਂ ਤੁਹਾਡੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਾਂ
We Assure You Best Of Attention & Will Give You Best Deals
Satisfaction Guaranteed
Lathrop, CA-95330
Tel: 209-244-2179
(Mon-Sun 10am-6pm)


G.M. Lawrence Insurance Brokerage ਅਤੇ Valley Truck Services
ਟਰੱਕ ਇੰਸ਼ੋਰੈਂਸ ਸੇਵਾਵਾਂ
28 Years of Experience in Truck Insurance Industry
Appointed by 24 Top Rated US Insurance Companies
All type of Trucking Coverage for Trucks, Container and Cargo
Flexible Down Payment and Monthly Payment Options
Quick Certificates & Excellent Services Guaranted!
ਸਾਡੀਆਂ ਟਰੱਕਿੰਗ ਸੇਵਾਵਾਂ
California DMV Services
» New License Plates & Renewals
Interstate & Intrastate Permits
» DOT #, MC #, CA #
» IFTA, UCR, MCP
» NM, KY, NY, OR Permits
» Highway Use Tax(2290)
Truck Financing
Corporation Setup
Document Typing
ਸਾਨੂੰ ਅੱਜ ਹੀ ਕਾਲ ਕਰੋ
ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com
ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com
ਟਰੱਕ ਇੰਸ਼ੋਰੈਂਸ ਵਿਚ ਸਾਡਾ 28 ਸਾਲ ਦਾ ਤਜਰਬਾ
ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210
ਟਰਕਿੰਗ ਬਿਜਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗ੍ਹਾ ਤੇ

# ਹਿੰਦੁਸਤਾਨ ਦੀ ਸਭ ਤੋਂ ਪੁਰਾਣੀ ਭਾਸ਼ਾ ਹੈ ਪੰਜਾਬੀ: ਨੂਰ

**ਲੁਧਿਆਣਾ:** ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ ਵਿਖੇ ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਗਏ ਕੌਮਾਂਤਰੀ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਮੀਤ ਪ੍ਰਧਾਨ ਡਾ. ਸੁਤਿੰਦਰ ਸਿੰਘ ਨੂਰ ਨੇ ਪੰਜਾਬੀ ਬੋਲੀ ਨੂੰ ਭਾਰਤ ਦੀ ਸਭ ਤੋਂ ਪੁਰਾਣੀ ਭਾਸ਼ਾ ਦੱਸਿਆ। ਉਨ੍ਹਾਂ ਕਿਹਾ ਕਿ ਸੰਸਕ੍ਰਿਤ ਭਾਸ਼ਾ ਵੀ ਪੰਜਾਬੀ ਤੋਂ ਮਗਰੋਂ ਆਈ ਹੈ। 'ਅਜੋਕੇ ਪਰਵਾਸੀ ਪੰਜਾਬੀ ਸਾਹਿਤ ਦੇ ਨਵੇਂ ਮਸਲੇ' ਵਿਸ਼ੇ 'ਤੇ ਕਰਵਾਏ ਗਏ ਇਸ ਸੈਮੀਨਾਰ ਦਾ ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਨੂਰ ਨੇ ਬੰਗਾਲ ਦੇ ਆਦਿਵਾਸੀ ਕਬੀਲੇ 'ਸਥਾਲ' ਨੂੰ ਵੀ ਮੂਲ ਰੂਪ ਵਿਚ ਪੰਜਾਬੀ ਦੱਸਿਆ।

ਯੂ.ਜੀ.ਸੀ. ਵੱਲੋਂ ਸਪਾਂਸਰ ਕੀਤੇ ਗਏ ਇਸ ਸੈਮੀਨਾਰ ਦਾ ਉਦਘਾਟਨ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਪ੍ਰਿਤਪਾਲ ਸਿੰਘ ਗਰੇਵਾਲ ਨੇ ਕੀਤਾ। ਸੈਮੀਨਾਰ ਦੀ ਰੂਪ ਰੇਖਾ ਉਲੀਕਦਿਆਂ ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ ਨੇ ਪਰਵਾਸੀ ਸਾਹਿਤ ਦੇ ਮਸਲਿਆਂ ਦੀ ਪਿੱਠ ਭੂਮੀ ਬਾਰੇ ਚਾਨਣਾ ਪਾਇਆ। ਸੈਮੀਨਾਰ ਦੀ ਸ਼ੁਰੂਆਤ ਅਜਮੇਰ ਰੋਡ ਦੇ ਕੂੰਜੀਵਤ ਭਾਸ਼ਨ ਨਾਲ ਹੋਈ। ਉਪਰੰਤ ਸੁਰਜੀਤ ਪਾਤਰ, ਉਜਾਗਰ ਸਿੰਘ ਕੰਵਲ, ਅਮਰਜੀਤ ਸਾਥੀ, ਦਰਬਾਰਾ ਸਿੰਘ, ਗੁਰਮੀਤ ਸੰਧੂ ਆਦਿ ਸਾਹਿਤਕਾਰਾਂ ਨੇ ਪਰਵਾਸ ਸਬੰਧੀ ਨਿੱਜੀ ਤਜਰਬੇ ਸਾਂਝੇ ਕੀਤੇ। ਸੁਰਜੀਤ ਪਾਤਰ ਨੇ ਕਿਹਾ ਕਿ ਪਰਵਾਸ ਹਾਂ-ਪੱਖੀ ਵਰਤਾਰਾ ਹੈ ਜੋ ਭਵਿੱਖ ਵਿਚ ਚੇਤਨਾ ਅਤੇ ਸੋਚ ਲਈ ਲਾਹੇਵੰਦ ਸਿੱਧ ਹੋਵੇਗਾ।


ਸੈਮੀਨਾਰ ਵਿਚ ਪਹਿਲਾ ਪਰਚਾ ਪੜ੍ਹਦੇ ਹੋਏ ਦੂਰਦਰਸ਼ਨ ਕੇਂਦਰ ਜਲੰਧਰ ਦੇ ਸਾਬਕਾ ਸਹਾਇਕ ਡਾਇਰੈਕਟਰ ਡਾ. ਹਰਜੀਤ ਸਿੰਘ ਨੇ ਪੰਜਾਬੀ ਫਿਲਮਾਂ ਅਤੇ ਪਰਵਾਸੀ ਜੀਵਨ 'ਤੇ ਵਿਸਥਾਰ ਸਹਿਤ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਪੰਜਾਬੀ ਫਿਲਮਾਂ ਦੇ ਮੋਢੀ ਨਿਰਮਾਤਾਵਾਂ ਨੂੰ ਵੀ ਯਾਦ ਕੀਤਾ। ਸੈਮੀਨਾਰ ਵਿਚ ਦੂਜਾ ਪਰਚਾ ਡਾ. ਰਵੀ ਰਵਿੰਦਰ ਨੇ 'ਅਜੋਕੀ ਪਰਵਾਸੀ ਪੰਜਾਬੀ ਕਹਾਣੀ ਦੇ ਨਵੇਂ ਮਸਲੇ' ਵਿਸ਼ੇ 'ਤੇ ਪੜ੍ਹਿਆ। ਤੀਜਾ ਪਰਚਾ ਡਾ. ਬਲਕਾਰ ਸਿੰਘ ਨੇ 'ਅਜੋਕੇ ਪੰਜਾਬੀ ਪਰਵਾਸੀ ਨਾਵਲ ਦੇ ਨਵੇਂ ਮਸਲੇ' ਵਿਸ਼ੇ 'ਤੇ ਪੜ੍ਹਿਆ। ਪਵਨ ਗੁਲਾਟੀ ਨੇ 'ਅਜੋਕੀ ਪਰਵਾਸੀ ਪੰਜਾਬੀ ਕਵਿਤਾ ਦੇ ਨਵੇਂ ਮਸਲੇ' ਵਿਸ਼ੇ 'ਤੇ ਪਰਚਾ ਪੜ੍ਹਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਹਰਚੰਦ ਸਿੰਘ ਬੇਦੀ ਨੇ 'ਅਜੋਕੇ ਪੰਜਾਬੀ ਸਾਹਿਤ ਦੇ ਨਵੇਂ ਮਸਲੇ' ਵਿਸ਼ੇ 'ਤੇ ਪਰਚਾ ਪੜ੍ਹਿਆ। ਵਿਦਵਾਨਾਂ ਨੇ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ ਨੂੰ ਸਭਿਆਚਾਰਕ, ਸਮਾਜਕ ਪ੍ਰਸੰਗ ਵਿਚ ਵਿਚਾਰਦਿਆਂ ਪਰਵਾਸੀ ਜੀਵਨ ਦੇ ਨਵੇਂ ਮਸਲਿਆਂ ਨੂੰ ਸਾਹਿਤਕ ਸੰਦਰਭ ਵਿਚ ਪੇਸ਼ ਕੀਤਾ।

ਡਾ. ਨੂਰ ਨੇ ਸਮੁੱਚੇ ਸੈਮੀਨਾਰ ਦੀ ਪ੍ਰਧਾਨਗੀ ਕੀਤੀ। ਡਾ. ਸੁਖਦੇਵ ਸਿੰਘ ਸਿਰਸਾ ਨੇ ਬਹਿਸ ਦਾ ਅਰੰਭ ਕੀਤਾ ਜਿਸ ਵਿਚ ਅਮਰਜੀਤ ਸਿੰਘ ਗਰੇਵਾਲ, ਡਾ. ਗੁਰਇਕਬਾਲ ਸਿੰਘ, ਡਾ. ਹਰਪਾਲ ਭੱਟੀ, ਡਾ. ਸੁਰਜੀਤ ਸਿੰਘ ਧਾਲੀਵਾਲ ਆਦਿ ਨੇ ਹਿੱਸਾ ਲਿਆ। ਇਸ ਮੌਕੇ ਡਾ. ਐਸ.ਐਸ. ਸੰਘਾ, ਡਾ. ਵਰਿੰਦਰ ਕੌਰ, ਡਾ. ਆਰ.ਐਸ. ਝਾਂਜੀ, ਡਾ. ਖੁਸ਼ਵਿੰਦਰ ਕੁਮਾਰ, ਪ੍ਰੋ. ਕਮਲਜੀਤ ਸਿੰਘ ਅਤੇ ਬਾਲ ਸਾਹਿਤਕਾਰ ਮਾਸਟਰ ਕਰਮਜੀਤ ਸਿੰਘ ਲਲਤੋਂ ਆਦਿ ਹਾਜ਼ਰ ਸਨ।





*ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਵਲੋਂ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਦਾ ਸ਼ਹੀਦੀ ਦਿਹਾੜਾ ਅਤੇ ਭਾਈ ਜਗਤਾਰ ਸਿੰਘ ਹਵਾਰਾ ਅਤੇ ਬਲਵੰਤ ਸਿੰਘ ਰਾਜ਼ੋਆਣਾ ਦੀ ਚੜ੍ਹਦੀ ਕਲਾ ਲਈ ਅਰਦਾਸ ਦਿਵਸ ਮਨਾਇਆ ਗਿਆ। ਇਸੇ ਸ਼ਹੀਦੀ ਸਮਾਗਮ ਮੌਕੇ 'ਰੇਡੀਓ ਚੜ੍ਹਦੀ ਕਲਾ' ਵਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਟੋਰਾਂਟੋ ਦੇ ਪੰਜਾਬੀ ਅਖਬਾਰ 'ਡੇਲੀ ਪੰਜਾਬੀ' ਦੇ ਮੁੱਖ ਸੰਪਾਦਕ ਸੁਖਵਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਨਵੀਨਰ ਬੂਟਾ ਸਿੰਘ ਖੜੌਂਦ, ਸੁਰਜੀਤ ਸਿੰਘ ਕੁਲਾਰ ਨਿਊ ਯਾਰਕ, ਡਾ. ਅਵਤਾਰ ਸਿੰਘ ਮਚਾਕੀ ਕੈਨੇਡਾ ਨੇ ਸਰੋਤਿਆਂ ਦੇ ਰੂਬਰੂ ਹੁੰਦਿਆਂ ਕੌਮੀ ਸ਼ਹੀਦਾਂ ਬਾਰੇ ਜਾਣਕਾਰੀ ਦਿੱਤੀ। ਰੇਡੀਓ ਚੜ੍ਹਦੀ ਕਲਾ ਦੇ ਮਾਲਕ ਗੁਰਚਰਨ ਸਿੰਘ ਮਾਨ ਨੇ ਇਨ੍ਹਾਂ ਪੰਥਕ ਆਗੂਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਰੇਡੀਓ ਚੜ੍ਹਦੀ ਕਲਾ ਹਰ ਪੰਥਕ ਮਸਲੇ ਨੂੰ ਸੰਜੀਦਾ ਢੰਗ ਨਾਲ ਉਠਾਵੇਗਾ ਅਤੇ ਪੰਥ ਦੀ ਗੱਲ ਕਰਨ ਤੋਂ ਕਦੇ ਵੀ ਸੰਕੋਚ ਨਹੀ ਕਰੇਗਾ।*

## ਜਨਮ ਦਿਨ ਮੁਬਾਰਕ!



*ਪਰਿਵਾਰ ਅਤੇ ਦੋਸਤਾਂ ਵਲੋਂ ਹਰਜੋਤ ਸਿੰਘ, ਯੂਨੀਅਨ ਸਿਟੀ (ਕੈਲੀਫੋਰਨੀਆ) ਨੂੰ 15ਵਾਂ ਜਨਮ ਦਿਨ ਮੁਬਾਰਕ!*


Are Worries Keeping You Awake?

Watch Your Business AnyTime Any Place.




ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

DVR UNLIMITED

Call:1-(888) 233-4566 www.dvrunlimited.com



ਇਮੀਗ੍ਰੇਸ਼ਨ ਮਸਲਾ ਹੈ?

ਅਸੀਂ ਇਮੀਗ੍ਰੇਸ਼ਨ ਪ੍ਰੈਕਟਿਸ ਹੀ ਕਰਦੇ ਹਾਂ

We only practice Immigration Law

Cases published in the 9th Circuit Court of Appeals

Law Office of Inna Lipkin

Over 11 years of experience

By appointment only

ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰਨ ਲਈ ਕਾਲ ਕਰੋ

ਧਰਮ ਪਾਲ ਸ਼ਰਮਾ

ਫੋਨ:510-410-8382

For appointment call

Tel:415-672-3261

Fax: 650-364-3988

www.innalipkinimmigrationattorney.com

1690 Woodside Rd., Ste. 103, Redwood City, CA 94061

# ਪੰਜਾਬੀ ਭਾਈਚਾਰੇ ਦੀ ਹਮਾਇਤ ਵਾਲੇ ਸਾਰੇ ਉਮੀਦਵਾਰ ਜਿੱਤੇ

**ਬੇਕਰਜ਼ਫੀਲਡ (ਮਨਦੀਪ ਮਾਨ):** ਸਥਾਨਕ ਅਮਰੀਕੀ ਚੋਣਾਂ ਵਿਚ ਪੰਜਾਬੀ ਭਾਈਚਾਰਾ ਕਿਵੇਂ ਅਹਿਮ ਭੂਮਿਕਾ ਨਿਭਾ ਸਕਦਾ ਹੈ ਇਹ ਗੱਲ 2 ਨਵੰਬਰ ਨੂੰ ਹੋਈਆਂ ਚੋਣਾਂ ਵਿਚ ਉਦੋਂ ਉਭਰ ਕੇ ਸਾਹਮਣੇ ਆਈ ਜਦੋਂ ਇਨ੍ਹਾਂ ਚੋਣਾਂ ਵਿਚ ਖੜ੍ਹੇ ਉਹ ਸਾਰੇ ਉਮੀਦਵਾਰ ਜਿੱਤ ਗਏ ਜਿਨ੍ਹਾਂ ਨੂੰ ਪੰਜਾਬੀ ਭਾਈਚਾਰੇ ਦੀ ਹਮਾਇਤ ਹਾਸਲ ਸੀ ਅਤੇ ਜਿਨ੍ਹਾਂ ਨੇ ਆਪਣੇ ਆਪਣੇ ਸੰਪਰਕਾਂ ਰਾਹੀਂ ਪੰਜਾਬੀ ਭਾਈਚਾਰੇ ਨਾਲ ਰਾਬਤਾ ਬਣਾਇਆ ਹੋਇਆ ਸੀ। ਇਹ ਉਮੀਦਵਾਰ ਗੁਰੂ ਘਰਾਂ ਵਿਚ ਜਾ ਕੇ ਲਗਾਤਾਰ ਸੰਗਤ ਨੂੰ ਆਪਣੀ ਹਮਾਇਤ ਲਈ ਅਪੀਲ ਕਰਦੇ ਰਹੇ। ਜਿੱਤ ਹਾਸਲ ਕਰਨ ਵਾਲੇ ਉਮੀਦਵਾਰਾਂ ਵਿਚ ਮਾਈਕਲ ਰੂਬੀਓ ਤੇ ਸ਼ੈਨਨ ਗਰੋਵ-ਦੋਵੇਂ ਸੈਨੇਟਰ, ਜੈਕ ਸਕਰੀਬਨਰ-ਸੁਪਰਵਾਈਜ਼ਰ, ਰੱਸਲ ਜਾਹਨਸਨ, ਰੂਡੀ ਸਾਲਸ-ਦੋਵੇਂ ਸਿਟੀ ਕੌਂਸਲਰ, ਆਂਦਰੇ ਗੋਂਜ਼ਾਲੇਸ-ਸਕੂਲ ਡਿਸਟ੍ਰਿਕਟ ਮੈਂਬਰ ਸ਼ਾਮਲ ਹਨ।













ਇਨ੍ਹਾਂ ਉਮੀਦਵਾਰਾਂ ਵਿਚੋਂ ਕਰੀਬ ਸਭ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬੀ ਤੇ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਉਹ ਪਹਿਲ ਦੇ ਆਧਾਰ ਉਤੇ ਹੱਲ ਕਰਨਗੇ ਅਤੇ ਇਸ ਭਾਈਚਾਰੇ ਲਈ ਉਨ੍ਹਾਂ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣਗੇ।

## ਡਾ. ਐਸ ਐਸ ਜੌਹਲ ਅਮਰੀਕਾ ਦੌਰੇ 'ਤੇ

**ਸ਼ਿਕਾਗੋ:** ਪ੍ਰਸਿਧ ਖੇਤੀ ਵਿਗਿਆਨੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਐਸ ਐਸ ਜੌਹਲ 8 ਨਵੰਬਰ ਤੋਂ ਇਕ ਮਹੀਨੇ ਲਈ ਅਮਰੀਕਾ ਦੇ ਦੌਰੇ 'ਤੇ ਹਨ। ਉਹ ਕੋਲੰਬੀਆ ਯੂਨੀਵਰਸਿਟੀ ਨਿਊ ਯਾਰਕ ਵਿਚ ਠਹਿਰਣਗੇ।

ਡਾ. ਜੌਹਲ ਨਾਲ ਸੰਪਰਕ ਫੋਨ 732-895-1905 ਤੇ ਕੀਤਾ ਜਾ ਸਕਦਾ ਹੈ।

www.punjabtimesusa.com

printlife COMMUNICATIONS

ਡਿਜ਼ੀਟਲ ਅਤੇ ਆਫਸੈਟ ਪ੍ਰਿੰਟਿੰਗ ਵਿਚ ਮੋਹਰੀ

ਪ੍ਰਿੰਟਿੰਗ ਦੀ ਬੇਮਿਸਾਲ ਕੁਆਇਲੀ ਅਤੇ ਬਹੁਤ ਵਾਜਬ ਕੀਮਤਾਂ

ਸਾਧਾਰਨ ਫਲਾਇਰਾਂ ਤੋਂ ਲੈ ਕੇ ਬਿਜਨਸ ਕਾਰਡ ਅਤੇ ਬਰਾਸ਼ਰ, ਕੈਟਾਲਾਗ, ਕੈਲੰਡਰ, ਲੈਟਰਹੈਡ, ਨਿਊਜ਼ ਲੈਟਰ ਅਤੇ ਗ੍ਰੀਟਿੰਗ ਕਾਰਡ

Services Offered



- Brochures/Flyer
- Business Cards
- CD/DVD Sleeves
- Calendars
- Catalogs
- Door Hangers
- Greeting Cards
- Newsletters
- Note Pads
- Post Cards
- Posters
- Presentation Folders
- Vinyl Banners

PrintLife Communications

1417 Fourth Street Berkeley, California 94710

Tel. 510-559-3181 Monday to Friday 8 am to 5 pm

Fax 510-559-3108 customerservice@plifeprint.com

GILL EXPRESS

Wash, Tire & Repair



Fast & Friendly Sevice



Tractor Wash
$29.99
Full Service
Oil Change
$189.99
Flat Repair
$35.00
Mount & Dismount
$25.00
Hourly Labor Rate
$60.00

ਟਾਇਰਾਂ 'ਤੇ ਸਪੈਸ਼ਲ ਸੇਲ

ਇਥੇ ਪੰਜਾਬ ਟਾਈਮਜ਼ ਵੀ ਮਿਲਦਾ ਹੈ

Call-Jasvir:916-470-5520




OKLAHOMA CITY HWY 40 EXIT 140 NEXT TO TA

# ਲਕੜੀ ਕੀ ਕਾਠੀ, ਕਾਠੀ ਪੇ ਘੋੜਾ

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਬਹੁਭਾਸ਼ੀ ਵਿਦਵਾਨਾਂ ਦੇ ਇਕ ਸਮੂਹ ਵਿਚ ਉਪਰੋਕਤ ਸਿਰਲੇਖ ਵਾਲੇ ਫ਼ਿਲਮੀ ਗਾਣੇ ਬਾਰੇ ਚਰਚਾ ਹੋ ਰਹੀ ਸੀ ਕਿ ਇਸ ਬੋਲ ਦਾ ਕੀ ਭਾਵ ਹੋ



ਚੱਕ ਫਤਿਹ ਸਿੰਘ ਵਾਲਾ (ਬਠਿੰਡਾ) ਵਿਖੇ ਮਾਤਾ ਸੁੰਦਰੀ ਜੀ ਦੀਆਂ ਖੜਾਵਾਂ

ਸਕਦਾ ਹੈ? ਕਾਠੀ ਤਾਂ ਘੋੜੇ 'ਤੇ ਹੁੰਦੀ ਹੈ ਪਰ ਇਸ ਗੀਤ ਵਿਚ ਘੋੜਾ ਹੀ ਕਾਠੀ 'ਤੇ ਚੜ੍ਹਿਆ ਹੋਇਆ ਹੈ। ਕਈ ਇਸ ਗੱਲ 'ਤੇ ਹੈਰਾਨ ਸਨ ਕਿ ਉਨ੍ਹਾਂ ਇਹ ਗੱਲ ਏਨੇ ਸਾਲ ਕਿਉਂ ਨਾ ਗੌਲੀ। ਸਾਰੇ ਆਪੋ-ਆਪਣੇ ਘੋੜੇ ਦੌੜਾ ਰਹੇ ਸਨ। ਕਈਆਂ ਨੇ ਤਾਂ ਸਿਰਫ਼ ਸਾਈਕਲ ਦੀ ਹੀ ਕਾਠੀ ਦੇਖੀ, ਸੁਣੀ ਤੇ ਮਾਣੀ ਸੀ। ਕਾਫੀ ਚਿਰ ਇਸ ਗੱਲ 'ਤੇ ਹੀ ਵਿਚਾਰ ਹੁੰਦੀ ਰਹੀ ਕਿ ਕਾਠੀ ਸ਼ਬਦ ਦਾ ਅਰਥ ਕੀ ਹੈ ਤੇ ਇਹ ਕਿਵੇਂ ਬਣਿਆ? ਹੌਲੀ ਹੌਲੀ ਇਹ ਤਾਂ ਸਪੱਸ਼ਟ ਹੋ ਗਿਆ ਕਿ ਕਾਠੀ 'ਕਾਸ਼ਠ' ਦਾ ਅਪਭਰੰਸ਼ ਹੈ ਜਿਸ ਦਾ ਮਤਲਬ ਲੱਕੜੀ, ਖਾਸ ਤੌਰ 'ਤੇ ਸੁਧਾਰੀ ਗਈ ਲਕੜੀ ਹੈ। ਕਠ-ਪੁਤਲੀ, ਕਠਫੌੜਾ ਜਾਂ ਕਾਠ ਦੀ ਲੱਤ ਵਿਚ ਇਹ ਸ਼ਬਦ ਸਪਸ਼ਟ ਖੜਕਦਾ ਹੈ। ਇਕ ਵੱਡੇ ਵਿਦਵਾਨ ਨੇ ਤਾਂ 'ਖੜਾਂ' ਸ਼ਬਦ ਵੀ ਨਾਲ 'ਪਾਦੁਕਾ' (ਪੈਰ ਦੀ ਜੁੱਤੀ) ਜੋੜ ਕੇ ਕਾਸ਼ਠ ਤੋਂ ਕੱਢ ਮਾਰਿਆ, ਅਖੇ: ਕਾਸ਼ਠਪਾਦੁਕਾ > ਕੱਠਪਊਆਂ > ਖੜਾਊਆਂ > ਖੜਾਵਾਂ! ਰਾਗ ਆਸਾ ਵਿਚ ਕਬੀਰ ਜੀ ਕਾਠੀ ਤੋਂ ਭਾਵ ਸਾਧਾਰਨ ਬਾਲਣ ਵਾਲੀ ਲੱਕੜੀ ਹੀ ਲੈਂਦੇ ਹਨ:

ਬਾਸਨ ਮਾਜ ਚਰਾਵਹਿ ਊਪਰ ਕਾਠੀ ਧੋਇ ਜਲਾਵਹਿ॥

ਅਰਥਾਤ ਉਹ (ਪਖੰਡੀ) ਭਾਂਡੇ ਧੋ ਕੇ ਚੁਲ੍ਹੇ 'ਤੇ ਰਖਦੇ ਹਨ ਤੇ ਲੱਕੜੀ ਧੋ ਕੇ ਚੁਲ੍ਹੇ 'ਚ ਡਾਹੁੰਦੇ ਹਨ ਪਰ ਗੁਰੂ ਨਾਨਕ ਦੇਵ ਦੀ ਹੇਠਾਂ ਦਿੱਤੀ ਤੁਕ ਵਿਚ ਕਾਠ ਦਾ ਭਾਵ ਇਮਾਰਤੀ ਲੱਕੜ ਤੋਂ ਵੀ ਅੱਗੇ ਫਰਨੀਚਰ ਦੇ ਰੂਪ ਵਾਲੀ ਲੱਕੜ ਨਿਕਲਦਾ ਹੈ:

ਕਾਪੜੁ ਕਾਠੁ ਰੰਗਾਇਆ ਰਾਗਿ॥

ਭਾਵ ਮਨੁਖ ਨੇ ਕਪੜੇ ਤੇ ਫਰਨੀਚਰ ਭਾਂਤ ਸੁਭਾਂਤੇ ਰੰਗਾ ਲਏ ਹਨ ਪਰ ਜੇ ਕਾਠੀ ਲੱਕੜੀ ਹੀ ਹੈ ਤਾਂ ਫਿਰ 'ਲਕੜੀ ਕੀ ਕਾਠੀ' ਦਾ ਮਤਲਬ ਤਾਂ ਲੱਕੜੀ ਦੀ ਲੱਕੜੀ ਹੀ ਨਿਕਲਿਆ ਜੋ ਕਿ ਬੜੀ ਹਾਸੋ-ਹੀਣੀ ਗੱਲ ਹੈ। ਪਹਿਲੇ ਨੇ ਗੱਲ ਦੀ ਹੋਰ ਵਿਆਖਿਆ ਕੀਤੀ ਕਿ ਲੱਕੜੀ ਤਾਂ ਹਰ ਨਿਕੇ ਮੋਟੇ ਪੇੜ ਦੀ ਹੋ ਸਕਦੀ ਹੈ ਪਰ ਏਥੇ ਭਾਵ ਇਮਾਰਤੀ ਲੱਕੜੀ ਤੋਂ ਹੈ। ਇਕ ਹੋਰ ਭਾਈ ਨੇ ਕਿਹਾ ਕਿ ਕਾਠ ਉਹ ਲੱਕੜ ਹੈ ਜਿਸ ਨੂੰ ਆਕਾਰ ਨਹੀਂ ਦਿੱਤਾ ਗਿਆ ਜਦ ਕਿ ਕਾਠੀ ਆਕਾਰ ਨੂੰ ਹੀ ਕਹਿੰਦੇ ਹਨ। ਜਿਵੇਂ ਅਸੀਂ ਆਖ ਦਿੰਦੇ ਹਾਂ ਫਲਾਣੇ ਦੀ ਕਾਠੀ ਬੜੀ ਮਜ਼ਬੂਤ ਹੈ। ਇਸੇ ਤਰ੍ਹਾਂ ਕੱਦ-ਕਾਠ ਸ਼ਬਦ ਯੁਗਮ ਵਿਚ ਕਾਠ ਤੋਂ ਭਾਵ ਸਰੀਰਕ ਬਣਤਰ ਹੈ। ਲੱਕੜੀ ਕੀ ਕਾਠੀ ਦਾ ਅਰਥ ਲੱਕੜੀ ਨੂੰ ਦਿੱਤਾ ਗਿਆ ਆਕਾਰ ਹੈ। ਇਸ ਤਰਾਂ 'ਘੋੜੇ ਪੇ ਕਾਠੀ' ਦਾ ਅਰਥ ਹੋਇਆ ਘੋੜੇ ਦਾ ਆਕਾਰ। ਕੁਲ ਮਿਲਾ ਕੇ ਗੀਤ ਦੇ ਬੋਲ ਦਾ ਅਰਥ ਨਿਕਲਦਾ ਹੈ, ਲਕੜੀ ਨੂੰ ਆਕਾਰ ਦੇ ਕੇ ਘੋੜਾ ਬਣਾਇਆ ਗਿਆ ਹੈ। ਇਸੇ ਤਰ੍ਹਾਂ ਕਾਠ ਦੀ ਹਾਂਡੀ ਵਿਚ ਲੱਕੜੀ ਨੂੰ ਹਾਂਡੀ ਦੀ ਸ਼ਕਲ ਦਿੱਤੀ ਗਈ ਹੈ ਪਰ ਦੂਜੇ ਨੇ ਫੱਟ ਟੋਕ ਦਿੱਤਾ ਕਿ ਕਾਠ ਦੀ ਹਾਂਡੀ ਦੀ ਸਿਰਫ਼ ਮੁਹਾਵਰੇ ਵਿਚ ਹੀ ਹੋਂਦ ਹੈ, ਯਥਾਰਥ ਵਿਚ ਨਹੀਂ ਜਿਵੇਂ ਸ਼ੇਖ ਫ਼ਰੀਦ ਦੀ ਕਾਠ ਦੀ ਰੋਟੀ ਸਿਰਫ਼ ਉਨ੍ਹਾਂ ਦੇ ਸਲੋਕ ਵਿਚ ਹੀ ਹੈ।

ਇਕ ਕਵੀ ਜਨ ਨੇ ਕਿਹਾ ਕਿ ਕਵੀ ਕੁਝ ਵੀ ਲਿਖਣ ਲਈ ਸੁਤੰਤਰ ਹਨ; ਜੇ ਉਹ ਖੁਸ਼ਬੂ ਨੂੰ ਮਹਿਕਾ ਸਕਦੇ ਹਨ ਤਾਂ ਲਕੜੀ ਦੀ ਕਾਠੀ ਵੀ ਬਣਾ ਸਕਦੇ ਹਨ। ਪਰ ਇਕ ਹੋਰ ਸ਼ਬਦ-ਵਿਗਿਆਨੀ ਨੇ ਹੋਰ ਵਿਸਥਾਰ ਦਿੱਤਾ: ਕਾਠੀ ਦਾ ਅਰਥ ਢਾਂਚਾ, ਆਕਾਰ, ਧਜ, ਉਚਾਈ, ਲੰਬਾਈ, ਚੌੜਾਈ ਵਗੈਰਾ ਹੈ ਅਤੇ ਇਹ ਕਾਸ਼ਠ ਤੋਂ ਹੀ ਬਣਿਆ ਹੈ। ਸੋ, ਲਕੜੀ ਕੀ ਕਾਠੀ ਤੋਂ ਭਾਵ ਲੱਕੜੀ ਦੇ ਬਣੇ ਢਾਂਚੇ ਤੋਂ ਹੈ ਜਿਸ ਉਪਰ ਕਪੜੇ ਤੋਂ ਬਣੇ ਘੋੜੇ ਦੇ ਸਰੀਰ ਦਾ ਆਵਰਣ ਪਾਇਆ ਜਾਂਦਾ ਹੈ। ਇਹ ਗੱਲ ਰਾਜਸਥਾਨੀ ਲੋਕ ਨਾਚ ਕੱਛੀ ਘੋੜੀ 'ਤੇ ਲਾਗੂ ਹੁੰਦੀ ਹੈ ਜਿਸ ਵਿਚ ਅਜੇਹੀ ਘੋੜੀ ਨੂੰ ਇਕ ਆਦਮੀ ਮੋਢਿਆਂ ਤੇ ਚੁਕ ਸਕਦਾ ਹੈ। ਪਰ ਇਕ ਹੋਰ ਨੇ ਕਾਠੀ ਨੂੰ ਚੰਦ ਦੇ ਆਕਾਰ ਵਾਂਗ ਮੁੜੀ ਹੋਈ ਲੱਕੜ ਕਿਹਾ ਜਿਸ ਉਤੇ ਘੋੜਾ ਫਿਟ ਕੀਤਾ ਜਾਂਦਾ ਹੈ ਤਾਂ ਕਿ ਸਵਾਰ ਆਰਾਮ ਕੁਰਸੀਆਂ ਦੀ ਤਰ੍ਹਾਂ ਅੱਗੇ-ਪਿੱਛੇ ਮੂਵਮੈਂਟ ਕਰ ਸਕੇ। ਇਕ ਹੋਰ ਦਾ ਵਿਚਾਰ ਸੀ ਕਿ ਕਾਠੀ ਦਾ ਮਤਲਬ ਸਰੀਰ ਹੁੰਦਾ ਹੈ ਜਿਵੇਂ ਉਹ ਆਪਣੀ ਕਾਠੀ ਛੱਡ ਗਏ ਦਾ ਮਤਲਬ ਹੈ, ਉਹ ਖੁਦਾ ਨੂੰ ਪਿਆਰੇ ਹੋ ਗਏ। ਕਦ-ਕਾਠੀ ਦਾ ਮਤਲਬ ਸਰੀਰ ਦਾ ਕੱਦ। ਕਦ ਦਾ ਮਤਲਬ ਆਕਾਰ ਹੁੰਦਾ ਹੈ ਪਰ ਬਾਅਦ ਵਿਚ ਕਾਠੀ ਦਾ ਮਤਲਬ ਵੀ ਆਕਾਰ ਜਾਂ ਰੂਪ ਹੀ ਲਿਆ ਜਾਣ ਲੱਗਾ। ਕਾਠੀ 'ਤੇ ਘੋੜੇ ਦਾ ਮਤਲਬ ਅਜੇਹਾ ਸਵਾਰ ਵੀ ਘੋੜੇ ਵਰਗਾ ਹੀ ਹੈ। ਦੇਖਿਆ ਜਾਵੇ ਤਾਂ ਹੇਠ-ਲਿਖਤ ਮੁਹਾਵਰੇ ਵਿਚ ਨਰ ਨੂੰ ਘੋੜਾ ਹੀ ਕਿਹਾ ਗਿਆ ਹੈ:

ਮਾਂ ਪੁਰ ਧੀ ਪਿਤਾ ਪੁਰ ਘੋੜਾ
ਬਹੁਤਾ ਨਹੀਂ ਤਾਂ ਥੋੜਾ ਥੋੜਾ।

ਇਕ ਹੋਰ ਨੇ ਦੱਸਿਆ ਕਿ ਰਾਜਸਥਾਨੀ ਵਿਚ 'ਕਾਠੀ' ਦਾ ਅਰਥ 'ਕੱਸ ਕੇ ਪਕੜਨਾ' ਜਾਂ 'ਕੱਸ ਕੇ ਥਾਮੇ ਰਖਨਾ' ਹੈ। 'ਦੈ ਤੋ ਦੈ ਨਈਂ ਦੈ ਤੋ ਕਾਠੀ ਰਾਖ' ਅਰਥਾਤ 'ਦੇਣਾ ਤਾਂ ਦੇਹ ਨਹੀਂ ਤਾਂ ਰੱਖੀ ਰੱਖ।' 'ਪੜ ਮਤ ਜਾਏ, ਘੋੜੀ ਰੀ ਰਾਸ ਕਾਂਠੀ ਝੇਲਲੇ' ਅਰਥਾਤ ਡਿਗ ਨਾ ਪਈਂ, ਘੋੜੀ ਦੀ ਰਾਸ ਕੱਸ ਕੇ ਫੜ ਲੈ। ਹੋਰ, 'ਮਨ ਕਾਠੋ ਕਰਲੈ, ਭਾਗ ਪਰ ਕਿਣ ਰੋ ਜੋਰ?'-ਮਨ ਨੂੰ ਵੱਸ (ਤਗੜਾ) ਕਰ ਲੈ, ਕਿਸਮਤ ਤੇ ਕਿਸ ਦਾ ਜ਼ੋਰ ਚਲਦਾ ਹੈ? ਇਕ ਜਣੇ ਨੇ ਉਜਰ ਕੀਤਾ ਕਿ ਏਥੇ ਕਾਠਾ ਸ਼ਬਦ ਸ਼ਾਇਦ 'ਕਠੋਰ' ਦਾ ਰੂਪ ਹੈ ਪਰ ਦੂਜੇ ਨੇ ਦੱਸਿਆ ਕਿ ਕਾਠਾ ਦਾ ਭਾਵ ਤਾਂ ਕਾਠ ਵਰਗਾ ਕਰੜਾ ਹੈ। ਕਾਠਾ ਕਮਾਦ ਤੇ ਕਾਠਾ ਬੇਰ



ਕੱਛੀ ਘੋੜੀ

ਲੱਕੜੀ ਵਰਗੇ ਕਰੜੇ ਹੀ ਤਾਂ ਹੁੰਦੇ ਹਨ। ਇਕ ਮੁਹਾਵਰਾ ਹੈ ਕਾਠ ਮਾਰੇ ਜਾਣਾ ਯਾਨਿ ਏਨਾ ਸਦਮਾ ਕਿ ਕੁਝ ਬੋਲਣ ਜੋਗਾ ਹੀ ਨਾ ਰਹਿਣਾ। ਪੁਰਾਣੇ ਜ਼ਮਾਨੇ ਵਿਚ ਸਜ਼ਾ ਵਜੋਂ ਅਪਰਾਧੀ, ਖਾਸ ਤੌਰ 'ਤੇ ਮਾਮਲਾ ਨਾ ਦੇਣ ਵਾਲੇ ਜ਼ਿਮੀਦਾਰ ਦੀ ਲੱਤ ਨੂੰ ਕਾਠ ਦੇ ਸ਼ਿਕੰਜੇ ਵਿਚ ਫਸਾ ਕੇ ਜੰਦਰਾ ਮਾਰ ਦਿੱਤਾ ਜਾਂਦਾ ਸੀ।

ਇਸੇ ਦੌਰਾਨ ਇਕ ਭੋਜਪੁਰੀ ਸ਼ਬਦ ਆਇਆ 'ਕਠਕਰੇਜੀ', ਮਾਅਨੇ 'ਪੱਥਰ ਦਿਲ' ਪਰ ਯਾਦ ਕਰਾਇਆ ਗਿਆ ਕਿ 'ਕਾਠੀ ਪੇ ਘੋੜਾ' ਦਾ ਮਤਲਬ ਸਮਝਣ ਲਈ ਝਖ ਮਾਰੋ। ਕੀ ਬੈਠਣ ਵਾਲੇ ਲਈ ਘੋੜਾ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ? ਜਾਂ ਕਾਠੀ ਘੋੜੇ ਦੇ ਹੇਠਾਂ ਲੱਗਾ ਉਹ ਪਾਵਾ ਹੈ ਜਿਸ ਨਾਲ ਝੂਲਣਾ ਸੰਭਵ ਬਣਦਾ ਹੈ? ਏਧਰ ਸ਼ਬਦ ਮਾਹਿਰ ਆਪਣੀ ਗੱਲ 'ਤੇ ਕਾਇਮ ਰਿਹਾ ਕਿ ਭਾਈ ਕਾਠੀ ਸੁਧ ਢਾਂਚਾ ਹੀ ਹੁੰਦੀ ਹੈ, ਇਸ ਉਪਰ ਘੋੜੇ ਦਾ ਰੂਪਾਕਾਰ ਕਾਠੀ 'ਤੇ ਘੋੜਾ ਹੀ ਅਖਵਾਏਗਾ, ਜੇ ਗਧੇ ਦਾ ਰੂਪਾਕਾਰ ਹੋਵੇ ਤਾਂ ਗਧਾ ਕਹਾਏਗਾ।

ਇਕ ਹੋਰ ਨੇ ਸਾਰੀ ਗੱਲ ਨੂੰ ਸਮਝਦਿਆਂ ਆਪਣੇ ਵਲੋਂ ਸਾਰ ਪੇਸ਼ ਕੀਤਾ ਕਿ ਪਹਿਲਾਂ ਲਕੜੀ ਦਾ ਢਾਂਚਾ ਬਣਾਇਆ (ਲਕੜੀ ਕੀ ਕਾਠੀ), ਫਿਰ ਉਸ ਢਾਂਚੇ ਨੂੰ ਘੋੜੇ ਦਾ ਰੂਪ ਦਿੱਤਾ (ਕਾਠੀ ਪੇ ਘੋੜਾ), 'ਬਾਪ ਰੇ, ਬਚਪਨ ਦਾ ਸੁਣਿਆ ਗਾਣਾ ਹੁਣ ਸਮਝ ਅਇਆ।' ਗੱਲ ਨਿਬੜਨ ਲੱਗੀ ਸੀ ਪਰ ਇਕ ਮਹਿਲਾ ਨੇ ਫਿਰ ਘਚੋਲਾ ਪਾ ਦਿੱਤਾ, "ਬਾਲ-ਗੀਤ ਕਿਸੇ ਖਾਸ ਅਰਥ ਨਾਲ ਨਹੀਂ ਲਿਖੇ ਜਾਂਦੇ, ਇਸ ਗੀਤ ਵਿਚ ਵੀ ਜੰਮ ਕੇ ਖੁਲ੍ਹ ਲਈ ਗਈ ਹੈ, 'ਘੋੜੇ ਕੀ ਦੁੰਮ ਪਰ ਜੋ ਮਾਰਾ ਹਥੌੜਾ' ਦਾ ਕੀ ਤੁਕ ਹੋਇਆ? ਕੀ ਇਹ ਜੀਉਂਦਾ ਜਾਗਦਾ ਘੋੜਾ ਹੈ? ਜੇ ਇਹ ਘੋੜਾ ਬੰਦਾ ਹੀ ਹੈ ਤਾਂ ਫਿਰ ਉਸਦੀ ਦੁੰਮ ਦਾ ਕੀ ਮਤਲਬ, ਦੁੰਮ ਛੁਡਾ ਕੇ ਤਾਂ ਜਾਨਵਰ ਤੋਂ ਬੰਦਾ ਬਣਿਆ! ਨਿਰਾ ਸ਼ਬਦਾਂ ਨਾਲ ਖਿਲਵਾੜ!" ਇਕ ਹੋਰ ਨੇ ਗੱਲ ਨੂੰ ਹੋਰ ਹਸਾਉਣਾ ਰੁਖ ਦਿੱਤਾ, "ਘੋੜੇ ਦੀ ਦੁੰਮ 'ਤੇ ਹਥੌੜਾ ਹੀ ਇਸ ਲਈ ਮਾਰਿਆ ਜਾ ਰਿਹਾ ਹੈ ਕਿ ਇਸ ਨੂੰ ਤੋੜ ਕੇ ਘੋੜੇ ਤੋਂ ਬੰਦਾ ਬਣਾਉਣ ਦਾ ਤਜਰਬਾ ਕੀਤਾ ਜਾਵੇ!"

ਰਹਿ ਰਹਿ ਕੇ ਬਹਿਸ ਮੁਢ ਤੋਂ ਸ਼ੁਰੂ ਹੋ ਜਾਂਦੀ ਸੀ।... ਜੇ ਕਾਠੀ ਘੋੜੇ ਦੇ ਉਪਰ ਹੁੰਦੀ ਹੈ ਤਾਂ ਸ਼ਾਇਦ ਉਸ ਗਾਣੇ ਵਿਚ ਖਿਡੌਣੇ ਵਾਲੇ ਲਕੜੀ ਦੇ ਘੋੜੇ 'ਤੇ ਬੈਠਣ ਲਈ ਲਕੜੀ ਦਾ ਆਸਣ ਹੋਵੇ ਜਿਸ ਨੂੰ ਬੱਚਿਆਂ ਨੇ ਸ਼ਤਾਨੀ ਨਾਲ ਉਲਟਾ ਕਰ ਦਿੱਤਾ ਹੋਵੇ ਤੇ ਸਿੱਟੇ ਵਸ ਕਾਠੀ ਹੇਠਾਂ ਤੇ ਘੋੜਾ ਉਪਰ ਹੋ ਗਿਆ ਹੋਵੇ। ਤਾਂ ਹੀ ਤਾਂ ਗਾਣੇ ਦਾ ਫੁਰਨਾ ਫੁਰਿਆ। ਇਕ ਸਾਰਿਆਂ ਦੀ ਬਾਤਚੀਤ ਤੋਂ ਨਚੋੜ ਕਢਣ ਲੱਗਾ ਕਿ ਕਾਠੀ ਦਾ ਭਾਵ ਕੁਝ ਕੁਝ ਫਰੇਮ ਵਰਗਾ ਲਗਦਾ ਹੈ। ਚੁਗਾਠ ਕਾਠ ਦੇ ਉਸ ਢਾਂਚੇ ਨੂੰ ਕਹਿੰਦੇ ਹਨ ਜਿਸ ਵਿਚ ਦਰਵਾਜ਼ੇ ਫਿਟ ਹੁੰਦੇ ਹਨ। ਇਕ ਹੋਰ 'ਨਤੀਜਨ' ਬੋਲਿਆ, "ਮਤਲਬ ਅਜੇਹੀ ਲੱਠ ਜਿਸ ਉਪਰ ਘੋੜੇ ਜਿੰਨਾ ਵਜ਼ਨ ਚੁੱਕਣ ਦੀ ਸਮਰਥਾ ਹੈ। ਜਾਂ ਜਿਸ ਲੱਠ ਉਪਰ ਆਸਾਨੀ ਨਾਲ ਖਿਡੌਣਾ ਲੱਗ ਸਕੇ।" ਸ਼ਬਦ ਮਾਹਿਰ ਬਹਿਸ ਨੂੰ ਕਾਠ ਤੋਂ ਬਣੇ ਸ਼ਹਿਰਾਂ ਦੇ ਨਾਂ ਜਿਵੇਂ ਕਾਠਮੰਡੂ, ਕਾਠਗੜ੍ਹ, ਕਾਠੀਆਵਾੜ ਤੇ ਕਾਠਗੁਦਾਮ ਵੱਲ ਘਸੀਟਣ ਲੱਗਾ ਤਾਂ ਮੈਂ ਦਾਰਸ਼ਨਿਕ ਰੁਖ ਲੈਂਦੀ ਇਸ ਵੀਭਤਸ ਗੋਸ਼ਟੀ ਤੋਂ ਪਰੇਸ਼ਾਨ ਹੋ ਉਠਿਆ ਤੇ ਭੱਜ ਆਇਆ। ਆਪਾਂ ਤਾਂ ਪੇਂਡੂ ਦੇਸੀ ਬੰਦੇ ਹਾਂ, ਆਪਾਂ ਰਾਹ ਵਿਚ ਪੰਜਾਬੀ ਗੀਤਾਂ, ਲੋਕ ਗੀਤਾਂ ਵਿਚ ਆਏ ਕਾਠ, ਕਾਠੀ ਆਦਿ ਸ਼ਬਦਾਂ ਦੀ ਵਰਤੋਂ ਨੂੰ ਯਾਦ ਕਰਨ ਲੱਗ ਪਏ। ਪੀਲੂ ਦੇ ਕਿੱਸੇ ਵਿਚ ਸਾਹਿਬਾਂ ਫਰਮਾਉਂਦੀ ਹੈ:

ਤੂੰ ਸੁਣ ਕਰਮੂੰ ਬਾਹਮਣਾ,
ਕਦੀ ਨਾ ਆਇਓਂ ਕਾਮ।
ਘੋੜੀ ਦਿਆਂ ਤੇਰੇ ਚੜ੍ਹਨ ਨੂੰ,
ਕਾਠੀ ਸਣੇ ਲਗਾਮ।
ਹੱਥ ਦੇ ਦਿਆਂ ਚੂੜੀਆਂ,
ਸੋਨਾ ਕਰਦੀ ਦਾਨ।
ਝੋਟੀ ਦਿਆਂ ਦੁਧ ਪੀਣ ਨੂੰ,
ਹਲ ਦੀ ਜ਼ਿਮੀਂ ਇਨਾਮ।
ਜਬ ਲੱਗ ਜੀਵੇ ਸਾਹਿਬਾਂ,
ਰੱਖੇ ਤੇਰਾ ਅਹਿਸਾਨ।

ਭੈਣਾਂ ਆਪਣੇ ਵੀਰਾਂ ਲਈ ਘੋੜੀ ਗਾਉਂਦੀਆਂ ਹਨ ਤਾਂ ਉਨ੍ਹਾਂ ਦੀ ਉਚੀ ਸ਼ਾਨ ਦੀ ਵਡਿਆਈ ਕਰਦੀਆਂ ਹਨ:

ਘੋੜੀ ਸੋਂਹਦੀ ਕਾਠੀਆਂ ਦੇ ਨਾਲ,
ਕਾਠੀ ਡੇਢ ਤੇ ਹਜ਼ਾਰ।
ਉਮਰਾਵਾਂ ਦੀ ਤੇਰੀ ਚਾਲ,
ਮੈਂ ਬਲਿਹਾਰੀ, ਵੇ ਮਾਂ ਦਿਆ ਸੁਰਜਣਾ।

ਹੋਰ ਸੁਣੋ:

ਬੰਨਾ ਵੇ ਤੇਰੇ ਹੇਠ ਦਾ ਘੋੜਾ
ਸੋਹਣਿਆ ਵੇ ਤੇਰੇ ਹੇਠ ਦਾ ਘੋੜਾ
ਚੰਦਾ ਵੇ ਕਾਠੀ ਲੱਗੇ ਪਿਆਰੀ
ਸੋਹਣਿਆ ਵੇ ਕਾਠੀ ਲੱਗੇ ਪਿਆਰੀ

ਮੈਨੂੰ ਯਾਦ ਆਇਆ, ਇਕ ਜਗ੍ਹਾ ਮੈਂ ਥਾਂ ਥਾਂ ਦੀਆਂ ਮਸ਼ਹੂਰ ਚੀਜ਼ਾਂ ਬਾਰੇ ਪੜ੍ਹਿਆ ਸੀ ਜਿਸ ਵਿਚ 'ਮੁਕਸਰ' ਦੀਆਂ ਕਾਠੀਆਂ ਦਾ ਜ਼ਿਕਰ ਸੀ:

ਬੀਕਾਨੇਰ ਤੋਂ ਊਠ ਲਿਆਂਦਾ,
ਦੇ ਕੇ ਨੋਟ ਪਚਾਸੀ।
ਸ਼ਹਿਣੇ ਦੇ ਵਿਚ ਝਾਂਜਰ ਬਣਦੀ,
ਸ਼ਹਿਰ ਭਦੌੜ ਦੀ ਚਾਟੀ।
ਰੌਂਤੇ ਦੇ ਵਿਚ ਬਣਦੇ ਕੂੰਡੇ,
ਜੋਗੇ ਰੱਲੇ ਗੰਡਾਸੀ।
ਭਾਈ ਬਖਤੌਰੇ ਬਣਦੇ ਟਕੂਏ,
ਕਾਸਾਪੁਰ ਦੀ ਦਾਤੀ।
ਹਿੰਮਤਪੁਰੇ ਵਿਚ ਬਣਦੀਆਂ ਕਹੀਆਂ,
ਮੁਕਸਰ ਬਣਦੀ ਕਾਠੀ।
ਨੀ ਬਹਿਜਾ ਬੋਤੇ 'ਤੇ,
ਮੰਨ'ਲਾ ਭੌਰ ਦੀ ਆਖੀ...।
ਨੀ ਬਹਿਜਾ ਬੋਤੇ 'ਤੇ...।

---

## ਸਿੱਖੀ ਸਿਧਾਤਾਂ ਬਾਰੇ ਗਲਤ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ: ਜਥੇਦਾਰ ਗੁਰਬਚਨ ਸਿੰਘ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਨੇ ਦੀਵਾਲੀ ਤੇ ਬੰਦੀ ਛੋਡ ਦਿਵਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ



ਤੋਂ ਸਿੱਖ ਪੰਥ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਸਿੱਖ ਸਮਾਜ ਅੰਦਰ ਕੁਝ ਲੋਕਾਂ ਵੱਲੋਂ ਕਈ ਤਰ੍ਹਾਂ ਦੇ ਵਿਵਾਦਾਂ ਨੂੰ ਜਨਮ ਦੇ ਕੇ ਗੁਰੂ ਸਾਹਿਬਾਨਾਂ, ਗੁਰਬਾਣੀ, ਰਹਿਤ ਮਰਯਾਦਾ, ਸਿੱਖ ਇਤਿਹਾਸ ਤੇ ਸਿੱਖ ਸਿਧਾਂਤਾਂ ਦੇ ਅਦਬ-ਸਤਿਕਾਰ 'ਤੇ ਕੋਝੇ ਹਮਲੇ ਕੀਤੇ ਜਾ ਰਹੇ ਹਨ।

ਸਿੰਘ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਮਾਜ ਅੰਦਰ ਆਪਸੀ ਪਿਆਰ, ਸਾਂਝ, ਖ਼ੁਸ਼ੀ ਤੇ ਖੇੜਾ ਪੈਦਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਨਸਲਕੁਸ਼ੀ ਦੇ ਪੀੜਤ ਪਰਿਵਾਰਾਂ ਨੂੰ ਸਹਿਯੋਗ ਦੇਣਾ ਤੇ ਜੇਲ੍ਹਾਂ ਅੰਦਰ ਬੰਦ ਨੌਜਵਾਨ ਰਿਹਾਅ ਕਰਨ ਦੇ ਉਪਰਾਲੇ ਕਰਕੇ ਉਨ੍ਹਾਂ ਦੇ ਘਰਾਂ ਅੰਦਰ ਵੀ ਖੁਸ਼ੀ ਦੇ ਦੀਵੇ ਬਾਲ ਕੇ ਰੋਸ਼ਨੀ ਕਰਨਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਝੱਖੜ-ਹਨੇਰੀਆਂ ਤੇ ਜਾਬਰ-ਜ਼ਰਵਾਣਿਆਂ ਦੇ ਜ਼ੁਲਮ ਵੀ ਸਾਡੀ ਹਸਤੀ ਨੂੰ ਮਿਟਾ ਨਹੀਂ ਸਕੇ ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਸਾਡੇ ਅੰਦਰ ਪੈਦਾ ਹੋ ਰਹੀਆਂ ਕਮਜ਼ੋਰੀਆਂ ਹੀ ਸਾਡੀਆਂ ਦੁਸ਼ਮਣ ਬਣ ਰਹੀਆਂ ਹਨ। ਸਿੰਘ ਸਾਹਿਬ ਨੇ ਕਿਹਾ ਕਿ ਅਜਿਹੀਆਂ ਚੁਣੌਤੀਆਂ ਦਾ ਮੁਕਾਬਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਦਰਸਾਏ ਮਾਰਗ 'ਤੇ ਚੱਲਣ ਨਾਲ ਕੀਤਾ ਜਾ ਸਕਦਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਨਿਰਮਲ ਰੂਹਾਨੀ ਗੁਣਾਂ ਤੇ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਪਸਾਰ ਤੇ ਰਖਵਾਲੀ ਹਿਤ ਸਿੱਖ ਗੁਰੂ ਸਾਹਿਬਾਨ ਦਾ ਸਮੁੱਚਾ ਜੀਵਨ ਜ਼ੁਲਮ-ਜਬਰ ਤੇ ਅਨਿਆਂ ਦੇ ਖਿਲਾਫ਼ ਵਿੱਢੇ ਸੰਘਰਸ਼ ਤੇ ਪੀੜਤ ਧਿਰ ਦੀ ਬੰਦ-ਖਲਾਸੀ ਵਾਸਤੇ ਵਰਤਾਏ ਧਰਮੀ ਕਾਰਜਾਂ, ਕਾਰਨਾਮਿਆਂ ਤੇ ਪਰਉਪਕਾਰਾਂ ਨਾਲ ਭਰਪੂਰ ਹੈ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਤੇ ਨਾਮਵਰ ਕਥਾ ਵਾਚਕ ਗਿਆਨੀ ਰਣਜੀਤ ਸਿੰਘ ਗੋਹਰ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ।

---

## ਝੱਖੜ ਅਤੇ ਗੜੇਮਾਰ ਨਾਲ ਡਿੱਗੀ ਫਸਲ ਦੀ ਸੰਭਾਲ ਕਰਨ ਵਾਲੀ ਮਸ਼ੀਨ ਤਿਆਰ

**ਬਸੀ ਪਠਾਣਾਂ:** ਜਦੋਂ ਕਦੀ ਪੱਕੀ ਫਸਲ 'ਤੇ ਝੱਖੜ ਜਾਂ ਗੜੇਮਾਰ ਦੀ ਮਾਰ ਪੈਂਦੀ ਹੈ ਤਾਂ ਇਹ ਮਾਰ ਅਸਲ ਵਿਚ ਕਿਸਾਨ ਦੀ ਕਿਸਮਤ 'ਤੇ ਪੈਂਦੀ ਹੈ। ਫਸਲ ਢਹਿ ਪੈਂਦੀ ਹੈ ਅਤੇ ਇਸ ਨੂੰ ਵੱਢਣਾ, ਸੰਭਾਲਣਾ ਔਖਾ ਹੋ ਜਾਂਦਾ ਹੈ। ਲੋੜ ਕਾਢ ਦੀ ਮਾਂ ਹੈ, ਦੀ ਕਹਾਵਤ ਉਦੋਂ ਸੱਚ ਸਾਬਤ ਹੋਈ ਜਦੋਂ ਇਥੋਂ ਨਜ਼ਦੀਕੀ ਪਿੰਡ ਮਹਿਦੂਦਾਂ ਦੇ 40 ਸਾਲਾ ਕਿਸਾਨ ਗੁਰਪ੍ਰੀਤ ਸਿੰਘ ਪੰਨੂ ਨੇ ਹਾਲ ਹੀ ਵਿਚ ਝੋਨੇ ਦੀ ਫਸਲ ਉਤੇ ਹੋਈ ਗੜੇਮਾਰ ਕਾਰਨ ਡਿੱਗੀ ਫਸਲ ਨੂੰ ਸੰਭਾਲਣ ਦੇ ਯਤਨਾਂ ਵਿਚ ਇਕ ਅਜਿਹੀ ਮਸ਼ੀਨ ਦੀ ਇਜਾਦ ਕਰ ਲਈ ਜਿਸ ਨਾਲ ਝੋਨੇ ਜਾਂ ਕਣਕ ਦੀ ਡਿੱਗੀ ਹੋਈ ਫਸਲ ਸੌਖਿਆਂ ਹੀ ਸੰਭਾਲੀ ਜਾ ਸਕੇਗੀ। ਗੁਰਪ੍ਰੀਤ ਸਿੰਘ ਪੰਨੂ ਅਮਰੀਕਾ ਦੀ ਓਹਾਇਓ ਸਟੇਟ ਦੇ ਡੇਅਟਨ ਸ਼ਹਿਰ ਵਿਚ ਰਹਿੰਦੇ ਸਵਰਨਜੀਤ ਸਿੰਘ ਪੰਨੂ ਦਾ ਭਰਾ ਹੈ।

ਪਲੱਸ 2 ਜਮਾਤਾਂ ਪਾਸ ਗੁਰਪ੍ਰੀਤ ਸਿੰਘ ਪੰਨੂ ਨੇ ਵੈਕਿਯੂਮ ਦੇ ਸਹਾਰੇ ਇਕ ਅਜਿਹੀ ਮਸ਼ੀਨ ਤਿਆਰ ਕੀਤੀ ਹੈ ਜਿਸ ਨੂੰ ਕਿਸਾਨਾਂ ਨੇ ਸੁੜ੍ਹਾਕਾ ਜਾਂ ਸੂਟਾ ਮਸ਼ੀਨ ਦਾ ਨਾਂ ਦਿੱਤਾ ਹੈ। ਇਹ ਮਸ਼ੀਨ ਇਥੋਂ ਦੇ ਮਿਸਤਰੀ ਗੁਰਚਰਨ ਦਾਸ ਦੀ ਸਨਅਤੀ ਮਦਦ ਨਾਲ ਤਿਆਰ ਕੀਤੀ ਗਈ ਹੈ ਅਤੇ ਇਹ ਟਰੈਕਟਰ ਨਾਲ ਚੱਲੇਗੀ। ਇਹ ਮਸ਼ੀਨ ਵੈਕਿਯੂਮ ਤਕਨਾਲੋਜੀ ਦੀ ਵਰਤੋਂ ਕਰਦਿਆਂ ਸੁੜ੍ਹਾਕਾ ਮਾਰ ਕੇ ਜ਼ਮੀਨ 'ਤੇ ਡਿੱਗੀ ਫਸਲ ਅੰਦਰ ਖਿੱਚੇਗੀ ਅਤੇ ਉਸ ਨੂੰ ਸਾਫ ਕਰਕੇ ਦਾਣੇ ਤਿਆਰ ਕਰੇਗੀ। ਬੀਤੇ ਦਿਨੀਂ ਫਹਿਤਗੜ੍ਹ ਸਾਹਿਬ ਦੇ ਇੰਜੀਨੀਅਰਾਂ, ਕੇਂਦਰੀ ਜ਼ਰਾਇਤ ਮਹਿਕਮੇ ਅਤੇ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਦੀ ਇਕ ਟੀਮ ਸਾਹਮਣੇ ਇਸ ਮਸ਼ੀਨ ਦੀ ਨੁਮਾਇਸ਼ ਕੀਤੀ ਗਈ ਜਿਨ੍ਹਾਂ ਨੇ ਗੁਰਪ੍ਰੀਤ ਸਿੰਘ ਪੰਨੂ ਦੇ ਇਸ ਉਦਮ ਦੀ ਭਰਵੀਂ ਪ੍ਰਸ਼ੰਸਾ ਕੀਤੀ ਅਤੇ ਨਾਲ ਹੀ ਕਿਹਾ ਕਿ ਇਸ ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ। ਮਾਹਿਰਾਂ ਦੀ ਇਸ ਟੀਮ ਵਿਚ ਖੇਤੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ ਦੇ ਇੰਜੀਨੀਅਰ ਹਰਿੰਦਰ ਸਿੰਘ, ਪੰਜਾਬ ਖੇਤੀ ਯੂਨੀਵਰਸਿਟੀ ਦੇ ਡਾ. ਐਚ ਐਸ ਧਾਲੀਵਾਲ, ਖੇਤੀਬਾੜੀ ਇੰਜੀਨੀਅਰ ਰੋਹਿਤ ਸ਼ਰਮਾ ਅਤੇ ਅਰਵਿੰਦਰ ਸਿੰਘ ਕੰਗ ਸ਼ਾਮਲ ਸਨ।



ਗੁਰਪ੍ਰੀਤ ਸਿੰਘ ਪੰਨੂ (ਇਨਸੈਟ) ਖੇਤੀ ਮਾਹਿਰਾਂ ਦੀ ਟੀਮ ਨਾਲ

# Guru Nanak Sikh Temple, Fairfield, CA

## ੴ ਸਤਿਗੁਰ ਪ੍ਰਸਾਦਿ

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥

### ਧੰਨ ਧੰਨ ਸ੍ਰੀ ਗੁਰੁ ਨਾਨਕ ਦੇਵ ਜੀ

ਦੇ 541ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਗੁਰੁ ਨਾਨਕ ਸਿੱਖ ਟੈਮਲ, ਫੇਅਰਫੀਲਡ ਦੀ ਸਾਰੀ ਸਾਧ ਸੰਗਤ ਨੂੰ ਤਹਿ ਦਿਲੋ ਲੱਖ ਲੱਖ ਵਧਾਈਆ ਹੋਣ ਜੀ, ਅਤੇ ਬੇਨਤੀ ਕਰਦੇ ਹਾ ਜਨਮ ਦਿਨ ਤੇ, **21 ਨਵਬੰਰ** ਐਤਵਾਰ ਨੂੰ ਹੇਠ ਲਿਖੇ ਪ੍ਰੋਗਰਾਮ ਵਿਚ ਜਰੂਰ ਸ਼ਾਮਲ ਹੋ ਕਿ ਗੁਰੁ ਸਾਹਿਬ ਦੀਆ ਖੁਸ਼ੀਆ ਦਾ ਅੰਨਦ ਮਾਣੋਂ ਜੀ॥



*Heartiest congratulations to all Sadh Sangat from Guru Nanak Sikh Temple on this auspicious day. Please join us in celebrating 541th* ***Birthday of Guru Nanak Dev Ji*** *on Sunday the* ***21st of November*** *and as per the program below.*

ਪ੍ਰੋਗਰਾਮ:

- ਭੋਗ ਸ੍ਰੀ ਅਖੰਡ ਪਾਠ ਸਾਹਿਬ 10 ਵਜੇ ਸਵੇਰੇ
- ਕੀਰਤਨੀ ਹਜ਼ੂਰੀ ਜਥਾ ਭਾਈ ਅਜੀਤ ਸਿੰਘ, ਭਾਈ ਅਮਰਜੀਤ ਸਿੰਘ, ਅਤੇ ਭਾਈ ਹਰਿੰਦਰ ਸਿੰਘ
- ਕਥਾ ਵਾਚਿਕ ਭਾਈ ਜਤਿੰਦਰਪਾਲ ਸਿੰਘ ਜੀ ਅਤੇ ਕਥਾ ਵਾਚਿਕ ਭਾਈ ਤਲਵਿੰਦਰ ਸਿੰਘ ਜੀ

Program:

- Bhog Shri Akhand Path Sahib Ji 10 AM
- Kirtani Jatha Bhai Ajit Singh, Bhai Amarjit Singh and Bhai Harinder Singh JI
- Katha Vachak Bhai Jatinderpal Singh Ji and Bhai Talvinder Singh Ji.

*ਵਿਸ਼ੇਸ:- ਸਮਾਗਮ ਉਪਰੰਤ ਗੁਰੂਘਰ ਦੀ ਚਾਰ ਦਵਾਰੀ ਅੰਦਰ ਕੀਰਤਨ ਮਾਰਚ ਕੱਢਿਆ ਜਾਏਗਾ।*

*Special: - There will be a Kirtan March around the Gurudwara complex*

ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ, ਕੈਲੀਫੋਰਨੀਆਂ (707) 421-0707

Guru Nanak Sikh Temple, 2948 Rockville Rd, Fairfield, CA
G.N.S.T Management Committee

## ਕੈਂਸਰ ਦੇ ਇਲਾਜ ਲਈ ਚਮੜੀ ਦੇ ਸੈੱਲਾਂ ਤੋਂ ਬਣ ਸਕੇਗਾ ਖ਼ੂਨ

**ਟੋਰਾਂਟੋ:** ਭਾਰਤੀ ਮੂਲ ਦੇ ਕੈਨੇਡੀਅਨ ਸਾਇੰਸਦਾਨ ਡਾ. ਮਿੱਕ ਭਾਟੀਆ ਨੇ ਇੱਕ ਨਵੀਂ ਖੋਜ ਕੀਤੀ ਹੈ। ਉਨ੍ਹਾਂ ਮਨੁੱਖੀ ਚਮੜੀ ਤੋਂ ਖ਼ੂਨ-ਸੈੱਲ ਤਿਆਰ ਕਰਕੇ ਵੱਡਾ ਮਾਅਰਕਾ ਮਾਰਿਆ ਹੈ। ਡਾ. ਭਾਟੀਆ ਦੀ ਇਸ ਖੋਜ ਨਾਲ ਕੀਮੋਥਰੈਪੀ ਦੇ ਮਾੜੇ ਪ੍ਰਭਾਵਾਂ ਤੋਂ ਬਚਨ, ਖ਼ੂਨ ਦੀਆਂ ਘਾਤਕ ਬੀਮਾਰੀਆਂ ਤੇ ਕਈ ਤਰ੍ਹਾਂ ਦੀ ਸਰਜਰੀ ਲਈ ਕਈ ਨਵੇਂ ਰਾਹ ਖੁੱਲ੍ਹਣ ਦੀ ਆਸ ਹੈ।

ਇਸ ਤੋਂ ਇਲਾਵਾ ਇਸ ਰਾਹੀਂ ਇਹ ਸੰਭਾਵਨਾ ਹੈ ਕਿ ਮਨੁੱਖੀ ਚਮੜੀ ਤੋਂ ਨਿਊਰਾਨ ਵਰਗੇ ਸੈੱਲ ਵੀ ਪੈਦਾ ਕੀਤੇ ਜਾ ਸਕਣਗੇ ਜਿਨ੍ਹਾਂ ਨਾਲ ਨੁਕਸਾਨੇ ਗਏ ਦਿਮਾਗ ਦੀ ਮੁਰੰਮਤ ਕੀਤੀ ਜਾਏਗੀ। ਇਹ ਖੋਜ ਉਨ੍ਹਾਂ ਲੋਕਾਂ ਲਈ ਵਰਦਾਨ ਸਾਬਤ ਹੋਵੇਗੀ ਜਿਨ੍ਹਾਂ ਨੂੰ ਖ਼ੂਨ ਦੇ ਕੈਂਸਰ ਦੇ ਇਲਾਜ ਲਈ ਬੋਨਮੈਰੋ ਦੀ ਜ਼ਰੂਰਤ ਹੁੰਦੀ ਹੈ। ਹੁਣ ਉਹ ਕਿਸੇ ਦੂਜੇ ਦੇ ਖ਼ੂਨ ਦੀ ਬਜਾਏ ਆਪਣੇ ਚਮੜੀ ਸੈੱਲਾਂ ਤੋਂ ਬਣੇ ਖ਼ੂਨ ਦਾ ਲਾਭ ਲੈ ਸਕਣਗੇ।

ਕੈਨੇਡਾ ਦੇ ਹੈਮਿਲਟਨ ਸ਼ਹਿਰ ਵਿੱਚ ਸਥਿਤ ਯੂਨੀਵਰਸਿਟੀ ਵਿਚ ਨਵ-ਜਨਮੇ ਤੋਂ ਲੈ ਕੇ ਅੱਧਖੜ ਉਮਰ ਦੀ ਮਨੁੱਖੀ ਚਮੜੀ ਦੇ ਸੈੱਲਾਂ ਤੋਂ ਤਿਆਰ ਹੋਏ ਰਕਤਾਣੂਆਂ ਨੂੰ ਲੈਬਾਰਟਰੀ ਦੀਆਂ ਖਾਸ ਕਿਸਮ ਦੀਆਂ ਟਰੇਆਂ ਵਿਚ ਪੈਦਾ ਕੀਤਾ ਗਿਆ ਤੇ ਬਾਅਦ ਵਿਚ ਚੂਹਿਆਂ ਨੂੰ ਲਗਾ ਕੇ ਵੇਖਿਆ ਗਿਆ ਮੈਕਮਾਸਟਰ ਦੇ ਸਟੈੱਮ ਸੈੱਲ ਤੇ ਕੈਂਸਰ ਖੋਜ ਸੰਸਥਾ ਦੇ ਡਇਰੈਕਟਰ ਡਾ. ਮਿੱਕ ਭਾਟੀਆ ਨੇ ਦੱਸਿਆ ਕਿ ਉਸ ਦੀ ਟੀਮ ਨੇ ਆਕਸੀਜਨ ਲਿਜਾਣ ਵਾਲੇ ਲਾਲ ਰਕਤਾਣੂ ਤੇ ਦੋ ਤਰ੍ਹਾਂ ਦੇ ਇਮਿਊਨ ਸੈੱਲ ਵੀ ਪੈਦਾ ਕਰ ਲਏ ਹਨ।

# ਨਿੱਕੀ ਹੇਲੀ ਦੇ ਗਵਰਨਰ ਬਨਣ ਨਾਲ ਅੰਮ੍ਰਿਤਸਰੀਆਂ 'ਚ ਖੁਸ਼ੀ ਦੀ ਲਹਿਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਦੇ ਸਾਊਥ ਕੈਰੋਲੀਨਾ ਸੂਬੇ ਦੀ ਗਵਰਨਰ ਬਣੀ ਪੰਜਾਬੀ ਮੂਲ ਦੀ ਪਹਿਲੀ ਔਰਤ ਨਿੱਕੀ ਹੇਲੀ ਦੇ ਅੰਮ੍ਰਿਤਸਰ ਵਿਚ ਰਹਿੰਦੇ ਰਿਸ਼ਤੇਦਾਰਾਂ 'ਚ ਖੁਸ਼ੀ ਆ ਆਲਮ ਹੈ।ਨਿੱਕੀ ਰੰਧਾਵਾ ਨੇ ਤਿੰਨ ਨਵੰਬਰ ਨੂੰ ਸਾਊਥ ਕੈਰੋਲੀਨਾ ਸੂਬੇ ਦੀ ਗਵਰਨਰ ਦੀ ਚੋਣ 'ਚ ਆਪਣੇ ਵਿਰੋਧੀ ਵਿਨਸੈਂਟ ਸ਼ੀਹਾਨ ਨੂੰ ਹਰਾਇਆ ਹੈ। ਨਿੱਕੀ ਨੇ 52 ਫੀਸਦੀ ਵੋਟਾਂ ਲਈਆਂ ਹਨ ਜਦੋਂਕਿ ਉਸਦੇ ਵਿਰੋਧੀ ਨੂੰ 46 ਫੀਸਦੀ ਵੋਟਾਂ ਨਾਲ ਸਬਰ ਕਰਨਾ ਪਿਆ। ਨਿੱਕੀ ਰੰਧਾਵਾ 38 ਵਰ੍ਹਿਆਂ ਦੀ ਅਜਿਹੀ ਪਹਿਲੀ ਭਾਰਤੀ ਮੂਲ ਦੀ ਔਰਤ ਹੈ ਜੋ ਅਮਰੀਕਾ ਦੇ ਕਿਸੇ ਸੂਬੇ ਦੀ ਗਵਰਨਰ ਚੁਣੀ ਗਈ ਹੈ। ਇਸ ਤੋਂ ਪਹਿਲਾਂ 2007 ਵਿਚ ਭਾਰਤੀ ਮੂਲ ਦੇ ਬੌਬੀ ਜਿੰਦਲ ਲੂਸੀਆਨਾ ਦੇ ਗਵਰਨਰ ਚੁਣੇ ਗਏ ਸਨ। ਨਿੱਕੀ ਰੰਧਾਵਾ ਦੇ ਪਿਤਾ ਡਾ. ਅਜੀਤ ਸਿੰਘ ਰੰਧਾਵਾ ਪੰਡੋਰੀ ਰਣ ਸਿੰਘ ਪਿੰਡ 'ਚ ਰਹਿੰਦੇ ਰਹੇ ਹਨ ਜੋ ਕਿ ਇਸ ਵੇਲੇ ਤਰਨਤਾਰਨ ਜ਼ਿਲ੍ਹੇ 'ਚ ਹੈ। ਨਿੱਕੀ ਰੰਧਾਵਾ ਦੇ ਨਾਨਕੇ ਅੰਮ੍ਰਿਤਸਰ ਦੇ ਕਟੜਾ ਦਲ ਸਿੰਘ ਵਿਚ ਹਨ।ਇਥੇ ਸਥਿਤ ਨਾਨਕਾ ਘਰ ਹੁਣ ਗਲਿਆਰੇ ਵਿਚ ਆਉਣ ਕਾਰਨ ਆਪਣੀ ਹੋਂਦ ਗਵਾ ਚੁੱਕਾ ਹੈ। ਨਿੱਕੀ ਦੀ ਮਾਤਾ ਰਾਜ ਰੰਧਾਵਾ 1960 ਤੋਂ 1964 ਤਕ ਇੱਥੇ ਰਹੇ ਹਨ। ਨਿੱਕੀ ਦੇ ਤਾਇਆ ਜੀ ਪ੍ਰੀਤਮ ਸਿੰਘ ਇਸ ਵੇਲੇ ਵੇਰਕਾ ਵਿਚ ਰਹਿ ਰਹੇ ਹਨ। ਡਾ. ਅਜੀਤ ਸਿੰਘ ਰੰਧਾਵਾ ਦੇ ਵੱਡੇ ਭਰਾ ਪ੍ਰੀਤਮ ਸਿੰਘ (89) ਨੇ ਇਸ ਬਾਰੇ ਦੱਸਿਆ ਕਿ ਨਿੱਕੀ ਰੰਧਾਵਾ ਦੀ ਜਿੱਤ ਹੋਣ ਤੋਂ ਬਾਅਦ ਅਜੀਤ ਦਾ ਫ਼ੋਨ ਆਇਆ ਸੀ ਤੇ ਉਸਨੇ ਨਿੱਕੀ ਦੀ ਵੱਡੀ ਜਿੱਤ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਉਹ ਇਸ ਉਮਰ ਵਿਚ ਅਮਰੀਕਾ ਨਹੀਂ ਜਾ ਸਕਦੇ ਪਰ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਨਿੱਕੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ



ਆਵੇਗੀ। ਇਸ ਤੋਂ ਪਹਿਲਾਂ ਉਹ ਨਿੱਕੀ ਨੂੰ ਉਸ ਵੇਲੇ ਮਿਲੇ ਸਨ ਜਦੋਂ ਉਹ 4 ਸਾਲਾਂ ਦੀ ਸੀ ਤੇ ਆਪਣੇ ਮਾਤਾ ਪਿਤਾ ਨਾਲ ਅੰਮ੍ਰਿਤਸਰ ਆਈ ਸੀ। ਪ੍ਰੀਤਮ ਸਿੰਘ ਦੇ ਪੁੱਤਰ ਪਰਮਜੀਤ ਸਿੰਘ ਰੰਧਾਵਾ ਜੋ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਵਜੋਂ ਸੇਵਾ ਮੁਕਤ ਹੋਏ ਹਨ, ਨੇ ਦੱਸਿਆ ਕਿ ਉਸਦੇ ਚਾਚਾ ਡਾ. ਅਜੀਤ ਸਿੰਘ ਰੰਧਾਵਾ ਤੇ ਪਿਤਾ ਪ੍ਰੀਤਮ ਸਿੰਘ ਪਿੰਡ ਪੰਡੋਰੀ ਰਣ ਸਿੰਘ ਵਿਖੇ ਇਕੱਠੇ ਰਹਿੰਦੇ ਰਹੇ ਹਨ। ਡਾ. ਅਜੀਤ ਸਿੰਘ ਰੰਧਾਵਾ ਨੇ ਐਮ.ਐਸ.ਸੀ. ਖੇਤੀਬਾੜੀ ਕੀਤੀ ਸੀ ਤੇ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਵਿਚ ਅਧਿਆਪਕ ਸਨ। 1960 ਵਿਚ ਉਹ ਪੀ.ਐਚ.ਡੀ. ਕਰਨ ਲਈ ਅਮਰੀਕਾ ਗਏ ਤੇ ਫਿਰ ਉਥੇ ਹੀ ਵਸ ਗਏ। ਉਨ੍ਹਾਂ ਦੇ ਅਮਰੀਕਾ ਜਾਣ ਉਪਰੰਤ ਸਾਰਾ ਪਰਿਵਾਰ ਹੀ ਪਿੰਡ ਛੱਡ ਕੇ ਸ਼ਹਿਰ ਵਿਚ ਆ ਗਿਆ। ਉਨ੍ਹਾਂ ਦੱਸਿਆ ਕਿ ਉਹ 2004 ਵਿਚ ਸਾਊਥ ਕੈਰੋਲੀਨਾ ਵਿਖੇ ਚਾਚਾ ਅਜੀਤ ਸਿੰਘ ਰੰਧਾਵਾ ਦੇ ਪਰਿਵਾਰ ਨੂੰ ਮਿਲਣ ਲਈ ਗਏ ਸਨ। ਉਸ ਵੇਲੇ ਨਿੱਕੀ ਪਹਿਲੀ ਵਾਰ 'ਵਿੱਪ' ਚੁਣੀ ਗਈ ਸੀ ਤੇ ਉਸਦਾ ਸਹੁੰ ਚੁੱਕ ਸਮਾਗਮ ਸੀ। ਹੁਣ ਪਹਿਲੀ ਜਨਵਰੀ ਨੂੰ ਉਹ ਮੁੜ ਸਾਊਥ ਕੈਰੋਲੀਨਾ ਦੇ ਗਵਰਨਰ ਵਜੋਂ ਸਹੁੰ ਚੁੱਕੇਗੀ ਜਿਸ ਵਿਚ ਸ਼ਾਮਲ ਹੋਣ ਲਈ ਉਹ ਤੇ ਉਸਦੀ ਪਤਨੀ ਜਸਬੀਰ ਕੌਰ ਜਾ ਰਹੇ ਹਨ। ਨਿੱਕੀ ਭਾਵੇਂ ਅਮਰੀਕਾ ਵਿਚ ਸਾਊਥ ਕੈਰੋਲੀਨਾ ਸੂਬੇ ਦੇ ਬੈਂਬਰ ਸ਼ਹਿਰ ਵਿਚ ਪੈਦਾ ਹੋਈ ਸੀ ਪਰ ਉਸਦਾ ਵੱਡਾ ਭਰਾ ਹਰਮੀਤ ਸਿੰਘ ਅੰਮ੍ਰਿਤਸਰ ਵਿਚ ਪੈਦਾ ਹੋਇਆ। ਉਸਦੀ ਛੋਟੀ ਭੈਣ ਸਿਮਰਨ ਤੇ ਛੋਟਾ ਭਰਾ ਗੋਗੀ ਵੀ ਅਮਰੀਕਾ ਦੇ ਜੰਮਪਲ ਹਨ। ਨਿੱਕੀ ਦਾ ਵਿਆਹ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਾਵਾਂ ਲੈ ਕੇ ਹੋਇਆ ਸੀ ਤੇ ਬਾਅਦ ਵਿਚ ਉਸਨੇ ਚਰਚ ਵਿਚ ਜਾ ਕੇ ਵੀ ਵਿਆਹ ਕੀਤਾ। ਇਸ ਪਰਿਵਾਰ ਦਾ ਪਿੰਡ ਪੰਡੋਰੀ ਰਣ ਸਿੰਘ ਵਿਖੇ ਜੱਦੀ ਘਰ ਤੋਂ ਇਲਾਵਾ ਪਿੰਡ ਵੈਰੋਵਾਲ ਵਿਖੇ ਸੱਤ ਕਿੱਲੇ ਜ਼ਮੀਨ ਵੀ ਸੀ ਜੋ ਬਾਅਦ ਵਿਚ ਵੇਚੀ ਗਈ ਹੈ।

## ਇੰਗਲੈਂਡ 'ਚ ਪੰਜਾਬੀ ਨੌਜਵਾਨ ਦਾ ਕਤਲ


**ਲੰਡਨ:** ਇੰਗਲੈਂਡ ਦੇ ਸ਼ਹਿਰ ਲੈਸਟਰ 'ਚ ਇੱਕ ਪੰਜਾਬੀ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ।

ਸੂਤਰਾਂ ਅਨੁਸਾਰ ਜਗਜੀਤ ਸਿੰਘ ਸੰਧੂ ਪੁੱਤਰ ਨਾਹਰ ਸਿੰਘ 20 ਸਾਲ ਪਹਿਲਾਂ ਇੰਗਲੈਂਡ ਜਾ ਕੇ ਵੱਸ ਗਿਆ ਸੀ। ਇੰਗਲੈਂਡ ਦੇ ਸ਼ਹਿਰ ਲੈਸਟਰ ਵਿਚ ਉਹ ਚਿਪਸ ਦਾ ਸਟੋਰ ਚਲਾ ਰਿਹਾ ਸੀ। ਛੇ ਕੁ ਮਹੀਨੇ ਪਹਿਲਾਂ ਕਾਲੇ ਨਾਗਰਿਕ ਨਾਲ ਕਿਸੇ ਗੱਲੋਂ ਉਸ ਦਾ ਝਗੜਾ ਹੋ ਗਿਆ ਤੇ ਗੱਲ ਹੱਥੋਪਾਈ ਤੱਕ ਪਹੁੰਚ ਗਈ। ਪਹਿਲੀ ਨਵੰਬਰ ਨੂੰ ਉਹ ਵਿਅਕਤੀ ਜਗਜੀਤ ਸਿੰਘ ਦੀ ਦੁਕਾਨ 'ਤੇ ਆਇਆ ਤੇ ਸਾਮਾਨ ਖਰੀਦ ਲਿਆ। ਦੁਕਾਨ 'ਤੇ ਕੰਮ ਕਰਦੇ ਕਰਿੰਦੇ ਨੂੰ ਉਸ ਨੇ ਆਪਣੇ ਮਾਲਕ ਨਾਲ ਮਿਲਾਉਣ ਲਈ ਕਿਹਾ। ਕਰਿੰਦੇ ਨੇ ਜਗਜੀਤ ਸੰਧੂ ਨੂੰ ਆਵਾਜ਼ ਦੇ ਕੇ ਬੁਲਾ ਲਿਆ। ਉਸ ਨੇ ਸ੍ਰੀ ਸੰਧੂ ਨੂੰ ਕਿਹਾ ਕਿ ਉਹ ਦੁਸ਼ਮਣੀ ਖ਼ਤਮ ਕਰਨ ਆਇਆ ਹੈ ਤੇ ਉਸ ਨਾਲ ਦੋਸਤੀ ਕਰਨੀ ਚਾਹੁੰਦਾ ਹੈ। ਇਸ 'ਤੇ ਸ੍ਰੀ ਸੰਧੂ ਨੇ ਕਾਊਂਟਰ ਉਪਰੋਂ ਆਪਣਾ ਹੱਥ ਕੱਢ ਕੇ ਮਿਲਾਉਣ ਲਈ ਅੱਗੇ ਵਧਾਇਆ ਪਰ ਉਸ ਨੇ ਕਾਊਂਟਰ ਤੋਂ ਬਾਹਰ ਆਉਣ ਲਈ ਕਿਹਾ। ਬਾਅਦ ਵਿਚ ਉਹ ਸੰਧੂ ਨੂੰ ਸਟੋਰ ਤੋਂ ਬਾਹਰ ਲੈ ਗਿਆ। ਥੋੜ੍ਹੀ ਦੂਰ ਲਿਜਾ ਕੇ ਉਸ ਨੇ ਸੰਧੂ ਦੇ ਪੇਟ ਵਿਚ ਕਿਰਚ ਮਾਰ ਦਿੱਤੀ ਜਿਸ ਕਾਰਨ ਉਸਦੀ ਕੁਝ ਸਮੇਂ ਬਾਅਦ ਹਸਪਤਾਲ ਲਿਜਾਂਦਿਆਂ ਮੌਤ ਹੋ ਗਈ।

ਮ੍ਰਿਤਕ ਜਗਜੀਤ ਸਿੰਘ ਸੰਧੂ ਦੇ ਛੋਟੇ ਭਰਾ ਬਚਿੱਤਰ ਸਿੰਘ ਸੰਧੂ ਨੇ ਦੱਸਿਆ ਕਿ ਲੈਸਟਰ ਪੁਲੀਸ ਨੇ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ। ਜਗਜੀਤ ਸੰਧੂ ਆਪਣੇ ਪਿੱਛੇ ਪਤਨੀ ਤੇ ਇਕ ਬੱਚਾ ਛੱਡ ਗਿਆ ਹੈ।

# ਹੈਡਲੀ ਨੇ ਅਮਰੀਕੀ ਖ਼ੁਫ਼ੀਆ ਤੰਤਰ ਦੀਆਂ ਅੱਖਾਂ 'ਚ ਘੱਟਾ ਪਾਇਆ

**ਵਾਸ਼ਿੰਗਟਨ:** ਭਾਵੇਂ ਅਮਰੀਕੀ ਖੁਫੀਆ ਤੰਤਰ ਦੀ ਪੂਰੇ ਵਿਸ਼ਵ 'ਚ ਧਾਂਕ ਹੈ ਪਰ ਮੁੰਬਈ ਹਮਲੇ ਨਾਲ ਸਬੰਧਤ ਅਤਿਵਾਦੀ ਡੇਵਿਡ ਕਾਲਮਨ ਹੈਡਲੀ ਉਸ ਦੀਆਂ ਅੱਖਾਂ 'ਚ ਘੱਟਾ ਪਾਉਣ 'ਚ ਕਾਮਯਾਬ ਰਿਹਾ।



ਇਹ ਖੁਲਾਸਾ ਨੈਸ਼ਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਜੇਮਸ ਕਲੈਪਰ ਵਲੋਂ ਕੀਤੀ ਪੜਤਾਲ ਦੌਰਾਨ ਹੋਇਆ ਹੈ। ਇਸ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਸਾਲ 2001 ਪਿੱਛੋਂ ਪਾਕਿਸਤਾਨੀ ਅਮਰੀਕੀ ਨਾਗਰਿਕ ਹੈਡਲੀ ਬਾਰੇ ਕਈ ਜਾਣਕਾਰੀਆਂ ਮਿਲੀਆਂ ਸਨ ਤੇ ਜੇਕਰ ਇਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਤਾਂ 2008 ਵਿਚ ਭਾਰਤ ਦੀ ਆਰਥਿਕ ਰਾਜਧਾਨੀ ਮੁੰਬਈ ਵਿਚ ਲਸ਼ਕਰੇ ਤਾਇਬਾ ਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਜਾ ਸਕਦਾ ਸੀ। ਇਸ ਹਮਲੇ ਵਿਚ 168 ਵਿਅਕਤੀ ਮਾਰੇ ਗਏ ਸਨ।

ਅਮਰੀਕਾ ਦੀਆਂ ਖੁਫੀਆ ਏਜੰਸੀਆਂ ਡੈਵਿਡ ਕਾਲਮਨ ਹੈਡਲੀ ਦੀਆਂ ਦੋ ਪਤਨੀਆਂ ਤੇ ਹੋਰ ਸੂਤਰਾਂ ਵੱਲੋਂ 2001 ਵਿਚ ਘੱਟੋ-ਘੱਟ ਪੰਜ ਵਾਰ ਦਿੱਤੀ ਗਈ ਚਿਤਾਵਨੀ ਦੇ ਬਾਵਜੂਦ ਕਾਰਵਾਈ ਕਰਨ 'ਚ ਨਾਕਾਮ ਰਹੀਆਂ। ਇਨ੍ਹਾਂ ਸੂਤਰਾਂ ਨੇ ਭਾਰਤ ਖ਼ਿਲਾਫ਼ ਵਿਸ਼ੇਸ਼ ਮਿਸ਼ਨ ਲਈ ਹੈਡਲੀ ਦੇ ਪਾਕਿਸਤਾਨੀ ਅੱਤਵਾਦੀਆਂ ਨਾਲ ਸਿਖਲਾਈ ਲੈਣ ਬਾਰੇ ਜਾਣਕਾਰੀ ਦਿੱਤੀ ਸੀ।

ਇਹ ਰਿਪੋਰਟ ਪ੍ਰੋਪਬਲਿਕਾ ਤੇ ਵਾਸ਼ਿੰਗਟਨ ਪੋਸਟ 'ਚ ਛਪੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਦਾ ਖੁਫ਼ੀਆ ਵਿਭਾਗ 2001 ਤੋਂ ਹੈਡਲੀ ਬਾਰੇ ਚਿਤਾਵਨੀਆਂ ਬਾਰੇ ਹਰ ਮੌਕੇ ਪ੍ਰਤੀਕਿਰਿਆ ਦੇਣ 'ਚ ਨਾਕਾਮ ਰਿਹਾ ਜਿਸਨੇ ਮੁੰਬਈ ਹਮਲਿਆਂ ਵਿਚ ਪ੍ਰਮੁੱਖ ਭੂਮਿਕਾ ਨਿਭਾਈ।

ਰਿਪੋਰਟ ਮੁਤਾਬਕ ਨਾ ਕੇਵਲ ਹੈਡਲੀ ਦੀਆਂ ਦੋਵਾਂ ਪਤਨੀਆਂ ਨੇ ਸਗੋਂ ਕਈ ਹੋਰ ਸੂਤਰਾਂ ਨੇ ਵੀ ਅਮਰੀਕੀ ਖੁਫ਼ੀਆ ਅਧਿਕਾਰੀਆਂ ਨੂੰ 50 ਸਾਲਾ ਹੈਡਲੀ ਦੇ ਨਾਕਾਰਾਤਮਿਕ ਪਹਿਲੂਆਂ ਦੀ ਜਾਣਕਾਰੀ ਦਿੱਤੀ ਤੇ ਉਨ੍ਹਾਂ ਨੂੰ ਕਾਰਵਾਈ ਕਰਨ ਦੀ ਅਪੀਲ ਕੀਤੀ। ਇਨ੍ਹਾਂ ਮੁਤਾਬਕ 7 ਸਾਲਾਂ ਵਿਚ ਇਕੱਠੇ ਕੀਤੇ ਸੁਰਾਗਾਂ ਤੋਂ ਬਾਅਦ ਵੀ ਦੋਹਰੇ ਏਜੰਟ ਹੈਡਲੀ ਤੋਂ ਨਾ ਤਾਂ ਪੁੱਛਗਿੱਛ ਕੀਤੀ ਗਈ ਤੇ ਨਾ ਹੀ ਉਸ ਨੂੰ ਅਤਿਵਾਦੀਆਂ ਦੀ ਨਿਗਰਾਨੀ ਸੂਚੀ ਵਿਚ ਰੱਖਿਆ ਗਿਆ।

ਮੁੰਬਈ ਹਮਲਿਆਂ ਤੋਂ ਸਿਰਫ 7 ਮਹੀਨੇ ਪਹਿਲਾਂ ਵੀ ਹੈਡਲੀ ਦੀ ਸਾਬਕਾ ਪਤਨੀ ਨੇ ਅਮਰੀਕੀ ਅਧਿਕਾਰੀਆਂ ਨੂੰ ਕਿਹਾ ਸੀ ਕਿ ਉਸ ਨੂੰ 2007 ਵਿਚ ਵੀ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਵਿਚ ਹੋਏ ਬੰਬ ਧਮਾਕਿਆਂ 'ਚ ਵੀ ਹੈਡਲੀ ਦੇ ਸ਼ਾਮਲ ਹੋਣ ਦਾ ਸ਼ੱਕ ਹੈ ਜਿਨ੍ਹਾਂ ਵਿਚ 68 ਲੋਕ ਮਾਰੇ ਗਏ ਸਨ ਤੇ ਇਸ ਦੀ ਜ਼ਿੰਮੇਵਾਰੀ ਲਸ਼ਕਰੇ ਤਾਇਬਾ 'ਤੇ ਸੁੱਟੀ ਗਈ ਸੀ।

ਇਹ ਰਿਪੋਰਟ ਸਨਿਚਰਵਾਰ ਉਸ ਸਮੇਂ ਛਪੀ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਮੁੰਬਈ ਪਹੁੰਚੇ ਤੇ ਉਨ੍ਹਾਂ ਤਾਜ ਮਹਿਲ ਹੋਟਲ ਵਿਚ 26 ਨਵੰਬਰ 2008 ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਓਬਾਮਾ ਤੇ ਮਨਮੋਹਨ ਸਿੰਘ ਵੱਲੋਂ ਹੈਡਲੀ ਬਾਰੇ ਵਿਚਾਰ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ 26/11 ਮੁੰਬਈ ਹਮਲੇ ਨਾਲ ਸਬੰਧਿਤ ਪਾਸਿਤਾਨੀ ਮੂਲ ਦੇ ਅਮਰੀਕੀ ਨਾਗਰਿਕ ਡੇਵਿਡ ਕੋਲਮੈਨ ਹੈਡਲੀ ਤੋਂ ਪੁੱਛਗਿੱਛ ਪਿੱਛੋਂ ਨਿਕਲੇ ਸਿੱਟਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ।

ਉਕਤ ਜਾਣਕਾਰੀ ਅਮਰੀਕਾ ਦੇ ਰਾਸ਼ਟਰੀ ਉਪ ਸਲਾਹਕਾਰ ਮਿਸਟਰ ਬੇਨ ਰੋਹਡਸ ਨੇ ਦੋਵਾਂ ਆਗੂਆਂ ਦੀ ਮੀਟਿੰਗ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਤੀ। ਚੇਤੇ ਰਹੇ ਕਿ ਇਸ ਗੱਲ ਦਾ ਕਾਫੀ ਰੌਲਾ ਪਿਆ ਸੀ ਕਿ ਅਮਰੀਕਾ ਡੇਵਿਡ ਕੋਲਮੈਨ ਹੈਡਲੀ ਤੋਂ ਮਿਲੀ ਜਾਣਕਾਰੀ ਭਾਰਤ ਨਾਲ ਸਾਂਝੀ ਨਹੀਂ ਕਰ ਰਿਹਾ। ਬੇਨ ਨੇ ਕਿਹਾ ਕਿ ਮੁੰਬਈ ਹਮਲੇ ਬਾਰੇ ਹੈਡਲੀ ਤੋਂ ਕੋਈ ਅਜਿਹੀ ਗੱਲ ਪਤਾ ਨਹੀਂ ਸੀ ਲੱਗੀ ਕਿ ਜਿਸ ਬਾਰੇ ਭਾਰਤ ਨੂੰ ਤੁਰੰਤ ਸੂਚਿਤ ਕੀਤੇ ਜਾਣ ਦੀ ਲੋੜ ਹੁੰਦੀ। ਹੁਣ ਜਦੋਂ ਹੈਦਰਾਬਾਦ ਹਾਊਸ ਵਿਖੇ ਰਾਸ਼ਟਰਪਤੀ ਓਬਾਮਾ ਤੇ ਡਾ: ਮਨਮੋਹਨ ਸਿੰਘ ਵਿਚਾਲੇ ਮੀਟਿੰਗ ਹੋਈ ਤਾਂ ਹੈਡਲੀ ਤੋਂ ਮਿਲੀ ਜਾਣਕਾਰੀ ਬਾਰੇ ਭਾਰਤ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੰਬਈ ਹਮਲੇ ਤੋਂ ਪਹਿਲਾਂ ਅਮਰੀਕਾ ਨੇ ਇਸ ਹਮਲੇ ਬਾਰੇ 'ਸਰਸਰੀ ਜਾਣਕਾਰੀ' ਹੀ ਭਾਰਤ ਨੂੰ ਦਿੱਤੀ ਸੀ ਕਿਉਂਕਿ ਉਦੋਂ ਇਸ ਬਾਰੇ ਤੱਥਾਂ 'ਤੇ ਆਧਾਰਿਤ ਕੋਈ ਠੋਸ ਜਾਣਕਾਰੀ ਸਾਡੇ ਕੋਲ ਵੀ ਨਹੀਂ ਸੀ।

ਮਿਸਟਰ ਬੇਨ ਨੇ ਕਿਹਾ ਕਿ ਅਮਰੀਕਾ ਨੇ ਹੈਡਲੀ ਤੋਂ ਮਿਲੀ ਜਾਣਕਾਰੀ ਨੂੰ ਅਜੇ ਤਕ ਜਨਤਕ ਨਹੀਂ ਕੀਤਾ ਤੇ ਕੇਵਲ ਡਾ: ਮਨਮੋਹਨ ਸਿੰਘ ਨੂੰ ਹੀ ਇਸ ਬਾਰੇ ਦੱਸਿਆ ਗਿਆ ਹੈ। ਜ਼ਿਕਰਯੋਗ ਹੈ ਕਿ ਵਾਸ਼ਿੰਗਟਨ ਪੋਸਟ ਅਖ਼ਬਾਰ ਨੇ ਰਿਪੋਰਟ ਛਾਪੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਨੂੰ ਹੈਡਲੀ ਦੇ ਲਸ਼ਕਰ ਨਾਲ ਸਬੰਧਾਂ ਬਾਰੇ ਤਾਂ 7 ਸਾਲ ਪਹਿਲਾਂ ਹੀ ਪਤਾ ਲੱਗ ਗਿਆ ਸੀ ਪਰ ਉਸ ਨੇ ਇਹ ਜਾਣਕਾਰੀ ਭਾਰਤ ਨੂੰ ਨਹੀਂ ਦਿੱਤੀ ਜਿਸ ਕਾਰਨ ਮੁੰਬਈ ਅਤਿਵਾਦੀ ਹਮਲਾ ਹੋਇਆ।

# ਯੂ.ਏ.ਈ. 'ਚ ਭਾਰਤੀ ਨੌਜਵਾਨਾਂ ਦੀ ਰਿਹਾਈ ਦੀ ਆਸ ਬੱਝੀ

**ਚੰਡੀਗੜ੍ਹ:** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੀਆਂ ਵੱਖ-ਵੱਖ ਅਦਾਲਤਾਂ ਵਿਚ ਕਤਲ ਤੇ ਨਾਜਾਇਜ਼ ਸ਼ਰਾਬ ਦੀ ਤਸਕਰੀ ਦੇ ਕੇਸਾਂ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 67 ਭਾਰਤੀ ਨੌਜਵਾਨਾਂ ਨੂੰ ਰਿਹਾਈ ਦੀ ਆਸ ਬੱਝੀ ਹੈ ਕਿਉਂਕਿ ਅਦਾਲਤਾਂ ਵਿਚ ਪੀੜਤ ਪਰਿਵਾਰਾਂ ਨਾਲ ਸਮਝੌਤੇ ਤੇ ਮੁਆਵਜ਼ਿਆਂ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਨੂੰ ਆਖਰੀ ਮਨਜ਼ੂਰੀ ਮਿਲਣੀ ਬਾਕੀ ਹੈ। ਯੂ.ਏ.ਈ. ਕਾਨੂੰਨ ਨੇ ਇਸ ਗੱਲ ਦੀ ਆਗਿਆ ਦਿੱਤੀ ਹੈ ਕਿ ਜੇਕਰ ਮ੍ਰਿਤਕ ਦੇ ਪਰਿਵਾਰ ਵਾਲੇ ਦੀਆ (ਖ਼ੂਨ ਦੇ ਬਦਲੇ ਪਰਿਵਾਰ ਵੱਲੋਂ ਮੰਗੀ ਰਕਮ) ਮਨਜ਼ੂਰ ਕਰ ਲੈਂਦੇ ਹਨ ਤਾਂ ਸਜ਼ਾ ਭੁਗਤ ਰਹੇ ਨੌਜਵਾਨਾਂ ਨੂੰ ਰਿਹਾਈ ਮਿਲ ਸਕਦੀ ਹੈ ਜਾਂ ਇਨ੍ਹਾਂ ਨੌਜਵਾਨਾਂ ਦੀਆਂ ਸਜ਼ਾਵਾਂ ਘਟਾਈਆਂ ਜਾ ਸਕਦੀਆਂ ਹਨ। ਦੁਬਈ ਰਹਿੰਦੇ ਭਾਰਤੀ ਮੂਲ ਦੇ ਵਪਾਰੀ ਤੇ ਇੰਟਰਨੈਸ਼ਨਲ ਪੰਜਾਬੀ ਸੁਸਾਇਟੀ ਦੇ ਮੈਂਬਰ ਸੁਰਿੰਦਰਪਾਲ ਸਿੰਘ ਓਬਰਾਏ ਜੋ ਇਨ੍ਹਾਂ ਭਾਰਤੀ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਕਰ ਰਹੇ ਹਨ, ਨੂੰ ਉਮੀਦ ਹੈ ਕਿ ਸਭ ਠੀਕ ਹੋ ਜਾਵੇਗਾ ਕਿਉਂਕਿ ਸ਼ਾਰਜਾਹ ਤੇ ਦੁਬਈ ਦੀਆਂ ਅਦਾਲਤਾਂ ਜ਼ਿਆਦਾਤਰ ਮੌਤ ਦੀਆਂ ਸਜ਼ਾਵਾਂ ਨੂੰ ਹਲਕੀਆਂ ਸਜ਼ਾਵਾਂ ਵਿਚ ਬਦਲ ਸਕਦੀਆਂ ਹਨ।

ਕੌਮਾਂਤਰੀ ਪੰਜਾਬੀ ਸੁਸਾਇਟੀ ਸ਼ਾਰਜਾਹ ਜੇਲ੍ਹ ਵਿਚ ਬੰਦ 17 ਭਾਰਤੀ ਨੌਜਵਾਨਾਂ ਨੂੰ ਹਰੇਕ ਮਹੀਨੇ 2500 ਦਰਾਮ ਅਦਾ ਕਰ ਰਹੀ ਹੈ। ਉਧਰ ਸ੍ਰੀ ਓਬਰਾਏ ਉਨ੍ਹਾਂ ਮ੍ਰਿਤਕਾਂ ਦੇ ਵਾਰਸਾਂ ਦੀ ਭਾਲ ਕਰ ਰਹੇ ਹਨ ਜਿਨ੍ਹਾਂ ਦੀ ਹੁਣ ਤਕ ਪਛਾਣ ਨਹੀਂ ਹੋਈ। ਇਨ੍ਹਾਂ ਵਿਚ ਇਕ ਮ੍ਰਿਤਕ ਪੰਜਾਬੀ ਨੌਜਵਾਨ ਮਨਦੀਪ ਸਿੰਘ ਸੀ ਜਿਸ ਦੇ ਮਾਪਿਆਂ ਨੂੰ ਹੁਣ ਤਕ ਜਾਣਕਾਰੀ ਸੀ ਕਿ ਉਸ ਦਾ 2009 ਵਿਚ ਕਤਲ ਹੋ ਚੁੱਕਾ ਹੈ। ਮਨਦੀਪ ਸਿੰਘ ਦੇ ਕਤਲ ਦੇ ਦੋਸ਼ ਵਿਚ ਫਗਵਾੜਾ (ਪੰਜਾਬ) ਦਾ ਸੰਦੀਪ ਸਿੰਘ ਸਜ਼ਾ ਭੁਗਤ ਰਿਹਾ ਹੈ। ਸੰਦੀਪ ਉਸ ਦਾ ਕੈਂਪ ਅਫਸਰ ਸੀ। ਸੰਦੀਪ ਨੇ ਇਸ ਕੇਸ ਵਿਚ ਬੇਗੁਨਾਹੀ ਦੀ ਅਪੀਲ ਕੀਤੀ ਹੈ। ਉਸ ਨੇ ਦਲੀਲ ਦਿੱਤੀ ਹੈ ਕਿ ਜਦੋਂ ਉਹ ਕੈਂਪ ਵਿਚ ਪੁੱਜਾ ਤਾਂ ਮਨਦੀਪ ਦੀ ਮੌਤ ਹੋ ਚੁੱਕੀ ਸੀ। ਇਸ ਕੇਸ ਦੀ ਅਗਲੀ ਸੁਣਵਾਈ 13 ਦਸੰਬਰ ਨੂੰ ਹੋਵੇਗੀ।ਇਨ੍ਹਾਂ ਭਾਰਤੀ ਨੌਜਵਾਨਾਂ ਵਿਚ 16 ਪੰਜਾਬ ਤੇ ਇਕ ਹਰਿਆਣਾ ਦਾ ਹੈ। ਉਹ ਪਾਕਿਸਤਾਨੀ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਤਹਿਤ ਜੇਲ੍ਹ ਵਿਚ ਹਨ। ਪੰਜਾਬ ਦੇ ਤਲਵਿੰਦਰ ਤੇ ਪਰਮਿੰਦਰ ਸਿੰਘ ਵੀ ਹੈਦਰਾਬਾਦ ਦੇ ਅਣਪਛਾਤੇ ਨੌਜਵਾਨ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ। ਇਸ ਕੇਸ ਦੀ ਅਗਲੀ ਸੁਣਵਾਈ 23 ਨਵੰਬਰ ਨੂੰ ਹੈ। ਓਬਰਾਏ ਅਨੁਸਾਰ ਜਸਵੰਤ ਸਿੰਘ ਤੇ ਹਰਭਜਨ ਸਿੰਘ ਦੇ ਮਾਮਲੇ ਦੀ ਪਿਛਲੀ ਸੁਣਵਾਈ 3 ਨਵੰਬਰ ਨੂੰ ਹੋਈ ਸੀ। ਇਸ ਮਾਮਲੇ ਵਿਚ ਸਮਝੌਤਾ ਆਖਰੀ ਪੜਾਅ 'ਤੇ ਹੈ। ਕੋਲਕਾਤਾ ਦੇ ਅਸ਼ੋਕ ਕੁਮਾਰ ਦੇ ਕਤਲ ਦੇ ਕੇਸ ਵਿਚ 13 ਪੰਜਾਬੀ, 2 ਪਾਕਿਸਤਾਨੀ ਤੇ ਇਕ ਬੰਗਲਾਦੇਸ਼ੀ ਨੂੰ ਦੋਸ਼ੀ ਠਹਿਰਾਇਆ ਗਿਆ। ਸ਼ੁਰੂਆਤੀ ਸੁਣਵਾਈ ਦੌਰਾਨ ਅਦਾਲਤ ਨੇ ਇਨ੍ਹਾਂ ਵਿਚੋਂ ਛੇ ਨੂੰ ਬੇਕਸੂਰ ਕਰਾਰ ਦੇ ਦਿੱਤਾ। ਸ੍ਰੀ ਓਬਰਾਏ ਨੂੰ ਮਾਮਲੇ ਦੀ ਅਗਲੀ ਸੁਣਵਾਈ 11 ਨਵੰਬਰ ਤੋਂ ਪਹਿਲਾਂ ਪਰਿਵਾਰ ਨਾਲ ਹੋਇਆ ਸਮਝੌਤਾ ਅਦਾਲਤ ਵੱਲੋਂ ਮਨਜ਼ੂਰ ਕਰ ਲਏ ਜਾਣ ਦੀ ਆਸ ਹੈ। ਦੁਬਈ ਦੀ ਇਕ ਹੋਰ ਅਦਾਲਤ ਵਿਚ 12 ਭਾਰਤੀ ਨੌਜਵਾਨ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ।

# ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ 'ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ

BAY AREA COLLEGE OF NURSING 2004



**ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ**
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

**3 Locations in Bay Area:**
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

**www.bayareacollege.net**

# ਲੋੜ ਹੈ SIDHU TRUCK LINE INC.

## ਕੈਸ਼ੀਅਰ ਅਤੇ ਡੀਜ਼ਲ ਮਕੈਨਿਕ

ਵੈਗਾ, ਟੈਕਸਸ ਵਿਚ ਟਰੱਕ ਸਟਾਪ ਲਈ ਕੈਸ਼ੀਅਰ ਅਤੇ ਡੀਜ਼ਲ ਮਕੈਨਿਕ ਦੀ ਲੋੜ ਹੈ।

ਪਹਿਲੀ ਤਰਜੀਹ ਕਿਸੇ ਫੈਮਿਲੀ ਨੂੰ ਹੋਵੇਗੀ। ਅਸੀਂ ਚੰਗੀ ਤਨਖਾਹ ਅਤੇ ਰਹਿਣ ਲਈ ਤਿੰਨ ਬੈਡਰੂਮ ਦਾ ਖੁੱਲ੍ਹਾ ਡੁੱਲ੍ਹਾ ਘਰ ਦਿਆਂਗੇ। ਘਰ ਕੰਮ ਤੋਂ ਸਿਰਫ ਡੇਢ-ਦੋ ਬਲਾਕ ਦੂਰ।

ਅੱਜ ਹੀ ਸੰਪਰਕ ਕਰੋ
ਕੁਲਵੰਤ ਸਿੱਧੂ
**806-678-3832**

# Realtor & Mortgage Specialist
# Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

## RAJ SINGH

**Cell:510-452-7370**

MISSIONPEAK BROKERS, INC.
46560 Fremont Blvd., Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

# Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

**Specialized in English, Spanish, Hindi & Punjabi**




# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਖੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

# Surajvanshi Pharmacy (R)

*MANUFACTURE & EXPORTER OF HERBAL PRODUCTS*
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

## ਪਾਕਿ ਵਾਹਗਾ ਸਰਹੱਦ ‘ਤੇ ਫੌਜੀਆਂ ਦੇ ਤੇਵਰ ਨਰਮ ਕਰਨੋਂ ਮੁਕਰਿਆ

**ਇਸਲਾਮਾਬਾਦ:** ਵਾਹਗਾ ਸਰਹੱਦ ‘ਤੇ ਭਾਰਤ ਤੇ ਪਾਕਿਸਤਾਨ ਦੇ ਕੌਮੀ ਝੰਡੇ ਉਤਾਰੇ ਜਾਣ ਦੀ ਰਸਮ ਵੇਲੇ ਦੋਵੇਂ ਧਿਰਾਂ ਦੇ ਫੌਜੀਆਂ ਵੱਲੋਂ ਹਮਲਾਵਰ ਤੇਵਰ ਦਿਖਾਏ ਜਾਣ ਦੀ ਰਵਾਇਤ ਬੰਦ ਕਰਨ ਦਾ ਸੁਝਾਅ ਪਾਕਿਸਤਾਨ ਨੇ ਰੱਦ ਕਰ ਦਿੱਤਾ ਹੈ।

ਪਾਕਿਸਤਾਨ ਰੇਂਜਰਜ਼ ਦੇ ਡਾਇਰੈਕਟਰ ਜਨਰਲ (ਪੰਜਾਬ) ਮੇਜਰ ਜਨਰਲ ਮੁਹੰਮਦ ਯਾਕੂਬ ਅਲੀ ਖਾਨ ਨੇ ਫੌਜੀਆਂ ਵੱਲੋਂ ਨਰਮ ਰੁਖ ਅਪਨਾਏ ਜਾਣ ਦਾ ਸੁਝਾਅ ਰੱਦ ਕਰਦਿਆਂ ਕਿਹਾ ਕਿ ਇਹ ਪਰੇਡ ਰਵਾਇਤੀ ਹਮਲਾਵਾਰਾਨਾ ਰੁਖ ਨਾਲ ਹੀ ਕੀਤੀ ਜਾਂਦੀ ਰਹੇਗੀ।

ਗੌਰਤਲਬ ਹੈ ਕਿ 30 ਅਕਤੂਬਰ ਨੂੰ ਲਾਹੌਰ ਵਿਖੇ ਭਾਰਤ ਦੀ ਬਾਰਡਰ ਸਕਿਉਰਿਟੀ ਫੋਰਸ ਤੇ ਪਾਕਿਸਤਾਨ ਰੇਂਜਰਜ਼ ਦੇ ਅਧਿਕਾਰੀਆਂ ਦਰਮਿਆਨ ਹੋਈ ਮੀਟਿੰਗ ਵਿਚ ਸਰਹੱਦ ਉੱਤੇ ਫੌਜੀਆਂ ਦੇ ਤੇਵਰ ਨਰਮ ਬਣਾਏ ਜਾਣ ਦਾ ਫੈਸਲਾ ਲਿਆ ਗਿਆ ਸੀ। ਸ੍ਰੀ ਖਾਨ ਖੁਦ ਇਸ ਮੀਟਿੰਗ ਵਿਚ ਪਾਕਿਸਤਾਨੀ ਵਫ਼ਦ ਦੇ ਮੁਖੀ ਵਜੋਂ ਮੌਜੂਦ ਸਨ ਜਦੋਂਕਿ ਬੀ.ਐਸ.ਐਫ. ਦੇ ਵਫ਼ਦ ਦੀ ਅਗਵਾਈ ਇਸ ਦੇ ਡਾਇਰੈਕਟਰ ਜਨਰਲ ਰਮਨ ਸ੍ਰੀਵਾਸਤਵ ਨੇ ਕੀਤੀ ਸੀ।

ਵਾਹਗਾ ਸਰਹੱਦ ਉੱਤੇ ਝੰਡਾ ਉਤਾਰਨ ਦੀ ਇਸ ਢੰਗ ਤਰੀਕੇ ਦੀ ਰਵਾਇਤ 1980 ਵਿਚ ਸ਼ੁਰੂ ਹੋਈ ਸੀ।

## ਪਾਕਿਸਤਾਨ ਨੂੰ ਹੁਣ ਭਾਰਤੀ ਫਿਲਮਾਂ ਤੋਂ ਵੀ ਖ਼ਤਰਾ

**ਇਸਲਾਮਾਬਾਦ:** ਪਾਕਿਸਤਾਨ ਨੂੰ ਭਾਰਤੀ ਫਿਲਮਾਂ ਤੋਂ ਵੀ ਡਰ ਆਉਣ ਲੱਗਾ ਹੈ ਤੇ ਸਰਕਾਰ ਦਾ ਕਹਿਣਾ ਹੈ ਕਿ ਇਹ ਫਿਲਮਾਂ ਨੌਜਵਾਨਾਂ ਨੂੰ ਖਰਾਬ ਕਰ ਰਹੀਆਂ ਹਨ। ਪਾਕਿ ਸੰਸਦ ਮੈਂਬਰਾਂ ਨੇ ਦੋਸ਼ ਲਾਇਆ ਹੈ ਕਿ ਭਾਰਤੀ ਫਿਲਮਾਂ ਧੜਾਧੜ ਵਿਕਣ ਨਾਲ ਨੌਜਵਾਨ ਪੀੜ੍ਹੀ ਆਪਣੇ ਸਭਿਆਚਾਰ ਨੂੰ ਭੁਲਦੀ ਜਾ ਰਹੀ ਹੈ ਤੇ ਇਹ ਉਨ੍ਹਾਂ ਦੇ ਦਿਮਾਗ ਨੂੰ ਖਰਾਬ ਕਰ ਰਹੀਆਂ ਹਨ। ਹੇਠਲੇ ਸਦਨ ਵਿਚ ਇਸ ਮੁੱਦੇ ਨੂੰ ਉਠਾਉਂਦਿਆਂ ਸੰਸਦ ਮੈਂਬਰਾਂ ਨੇ ਸਪੀਕਰ ਨੂੰ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਚਿੰਤਾਵਾਂ ਦੇ ਮੱਦੇਨਜ਼ਰ ਢੁਕਵੇਂ ਕਦਮ ਚੁੱਕਣੇ ਚਾਹੀਦੇ ਹਨ।

ਮੁੱਖ ਵਿਰੋਧੀ ਧਿਰ ਪੀ.ਐਮ.ਐਲ-ਐਨ. ਪਾਰਟੀ ਦੀ ਸੰਸਦ ਮੈਂਬਰ ਤਾਹਿਰਾ ਔਰੰਗਜ਼ੇਬ ਨੇ ਕਿਹਾ ਕਿ ਅੱਜਕੱਲ੍ਹ ਬੱਚੇ ਭਾਰਤੀ ਭਾਸ਼ਾ ਤੇ ਚਾਲ-ਢਾਲ ਤੇਜ਼ੀ ਨਾਲ ਅਪਨਾਉਂਦੇ ਜਾ ਰਹੇ ਹਨ। ਉਨ੍ਹਾਂ ਸਭਿਆਚਾਰ ਮੰਤਰੀ ਪੀਰ ਆਫਤਾਬ ਹੁਸੈਨ ਸ਼ਾਹ ਜਿਲਾਨੀ ਨੂੰ ਪੁੱਛਿਆ ਕਿ ਕੀ ਭਾਰਤੀ ਮੰਡੀ ਵਿਚ ਵੀ ਪਾਕਿਸਤਾਨ ਦੀਆਂ ਫਿਲਮਾਂ ਵੱਡੇ ਪੱਧਰ ‘ਤੇ ਦਿਖਾਈਆਂ ਜਾਂਦੀਆਂ ਹਨ? ਸੰਸਦ ਮੈਂਬਰਾਂ ਨੇ ਪਾਕਿਸਤਾਨ ਵਿਚ ਵਿਦੇਸ਼ੀ ਫਿਲਮਾਂ ਦਿਖਾਏ ਜਾਣ ‘ਤੇ ਇਤਰਾਜ਼ ਕੀਤਾ। ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਦੇ ਜਨਾਬ ਜਿਲਾਨੀ ਨੇ ਮੰਨਿਆ ਕਿ ਪਾਕਿਸਤਾਨੀ ਫਿਲਮਾਂ ਨੂੰ ਭਾਰਤ ਵਿਚ ਉਹ ਥਾਂ ਨਹੀਂ ਮਿਲੀ ਪਰ ਜੇਕਰ ਵਿਦੇਸ਼ੀ ਫਿਲਮਾਂ ਖਾਸ ਤੌਰ ‘ਤੇ ਭਾਰਤੀ ਫਿਲਮਾਂ ‘ਤੇ ਪਾਬੰਦੀ ਲਗਾ ਦਿੱਤੀ ਗਈ ਤਾਂ ਪਾਕਿਸਤਾਨ ਦਾ ਸੰਘਰਸ਼ਸ਼ੀਲ ਸਿਨੇਮਾ ਸਭਿਆਚਾਰ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸਿਨਮਾ ਘਰਾਂ ਨੂੰ ਚੱਲਣ ਦਿੱਤਾ ਜਾਵੇ, ਨਹੀਂ ਤਾਂ ਇਹ ਵਿਆਹ-ਸ਼ਾਦੀਆਂ ਲਈ ਹਾਲ ਜਾਂ ਹੋਰ ਵਪਾਰਕ ਕੰਮਾਂ ਵਾਸਤੇ ਹੀ ਰਹਿ ਜਾਣਗੇ।

ਉਨ੍ਹਾਂ ਦਲੀਲ ਦਿੱਤੀ ਕਿ ਵਿਦੇਸ਼ੀ ਫਿਲਮਾਂ ਦਿਖਾਉਣ ਨਾਲ ਇੱਥੋਂ ਦੇ ਨਿਰਮਾਤਾਵਾਂ ਨੂੰ ਵੀ ਮੁਕਾਬਲੇ ਦੇ ਇਸ ਦੌਰ ਵਿਚ ਚੰਗੀਆਂ ਫਿਲਮਾਂ ਬਣਾਉਣ ਦੀ ਪ੍ਰੇਰਨਾ ਮਿਲੇਗੀ। ਉਨ੍ਹਾਂ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਵਿਦੇਸ਼ੀ ਫਿਲਮਾਂ ਦੀ ਭਰਮਾਰ ਨੇ ਪਾਕਿਸਤਾਨੀ ਪ੍ਰੋਡਕਸ਼ਨ ‘ਤੇ ਅਸਰ ਪਾਇਆ ਹੈ ਪਰ ਇਹ ਸੋਚਣ ਦਾ ਕੰਮ ਸੂਚਨਾ ਮੰਤਰਾਲੇ ਦਾ ਹੈ।

## ਮਾਲਟਾ ਕਾਂਡ-ਮੁੱਖ ਮੁਲਜ਼ਮਾਂ ਗ਼ੈਰ ਹਾਜ਼ਰੀ ਕਾਰਨ ਸੁਣਵਾਈ ਅੱਗੇ ਪਈ

**ਹੁਸ਼ਿਆਰਪੁਰ:** ਮਾਲਟਾ ਕਾਂਡ ਦੇ ਮੁੱਖ ਮੁਲਜ਼ਮਾਂ ਵੱਲੋਂ ਅਦਾਲਤ ਵਿਚ ਹਾਜ਼ਰ ਨਾ ਹੋਣ ਕਾਰਨ ਕਾਰਵਾਈ ਫਿਰ ਅੱਗੇ ਪੈ ਗਈ ਹੈ। ਮੁਲਜ਼ਮਾਂ ਦੇ ਵਕੀਲ ਵੱਲੋਂ ਦੱਸਿਆ ਗਿਆ ਹੈ ਕਿ ਉਹ ਬਿਮਾਰ ਹੋਣ ਕਰਕੇ ਹਾਜ਼ਰ ਨਹੀਂ ਹੋ ਸਕਦੇ।

ਸੀ.ਬੀ.ਆਈ, ਪੁਲੀਸ ਅਧਿਕਾਰੀ, ਪੀੜਤ ਪਰਿਵਾਰਾਂ ਦੀ ਪੈਰਵੀ ਕਰ ਰਹੇ ਮਾਲਟਾ ਦੁਰਘਟਨਾ ਜਾਂਚ ਮਿਸ਼ਨ ਦੇ ਚੇਅਰਮੈਨ ਬਲਵੰਤ ਸਿੰਘ ਖੇੜਾ ਤੇ ਸਾਰੀਆਂ ਧਿਰਾਂ ਦੇ ਵਕੀਲ ਅਦਾਲਤ ਵਿਚ ਹਾਜ਼ਰ ਸਨ ਪਰ ਦੋ ਮੁੱਖ ਮੁਲਜ਼ਮ ਮਨਧੀਰ ਸਿੰਘ ਤੇ ਕੁਲਜੀਤ ਸਿੰਘ ਪੇਸ਼ ਨਾ ਹੋਏ। ਦੋਸ਼ ਆਇਦ ਕਰਨ ਸਮੇਂ ਸਾਰੇ ਮੁਲਜ਼ਮਾਂ ਦੀ ਹਾਜ਼ਰੀ ਜ਼ਰੂਰੀ ਹੈ ਜਿਸ ਕਾਰਨ ਅਦਾਲਤ ਨੇ ਅਗਲੀ ਤਰੀਕ ਪਾ ਦਿੱਤੀ।

ਜਲੰਧਰ ਪੁਲੀਸ ਨੇ ਟਰੈਵਲ ਏਜੰਟ ਅਮਰਜੀਤ ਸਿੰਘ ਦਾ ਰਿਕਾਰਡ ਪੇਸ਼ ਕਰ ਦਿੱਤਾ ਹੈ ਜਿਸ ‘ਤੇ ਨਵੀਂ ਬਹਿਸ ਹੋਵੇਗੀ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 18 ਦਸੰਬਰ ਲਈ ਤੈਅ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਦਸੰਬਰ 1996 ਵਿਚ ਵਾਪਰੇ ਮਾਲਟਾ ਕਿਸ਼ਤੀ ਹਾਦਸੇ ਵਿਚ 300 ਦੇ ਕਰੀਬ ਨੌਜਵਾਨ ਮਾਰੇ ਗਏ ਸਨ ਜਿਨ੍ਹਾਂ ਵਿੱਚੋਂ 170 ਪੰਜਾਬੀ ਸਨ।

## ਬਰਤਾਨਵੀ ‘ਚ ਪਰਵਾਸੀਆਂ ‘ਤੇ ਹੱਦਬੰਦੀ ਲਾਗੂ ਕਰਨ ਦਾ ਵਿਰੋਧ

**ਲੰਡਨ:** ਬਰਤਾਨਵੀ ‘ਚ ਪਰਵਾਸੀਆਂ ‘ਤੇ ਹੱਦਬੰਦੀ ਲਾਗੂ ਕਰਨ ਦਾ ਵਿਰੋਧ ਸ਼ੁਰੂ ਹੋ ਗਿਆ ਹੈ ਤੇ ਸਰਕਾਰ ਦੀ ਚਾਰੇ ਪਾਸੇ ਤੋਂ ਅਲੋਚਨਾ ਹੋ ਰਹੀ ਹੈ। ਇਸ ਬਾਰੇ ਭਾਰਤੀ ਮੂਲ ਦੇ ਲੇਬਰ ਐਮ.ਪੀ. ਕੀਥ ਵਾਜ਼ ਦੀ ਅਗਵਾਈ ਹੇਠਲੀ ਪ੍ਰਮੁੱਖ ਸੰਸਦੀ ਕਮੇਟੀ ਨੇ ਕਿਹਾ ਹੈ ਕਿ ਭਾਰਤ ਤੇ ਹੋਰ ਗੈਰ ਯੂਰਪੀ ਸੰਘ ਦੇਸ਼ਾਂ ਤੋਂ ਆਉਣ ਵਾਲੇ ਕਾਮਿਆਂ ਦੀ ਗਿਣਤੀ ‘ਤੇ ਲਾਈ ਸਾਲਾਨਾ ਹੱਦਬੰਦੀ ਦਾ ਆਵਾਸ ਨੂੰ ਠੱਲ੍ਹ ਪਾਉਣ ਲਈ ਡੇਵਿਡ ਕੈਮਰੌਨ ਸਰਕਾਰ ਦੇ ਮਨੋਰਥ ‘ਤੇ ਕੋਈ ਬਹੁਤਾ ਅਸਰ ਨਹੀਂ ਪਵੇਗਾ। ਗ੍ਰਹਿ ਮਾਮਲਿਆਂ ਬਾਰੇ ਸਿਲੈਕਟ ਕਮੇਟੀ ਨੇ ਕਿਹਾ ਹੈ ਕਿ ਆਵਾਸ ਬਾਰੇ ਪ੍ਰਸਤਾਵਿਤ ਸਾਲਾਨਾ ਹੱਦਬੰਦੀ ਅਗਲੇ ਸਾਲ ਅਪਰੈਲ ਤੋਂ ਲਾਗੂ ਹੋਵੇਗੀ ਪਰ ਇਸ ਤਹਿਤ ਬਰਤਾਨੀਆ ਦੇ ਚਿਰਕਾਲੀ ਆਵਾਸੀਆਂ ਦਾ 20 ਫੀਸਦੀ ਤੋਂ ਘੱਟ ਹਿੱਸਾ ਹੀ ਆਵੇਗਾ।

ਇਸ ਵਿਵਾਦਗ੍ਰਸਤ ਹੱਦਬੰਦੀ ਕਾਰਨ ਬਰਤਾਨਵੀ ਕੰਪਨੀਆਂ ਨੂੰ ਲੋੜੀਂਦੇ ਹੁਨਰਮੰਦ ਕਾਮੇ ਭਰਤੀ ਕਰਨ ਵਿਚ ਪਹਿਲਾਂ ਹੀ ਕਠਿਨਾਈ ਆ ਰਹੀ ਹੈ ਕਿਉਂਕਿ ਯੂਰਪੀ ਸੰਘ ਅੰਦਰ ਹੁਨਰਮੰਦ ਕਾਮਿਆਂ ਦੀ ਘਾਟ ਹੈ। ਕੰਪਨੀਆਂ ਤੋਂ ਇਲਾਵਾ ਕੈਮਰੌਨ ਸਰਕਾਰ ਦੇ ਕੁਝ ਮੈਂਬਰਾਂ ਵੱਲੋਂ ਵੀ ਇਸ ਹੱਦਬੰਦੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਰਿਪੋਰਟ ਅਨੁਸਾਰ ਇਸ ਹੱਦਬੰਦੀ ਨਾਲ ਸਮੁੱਚੇ ਆਵਾਸ ‘ਤੇ ਕੋਈ ਖਾਸ ਅਸਰ ਨਹੀਂ ਪਵੇਗਾ ਪਰ ਇਸ ਕਾਰਨ ਬਰਤਾਨੀਆ ਦੀ ਗਿਆਨ ਸਨਅਤ ਨੂੰ ਸੱਟ ਲੱਗੇਗੀ।

ਇਸ ਰਿਪੋਰਟ ਵਿਚ ਤਾੜਨਾ ਕੀਤੀ ਗਈ ਹੈ ਕਿ ਹੱਦਬੰਦੀ ਕਾਰਨ ਵਿਆਪਕ ਸਰੋਕਾਰ ਉੱਭਰੇ ਹਨ। ਕਾਰੋਬਾਰ ਤੋਂ ਇਲਾਵਾ ਇਸ ਨਾਲ ਵਿਗਿਆਨਕ ਕਾਰਜਾਂ ਤੇ ਯੂਨੀਵਰਸਿਟੀ ‘ਤੇ ਵੀ ਅਸਰ ਪਵੇਗਾ। ਰਿਪੋਰਟ ਵਿਚ ਅੱਠ ਨੋਬੇਲ ਪੁਰਸਕਾਰ ਜੇਤੂ ਵਿਗਿਆਨੀਆਂ ਦੇ ਕਥਨ ਦਿੱਤੇ ਗਏ ਹਨ ਕਿ ਇਸ ਨਾਲ ਬਰਤਾਨੀਆ ਦੇ ਵਿਗਿਆਨਕ ਆਧਾਰ ਨੂੰ ਖੋਰਾ ਲੱਗੇਗਾ।

ਸੰਸਦ ਮੈਂਬਰਾਂ ਨੇ ਕਿਹਾ ਕਿ ਇਹ ਕਿੰਨੀ ਬੇਤੁਕੀ ਗੱਲ ਹੈ ਕਿ ਪੇਸ਼ਾਵਰ ਖਿਡਾਰੀਆਂ ਨੂੰ ਛੋਟ ਦਿੱਤੀ ਗਈ ਹੈ ਪਰ ਕੌਮਾਂਤਰੀ ਵਿਗਿਆਨੀਆਂ ‘ਤੇ ਹੱਦਬੰਦੀ ਲਾਗੂ ਕੀਤੀ ਗਈ ਹੈ।

## ਮਿਆਂਮਾਰ ‘ਚ 20 ਵਰ੍ਹਿਆਂ ਬਾਅਦ ਹੋਈਆਂ ਚੋਣਾਂ

**ਯਾਂਗੋਨ:** ਮਿਆਂਮਾਰ ਦੀ ਫ਼ੌਜੀ ਹਕੂਮਤ ਵੱਲੋਂ 20 ਸਾਲਾਂ ਬਾਅਦ ਦੇਸ਼ ਵਿਚ ਚੋਣਾਂ ਕਰਵਾਈਆਂ ਗਈਆਂ ਹਨ। ਇਨ੍ਹਾਂ ਚੋਣਾਂ ਦਾ ਵੱਡੇ ਪੱਧਰ ਉਤੇ ਵਿਰੋਧ ਹੋ ਰਿਹਾ ਹੈ ਕਿਉਂਕਿ ਦੋਸ਼ ਲਾਏ ਜਾ ਰਹੇ ਹਨ ਕਿ ਫ਼ੌਜੀ ਜੁੰਟਾ ਨੇ ਆਪਣੇ ਹਮਾਇਤੀਆਂ ਨੂੰ ਜਿਤਾਉਣ ਲਈ ਚੋਣਾਂ ਵਿਚ ਹੇਰਾਫੇਰੀ ਕੀਤੀ ਹੈ।

ਹਾਕਮ ਜੁੰਟਾ ਨੇ ਹਾਲੇ ਤਕ ਇਹ ਸਾਫ਼ ਨਹੀਂ ਕੀਤਾ ਕਿ ਨਤੀਜੇ ਕਦੋਂ ਐਲਾਨੇ ਜਾਣਗੇ। ਹਾਲਾਂਕਿ ਇਹ ਸਾਫ਼ ਹੀ ਹੈ ਕਿ ਹਾਕਮ ਧਿਰ ਨੇ ਚੋਣਾਂ ਤੋਂ ਪਹਿਲਾਂ ਹੀ ਅਜਿਹੇ ਇੰਤਜ਼ਾਮ ਕਰ ਦਿੱਤੇ ਸਨ ਕਿ ਚੋਣਾਂ ਵਿਚ ਇਸ ਦੀ ਹਮਾਇਤੀ ਯੂਨੀਅਨ ਸੋਲੀਡੈਰਿਟੀ ਐਂਡ ਡਿਵੈਲਪਮੈਂਟ ਪਾਰਟੀ ਹੀ ਜਿੱਤੇ। ਇਹ ਵੱਖਰੀ ਗੱਲ ਹੈ ਕਿ ਮੁਲਕ ਦੇ ਵਸਨੀਕਾਂ ਵਿਚ 48 ਸਾਲਾ ਫ਼ੌਜੀ ਹਕੂਮਤ ਖ਼ਿਲਾਫ਼ ਭਾਰੀ ਰੋਸ ਹੈ।

8 ਨਵੰਬਰ ਨੂੰ ਹੋਈਆਂ ਚੋਣਾਂ ਮੌਕੇ ਮੁਲਕ ਦੇ ਸਭ ਤੋਂ ਵੱਡੇ ਸ਼ਹਿਰ ਤੇ ਰਾਜਧਾਨੀ ਯਾਂਗੋਨ (ਰੰਗੂਨ) ਦੀਆਂ ਸੜਕਾਂ ਸੁੰਨੀਆਂ ਰਹੀਆਂ ਹਿੰਸਾ ਦੇ ਡਰੋਂ ਬਹੁਤੇ ਲੋਕਾਂ ਨੇ ਘਰੀਂ ਰਹਿਣਾ ਹੀ ਬਿਹਤਰ ਸਮਝਿਆ। ਮੁਲਕ ਦੀ ਦੋ ਸਦਨਾਂ ਵਾਲੀ ਸੰਸਦ ਤੇ 14 ਖੇਤਰੀ ਸੰਸਦਾਂ ਵਾਸਤੇ 1159 ਉਮੀਦਵਾਰ ਚੁਣਨ ਲਈ ਵੋਟਾਂ ਪਾਈਆਂ ਗਈਆਂ। ਯੂਨੀਅਨ ਸੋਲੀਡੈਰਿਟੀ ਪਾਰਟੀ ਨੇ ਸਭ ਤੋਂ ਵੱਧ 1112 ਉਮੀਦਵਾਰ ਖੜ੍ਹੇ ਕੀਤੇ ਹਨ ਜਦੋਂਕਿ ਮੁਲਕ ਦੇ ਸਾਬਕਾ ਫ਼ੌਜੀ ਹਾਕਮ ਦੀ ਹਮਾਇਤੀ ਨੈਸ਼ਨਲ ਯੂਨਿਟੀ ਪਾਰਟੀ ਨੇ 995 ਉਮੀਦਵਾਰ ਉਤਾਰੇ ਹਨ ਜਦੋਂਕਿ ਸਭ ਤੋਂ ਵੱਡੀ ਵਿਰੋਧੀ ਪਾਰਟੀ ਨੈਸ਼ਨਲ ਡੈਮੋਕਰੈਟਿਕ ਫੋਰਸ ਸਿਰਫ਼ 164 ਸੀਟਾਂ ਉਤੇ ਚੋਣ ਲੜ ਰਹੀ ਹੈ। ਜਦੋਂ ਕਿ ਮੁਲਕ ਦੀ ਸਭ ਤੋਂ ਵੱਧ ਹਰਮਨਪਿਆਰੀ ਆਗੂ ਆਂਗ ਸਾਨ ਸੂ ਕੀ ਨਜ਼ਰਬੰਦ ਹੈ।

### ਓਬਾਮਾ ਵੱਲੋਂ ਸੂ ਕੀ ਨੂੰ ਤੁਰੰਤ ਰਿਹਾ ਕਰਨ ਦੀ ਅਪੀਲ

**ਮੁੰਬਈ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅੱਜ ਮੰਗ ਕੀਤੀ ਹੈ ਕਿ ਮਿਆਂਮਾਰ ਦੀ ਹਕੂਮਤ ਨੂੰ ਮੁਲਕ ਦੀ ਜਨਤਕ ਆਗੂ ਆਂਗ ਸਾਨ ਸੂ ਕੀ ਨੂੰ ਤੁਰੰਤ ਤੇ ਬਿਨਾਂ ਸ਼ਰਤ ਰਿਹਾਅ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਮੁਲਕ ਵਿਚ ਅੱਜ 20 ਸਾਲਾਂ ਬਾਅਦ ਹੋਈਆਂ ਚੋਣਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਚੋਣਾਂ ‘ਆਜ਼ਾਦ ਤੇ ਨਿਰਪੱਖ’ ਨਹੀਂ ਸਨ।

ਉਨ੍ਹਾਂ ਕਿਹਾ ਕਿ ਇਕ ਵਾਰੀ ਫਿਰ ਅਪੀਲ ਕੀਤੀ ਜਾਂਦੀ ਹੈ ਕਿ ਆਂਗ ਸਾਨ ਸੂ ਕੀ ਤੇ ਦੂਜੇ ਸਿਆਸੀ ਕੈਦੀਆਂ ਨੂੰ ਤੁਰੰਤ ਤੇ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਨਾਲ ਹੀ ਕਿਹਾ ਕਿ ਅਮਰੀਕਾ ਵੱਲੋਂ ਇਸ ਮਕਸਦ ਲਈ ਬਰਮਾ ਉਤੇ ਦਬਾਅ ਕਾਇਮ ਜਾਰੀ ਰੱਖਿਆ ਜਾਵੇਗਾ।

## ਤਾਕਤਵਰ ਸ਼ਖ਼ਸ-ਜਿਨ ਤਾਓ ਨੇ ਓਬਾਮਾ ਨੂੰ ਪਛਾੜਿਆ

**ਬੋਸਟਨ (ਪੰਜਾਬ ਟਾਈਮਜ਼ ਬਿਊਰੋ):** ਦੁਨੀਆ ਦੇ ਸ਼ਕਤੀਸ਼ਾਲੀ ਲੋਕਾਂ ਦੀ ਸੂਚੀ ‘ਚ ਓਬਾਮਾ ਨੂੰ ਚੀਨ ਦੇ ਰਾਸ਼ਟਰਪਤੀ ਹੂ ਜਿਨ ਤਾਓ ਨੇ ਪਛਾੜ ਦਿੱਤਾ ਹੈ। ਫੋਰਬਸ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ‘ਚ ਜਿਨ ਤਾਓ ਨੂੰ ਦੁਨੀਆ ਦਾ ਸਭ ਤੋਂ ਤਾਕਤਵਰ ਆਗੂ ਕਰਾਰ ਦਿੱਤਾ ਹੈ। ਓਬਾਮਾ ਇਸ ਸੂਚੀ ‘ਚ ਦੂਜੇ ਸਥਾਨ ‘ਤੇ ਪੁੱਜ ਗਏ ਹਨ। ਇਸ ਸੂਚੀ ‘ਚ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਉਦਯੋਗਪਤੀ ਰਤਨ ਟਾਟਾ ਸਮੇਤ ਪੰਜ ਭਾਰਤੀਆਂ ਦੇ ਨਾਂ ਵੀ ਸ਼ਾਮਲ ਹਨ। ਅਮਰੀਕੀ ਰਸਾਲੇ ਫੋਰਬਸ ਦੀ ਦੁਨੀਆ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਵਿਅਕਤੀਆਂ ਦੀ ਸੂਚੀ ‘ਚ ਜਿਨ ਤਾਓ ਪਹਿਲੇ ਨੰਬਰ ‘ਤੇ ਹੈ।





ਫੋਰਬਸ ਨੇ 2010 ਦੀ ਰੈਂਕਿੰਗ ਤਿਆਰ ਕਰਦਿਆਂ ਕਿਹਾ ਹੈ ਕਿ 67 ਸਾਲ ਦੇ ਹੂ ਜਿਨ ਤਾਓ ਆਪਣੇ ਦੇਸ਼ ਦੀ ਜਨਤਾ ‘ਤੇ ਪੂਰਾ ਦਬਦਬਾ ਰੱਖਦੇ ਹਨ। ਉਹ ਨਦੀਆਂ ਨੂੰ ਮੋੜ ਸਕਦੇ ਹਨ, ਸੜਕਾਂ ਦਾ ਨਿਰਮਾਣ ਕਰ ਸਕਦੇ ਹਨ ਤੇ ‘ਯੂ ਟਿਊਬ’ ‘ਤੇ ਪਾਬੰਦੀ ਲਾ ਸਕਦੇ ਹਨ। ਰਸਾਲੇ ਅਨੁਸਾਰ ਜਿਨ ਤਾਓ ਦੀ ਅਗਵਾਈ ‘ਚ ਹੀ ਇਸ ਸਾਲ ਜੂਨ ‘ਚ ਚੀਨ ਦੂਸਰੀ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਕੇ ਉੱਭਰਿਆ ਹੈ। ਫੋਰਬਸ ਦੀ ਸੂਚੀ ‘ਚ ਦੁਨੀਆ ਭਰ ਦੇ ਵੱਖ ਵੱਖ ਖੇਤਰਾਂ ਨਾਲ ਜੁੜੇ 68 ਪ੍ਰਭਾਵਸ਼ਾਲੀ ਤੇ ਤਾਕਤਵਰ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਫੋਰਬਸ ਵੱਲੋਂ ਜਾਰੀ ਸੂਚੀ ‘ਚ ਤਿੱਬਤੀਆਂ ਦੇ ਧਾਰਮਿਕ ਗੁਰੂ ਦਲਾਈਲਾਮਾ ਜੋ ਕਿ ਭਾਰਤ ‘ਚ ਜਲਾਵਤਨੀ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ, ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਨੂੰ ਇਸ ਸੂਚੀ ‘ਚ 39ਵਾਂ ਸਥਾਨ ਦਿੱਤਾ ਗਿਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਫੋਰਬਸ ਦੀ ਸੂਚੀ ‘ਚ ਸਥਾਨ ਦਿੱਤਾ ਗਿਆ ਹੈ। ਸੂਚੀ ‘ਚ ਸੋਨੀਆ ਗਾਂਧੀ 9ਵੇਂ ਸਥਾਨ ‘ਤੇ ਤੇ ਡਾ. ਮਨਮੋਹਨ ਸਿੰਘ 18ਵੇਂ ਸਥਾਨ ‘ਤੇ ਰੱਖੇ ਗਏ ਹਨ। ਉਕਤ ਸੂਚੀ ‘ਚ ਭਾਰਤੀ ਵਪਾਰ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਰਿਲਾਇੰਸ ਇੰਡਸਟਰੀਜ਼ ਦੇ ਮੁਖੀ ਮੁਕੇਸ਼ ਅੰਬਾਨੀ, ਟਾਟਾ ਸੰਨਜ਼ ਦੇ ਮੁਖੀ ਰਤਨ ਟਾਟਾ ਤੇ ਆਰਸੇਲਰ ਮਿੱਤਲ ਦੇ ਮੁਖੀ ਲਕਸ਼ਮੀ ਮਿੱਤਲ ਦੇ ਨਾਂ ਵੀ ਸ਼ਾਮਲ ਹਨ।

## ਪਾਕਿਸਤਾਨ ਵੱਲੋਂ ਭਾਰਤ ਨੂੰ ਦਹਿਸ਼ਤਗਰਦੀ ਖ਼ਿਲਾਫ਼ ਸਾਂਝੀ ਲੜਾਈ ਦਾ ਸੱਦਾ

**ਇਸਲਾਮਾਬਾਦ:** ਪਾਕਿਸਤਾਨ ਵੱਲੋਂ ਭਾਰਤ ਨੂੰ ਦਹਿਸ਼ਤਗਰਦੀ ਖ਼ਿਲਾਫ਼ ਸਾਂਝੀ ਲੜਾਈ ਲੜਨ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਉਹ ਭਾਰਤ ਨਾਲ ਰਲਕੇ ਦਹਿਸ਼ਗਰਦੀ ਨੂੰ ਜੜੋਂ ਉਖੇੜਨ ਲਈ ਉਸਾਰੂ ਕੰਮ ਕਰਨਾ ਚਾਹੁੰਦਾ ਹੈ।

ਭਾਰਤ ਨੇ ਹਾਲ ਹੀ ‘ਚ ਕਿਹਾ ਸੀ ਕਿ ਪਾਕਿਸਤਾਨ ਦਹਿਸ਼ਤਗਰਦੀ ਨੂੰ ਸ਼ਹਿ ਦੇਣੀ ਬੰਦ ਕਰੇ। ਇਸਦੇ ਦੇ ਜਵਾਬ ‘ਚ ਪਾਕਿ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਕਿਹਾ ਹੈ ਕਿ ਪਾਕਿਸਤਾਨ ਤਾਂ ਕਈ ਵਾਰ ਭਾਰਤ ਨਾਲ ਗੱਲਬਾਤ ਦੇ ਸੰਕੇਤ ਦੇ ਚੁੱਕਿਆ ਹੈ ਪਰ ਨਵੀਂ ਦਿੱਲੀ ਵੱਲੋਂ ਠੀਕ ਹੁੰਗਾਰਾ ਨਹੀਂ ਮਿਲ ਰਿਹਾ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਗੱਲਬਾਤ ਛੇੜਨੀ ਚਾਹੁੰਦਾ ਹੈ। ਪਾਕਿਸਤਾਨ ਦੀ ਪਹੁੰਚ ਉਸਾਰੂ ਹੈ ਤੇ ਇਹ ਮਹਿਸੂਸ ਕਰਦਾ ਹੈ ਕਿ ਭਾਰਤ ਤੇ ਪਾਕਿਸਤਾਨ ਰਲ ਕੇ ਦਹਿਸ਼ਤਗਰਦੀ ਦੇ ਅੱਡਿਆਂ ਨੂੰ ਤਬਾਹ ਕਰ ਸਕਦੇ ਹਨ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ‘ਚ ਕਿਹਾ ਸੀ ਕਿ ਅਤਿਵਾਦੀਆਂ ਦੇ ਸੁਰੱਖਿਅਤ ਟਿਕਾਣਿਆਂ ਨੂੰ ਵਾਸ਼ਿੰਗਟਨ ਬਰਦਾਸ਼ਤ ਨਹੀਂ ਕਰੇਗਾ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਰਾਸ਼ਟਰਪਤੀ ਓਬਾਮਾ ਦੀ ਸਾਂਝੀ ਪ੍ਰੈਸ ਕਾਨਫਰੰਸ ਤੋਂ ਫੌਰੀ ਮਗਰੋਂ ਭਾਰਤੀ ਚੈਨਲ ਨਾਲ ਗੱਲਬਾਤ ਕਰਦਿਆਂ ਸ੍ਰੀ ਕੁਰੈਸ਼ੀ ਨੇ ਕਿਹਾ ਕਿ ਅਤਿਵਾਦ ਨੇ ਦੁਨੀਆਂ ਭਰ ‘ਚ ਪੈਰ ਪਸਾਰ ਲਏ ਹਨ ਤੇ ਕੋਈ ਵੀ ਕਿਸੇ ਦੇਸ਼ ਨੂੰ ਚੁਣ ਕੇ ਅਲੱਗ ਨਹੀਂ ਰੱਖ ਸਕਦਾ। ਦਹਿਸ਼ਤਗਰਦੀ ਦੇ ਅੱਡੇ ਤੇ ਦਹਿਸ਼ਤਗਰਦੀ ਦੀਆਂ ਮਸ਼ੀਨਾਂ ਪੂਰੇ ਵਿਸ਼ਵ ਭਰ ‘ਚ ਫੈਲੀਆਂ ਹੋਈਆਂ ਹਨ। ਸ੍ਰੀ ਕੁਰੈਸ਼ੀ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਭਾਰਤ ਨਾਲ ਸਹਿਯੋਗ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨਾਲ ਸੰਵਾਦ ਇਸ ਵੇਲੇ ਸਮੇਂ ਦੀ ਲੋੜ ਹੈ।

ਇਸੇ ਦੌਰਾਨ ਸਾਊਥ ਏਸ਼ੀਆ ਫਰੀ ਮੀਡੀਆ ਐਸੋਸੀਏਸ਼ਨ ਦੀ ਕੌਮੀ ਕਾਨਫਰੰਸ ‘ਚ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਕਿਹਾ ਸੀ ਕਿ ਪਾਕਿਸਤਾਨ ਨੇ ਤਾਂ ਭਾਰਤ ਨਾਲ ਗੱਲਬਾਤ ਲਈ ਬੜੀ ਵਾਰ ਕੋਸ਼ਿਸ਼ ਕੀਤੀ ਹੈ ਪਰ ਨਵੀਂ ਦਿੱਲੀ ਵੱਲੋਂ ਹੁੰਗਾਰਾ ਨਹੀਂ ਦਿੱਤਾ ਜਾ ਰਿਹਾ। ਜ਼ਿਕਰਯੋਗ ਹੈ ਕਿ ਹਾਲ ਹੀ ‘ਚ ਸ੍ਰੀ ਓਬਾਮਾ ਨੇ ਕਿਹਾ ਸੀ ਕਿ ਦੋਵੇਂ ਮੁਲਕ ਘੱਟ ਵਿਵਾਦਗ੍ਰਸਤ ਮੁੱਦਿਆਂ ‘ਤੇ ਗੱਲਬਾਤ ਕਰ ਕੇ ਆਪਣੇ ਮਤਭੇਦ ਖਤਮ ਕਰਨ। ਜ਼ਰਦਾਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਤਾਂ ਅਗਾਂਹ ਹੋ ਕੇ ਭਾਰਤ ਨਾਲ ਗੱਲਬਾਤ ਦੇ ਯਤਨ ਕੀਤੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਆਪਣੀ ਧਰਤੀ ਨੂੰ ਕਿਸੇ ਵੀ ਮੁਲਕ ਖ਼ਿਲਾਫ਼ ਦਹਿਸ਼ਤੀ ਕਾਰਵਾਈਆਂ ਲਈ ਨਹੀਂ ਵਰਤਣ ਦੇਵੇਗਾ।

### ਪਾਕਿ ‘ਚ ਬੰਬ ਧਮਾਕਿਆਂ ‘ਚ 71 ਹਲਾਕ

**ਪਿਸ਼ਾਵਰ:** ਪਾਕਿਸਤਾਨ ‘ਚ ਹੋਏ ਦੋ ਆਤਮਘਾਤੀ ਬੰਬ ਧਮਾਕਿਆਂ ਵਿਚ 71 ਵਿਅਕਤੀ ਮਾਰੇ ਗਏ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਹਮਲੇ ਦੀ ਇਸ ਵਾਰਦਾਤ ਦੀ ਜਾਂਚ ਜਾਰੀ ਹੈ।

ਸਥਾਨਕ ਟੀ.ਵੀ. ਚੈਨਲਾਂ ਅਨੁਸਾਰ ਇਸ ਹਮਲੇ ਦੀ ਜ਼ਿੰਮੇਵਾਰੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨੇ ਲੈ ਲਈ ਹੈ। ਹਮਲੇ ਵਿਚ ਗੰਭੀਰ ਜ਼ਖਮੀ ਮੁਹੰਮਦ ਯੂਨਸ ਨੇ ਦੱਸਿਆ ਕਿ ਹਮਲਾਵਰ ਨਾਬਾਲਗ ਸੀ।

## ਕੈਨੇਡਾ ਦੀ ਨਿਗ੍ਹਾ ਭਾਰਤੀ ਵਿਦਿਆਰਥੀਆਂ ‘ਤੇ

**ਟੋਰਾਂਟੋ:** ਕੈਨੇਡਾ ਦੀਆਂ 15 ਯੂਨੀਵਰਸਿਟੀਆਂ ਦੇ ਪ੍ਰੈਜ਼ੀਡੈਂਟ ਭਾਰਤ ਦੇ ਸੱਤ ਰੋਜ਼ਾ ਮਿਸ਼ਨ ‘ਤੇ ਹਨ ਤੇ ਉਹ ਤੇਜ਼ੀ ਨਾਲ ਵਿਕਾਸ ਕਰ ਰਹੇ ਦੁਨੀਆ ਦੇ ਦੂਜੇ ਵੱਡੇ ਮੁਲਕ ਦੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨਗੇ। ਕੈਨੇਡਾ ਦੇ ਵਿਦਿਅਕ ਅਦਾਰਿਆਂ ਦਾ ਭਾਰਤ ਗਿਆ ਇਹ ਸਭ ਤੋਂ ਵੱਡਾ ਮਿਸ਼ਨ ਹੈ।

ਇਸ ਤੋਂ ਪਹਿਲਾਂ ਜੂਨ ‘ਚ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕੈਨੇਡਾ ਦੌਰੇ ਦੌਰਾਨ ਦੋਵੇਂ ਮੁਲਕਾਂ ਨੇ ਉੱਚ ਸਿੱਖਿਆ ਦੇ ਖੇਤਰ ‘ਚ ਸਮਝੌਤੇ ਸਹੀਬੰਦ ਕੀਤੇ ਸਨ। ਭਾਵੇਂ ਹਰ ਸਾਲ 150,000 ਤੋਂ ਵੱਧ ਭਾਰਤੀ ਵਿਦਿਆਰਥੀ ਉੱਚ ਸਿੱਖਿਆ ਲਈ ਵਿਦੇਸ਼ ਜਾਂਦੇ ਹਨ ਪਰ ਕੈਨੇਡਾ ਲਈ ਇਹ ਗਿਣਤੀ ਸਿਰਫ 3000 ਸਾਲਾਨਾ ਸੀ। ਸੋ ਕੈਨੇਡਾ ਦੀਆਂ ਯੂਨੀਵਰਸਿਟੀਆਂ ‘ਚ ਦਾਖਲਾ ਲੈਣ ਵਾਲੇ 90,000 ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ‘ਚ ਇਹ ਭਾਰਤੀ ਨਾਮਾਤਰ ਹਨ। ਕਿਉਂਕਿ ਵਿਦੇਸ਼ੀ ਵਿਦਿਆਰਥੀ 15000 ਡਾਲਰ ਤੋਂ ਵੱਧ ਫੀਸ ਦਿੰਦੇ ਹਨ ਤੇ ਦੇਸ਼ ਦੀ ਆਰਥਿਕਤਾ ‘ਚ ਰਲ ਕੇ ਕੁੱਲ 6.5 ਅਰਬ ਡਾਲਰ ਦਾ ਯੋਗਦਾਨ ਪਾਉਂਦੇ ਹਨ। ਸੋ ਕੈਨੇਡਾ ਵੀ ਲਾਹੇ ਦੇ ਇਸ ਧੰਦੇ ‘ਚ ਕੁੱਦਣਾ ਚਾਹੁੰਦਾ ਹੈ। ਕੈਨੇਡਾ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਦੀ ਐਸੋਸੀਏਸ਼ਨ (ਏ.ਯੂ.ਸੀ.ਸੀ.) ਵਲੋਂ ਕਰਾਇਆ ਜਾ ਰਿਹਾ ਇਹ ਦੌਰਾ ਪੁਣੇ ਤੇ ਦਿੱਲੀ ਤੱਕ ਦਾ ਹੈ।

# ਪਾਸਪੋਰਟ ਘੁਟਾਲੇ 'ਚ ਤਿੰਨ ਪਰਵਾਸੀ ਭਾਰਤੀ ਕਾਬੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੁਲੀਸ ਨੇ ਪਾਸਪੋਰਟ ਘੁਟਾਲੇ ਵਿਚ ਸ਼ਾਮਲ ਦੋ ਨੌਜਵਾਨਾਂ ਨੂੰ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਨਵੀਂ ਦਿੱਲੀ ਤੇ ਇਕ ਨੌਜਵਾਨ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ।

ਇਸ ਘੁਟਾਲੇ ਦੀ ਜਾਂਚ ਕਰ ਰਹੇ ਅਧਿਕਾਰੀ ਨੇ ਦੱਸਿਆ ਕਿ ਬਟਾਲਾ (ਗੁਰਦਾਸਪੁਰ) ਨਾਲ ਸਬੰਧਤ ਦਵਿੰਦਰ ਸਿੰਘ ਜਿਸ ਨੇ ਆਪਣੀ ਰਿਹਾਇਸ਼ ਦੇ ਪ੍ਰਮਾਣ ਪੱਤਰ ਵਿਚ ਜਾਅਲਸਾਜ਼ੀ ਨਾਲ ਆਪਣੇ ਆਪ ਨੂੰ ਗਾਂਧੀ ਰੋਡ (ਮੋਗਾ) ਦਾ ਵਾਸੀ ਦਰਸਾਇਆਸੀ, ਨੂੰ ਅਮਰੀਕਾ ਤੋਂ ਨਵੀਂ ਦਿੱਲੀ ਆਉਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਮੋਗਾ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ।ਇਸ ਤਰ੍ਹਾਂ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਲੰਮੇ ਨਾਲ ਸਬੰਧਤ ਜਸਵੀਰ ਸਿੰਘ ਜਿਸ ਨੇ ਆਪਣੇ ਆਪ ਨੂੰ ਦਸਤਾਵੇਜ਼ਾਂ ਵਿਚ ਜਾਅਲਸਾਜ਼ੀ ਨਾਲ ਵੇਦਾਂਤ ਨਗਰ ਮੋਗਾ ਦਾ ਵਾਸੀ ਦਰਸਾਇਆ ਸੀ, ਨੂੰ ਫਰਾਂਸ ਤੋਂ ਆਉਣ ਮੌਕੇ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਗ੍ਰਿਫ਼ਤਾਰ ਕੀਤਾ ਗਿਆ। ਉਸ ਨੂੰ ਵੀ ਮੋਗਾ ਪੁਲੀਸ ਦੇ ਹਵਾਲੇ ਕੀਤਾ ਗਿਆ ਹੈ। ਦੋਵਾਂ ਨੌਜਵਾਨਾਂ ਨੂੰ ਡਿਊਟੀ ਮੈਜਿਸਟਰੇਟ ਨੇ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਕੋਲ ਉਨ੍ਹਾਂ ਵਿਰੁੱਧ ਸਬੂਤ ਮੌਜੂਦ ਹਨ ਕਿ ਉਨ੍ਹਾਂ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉਤੇ ਪਾਸਪੋਰਟ ਬਣਵਾਏ।

ਮੋਗਾ ਦੇ ਗੁਰੂ ਰਾਮਦਾਸ ਨਗਰ ਦੇ ਰਹਿਣ ਵਾਲੇ ਪੂਰਨ ਸਿੰਘ ਜਿਸ ਨੇ ਪਾਸਪੋਰਟ ਬਣਵਾਉਣ ਲਈ ਆਪਣੇ ਸਕੂਲੀ ਸਰਟੀਫਿਕੇਟ ਵਿਚ ਧੋਖਾਧੜੀ ਕੀਤੀ, ਨੂੰ ਮਲੇਸ਼ੀਆ ਤੋਂ ਆਉਣ 'ਤੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਉਤੇ ਗ੍ਰਿਫ਼ਤਾਰ ਕੀਤਾ। ਉਸ ਨੂੰ ਵੀ ਮੋਗਾ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ।

## ਚੀਨੀ ਨਾਗਰਿਕ ਭੇਸ ਵਟਾ ਕੇ ਕੈਨੇਡਾ ਪੁੱਜਾ

**ਟੋਰਾਂਟੋ (ਪੰਜਾਬ ਟਾਈਮਜ਼ ਬਿਊਰੋ):** ਚੀਨ ਦਾ 20 ਸਾਲਾ ਨੌਜਵਾਨ ਭੇਸ ਵਟਾ ਕੇ ਹਵਾਈ ਜਹਾਜ਼ 'ਚ ਚੜ੍ਹ ਕੇ ਕੈਨੇਡਾ ਪੁੱਜ ਗਿਆ ਜਿਥੇ ਉਸ ਨੇ ਪਨਾਹ ਮੰਗੀ ਹੈ।

ਸੂਤਰਾਂ ਅਨੁਸਾਰ 29 ਅਕਤੂਬਰ ਨੂੰ ਚੀਨ ਦੇ 20 ਸਾਲਾ ਨੌਜਵਾਨ ਨੇ ਕਾਕੇਸ਼ਿਆਈ ਬਜ਼ੁਰਗ ਦਾ ਭੇਸ ਧਾਰ ਕੇ ਹਾਂਗਕਾਂਗ ਤੋਂ ਵੈਨਕੂਵਰ ਜਾ ਰਹੀ ਉਡਾਣ ਵਿਚ ਕੈਨੇਡਾ ਨੂੰ ਉਡਾਰੀ ਮਾਰ ਦਿੱਤੀ। ਬਾਅਦ 'ਚ ਉਹ ਬਾਥਰੂਮ ਵਿਚ ਗਿਆ ਤੇ ਨੌਜਵਾਨ ਚੀਨੀ ਬਣ ਕੇ ਮੁਸਾਫ਼ਰਾਂ ਸਾਹਮਣੇ ਆ ਗਿਆ। ਜਹਾਜ਼ ਚੜ੍ਹਨ ਤੋਂ ਪਹਿਲਾਂ ਚੀਨੀ ਨਾਗਰਿਕ ਨੇ ਸਿਲੀਕਾਨ ਮੁਖੌਟਾ ਤੇ ਸਿਰ 'ਤੇ ਟੋਪੀ ਪਾ ਕੇ ਗੋਰੇ ਬਜ਼ੁਰਗ ਦਾ ਝੁਰੜੀਆਂ ਵਾਲਾ ਚਿਹਰਾ ਬਣਾ ਲਿਆ।

ਟੋਰਾਂਟੋ ਸਟਾਰ ਦੀ ਰਿਪੋਰਟ ਅਨੁਸਾਰ ਹਵਾਈ ਅੱਡੇ ਦੇ ਅਧਿਕਾਰੀਆਂ ਨੂੰ ਉਸ ਦੇ ਭੇਸ ਵਟਾਉਣ ਬਾਰੇ ਪਤਾ ਉਸ ਦੇ ਹੱਥਾਂ ਤੋਂ ਲੱਗਾ ਜੋ ਨੌਜਵਾਨ ਦੇ ਜਾਪਦੇ ਸਨ। ਇਸ ਕਾਰਵਾਈ ਨੂੰ ਸਿਰੇ ਚੜ੍ਹਾਉਣ ਵਿਚ 55 ਸਾਲਾ ਅਮਰੀਕੀ ਨਾਗਰਿਕ ਵੱਲੋਂ ਸੁਰੱਖਿਆ ਜਾਂਚ ਵਿਚੋਂ ਲੰਘਣ ਤੋਂ ਬਾਅਦ ਟਰਾਂਜ਼ਿਟ ਲਾਂਜ ਵਿਚ ਛੱਡਿਆ ਬੋਰਡਿੰਗ ਪਾਸ ਜ਼ਰੀਆ ਬਣਿਆ।

ਇਸ ਬੋਰਡਿੰਗ ਪਾਸ ਰਾਹੀਂ ਚੀਨੀ ਨੌਜਵਾਨ ਸੁਰੱਖਿਆ ਘੇਰੇ ਵਿਚੋਂ ਲੰਘ ਗਿਆ ਤੇ ਉਸ ਨੇ ਸ਼ਨਾਖ਼ਤ ਲਈ ਏਅਰ ਕੈਨੇਡਾ ਜਹਾਜ਼ ਦਾ ਸ਼ਨਾਖ਼ਤੀ ਕਾਰਡ ਵਰਤਿਆ।ਏਅਰ ਕੈਨੇਡਾ ਦੇ ਬੁਲਾਰੇ ਜੌਹਨ ਰੇਬਰ ਅਨੁਸਾਰ ਇਸ ਮਾਮਲੇ ਦੀ ਜਾਂਚ ਕੈਨੇਡਾ ਬਾਰਡਰ ਸਰਵਿਸ ਏਜੰਸੀ ਕਰ ਰਹੀ ਹੈ।

## ਰਾਜਾਸਾਂਸੀ ਹਵਾਈ ਅੱਡੇ ਦਾ ਨਾਂ ਗੁਰੂ ਰਾਮਦਾਸ ਦੇ ਨਾਂ 'ਤੇ

**ਨਵੀਂ ਦਿੱਲੀ:** ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ ਨੂੰ ਹੁਣ ਸ੍ਰੀ ਗੁਰੂ ਰਾਮ ਦਾਸ ਅੰਤਰਰਸ਼ਟਰੀ ਹਵਾਈ ਅੱਡੇ ਦੇ ਨਾਂ ਨਾਲ ਜਾਣਿਆਂ ਜਾਵੇਗਾ। ਹਵਾਈ ਅੱਡੇ ਦਾ ਨਾਂ ਬਦਲਣ ਦਾ ਫ਼ੈਸਲਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿਚ ਲਿਆ ਗਿਆ। ਸ਼ਾਂਤੀ, ਸੇਵਾ ਤੇ ਭਗਤੀ ਦੇ ਪੁੰਜ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ ਸੀ। ਪੰਜਾਬ ਸਰਕਾਰ ਨੇ ਹਵਾਈ ਅੱਡੇ ਦਾ ਨਾਂ ਬਦਲਣ ਦੀ ਤਜਵੀਜ਼ ਕੇਂਦਰ ਸਰਕਾਰ ਨੂੰ ਭੇਜੀ ਸੀ।

ਇਸ ਹਵਾਈ ਅੱਡੇ ਨੂੰ ਏਅਰਪੋਰਟਸ ਅਥਾਰਟੀ ਆਫ ਇੰਡੀਆ ਕੰਟਰੋਲ ਕਰਦੀ ਹੈ ਤੇ ਇਥੋਂ 767 ਤੇ ਜੰਬੂ 747 ਵਰਗੇ ਵੱਡੇ ਜਹਾਜ਼ ਸਾਰੇ ਮੌਸਮਾਂ 'ਚ ਉਡਾਣ ਭਰ ਸਕਦੇ ਹਨ।

## ਅਮਰੀਕਾ ਵੱਲੋਂ ਲਸ਼ਕਰ-ਏ-ਤਾਇਬਾ 'ਤੇ ਪਾਬੰਦੀ

**ਵਾਸ਼ਿੰਗਟਨ:** ਅਮਰੀਕਾ ਨੇ ਪਾਕਿਸਤਾਨੀ ਅਤਿਵਾਦੀ ਜਥੇਬੰਦੀਆਂ ਲਸ਼ਕਰ-ਏ-ਤਾਇਬਾ ਤੇ ਜੈਸ਼-ਏ-ਮੁਹੰਮਦ 'ਤੇ ਪਾਬੰਦੀ ਲਾਉਂਦਿਆਂ ਇਨ੍ਹਾਂ 'ਤੇ ਵਿੱਤੀ ਪਾਬੰਦੀਆਂ ਲਾਗੂ ਕੀਤੀਆਂ ਹਨ ਤੇ ਅਮਰੀਕੀ ਨਾਗਰਿਕਾਂ ਨੂੰ ਆਖਿਆ ਹੈ ਕਿ ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨਾ ਰੱਖੀ ਜਾਵੇ।

ਅਮਰੀਕੀ ਖਜ਼ਾਨਾ ਵਿਭਾਗ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਅਤਿਵਾਦੀ ਜਥੇਬੰਦੀਆਂ ਨਾਲ ਸਬੰਧਤ ਕਿਸੇ ਵੀ ਪ੍ਰਕਾਰ ਦੀ ਸੰਪਤੀ ਜੋ ਅਮਰੀਕੀ ਘੇਰੇ ਅੰਦਰ ਆਉਂਦੀ ਹੋਵੇਗੀ, ਜ਼ਬਤ ਕੀਤੀ ਜਾਵੇਗੀ। ਵਿਭਾਗ ਦੇ ਬੁਲਾਰੇ ਸਟਾਰਟ ਲੀਵੇਅ ਨੇ ਕਿਹਾ ਕਿ ਉਕਤ ਜਥੇਬੰਦੀਆਂ 'ਤੇ ਪਾਬੰਦੀਆਂ ਲਾਗੂ ਕਰਨ ਨਾਲ ਇਨ੍ਹਾਂ ਦੀਆਂ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਵਿਚ ਸਹਾਇਤਾ ਮਿਲੇਗੀ। ਬੁਲਾਰੇ ਨੇ ਕਿਹਾ ਕਿ ਅਲ ਰੇਹਮੰਤ ਨਾਂ ਦੀ ਕੰਪਨੀ ਜੈਸ਼-ਏ-ਮੁਹੰਮਦ ਨੂੰ ਫੰਡ ਮੁਹੱਈਆ ਕਰਵਾਉਂਦੀ ਹੈ। ਵਿਭਾਗ ਨੇ ਲਸ਼ਕਰ ਨਾਲ ਸਬੰਧਤ ਹਾਫ਼ਿਜ ਅਬਦੁੱਲ ਰਹਿਮਾਨ ਮਾਕੀ ਦੀ ਪਛਾਣ ਕੀਤੀ ਹੈ ਜੋ ਜਥੇਬੰਦੀ ਦੇ ਸਿਆਸੀ ਮਾਮਲਿਆਂ ਦਾ ਮੁਖੀ ਹੈ।

# ਮਕਬੂਜ਼ਾ ਕਸ਼ਮੀਰ 'ਚ ਵਿਦੇਸ਼ੀ ਅਤਿਵਾਦੀਆਂ ਦੀ ਸਿਖਲਾਈ

**ਲੰਦਨ:** ਕੌਮਾਂਤਰੀ ਦਬਾਅ ਦੇ ਚੱਲਦੇ ਪਾਕਿਸਤਾਨ ਵੱਲੋਂ ਖਿੱਚੀ ਥੋੜੀ ਲਗਾਮ ਕਾਰਨ ਅਤਿਵਾਦੀ ਸਰਗਰਮੀਆਂ ਘਟੀਆਂ ਸਨ ਪਰ ਭਾਰਤ ਖ਼ਿਲਾਫ਼ 'ਜਹਾਦ' ਛੇੜਨ ਲਈ ਮੁੜ ਵਿਦੇਸ਼ੀਆਂ ਸਮੇਤ ਪਾਕਿ ਯੂਨੀਵਰਸਿਟੀਆਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਮਕਬੂਜ਼ਾ ਕਸ਼ਮੀਰ 'ਚ ਸਥਿਤ ਅਤਿਵਾਦੀ ਕੈਂਪਾਂ 'ਚ ਸਿਖਲਾਈ ਦਿੱਤੀ ਜਾ ਰਹੀ ਹੈ।

ਬੀ.ਬੀ.ਸੀ. ਦੀ ਉਰਦੂ ਸੇਵਾ ਨੇ ਆਪਣੀ ਰਿਪੋਰਟ 'ਚ ਦੱਸਿਆ ਕਿ ਕੁਝ ਸਮੇਂ ਦੀ ਢਿੱਲ ਤੋਂ ਬਾਅਦ ਕਈ ਅਤਿਵਾਦੀ ਜਥੇਬੰਦੀਆਂ ਨੇ ਫਿਰ ਤੋਂ ਸਿਰ ਚੁੱਕ ਲਿਆ ਹੈ ਤੇ ਮੁਜ਼ੱਫ਼ਰਾਬਾਦ ਤੇ ਇਸ ਦੇ ਆਸਪਾਸ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਮੁਜ਼ਫ਼ਰਬਾਦ ਮਕਬੂਜ਼ਾ ਕਸ਼ਮੀਰ ਦੀ ਰਾਜਧਾਨੀ ਹੈ ਜਿੱਥੇ ਕੰਧਾਂ 'ਤੇ 'ਜਹਾਦ' ਦੇ ਸਮਰਥਨ 'ਚ ਲਿਖੇ ਜਾ ਰਹੇ ਨਾਅਰਿਆਂ ਨੂੰ ਆਮ ਹੀ ਵੇਖਿਆ ਜਾ ਸਕਦਾ ਹੈ। ਅਜਿਹੇ ਹੀ ਇਕ ਕੈਂਪ 'ਚ ਸਿਖਲਾਈ ਪ੍ਰਾਪਤ ਕਰਕੇ ਮੁੜੇ ਲਾਹੌਰ ਦੇ 25 ਸਾਲ ਦੇ ਇੰਜੀਨੀਅਰਿੰਗ ਦੇ ਵਿਦਿਆਰਥੀ ਨੇ ਬੀ.ਬੀ.ਸੀ. ਨੂੰ ਦੱਸਿਆ ਕਿ ਪਾਕਿਸਤਾਨ ਦੀਆਂ ਯੂਨੀਵਰਸਿਟੀਆਂ 'ਚ ਤਾਲੀਮ ਹਾਸਲ ਕਰਦੇ ਵੱਡੀ ਗਿਣਤੀ 'ਚ ਪਾਕਿਸਤਾਨੀ ਤੇ ਵਿਦੇਸ਼ੀ ਵਿਦਿਆਰਥੀ ਭਾਰਤ ਵਿਰੁੱਧ ਜਹਾਦ ਛੇੜਨ ਲਈ ਇਕ ਅੱਤਵਾਦੀ ਜਥੇਬੰਦੀ ਦੀ ਅਗਵਾਈ ਹੇਠ ਮਕਬੂਜ਼ਾ ਕਸ਼ਮੀਰ 'ਚ ਸਿਖਲਾਈ ਪ੍ਰਾਪਤ ਕਰ ਰਹੇ ਹਨ। ਆਪਣੇ ਆਪ ਨੂੰ ਕਸ਼ਮੀਰੀ ਦੱਸਣ ਵਾਲੇ ਵਿਦਿਆਰਥੀ ਨੇ ਦੱਸਿਆ ਕਿ ਉਸ ਨੇ ਇਸ ਸਾਲ ਆਪਣਾ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮਕਬੂਜ਼ਾ ਕਸ਼ਮੀਰ 'ਚ ਦੋ ਮਹੀਨੇ ਦੀ ਸਿਖਲਾਈ ਹਾਸਲ ਕੀਤੀ ਹੈ।

ਉਸ ਨੇ ਦਾਅਵਾ ਕੀਤਾ ਕਿ ਸਿਖਲਾਈ ਕੈਂਪਾਂ 'ਚ ਤਕਰੀਬਨ 20 ਫ਼ੀਸਦੀ ਨੌਜਵਾਨ ਕਸ਼ਮੀਰ ਤੋਂ ਹਨ ਤੇ 10 ਫ਼ੀਸਦੀ ਹੋਰਨਾਂ ਦੇਸ਼ਾਂ ਤੋਂ ਹਨ। ਉਸਨੇ ਦੱਸਿਆ ਕਿ ਸਿਖਲਾਈ ਹਾਸਲ ਕਰਨ ਵਾਲੇ ਵਧੇਰੇ ਨੌਜਵਾਨ ਲਹਿੰਦੇ ਪੰਜਾਬ ਦੇ ਹਨ। ਇਸ ਵਿਦਿਆਰਥੀ ਨੇ ਇਹ ਵੀ ਦੱਸਿਆ ਕਿ ਉਸਦੀ ਯੂਨੀਵਰਸਿਟੀ 'ਚ ਕਈ ਹੋਰ ਵਿਦਿਆਰਥੀਆਂ ਨੇ ਲਾਹੌਰ ਨੇੜੇ ਸਥਿਤ 'ਤੰਜ਼ੀਮ ਜਥੇਬੰਦੀ' ਵੱਲੋਂ ਚਲਾਏ ਜਾ ਰਹੇ ਅਤਿਵਾਦ ਸਿਖਲਾਈ ਕੈਂਪਾਂ 'ਚ ਹਿੱਸਾ ਲਿਆ ਹੈ। ਉਸ ਨੇ ਜਮਾਤ-ਉਦ-ਦਾਵਾ ਬਾਰੇ ਦੱਸਿਆ ਕਿ ਇਸ ਦਾ ਮੁੱਖ ਦਫ਼ਤਰ ਸ਼ਹਿਰ ਦੇ ਬਾਹਰਲੇ ਇਲਾਕੇ ਮੁਦਰਿਕੇ 'ਚ ਸਥਿਤ ਹੈ।

## ਬਾਬਾ ਰਾਮਦੇਵ ਨੂੰ ਹੈਲੀਕਾਪਟਰ ਭੇਟ

**ਬਰੇਲੀ:** ਭਾਰਤ 'ਚ ਬਾਬਿਆਂ ਦੀ ਚਾਂਦੀ ਹੈ ਤੇ ਸ਼ਰਧਾਲੂਆਂ ਵੱਲੋਂ ਮਹਿੰਗੇ ਤੋਂ ਮਹਿੰਗੇ ਤੋਹਫ਼ੇ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਰਾਜਸੀ ਭ੍ਰਿਸ਼ਟਚਾਰ ਖ਼ਿਲਾਫ਼ ਬਿਆਨਬਾਜ਼ੀ ਕਰਕੇ ਚਰਚਾ 'ਚ ਯੋਗ ਗੁਰੂ ਬਾਬਾ ਰਾਮਦੇਵ ਨੂੰ ਧਨਤੇਰਸ ਦੇ ਤਿਉਹਾਰ ਮੌਕੇ ਉਨ੍ਹਾਂ ਦੇ ਸ਼ਰਧਾਲੂ ਵੱਲੋਂ ਦੋ ਸੀਟਾਂ ਵਾਲਾ ਹੈਲੀਕਾਪਟਰ ਤੋਹਫੇ ਵਜੋਂ ਦਿੱਤਾ ਗਿਆ।

ਸੂਤਰਾਂ ਮੁਤਾਬਕ ਬਾਬਾ ਰਾਮਦੇਵ ਬਰੇਲੀ ਵਿਖੇ ਯੋਗ ਕੈਂਪ 'ਚ ਹਿੱਸਾ ਲੈਣ ਆਏ ਸਨ ਤਾਂ ਇੱਕ ਸ਼ਰਧਾਲੂ ਨੇ ਇਹ ਤੋਹਫਾ ਭੇਟ ਕੀਤਾ। ਕੈਂਪ ਖ਼ਤਮ ਹੋਣ ਤੋਂ ਬਾਅਦ ਬਾਬਾ ਰਾਮਦੇਵ ਉਸੇ ਹੈਲੀਕਾਪਟਰ 'ਚ ਬੈਠ ਕੇ ਹਰਿਦੁਆਰ ਨੂੰ ਉੱਡ ਗਏ ਪਰ ਇਹ ਮਹਿੰਗਾ ਤੋਹਫਾ ਦੇਣ ਵਾਲੇ ਸ਼ਰਧਾਲੂ ਦੇ ਨਾਂ ਦਾ ਅਜੇ ਤੱਕ ਪਤਾ ਨਹੀਂ ਲੱਗਾ।

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਮੁਸ਼ੱਰਫ਼ ਨੂੰ 'ਵਿਸਾਹਘਾਤ' ਦਾ ਨੋਟਿਸ ਜਾਰੀ

**ਲਾਹੌਰ:** ਪਕਿਸਤਾਨ 'ਚ ਸਾਬਕਾ ਫ਼ੌਜੀ ਤਾਨਾਸ਼ਾਹ ਜਨਰਲ ਪ੍ਰਵੇਜ਼ ਮੁਸ਼ੱਰਫ਼ ਖ਼ਿਲਾਫ਼ ਸ਼ਿਕੰਜਾ ਲਗਾਤਾਰ ਕੱਸਿਆ ਜਾ ਰਿਹਾ ਹੈ। ਜਿੱਥੇ ਸੱਤਾਧਾਰੀ ਤੇ ਹੋਰ ਪਾਰਟੀਆਂ ਲੰਡਨ 'ਚ ਰਹਿ ਰਹੇ ਜਨਾਬ ਮੁਸ਼ੱਰਫ਼ ਦੀ ਪਾਕਿ ਵਾਪਸੀ ਨੂੰ ਰੋਕਣ ਲਈ ਪੂਰੀ ਤਰ੍ਹਾਂ ਸਰਗਰਮ ਹਨ ਉੱਥੇ 5 ਨਵੰਬਰ ਨੂੰ ਅਦਾਲਤ ਵੱਲੋਂ 2007 'ਚ ਐਮਰਜੈਂਸੀ ਲਗਾਉਣ ਬਦਲੇ ਉਨ੍ਹਾਂ ਵਿਰੁੱਧ ਚੱਲ ਰਹੇ 'ਦੇਸ਼ਧ੍ਰੋਹ' ਦੇ ਮੁਕੱਦਮੇ 'ਚ ਉਨ੍ਹਾਂ ਨੂੰ ਅਦਾਲਤ 'ਚ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਲਾਹੌਰ ਹਾਈਕੋਰਟ ਦੇ ਇਕ ਮੈਂਬਰੀ ਬੈਂਚ ਨੇ 2007 'ਚ ਐਮਰਜੈਂਸੀ ਲਗਾਉਣ ਬਾਰੇ ਮੁਕੱਦਮੇ 'ਚ ਮੁਸ਼ੱਰਫ ਦੀ ਅਦਾਲਤ 'ਚ ਹਾਜ਼ਰੀ ਯਕੀਨੀ ਬਣਾਏ ਜਾਣ ਵਾਲੀ ਅਰਜ਼ੀ ਦੀ ਸੁਣਵਾਈ ਕਰਨ ਤੋਂ ਬਾਅਦ ਨੋਟਿਸ ਜਾਰੀ ਕੀਤਾ। ਪਟੀਸ਼ਨਰ ਵੱਲੋਂ ਅਦਾਲਤ 'ਚ ਮੁਸ਼ੱਰਫ ਦਾ ਲੰਡਨ ਦਾ ਪੱਕਾ ਪਤਾ ਵੀ ਪੇਸ਼ ਕੀਤਾ ਗਿਆ ਤੇ ਮੁਸ਼ੱਰਫ ਵਿਰੁੱਧ ਇੰਟਰਪੋਲ ਕੋਲ ਪਹੁੰਚ ਕਰਕੇ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਉਣ ਲਈ ਬੇਨਤੀ ਵੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੇ ਅਪਰੈਲ ਮਹੀਨੇ ਤੋਂ ਮੁਸ਼ੱਰਫ ਬਰਤਾਨੀਆ ਆਪਣੇ ਆਪ ਜਲਾਵਤਨ ਤੌਰ 'ਤੇ ਰਹਿ ਰਿਹਾ ਹੈ। ਲਾਮੂਦੀਨ ਗਾਜ਼ੀ ਨੇ ਦੋਸ਼ ਲਾਇਆ ਕਿ ਮੁਸ਼ੱਰਫ ਨੇ ਬਿਨਾਂ ਕਾਰਨ ਖੁਦ ਨੂੰ ਬਚਾਉਣ ਲਈ ਸੰਸਦ ਨੂੰ ਭੰਗ ਕੀਤਾ ਸੀ।

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

Rajinder Singh
Insurance Lic No. 0G73739
Financing Available For Buying Trucks
Cell:(510) 557-6988, Ph:209-982-9996

## ਕੌੜੀ-ਕਸੈਲੀ ਗੱਲ

# ਨੀ ਇਹ ਰੋਡਾ ਭੇਡਾ ਕੌਣ...?

ਅਮਰਦੀਪ ਸਿੰਘ ਅਮਰ

ਕਹਿੰਦੇ ਨੇ ਕਿ ਹਰ ਕਿਸਾਨ ਕਣਕ ਬੀਜਦਾ ਹੈ ਅਤੇ ਕਾਂਗਿਆਰੀ ਕੋਈ ਨਹੀਂ ਬੀਜਦਾ। ਫਿਰ ਵੀ ਕਣਕ ਦੀ ਹਰੇਕ ਫਸਲ ਵਿਚ ਕਾਂਗਿਆਰੀ ਪੈਦਾ ਹੋ ਜਾਂਦੀ ਹੈ। ਇਹ ਇਕ ਕੁਦਰਤੀ ਵਰਤਾਰਾ ਹੈ। ਠੀਕ ਇਸੇ ਤਰ੍ਹਾਂ ਜਦੋਂ ਕੋਈ ਕੌਮ ਆਪਣੀ ਆਜ਼ਾਦੀ ਦਾ ਸੰਘਰਸ਼ ਵਿੱਢਦੀ ਹੈ ਤਾਂ ਉਸ ਨੂੰ ਯੋਧਿਆਂ ਦੀ ਫਸਲ ਬੀਜਣੀ ਪੈਂਦੀ ਹੈ ਪਰ ਯੋਧਿਆਂ ਦੀ ਇਸ ਫੌਜ ਵਿਚ ਗੱਦਾਰਾਂ ਦੀ ਕਾਂਗਿਆਰੀ ਆਪਣੇ ਆਪ ਹੀ ਪੈਦਾ ਹੋ ਜਾਂਦੀ ਹੈ ਜੋ ਕਣਕ ਦੀ ਫਸਲ ਵਾਂਗ ਹੀ ਕੌਮ ਦੇ ਸੰਘਰਸ਼ ਲਈ ਮਾਰੂ ਸਾਬਤ ਹੁੰਦੀ ਹੈ।

ਗੱਦਾਰ ਦਾ ਤਖਲਸ ਕੋਈ ਵੀ ਹੋਵੇ ਇਸ ਨਾਲ ਫਰਕ ਕੋਈ ਨਹੀਂ ਪੈਂਦਾ। ਫਰਕ ਪੈਂਦਾ ਹੈ ਉਸ ਦੇ ਕੰਮਾਂ ਨਾਲ। ਜਦੋਂ ਤੱਕ ਗੱਦਾਰ ਜੱਗ ਜਾਹਰ ਹੁੰਦਾ ਹੈ ਉਦੋਂ ਤੱਕ ਉਹ ਕਈ ਵਾਰ ਕੌਮ ਦਾ ਬਹੁਤ ਵੱਡਾ ਨੁਕਸਾਨ ਕਰ ਚੁਕਾ ਹੁੰਦਾ ਹੈ। ਕਿਸੇ ਵੀ ਕੌਮ ਵਿਚ ਜਿੰਨੇ ਵੱਡੇ ਅਹੁਦੇ ਵਾਲਾ ਵਿਅਕਤੀ ਗੱਦਾਰ ਬਣਦਾ ਹੈ ਉਸ ਤੋਂ ਉਨੀਆਂ ਵੱਡੀਆਂ ਗੱਦਾਰੀਆਂ ਵਿਰੋਧੀ ਧਿਰਾਂ ਕਰਾ ਜਾਂਦੀਆਂ ਹਨ। ਵੈਸੇ ਇਤਿਹਾਸ ਵਿਚ ਗੱਦਾਰ ਦੀ ਕੀਮਤ ਕੇਲਾ ਖਾ ਕੇ ਸੁੱਟੇ ਹੋਏ ਛਿੱਲੜ ਤੋਂ ਵੱਧ ਕੁਝ ਨਹੀਂ ਹੁੰਦੀ ਪਰ ਫਿਰ ਵੀ ਅਮਲੀ, ਗਾਉਣ ਵਾਲੇ ਕਲਾਕਾਰ, ਮੱਲ ਅਤੇ ਕੰਜਰੀ ਵਾਂਗ ਗੱਦਾਰ ਵੀ ਆਪਣੀ ਚੜ੍ਹਾਈ ਦੇ ਦਿਨ ਪੂਰੀ ਐਸ਼ ਨਾਲ ਬਿਤਾਉਂਦਾ ਹੈ।

ਮੱਚ ਰਹੇ ਭਰਾਵਾਂ ਦੇ ਸਿਵੇ ਗੱਦਾਰ ਦੇ ਪੱਥਰ ਦਿਲ ਨੂੰ ਨਹੀਂ ਪਿਘਲਾਉਂਦੇ ਅਤੇ ਨਾ ਹੀ ਸ਼ਹੀਦ ਹੋਏ ਸਾਥੀਆਂ ਦੀਆਂ ਵਿਧਵਾਵਾਂ, ਉਨ੍ਹਾਂ ਦੇ ਬੱਚਿਆਂ ਅਤੇ ਮਾਪਿਆਂ ਦੀਆਂ ਚੀਕਾਂ-ਫਰਿਆਦਾਂ ਦਾ ਉਸ ਉਤੇ ਕੋਈ ਅਸਰ ਹੁੰਦਾ ਹੈ। ਗੱਦਾਰ ਭਾਵੇਂ ਕਿਸੇ ਕਿੰਨੇ ਵੀ ਉਚੇ ਖਾਨਦਾਨ ਵਿਚ ਪੈਦਾ ਕਿਉਂ ਨਾ ਹੋਇਆ ਹੋਵੇ, ਉਹ ਵੇਚਣ ਵੇਲੇ ਆਪਣੀ ਕੌਮ ਦੀ ਆਬਰੂ ਦੇ ਨਾਲ ਨਾਲ ਆਪਣੇ ਵਡੇਰਿਆਂ ਦੀਆਂ ਕੀਤੀਆਂ ਕੁਰਬਾਨੀਆਂ, ਸ਼ਹਾਦਤਾਂ ਅਤੇ ਅਣਖ ਨੂੰ ਵੀ ਨੀਲਾਮ ਕਰ ਦਿੰਦਾ ਹੈ।

ਪਿਛਲੇ ਸਮੇਂ ਵਿਚ ਸਿੱਖ ਕੌਮ ਨੇ ਬਿਪਰਵਾਦੀ ਗਲਬੇ ਤੋਂ ਨਿਜਾਤ ਪਾਉਣ ਵਾਸਤੇ ਲਹੂ-ਵੀਟਵੀਂ ਜੰਗ ਲੜੀ। ਸਿੱਖ ਗੱਭਰੂਆਂ ਦੇ ਪੂਰਾਂ ਦੇ ਪੂਰ ਇਸ ਅਣਕਿਆਸੀ ਜੰਗ ਵਿਚ ਆਪਣੇ ਸਰੀਰਾਂ ਦੇ ਠੀਕਰੇ ਦਿੱਲੀ ਸਰਕਾਰ ਵਿਰੁਧ ਲੜਦੇ ਹੋਏ ਭੰਨ ਗਏ। ਖਾੜਕੂ ਲਹਿਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਭਾਈ ਫੌਜਾ ਸਿੰਘ, ਬਾਬਾ ਠਾਰਾ ਸਿੰਘ, ਭਾਈ ਅਮਰੀਕ ਸਿੰਘ, ਭਾਈ ਸੁਖਦੇਵ ਸਿੰਘ ਬੱਬਰ, ਭਾਈ ਅਨੋਖ ਸਿੰਘ ਬੱਬਰ, ਭਾਈ ਗੁਰਜੰਟ ਸਿੰਘ ਬੁੱਧ ਸਿੰਘਵਾਲਾ, ਭਾਈ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਕਾਉਂਕੇ ਇਤਿਆਦ ਹਜ਼ਾਰਾਂ ਸੂਰਬੀਰ ਪੰਜਾਂ ਪਾਣੀਆਂ ਦੀ ਧਰਤੀ ਤੋਂ ਕੁਰਬਾਨ ਕਰ ਦਿੱਤੇ।

ਇਹ ਗੱਲ ਵੱਖਰੀ ਹੈ ਕਿ ਖਾੜਕੂ ਸਿੰਘਾਂ ਦੀ ਵਿੱਢੀ ਜੰਗ ਕੁਝ ਕਾਰਨਾਂ ਕਰਕੇ ਸਿਰੇ ਨਹੀਂ ਚੜ੍ਹ ਸਕੀ। ਦਰਅਸਲ ਜਦੋਂ ਕਿਸੇ ਸਰਕਾਰੀ ਤੰਤਰ ਵਿਰੁਧ ਕੋਈ ਹਥਿਆਰਬੰਦ ਬਗਾਵਤ ਜਨਮ ਲੈਂਦੀ ਹੈ ਤਾਂ ਸਰਕਾਰਾਂ ਉਸ ਨੂੰ ਦਬਾਉਣ ਅਤੇ ਖਤਮ ਕਰਨ ਲਈ ਹਰ ਹਰਬਾ ਵਰਤਦੀਆਂ ਹਨ। ਇਹ ਹਰਬੇ ਸਿੱਖ ਖਾੜਕੂ ਲਹਿਰ ਨੂੰ ਖਤਮ ਕਰਨ ਲਈ ਵੀ ਵਰਤੇ ਗਏ। ਇਹ ਹਰਬੇ ਇਸ ਤੋਂ ਪਹਿਲਾਂ ਪੰਜਾਬ ਦੀ ਨਕਸਲੀ ਲਹਿਰ ਨੂੰ ਖਤਮ ਕਰਨ ਲਈ ਵਰਤੇ ਗਏ ਅਤੇ ਹੁਣ ਕੁਦਰਤੀ ਵਸੀਲਿਆਂ ਦੀ ਲੁੱਟ ਵਿਰੁਧ ਉਠੀ ਮਾਓਵਾਦੀ ਲਹਿਰ ਦੇ ਯੋਧਿਆਂ ਨੂੰ ਖਤਮ ਕਰਨ ਲਈ ਵਰਤੇ ਜਾ ਰਹੇ ਹਨ। ਇਨ੍ਹਾਂ ਹਰਬਿਆਂ ਵਿਚ ਬਲੈਕ ਕੈਟ ਵਰਤਾਰਾ ਅੱਜ ਜੱਗ ਜਾਹਿਰ ਹੋ ਚੁਕਾ ਹੈ।

ਖਾੜਕੂ ਸਿੱਖ ਲਹਿਰ ਬਾਰੇ ਜੇ.ਐਫ. ਰਿਬੇਰੋ, ਇਜ਼ਹਾਰ ਆਲਮ ਅਤੇ ਵਿਰਕ ਵਰਗੇ ਪੁਲਿਸ ਅਫਸਰਾਂ ਦੇ ਆਪਣੇ ਮੂੰਹੋਂ ਦਿੱਤੇ ਬਿਆਨ ਇਸ ਵਰਤਾਰੇ ਦਾ ਪ੍ਰਤੱਖ ਪ੍ਰਮਾਣ ਹਨ। ਸੁੱਖੀ ਵਰਗੇ ਚਿੱਟ ਕੱਪੜੀਏ ਕਾਲੇ ਕੈਟਾਂ ਨੂੰ ਸਿੱਖ ਸੰਗਤਾਂ ਭਲੀਭਾਂਤ ਪਛਾਣਦੀਆਂ ਹਨ। ਭਾਰਤੀ ਸੁਰੱਖਿਆ ਏਜੰਸੀ ਰਾਅ ਦੇ ਸਾਬਕਾ ਮੁਖੀ ਬੀ ਕੇ ਧਰ ਦੀ ਲਿਖੀ ਪੁਸਤਕ 'ਓਪਨ ਸਿਕਰੇਟ' (ਖੁੱਲ੍ਹੇ ਭੇਦ) ਅਤੇ 'ਕੌੜੀ ਫਸਲ' ਨਾਵਲ ਸਿੱਖ ਲਹਿਰ ਵਿਚ ਪਨਪੇ ਡੋਗਰਾਵਾਦੀਆਂ ਵੱਲ ਕਾਫੀ ਇਸ਼ਾਰੇ ਕਰਦੇ ਹਨ ਪਰ ਕਈ ਡੋਗਰੇ ਆਪਣੇ ਅਸਰ-ਰਸੂਖ, ਪੈਸੇ ਅਤੇ ਸਿੱਖ ਕੌਮ ਵਿਚ ਬਣ ਚੁਕੇ ਆਪਣੇ ਪ੍ਰਭਾਵ ਕਰਕੇ ਸਿੱਖ ਕੌਮ ਦਾ ਵਿਹੜਾ ਮੋਕਲਾ ਕਰਨ ਦਾ ਅਜੇ ਵੀ ਨਾਮ ਨਹੀਂ ਲੈ ਰਹੇ।

ਅਜਿਹੇ ਹੀ ਇਕ ਉਚੇ ਅਹੁਦੇ ਤੇ ਅਸਰ-ਰਸੂਖ ਵਾਲੇ ਜਥੇਦਾਰ ਦੀ ਅਸਲੀਅਤ ਅਸੀਂ ਕਾਫੀ ਸਮਾਂ ਪਹਿਲਾਂ ਜ਼ਾਹਿਰ ਕੀਤੀ ਸੀ ਪਰ ਦਮਦਮੀ ਟਕਸਾਲ, ਸਿੱਖ ਕੌਮ ਵਿਚ ਕਿਸੇ ਸਮੇਂ ਆਪਣੇ ਸਤਿਕਾਰਤ ਅਹੁਦੇ ਕਰਕੇ ਅਤੇ ਸਿੱਖ ਪੰਥ ਦੀ ਬਹੁਤ ਹੀ ਮਾਣਯੋਗ ਸ਼ਹੀਦ ਹਸਤੀ ਦਾ ਨਜ਼ਦੀਕੀ ਹੋਣ ਕਰਕੇ ਸਾਡੇ ਕਈ ਟਕਸਾਲੀ ਮਿੱਤਰ ਇਸ ਜਥੇਦਾਰ ਦੀ ਅਸਲੀਅਤ ਵਲੋਂ ਅਜੇ ਵੀ ਅੱਖਾਂ ਮੀਟੀ ਰੱਖਦੇ ਹਨ। ਸਾਨੂੰ ਭਰੋਸੇਯੋਗ ਸੂਤਰਾਂ ਤੋਂ ਇਸ ਜਥੇਦਾਰ ਦੀ ਕਈ ਅਹਿਮ ਸਿੱਖ ਖਾੜਕੂ ਆਗੂਆਂ ਨੂੰ ਮਰਵਾਉਣ ਅਤੇ ਫੜਾਉਣ ਵਿਚ ਨਿਭਾਈ ਗਈ ਭੂਮਿਕਾ ਬਾਰੇ ਵੀ ਗਿਆਨ ਹੋ ਚੁਕਾ ਹੈ।

ਮੇਰੀਆਂ ਲਿਖਤਾਂ ਦੇ ਪ੍ਰਕਾਸ਼ਕ ਮਿੱਤਰ ਅਤੇ ਦਮਦਮੀ ਟਕਸਾਲ ਦੇ ਸਿੰਘ ਨਾਲ ਮੇਰੀ ਗਾਹੇ-ਬਗਾਹੇ ਗੱਲਬਾਤ ਹੁੰਦੀ ਰਹੀ ਹੈ ਪਰ ਸਾਰੇ ਜਣੇ ਸਭ ਕੁਝ ਜਾਣਦੇ ਹੋਏ ਵੀ ਬਿੱਲੀ ਮੂਹਰੇ ਕਬੂਤਰ ਦੇ ਅੱਖਾਂ ਮੀਟਣ ਵਾਂਗ 'ਸਭ ਅੱਛਾ ਹੈ' ਦੀ ਰੱਟ ਲਗਾ ਦਿੰਦੇ ਹਨ। ਥੋੜ੍ਹੇ ਦਿਨ ਪਹਿਲਾਂ ਮੇਰੀਆਂ ਕਿਤਾਬਾਂ ਦੇ ਇਸ ਪ੍ਰਕਾਸ਼ਕ ਵੀਰ ਨੂੰ ਪੰਜਾਬ ਪੁਲਿਸ ਨੇ ਧਿੰਗੋਜੋਰੀ ਕਿਸੇ ਕੇਸ ਵਿਚ ਭਾਈ ਨਰੈਣ ਸਿੰਘ ਚੌੜੇ ਅਤੇ ਭਾਈ ਪਾਲਾ ਸਿੰਘ ਫਰਾਂਸ ਨਾਲ ਜੋੜਦਿਆਂ ਹੋਇਆਂ ਚੁੱਕ ਲਿਆ। ਵਿਚਾਰਾ ਪ੍ਰਕਾਸ਼ਕ ਵੀਰ ਤਾਂ ਬਿੱਲੀ ਦੇ ਸੋਟੀ ਮਾਰਨ ਜੋਗਾ ਵੀ ਨਹੀਂ-ਨਿਹਾਇਤ ਸ਼ਰੀਫ ਤੇ ਨਰਮ ਸੁਭਾਅ ਦਾ ਬੰਦਾ। ਦਮਦਮੀ ਟਕਸਾਲ ਦੇ ਕੁਝ ਪ੍ਰਤਿਸ਼ਠਿਤ ਅਤੇ ਅਸਰ-ਰਸੂਖ ਵਾਲੇ ਸਿੰਘਾਂ ਦੀ ਸਿਫਾਰਸ਼ ਅਤੇ ਭਿੰਡਰਾਂਵਾਲੇ ਸਿੱਖ ਯੂਥ ਫੈਡਰੇਸ਼ਨ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲੇ ਦੀ ਭੱਜ-ਦੌੜ ਸਦਕਾ ਪੁਲਿਸ ਨੇ ਇਕ ਵਾਰ ਇਸ ਪ੍ਰਕਾਸ਼ਕ ਭਾਈ ਨੂੰ ਛੱਡ ਵੀ ਦਿੱਤਾ।

ਪ੍ਰਕਾਸ਼ਕ ਭਾਈ ਸਾਹਿਬ ਨੇ ਗਲਤੀ ਨਾਲ ਕਿਤੇ ਇਸ ਜਥੇਦਾਰ ਸਾਹਿਬ ਨੂੰ ਫੋਨ ਕਰ ਲਿਆ ਅਤੇ ਫਤਿਹ ਬੁਲਾਉਣ ਪਿਛੋਂ ਆਪਣੀ ਰਿਹਾਈ ਦੀ ਖਬਰ ਦੱਸੀ। ਅੱਗੋਂ ਜਵਾਬ ਮਿਲਿਆ, "ਤੂੰ ਜਲਦੀ ਨਾਲ ਸਵੇਰੇ ਤੜਕੇ ਮੈਨੂੰ ਜਲੰਧਰ ਆ ਕੇ ਮਿਲ, ਜ਼ਰੂਰੀ ਗੱਲ ਕਰਨੀ ਹੈ। ਹਾਂ, ਨਾਲ ਕਿਸੇ ਨੂੰ ਨਾ ਲਿਆਵੀਂ ਅਤੇ ਇਕੱਲਾ ਆਵੀਂ," ਜਥੇਦਾਰ ਨੇ ਜ਼ਰੂਰੀ ਤਾਕੀਦ ਕੀਤੀ।

ਪ੍ਰਕਾਸ਼ਕ ਭਾਈ ਨੇ ਸੱਤ ਬਚਨ ਆਖਦਿਆਂ ਫੋਨ ਕੱਟ ਦਿੱਤਾ।

ਦੂਸਰੇ ਦਿਨ ਇਹ ਪ੍ਰਕਾਸ਼ਕ ਵੀਰ ਆਪਣੇ ਇਕ ਹੋਰ ਜਾਣੂ ਨੂੰ ਨਾਲ ਲੈ ਕੇ ਪਹਿਲੀ ਬੱਸੇ ਜਲੰਧਰ ਜਾ ਪਹੁੰਚਾ। ਹੋਇਆ ਉਹ ਜਿਹੜਾ ਕਦੇ ਕਿਸੇ ਨੇ ਕਿਆਸਿਆ ਵੀ ਨਹੀਂ ਸੀ। ਸਿੰਘ ਸਾਹਿਬ ਜੀ ਪ੍ਰਕਾਸ਼ਕ ਵੀਰ ਨੂੰ ਆਪਣੀ ਗੱਡੀ 'ਚ ਬਿਠਾ ਕੇ ਸਿੱਧਾ ਇਕ ਵੱਡੇ ਪੁਲਿਸ ਅਫਸਰ ਦੇ ਘਰ ਜਾ ਉਤਰੇ ਜਿਥੇ ਪਹਿਲਾਂ ਹੀ ਕਈ ਪੁਲਿਸ ਅਫਸਰ ਪ੍ਰਕਾਸ਼ਕ ਵੀਰ ਦੇ ਸਵਾਗਤ ਲਈ ਹਾਜ਼ਰ ਸਨ। ਪੁਲਿਸ ਵਾਲਿਆਂ ਜੋ ਜੋ ਪੁਛਿਆ ਵਿਚਾਰੇ ਪ੍ਰਕਾਸ਼ਕ ਨੇ ਸਭ ਕੁਝ ਸੱਚੋ ਸੱਚ ਦੱਸ ਦਿੱਤਾ। ਅੰਮ੍ਰਿਤਧਾਰੀ ਗੁਰਸਿੱਖ ਪ੍ਰਕਾਸ਼ਕ ਵੀਰ ਨੂੰ ਪੁਲਿਸ ਅਫਸਰਾਂ ਨੇ ਭੁੰਜੇ ਬਿਠਾਉਂਦਿਆਂ ਕਿਰਪਾਨ ਲਾਹ ਦੇਣ ਦਾ ਹੁਕਮ ਦਿੱਤਾ। ਡੌਰ-ਭੌਰ ਹੋਏ ਪ੍ਰਕਾਸ਼ਕ ਭਾਈ ਨੇ ਬਘਿਆੜਾਂ ਵਿਚ ਫਸੀ ਬੱਕਰੀ ਵਾਂਗ ਰਹਿਮ ਦੀ ਆਸ ਨਾਲ ਸਿੰਘ ਸਾਹਿਬ ਵੱਲ ਵੇਖਿਆ। ਇਸ ਤੱਕਣੀ ਵਿਚ ਰਹਿਮ ਦੀ ਅਪੀਲ ਦੇ ਨਾਲ ਨਾਲ ਬਹੁਤੀ ਵੀ ਰਲੀ ਹੋਈ ਸੀ।

"ਲਾਹ ਦੇਹ ਓਇ ਗਾਤਰਾ-ਗੁਤਰਾ ਜਿਹਾ, ਜਿਮੇ ਤੇਰੇ ਇਹ ਪਿਓ ਕਹਿੰਦੇ ਐ ਉਮੇ ਕਰੀ ਜਾਹ," ਸਿੰਘ ਸਾਹਿਬ ਗਰਜੇ।

ਉਹ ਨਾਲੋ ਨਾਲ ਨਮਕੀਨ ਕਾਜੂ ਵੀ ਛਕੀ ਜਾ ਰਹੇ ਸਨ। ਜਦੋਂਕਿ ਭੁੱਖਣ ਭਾਣਾ ਪ੍ਰਕਾਸ਼ਕ ਵੀਰ ਆਪਣੀ ਕਿਸਮਤ ਨੂੰ ਕੋਸ ਰਿਹਾ ਸੀ। "ਇਸ ਸਿੰਘ ਨੂੰ ਸੰਥਿਆ ਕਰਵਾ ਦਿਓ, ਇਸ ਦੀ ਸੰਥਿਆ ਹੋਣ ਵਾਲੀ ਹੈ," ਕਹਿੰਦਿਆਂ ਜਥੇਦਾਰ ਜੀ ਪੁਲਿਸ ਵਾਲਿਆਂ ਕੋਲ ਵਿਚਾਰੇ ਗਰੀਬ ਪ੍ਰਕਾਸ਼ਕ ਨੂੰ ਛੱਡ ਕੇ ਰਫੂਚੱਕਰ ਹੋ ਗਏ। ਜਦੋਂ ਥਰ ਥਰ ਕੰਬਦੇ ਪ੍ਰਕਾਸ਼ਕ ਵੀਰ ਨੇ ਪੁਲਿਸ ਵਾਲਿਆਂ ਕੋਲ ਰਹਿਮ ਦਾ ਤਰਲਾ ਪਾਇਆ ਤਾਂ ਜਵਾਬ ਸੀ, "ਕਾਕਾ, ਅਸੀਂ ਕਿਹੜਾ ਤੈਨੂੰ ਆਪ ਫੜ ਕੇ ਲਿਆਏ ਹਾਂ, ਤੁਹਾਡਾ ਬਾਬਾ ਹੀ ਫੜ੍ਹਾ ਕੇ ਗਿਐ।"

ਇਸ ਤੋਂ ਬਾਅਦ ਪੰਜਾਬ ਪੁਲਿਸ ਦੇ ਵੱਡੇ ਢਿੱਡਾਂ ਵਾਲੇ ਅੰਕਲਾਂ ਨੇ ਜਿਹੜੀ ਸੰਥਿਆ ਵਿਚਾਰੇ ਪ੍ਰਕਾਸ਼ਕ ਵੀਰ ਨੂੰ ਦਿੱਤੀ ਹੋਣੀ ਐ, ਉਹ ਆਪਣੇ ਤੋਂ ਕਿਸੇ ਤੋਂ ਭੁੱਲੀ ਨਹੀਂ। ਚਲੋ, ਖੈਰ! ਇਹ ਤਾਂ ਸੀ ਮੇਰੇ ਪ੍ਰਕਾਸ਼ਕ ਵੀਰ ਦੀ ਕਹਾਣੀ। ਅਜਿਹੀਆਂ ਹੋਰ ਹਜ਼ਾਰਾਂ ਕਹਾਣੀਆਂ ਅਣਕਹੀਆਂ ਹੀ ਪਈਆਂ ਹੋਣਗੀਆਂ, ਉਹ ਫੇਰ ਸਹੀ। ਪਰ ਪ੍ਰਭੂ ਚਰਨਾਂ ਅੱਗੇ ਅਰਦਾਸ ਹੈ ਕਿ ਉਪਰੋਕਤ ਜਥੇਦਾਰ ਵਰਗੇ 'ਸਿੰਘ ਸਾਹਿਬਾਂ' ਤੋਂ ਸਿੱਖ ਪੰਥ ਦਾ ਖਹਿੜਾ ਜ਼ਰੂਰ ਛੁਡਾ ਦੇਵੀਂ। ਮੇਰੀ ਇਕ ਗਜ਼ਲ ਦਾ ਸ਼ੇਅਰ ਅਰਜ਼ ਹੈ:

ਮੌਸਮ ਚਲੇ ਗਏ, ਕੁਝ ਰੰਗ ਬਦਲਾਏ ਗਏ,<br>
ਦਿਲਾਂ ਬਦਲੇ ਦਰਦ ਕੁਝ ਇਸ ਤਰ੍ਹਾਂ ਵਟਾਏ ਗਏ।<br>
ਹੋਰ ਕੁਝ ਨਾ ਬਚਿਆ, ਖਿੰਡਿਆ ਜਦ ਕਾਫਲਾ,<br>
ਦੋਹਾਂ ਧਿਰਾਂ ਵਿਚੋਂ ਕੁਝ ਆਦਮੀ ਪਰਤਿਆਏ ਗਏ।

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*
*ਫੋਨ:91-98141-78883

# ਦੋਗਾਣਾ ਗਾਇਕੀ ਨੂੰ ਭੁਪਿੰਦਰ-ਨੀਲਮ ਦੀ ਨਵੀਂ ਜੋੜੀ ਦੀ ਲੋੜ

ਬੰਦੇ ਦਾ ਦਿਮਾਗ ਕਿਹੜੇ ਵੇਲੇ ਕਿੱਧਰਲਾ ਮੋੜ ਕੱਟ ਲਵੇ, ਕੋਈ ਨਹੀਂ ਜਾਣਦਾ। ਕਈ ਵਾਰ ਦਿਮਾਗ ਨੂੰ ਪਤਾ ਹੀ ਨਹੀਂ ਲੱਗਦਾ ਕਿ ਮੈਂ ਕੀ ਕਰੀ ਜਾ ਰਿਹਾਂ। ਏਹੀ ਉਦਾਹਰਣ ਕੁਝ ਵਰ੍ਹੇ ਪਹਿਲਾਂ ਸਾਹਮਣੇ ਆਈ ਸੀ। ਸਾਫ-ਸੁਥਰੇ ਦੋਗਾਣਿਆਂ ਦੀ ਚਰਚਿਤ ਜੋੜੀ ਨੇ ਪਤਾ ਨਹੀਂ ਕਿਉਂ ਸਿਰੇ ਦਾ ਬੇਹੂਦਾ ਗੀਤ ਗਾ ਛੱਡਿਆ। ਸਿੱਟੇ ਵਜੋਂ ਲੋਕ ਉਨ੍ਹਾਂ 'ਤੇ ਥੂਹ-ਥੂਹ ਕਰਨ ਲੱਗ ਗਏ। ਇਕ ਕਾਨਫਰੰਸ ਦੌਰਾਨ ਜੋੜੀ ਨੂੰ ਪੱਤਰਕਾਰਾਂ ਨੇ ਘੇਰ ਲਿਆ। ਪੁੱਛਿਆ, 'ਚੰਗੇ ਭਲੇ ਵਧੀਆ ਗੀਤ ਗਾਉਂਦਿਆਂ ਇਹੋ ਜਿਹਾ ਲੰਡਾ ਜਿਹਾ ਗੀਤ ਗਾਉਣ ਦੀ ਕੀ ਆਫਤ ਆ ਗਈ ਸੀ? ਕੇਹਾ ਰਿਹਾ ਇਹ ਤਜਰਬਾ?

ਗਵੱਈਏ ਨੇ ਜਵਾਬ ਦਿੱਤਾ, 'ਪਤਾ ਨਹੀਂ ਸਾਡੇ ਦਿਮਾਗ ਨੂੰ ਕੀ ਹੋ ਗਿਆ, ਇਹ ਗਾਉਂਦਿਆਂ ਸਾਨੂੰ ਚੇਤਾ ਹੀ ਨਹੀਂ ਰਿਹਾ ਕਿ ਲੋਕ ਸਾਡੇ ਪਰਿਵਾਰਕ ਗੀਤਾਂ ਨੂੰ ਪਸੰਦ ਕਰਦੇ ਨੇ, ਮਾਫੀ ਚਾਹੁੰਦੇ ਹਾਂ।' ਦੂਜੇ ਜਵਾਬ 'ਚ ਕਿਹਾ, 'ਇਹ ਗਾ ਕੇ ਏਦਾਂ ਲੱਗ ਰਿਹੈ ਜਿਵੇਂ ਮੈਂ ਪੰਜ ਤਾਰਾ ਹੋਟਲ ਤੋਂ ਸਿੱਧਾ ਭਟੂਰਿਆਂ ਵਾਲੀ ਰੇਹੜੀ 'ਤੇ ਆ ਡਿੱਗਿਆ ਹੋਵਾਂ...ਜਦੋਂ ਚੰਗਾ ਗਾਉਂਦੇ ਸੀ, ਉਦੋਂ ਸਰੋਤਿਆਂ ਦਾ ਪਿਆਰ 'ਫਾਈਵ ਸਟਾਰ' ਵਰਗੀ ਫੀਲਿੰਗ ਦਿੰਦਾ ਸੀ ਪਰ ਹੁਣ ਜਦ ਖੜਦਿਮਾਗ ਸਰੋਤਿਆਂ ਨਾਲ ਵਾਹ ਪੈਂਦੈ ਤਾਂ ਰੇਹੜੀ ਵਾਲੀ ਫੀਲਿੰਗ ਆਉਂਦੀ ਏ।'

ਇਹ ਤਾਂ ਹੋਈ ਉਸ ਦੋਗਾਣਾ ਜੋੜੀ ਦੀ ਗੱਲ ਜੀਹਨੂੰ ਪਤਾ ਨਹੀਂ ਲੱਗਾ ਕਿ ਅਸੀਂ ਕੀ ਗਾ ਰਹੇ ਹਾਂ ਪਰ ਇਹ ਗੱਲ ਵੀ ਲੁਕੀ-ਛੁਪੀ ਨਹੀਂ ਕਿ ਪਿਛਲੇ ਚਾਰ-ਪੰਜ ਸਾਲਾਂ ਤੋਂ ਦੋਗਾਣਿਆਂ ਦੀ ਜਿਹੜੀ 'ਨ੍ਹੇਰੀ ਵਗ ਰਹੀ ਏ, ਇਹਨੇ ਚੰਗਿਆਂ-ਚੰਗਿਆਂ ਦੀ ਪ੍ਰਸਿੱਧੀ ਦੇ ਤੰਬੂ ਪੱਟ ਸੁੱਟੇ ਨੇ। ਦੋਗਾਣਿਆਂ ਦੇ ਨਾਂ 'ਤੇ ਕੁੱਤੇ ਭਕਾਈ ਦੀ ਜਿਹੜੀ ਰੀਤ ਤੁਰੀ ਏ, ਇਹਨੂੰ ਰੋਕ ਸਕਣਾ ਸੌਖਾ ਨਹੀਂ। ਨਤੀਜੇ ਵਜੋਂ ਅੱਜ ਦੋਗਾਣਾ ਗਾਇਕੀ ਮੁੜ ਉਸ ਟੋਏ 'ਚ ਡਿੱਗ ਰਹੀ ਏ ਜਿਸ 'ਚੋਂ ਇਹਨੂੰ ਕੱਢਣ ਲਈ ਵਾਹਵਾ ਵਕਤ ਲੱਗਾ ਸੀ।

ਪੰਜਵੀਂ ਕਲਾਸ ਤੋਂ ਬੀ.ਏ. ਤੱਕ ਦਾ ਜ਼ਿਕਰ ਦੋਗਾਣਿਆਂ 'ਚ ਹੋ ਚੁੱਕਿਐ, ਆਈਲੈਟਸ ਦੀ ਵਿਉਂਤਬੰਦੀ ਤੋਂ ਜਹਾਜ਼ ਚੜ੍ਹਨ ਦੀ ਗੱਲ ਦੋਗਾਣੇ ਕਰ ਚੁੱਕੇ ਨੇ, ਮੋਬਾਈਲ ਤੋਂ ਲੈਪਟਾਪ ਤੱਕ ਦੋਗਾਣਿਆਂ ਦੇ ਵਿਸ਼ੇ ਬਣ ਚੁੱਕੇ ਨੇ ਤੇ ਚੁਬਾਰਿਆਂ ਤੋਂ ਮੋਟਰਾਂ ਤੱਕ ਦਾ ਜ਼ਿਕਰ ਵਾਰ-ਵਾਰ ਕੀਤਾ ਗਿਐ। ਦੋਗਾਣਿਆਂ ਬਾਰੇ ਲੋਕ ਰਾਇ ਬਣਨ ਲੱਗੀ ਏ ਕਿ ਪਹਿਲਾਂ ਇੱਕ ਜਣਾ ਬੇਸ਼ਰਮੀਆਂ ਮਾਰਦਾ ਸੀ, ਹੁਣ ਦੋ-ਦੋ ਜਣੇ ਰਲ ਕੇ।

ਭਾਵੇਂ ਪੰਜਾਬ ਦੀਆਂ ਪੰਜ-ਸੱਤ ਜੋੜੀਆਂ



*ਨੀਲਮ ਅਤੇ ਭੁਪਿੰਦਰ ਗਿੱਲ*

ਨੂੰ ਦੋਗਾਣਿਆਂ 'ਚ 'ਕਾਮਯਾਬ' ਮੰਨਿਆ ਜਾਂਦੈ ਪਰ ਹਾਲੇ ਤੱਕ ਕੋਈ ਜੋੜੀ ਮੁਹੰਮਦ ਸਦੀਕ ਦਾ ਬਦਲ ਬਣਦੀ ਨਹੀਂ ਦਿਸਦੀ। ਨਵੇਂ ਗਵੱਈਆਂ ਦੀਆਂ ਧੌਣਾਂ 'ਚ 'ਚਰਚਿਤ' ਹੋਣ ਦਾ ਕੀਲਾ ਫਸਿਆ ਹੋਇਐ ਤੇ ਇਨ੍ਹਾਂ ਦਾ ਗਰੂਰ ਗੀਤਾਂ ਦੇ ਵਿਸ਼ਿਆਂ ਨੂੰ ਹੋਰ ਕਰੂਰ ਬਣਾਉਂਦਾ ਜਾ ਰਿਹੈ। ਜਦੋਂ ਭੁਪਿੰਦਰ ਗਿੱਲ ਤੇ ਮਿਸ ਨੀਲਮ ਦੀ ਤੜੱਕ ਹੋਈ ਤਾਂ ਡਾਢਾ ਦੁੱਖ ਹੋਇਆ ਸੀ। ਨਾਲ ਹੀ ਇਹ ਵੀ ਸੋਚਿਆ ਸੀ ਕਿ ਇਨ੍ਹਾਂ ਦੇ ਆਊਟ ਹੋਣ ਪਿੱਛੋਂ ਘੱਟੋ-ਘੱਟ ਇੱਕ ਜੋੜੀ ਤਾਂ ਅਜਿਹੀ ਨਿੱਤਰੇਗੀ, ਜਿਹੜੀ ਇਨ੍ਹਾਂ ਦੀ ਥਾਂ ਮੱਲ ਲਵੇਗੀ। ਦੋ ਸਾਲ ਹੋਣ ਵਾਲੇ ਨੇ ਪਰ ਹਾਲੇ ਤੱਕ ਨਾ ਕੋਈ ਭੁਪਿੰਦਰ ਬਣਦਾ ਦਿਸ ਰਿਹੈ ਤੇ ਨਾ ਕੋਈ ਕੁੜੀ ਨੀਲਮ ਦੀ ਥਾਂ ਲੈਂਦੀ ਦਿਖਾਈ ਦਿੰਦੀ ਹੈ।

ਜਦੋਂ ਭੁਪਿੰਦਰ-ਨੀਲਮ ਨੇ 'ਕੱਠਿਆਂ ਗਾਉਣਾ ਸ਼ੁਰੂ ਕੀਤਾ ਤਾਂ ਸ਼ੁਕਰ ਮਨਾਇਆ ਜਾਣ ਲੱਗਾ ਕਿ ਇਹ ਜੋੜੀ ਸਦੀਕ ਦੀ ਪੈੜ 'ਚ ਪੈਰ ਧਰਨ ਵਾਲੀ ਹੈ। ਨਵੇਂ ਪੋਚ ਦੀਆਂ ਜੋੜੀਆਂ ਨੂੰ ਜੇ 'ਦਿਓਰ ਤੇਰੇ ਦੇ ਘਰ ਨੀਂ ਜੇ ਛਣਛਣ ਹੋਜੇ' ਗੀਤ ਗਾਉਣ ਲਈ ਕਿਹਾ ਜਾਵੇ ਤਾਂ ਉਹ 'ਦਿਓਰ' ਦੀ ਥਾਂ 'ਯਾਰ' ਕਰਨ ਲੱਗਿਆਂ ਮਿੰਟ ਲਾਉਣਗੀਆਂ ਕਿਉਂਕਿ ਉਨ੍ਹਾਂ ਨੂੰ 'ਯਾਰ' ਜ਼ਿਆਦਾ ਕੈਚੀ ਲੱਗਦੈ। ਅੱਜ ਜਦੋਂ ਦੁਨੀਆਂ ਚੰਦ 'ਤੇ ਘਰ ਬਣਾਉਣ ਦੀਆਂ ਜੁਗਤਾਂ ਲੜਾ ਰਹੀ ਹੈ ਤਾਂ 'ਪੁਰੀ' ਮਾਰਕਾ ਗੀਤਾਂ ਵਿਚ 'ਤੂੰ ਕਿੱਕ ਬੁਲਟ ਦੀ ਮਾਰ, ਜਾਨ ਨੂੰ ਲੈ ਜਾ ਮਗਰ ਬਿਠਾ ਕੇ' ਗੀਤ ਕੰਨੀਂ ਪੈਣੋਂ ਨਹੀਂ ਹਟਦੇ।

ਹੁਣ ਭੁਪਿੰਦਰ ਦਾ ਨੀਲਮ ਨਾਲ ਸਮਝੌਤਾ ਹੋ ਚੁੱਕੈ ਤੇ ਉਹ ਇੱਕ ਹੋਰ ਨਵੀਂ ਕੁੜੀ ਪੰਮੀ ਢਿੱਲੋਂ ਨਾਲ ਗਾਇਕੀ ਦੀਆਂ ਪੌੜੀਆਂ ਚੜ੍ਹਨ ਦੀ ਕੋਸ਼ਿਸ਼ 'ਚ ਜੁਟ ਗਿਐ। ਉਹਨੇ ਨਵੀਂ ਕੈਸਿਟ ਸਚਿਨ ਆਹੂਜਾ ਦੇ ਸੰਗੀਤ 'ਚ ਕੀਤੀ ਹੈ ਤੇ ਦੇਖਣਾ ਇਹ ਹੈ ਕਿ 'ਪੁਆਇੰਟ ਜ਼ੀਰੋ' ਦੇ ਬੈਨਰ ਹੇਠ ਉਹ ਪਹਿਲਾਂ ਵਾਲੀ ਮੱਲ ਮਾਰਨ 'ਚ ਸਫਲ ਹੁੰਦਾ ਹੈ ਜਾਂ ਨਹੀਂ।


ਚਲੰਤ ਦੋਗਾਣਾ ਗਾਇਕਾਂ ਦੀ ਸੋਚ ਦਾ ਕਮਾਲ ਦੇਖੋ, ਇਨ੍ਹਾਂ ਵੱਖ-ਵੱਖ ਕੰਪਨੀਆਂ ਦੇ ਟਰੈਕਟਰਾਂ, ਮੋਟਰ ਸਾਈਕਲਾਂ ਤੇ ਮੋਬਾਈਲਾਂ ਦੀ ਐਡ ਪੱਲਿਓਂ ਪੈਸੇ ਖਰਚ ਕੇ ਕੀਤੀ। ਕੋਈ 'ਉਨਾਹਟ ਗਿਆਰਾਂ' ਦੇ ਗੁਣ ਗਾ ਰਿਹੈ, ਕੋਈ 'ਫੋਰਡ' ਦਾ ਜ਼ਿਕਰ ਵਾਰ-ਵਾਰ ਕਰ ਰਿਹੈ। ਕੋਈ 'ਬੁਲਟ' ਦੀ ਗੱਲ ਕਰੀ ਜਾਂਦੈ ਤੇ ਕੋਈ 'ਹੀਰੋ ਹਾਂਡਾ' ਦੀ। ਕਿਸੇ ਨੂੰ 'ਨੋਕੀਆ' ਕੰਪਨੀ ਚੰਗੀ ਲੱਗਦੀ ਐ ਤੇ ਕਿਸੇ ਨੂੰ 'ਸੈਮਸੰਗ'। ਕੰਪਨੀਆਂ ਦੇ ਨਾਂਵਾਂ ਨੂੰ ਗੀਤਾਂ ਨਾਲ ਜੋੜ ਕੇ ਤੇ ਗੀਤਾਂ ਨੂੰ ਨਿੱਜ ਨਾਲ ਜੋੜ ਜਿਹੜੀ ਖੇਡ ਖੇਡੀ ਜਾ ਰਹੀ ਹੈ ਉਹ ਕਿਸੇ ਨੂੰ ਤਨ-ਪੱਤਣ ਨਹੀਂ ਲਾ ਰਹੀ।

ਭਾਵੇਂ ਸੋਲੋ ਗਾਇਕੀ ਵੀ ਘੱਟ ਅਰਥਹੀਣ ਨਹੀਂ ਪਰ ਦੋਗਾਣਿਆਂ ਨੂੰ ਕਿਉਂਕਿ ਪੇਂਡੂ ਸਰੋਤਿਆਂ ਦੀਆਂ ਭਾਵਨਾਵਾਂ ਦੇ ਹਾਣੀ ਮੰਨਿਆ ਜਾਂਦਾ ਹੈ, ਇਸ ਲਈ ਇਨ੍ਹਾਂ ਦੇ ਬੇਹੂਦੇਪਨ 'ਤੇ ਜ਼ਿਆਦਾ ਹੈਰਾਨੀ ਹੁੰਦੀ ਹੈ। ਪ੍ਰੀਤ ਬਰਾੜ ਦਾ ਗੀਤ 'ਯਾਰ ਤੇਰੇ ਨੇ ਗੱਡੀ ਲੈ ਲਈ ਟਰਿੱਪਲ ਜ਼ੀਰੋ ਵੰਨ, ਨੀਂ ਵਿਚ ਪਜੈਰੋ ਦੇ ਰੱਖ ਲਈ ਦੇਸੀ ਗੰਨ' ਦੇ ਜੇ ਅਰਥ ਕੱਢਣ ਲੱਗੀਏ ਤਾਂ ਠਨ-ਠਨ ਗੋਪਾਲ ਤੋਂ ਸਿਵਾ ਕੁਝ ਨਹੀਂ ਨਿਕਲਦਾ। ਯਾਰ ਨੇ ਗੱਡੀ ਹੱਦ ਦਰਜੇ ਦੀ ਮਹਿੰਗੀ ਲੈ ਲਈ ਪਰ ਉਸ ਵਿਚ ਰੱਖੀ ਫਿਰ ਵੀ ਦੇਸੀ ਗੰਨ। ਜੇ ਗੱਡੀ ਏਨੀ ਮਹਿੰਗੀ ਲਈ ਸੀ ਤਾਂ ਉਸ ਵਿਚ ਦੇਸੀ ਗੰਨ ਦੀ ਥਾਂ ਤੋਪ ਫਿੱਟ ਕਰਵਾਉਣੀ ਸੀ ਜਾਂ ਉਸ ਵਿਚ ਮਿਜ਼ਾਈਲਾਂ ਰੱਖ ਲਈਆਂ ਜਾਂਦੀਆਂ। ਇਹ ਤਾਂ ਉਹੀ ਗੱਲ ਹੋਈ ਕਿ ਕੋਈ ਕਰੋੜ ਰੁਪਈਆ ਕੋਠੀ 'ਤੇ ਖਰਚ ਲਿਆ ਪਰ ਨਜ਼ਰਵੱਟੂ ਦੀ ਥਾਂ ਟੁੱਟਿਆ ਛਿੱਤਰ ਟੰਗ ਛੱਡਿਆ।

ਜਦੋਂ ਕਿਸੇ ਨੂੰ ਪੀ.ਜੀ. ਦੀ ਯਾਦ ਸਤਾਉਂਦੀ ਹੈ ਤਾਂ ਉਹ ਮੁਟਿਆਰ ਸਿਰ ਦੋਸ਼ ਮੜ੍ਹਨ ਲੱਗਦੈ ਕਿ ਤੂੰ ਬੇਗਾਨਾ ਪੁੱਤ ਪੱਟ ਕੇ ਏਥੇ ਡੇਰੇ ਲਾ ਲਏ ਨੇ। ਜਦੋਂ ਕਿਸੇ ਮੁਟਿਆਰ ਨੂੰ ਸ਼ਹਿਰ 'ਚ ਲਾਲ ਬੱਤੀ ਨਜ਼ਰ ਆਉਂਦੀ ਏ ਤਾਂ ਏਸੇ ਨੂੰ ਮੁੱਖ ਨਿਸ਼ਾਨੀ ਬਣਾ ਕੇ ਉਹ ਮਿੱਤਰ-ਪਿਆਰੇ ਨੂੰ ਆਖਦੀ ਏ ਕਿ ਕੱਲ੍ਹ ਨੂੰ ਮੈਨੂੰ ਏਥੋਂ ਹੀ ਚੁੱਕ ਲਵੀਂ।

ਮਿਸ ਪੂਜਾ ਬਾਰੇ ਅੱਜ ਭਾਵੇਂ ਕਿਹਾ ਜਾਂਦੈ ਕਿ ਉਹ ਆਲ੍ਹਣਾਂ ਵਰਗੀ ਬਣ ਗਈ ਏ, ਜੀਹਨੂੰ ਜਦੋਂ ਮਰਜ਼ੀ ਜੀਹਦੇ ਨਾਲ ਮਰਜ਼ੀ ਰਲਾ ਲਵੋ ਪਰ ਪਿਛਲੇ ਪੰਜ ਕੁ ਸਾਲਾਂ 'ਚ ਪੂਜਾ ਦੇ ਗ਼ਦਰ ਨਾਲ ਦੋਗਾਣਾ ਗਾਇਕੀ ਦਾ ਜਿਹੜਾ ਘਾਣ ਹੋਇਐ ਉਹਨੂੰ ਪੂਰਾ ਕਰਨ ਲਈ ਭਵਿੱਖ ਵਿਚ ਅਨੇਕਾਂ ਕੁੜੀਆਂ ਨੂੰ ਚੰਗਾ ਗਾਉਣ ਦੇ ਅਹਿਦ ਨਾਲ ਬਹੁਤ ਸਾਲ ਮਿਹਨਤ ਕਰਨੀ ਪਵੇਗੀ। ਦੋਗਾਣਾ ਗਾਇਕਾਂ ਨੇ ਕਦੇ ਇਹ ਗੱਲ ਨਹੀਂ ਵਿਚਾਰੀ ਕਿ ਅੱਜ ਪੂਜਾ ਤਾਂ ਅਮੀਰ ਹੈ ਪਰ ਉਹ ਦੇ ਨਾਲ ਗਾਉਣ ਵਾਲੇ ਨੱਬੇ ਫੀਸਦੀ 'ਗਰੀਬ' ਹੋ ਚੁੱਕੇ ਨੇ। ਪੂਜਾ ਦੀ ਉਂਗਲ ਫੜ ਤੁਰਨ ਵਾਲਿਆਂ ਦਾ ਕਹਿਣਾ ਹੈ, 'ਇਹ ਤਾਂ ਸਾਡੇ ਨਾਲ ਵੀਡੀਓ 'ਚ ਆਉਣ ਦਾ ਵੀ ਵੀਹ ਹਜ਼ਾਰ ਲੈਂਦੀ ਸੀ ਪਰ ਹੁਣ ਸਾਨੂੰ ਕੋਈ ਦਸ ਹਜ਼ਾਰ 'ਤੇ ਵੀ ਪ੍ਰੋਗਰਾਮ ਬੁੱਕ ਨਹੀਂ ਕਰਾਉਂਦਾ।'

ਸੱਚ ਹੈ ਦੋਗਾਣਾ ਗਾਇਕੀ 'ਚ ਤਜਰਬੇ ਹੁੰਦੇ ਰਹੇ ਨੇ ਤੇ ਹੁੰਦੇ ਵੀ ਰਹਿਣਗੇ ਪਰ ਜੇ ਤਜਰਬਿਆਂ ਦੇ ਨਾਂ 'ਤੇ ਕੀੜੇ ਕੱਢਣੇ ਬੰਦ ਕਰ ਦਿੱਤੇ ਜਾਣ ਤੇ ਰੋਮਾਂਟਿਕਤਾ ਨੂੰ ਚੰਗੇ ਢੰਗ ਨਾਲ ਪੇਸ਼ ਕੀਤਾ ਜਾਵੇ ਤਾਂ ਰਿਸ਼ਤਿਆਂ ਦੀ ਪਾਕੀਜ਼ਗੀ ਵੀ ਬਰਕਰਾਰ ਰਹਿ ਸਕੇਗੀ ਤੇ ਜੋੜੀਆਂ ਦੀ ਆਪਣੀ ਇੱਜ਼ਤ ਵੀ ਬਚੀ ਰਹੇਗੀ।



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

## ਮਾਹਿਲ ਗਹਿਲਾਂ ਦਾ ਮਾਣ

# ਕਬੱਡੀ ਖਿਡਾਰੀ ਸਰਬਜੀਤ ਮਾਹਲ

ਦੋਆਬੇ ਦੀ ਧਰਤੀ ਨੇ ਬੜੇ ਕਮਾਲ ਦੇ ਫੁੱਟਬਾਲ ਖਿਡਾਰੀ ਪੈਦਾ ਕੀਤੇ ਹਨ, ਖਾਸ ਕਰਕੇ ਮਾਹਿਲਪੁਰ ਦੇ ਇਲਾਕੇ ਨੇ। ਮਾਹਿਲਪੁਰ ਨੂੰ ਫੁੱਟਬਾਲ ਦਾ ਘਰ ਕਿਹਾ ਜਾਂਦੈ। ਜਿਥੋਂ ਉਲੰਪੀਅਨ ਜਰਨੈਲ ਸਿੰਘ ਪਨਾਮ, ਗੁਰਦੇਵ ਸਿੰਘ ਗਿੱਲ, ਮਨਜੀਤ ਸਿੰਘ, ਕੁਲਤਾਰ ਸਿੰਘ ਤਾਰੀ, ਸੁਖਵਿੰਦਰ ਸੁੱਖੀ ਕੋਚ, ਪੱਪੂ ਧਮਾਣੀ ਅਤੇ ਅਨੇਕਾਂ ਹੋਰ ਖਿਡਾਰੀਆਂ ਨੇ ਫੁੱਟਬਾਲ ਦੇ ਜਾਦੂਗਰ ਬਣ ਕੇ ਆਪਣੇ ਇਲਾਕੇ ਅਤੇ ਪੰਜਾਬ ਦਾ ਨਾਂ ਸਾਰੀ ਦੁਨੀਆਂ ਵਿਚ ਉਚਾ ਕੀਤੈ। ਇਸੇ ਇਲਾਕੇ ਦੀ ਮਿੱਟੀ ਦੀ ਮਹਿਕ 'ਚੋਂ ਉਪਜੇ ਪਿੰਡ ਮਾਹਿਲ ਗਹਿਲਾਂ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦੈ ਜਿਥੋਂ ਕਈ ਮਹਾਨ ਪਹਿਲਵਾਨ, ਫੁੱਟਬਾਲ, ਹਾਕੀ ਅਤੇ ਕਬੱਡੀ ਖਿਡਾਰੀ ਪੈਦਾ ਹੋਏ ਹਨ। ਪਹਿਲਵਾਨੀ ਵਿਚ ਧੰਨਾ ਸਿੰਘ ਮਾਹਲ, ਹਾਕੀ ਵਿਚ ਕੈਲੀਫੋਰਨੀਆ ਵਾਲੇ ਪਾਲ ਮਾਹਲ, ਫੁੱਟਬਾਲ 'ਚ ਰਘਵੀਰ ਸਿੰਘ ਕਾਲਾ, ਰਾਕੇਸ਼ ਕੌਸ਼ਲ ਉਰਫ ਡਾ. ਪੱਪੂ, ਤਜਿੰਦਰ ਸਿੰਘ ਬਿੰਦਾ, ਜਸਵਿੰਦਰ ਸਿੰਘ ਬਿੰਦਾ ਅਤੇ ਜਗਵਿੰਦਰ ਸਿੰਘ ਵਰਗੇ ਨੈਸ਼ਨਲ ਪੱਧਰ ਦੇ ਖਿਡਾਰੀ ਹੋਏ ਹਨ। ਸੰਦੀਪ ਕੁਮਾਰ ਲਾਲਾ ਅਤੇ ਮਿੰਟਾ-ਦੋਵੇਂ ਜੇ ਸੀ ਟੀ ਦੇ ਖਿਡਾਰੀ ਰਹਿ ਚੁਕੇ ਹਨ। ਇਨ੍ਹਾਂ ਤੋਂ ਇਲਾਵਾ ਕੈਨੇਡਾ ਵਾਲੇ ਦਰਸ਼ਨ ਮਾਹਲ ਆਪਣੇ ਸਮੇਂ ਦੇ ਤਕੜੇ ਫੁੱਟਬਾਲ ਖਿਡਾਰੀ ਰਹਿ ਚੁਕੇ ਹਨ। ਜਦੋਂ ਕਬੱਡੀ ਦੀ ਗੱਲ ਚੱਲਦੀ ਹੈ ਤਾਂ ਕੈਲੀਫੋਰਨੀਆ ਵਾਲੇ ਸਰਬਜੀਤ ਮਾਹਲ ਦਾ ਨਾਂ ਆਪਣੇ ਆਪ ਜ਼ੁਬਾਨ 'ਤੇ ਆ ਜਾਂਦੈ। ਉਹ ਸਰਬਜੀਤ ਮਾਹਲ ਜਿਸ ਨੇ ਪੰਜਾਬ ਦੀ ਧਰਤੀ 'ਤੇ ਜਨਮ ਲੈ ਕੇ ਵਿਦੇਸ਼ੀ ਧਰਤੀ 'ਤੇ ਧੁੰਮਾਂ ਪਾਈਆਂ। 1980 ਤੋਂ 2000 ਤੱਕ ਵੀਹ ਸਾਲ ਕਬੱਡੀ ਖੇਡ ਕੇ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦੀਆਂ ਗਰਾਊਂਡਾਂ ਨੂੰ ਭਾਗ ਲਾਏ।

ਗੋਰਿਆਂ ਦੀ ਧਰਤੀ 'ਤੇ ਮਾਂ ਖੇਡ ਕਬੱਡੀ ਦੀਆਂ ਪੈੜਾਂ ਪਾਉਣ ਵਾਲਾ ਸਰਬਜੀਤ ਪਿਤਾ ਗੁਰਦਾਸ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਮਾਹਿਲ ਗਹਿਲਾਂ ਵਿਚ ਜਨਮਿਆ। ਮੁਢਲੀ ਪੜ੍ਹਾਈ ਪਿੰਡੋਂ ਕਰਨ ਉਪਰੰਤ ਕਾਨੂੰਨਨ ਪੱਕੇ ਤੌਰ 'ਤੇ ਅਮਰੀਕਾ ਆਉਣ ਕਰਕੇ ਹਾਈ ਸਕੂਲ ਦੀ ਪੜ੍ਹਾਈ ਵਿਚਾਲੇ ਛੱਡਣੀ ਪਈ। ਬੇਗਾਨੀ ਧਰਤੀ 'ਤੇ ਆਉਂਦੇ ਹੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਕੈਲੀਫੋਰਨੀਆ ਦੇ ਫਾਰਮ ਵਿਚ ਕੰਮ ਸ਼ੁਰੂ ਕੀਤਾ। ਖੇਡਾਂ ਦੇ ਸ਼ੌਕ ਨੂੰ ਬਰਕਰਾਰ ਰੱਖਦੇ ਹੋਏ ਪਹਿਲਵਾਨ ਧੰਨਾ ਸਿੰਘ ਗਰੇਵਾਲ ਨਾਲ ਸੰਪਰਕ ਹੋਇਆ। ਪਹਿਲਵਾਨ ਧੰਨਾ ਸਿੰਘ, ਬਲਦੇਵ ਸਿੰਘ ਮਾਹਲ, ਜਸਵੀਰ ਮਾਹਲ ਅਤੇ ਸਰਬਜੀਤ ਮਾਹਲ-ਚਾਰਾਂ ਨੇ ਰਲ ਕੇ ਕੁਸ਼ਤੀ ਅਖਾੜਾ ਖੋਲ੍ਹਿਆ। ਸੰਨ 1980 'ਚ ਹੋਂਦ 'ਚ ਆਇਆ ਇਹ ਅਖਾੜਾ ਅਮਰੀਕਾ ਦੀ ਧਰਤੀ 'ਤੇ ਸਭ ਤੋਂ ਪਹਿਲਾ ਦੇਸੀ ਅਖਾੜਾ ਸੀ। ਆਲਮਗੀਰ ਅਖਾੜੇ ਦਾ ਰਹਿ ਚੁਕਾ ਪਹਿਲਵਾਨ ਧੰਨਾ ਸਿੰਘ ਪਹਿਲਵਾਨ ਫੱਤੇ, ਕੇਹਰ ਅਤੇ ਸੁਮੇਰ ਦਾ ਗੁਰਭਾਈ ਹੈ। ਇਨ੍ਹਾਂ ਧੱਕੜ ਪਹਿਲਵਾਨਾਂ ਦਾ ਉਸਤਾਦ ਆਲਮਗੀਰ ਅਖਾੜੇ ਦਾ ਮੌਜੂਦਾ ਸੰਚਾਲਕ ਸਿਕੰਦਰ ਪਹਿਲਵਾਨ ਹੈ। ਧੰਨਾ ਸਿੰਘ ਦੀ ਪਾਰਖੂ ਅੱਖ ਨੇ ਸਰਬਜੀਤ ਨੂੰ ਪਹਿਲਵਾਨੀ ਵੱਲ ਪ੍ਰੇਰਿਤ ਕੀਤਾ। ਉਸ ਨੇ ਕਰਤਾਰ ਸਿੰਘ ਤੇ ਬੁੱਧ ਸਿੰਘ ਅਤੇ ਹੋਰ ਪੁਰਾਣੇ ਪਹਿਲਵਾਨਾਂ ਦੀ ਕੁਸ਼ਤੀ-ਕਲਾ ਦੇ ਗੁਰ ਕੁੱਟ ਕੁੱਟ ਕੇ ਸਰਬਜੀਤ ਅੰਦਰ ਭਰੇ। ਇਨ੍ਹਾਂ ਗੁਰਾਂ ਨੇ ਸਰਬਜੀਤ ਨੂੰ ਕਾਫੀ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਪਹਿਲਵਾਨੀ ਦਾ ਸ਼ੌਕ ਅੱਗੇ ਤੋਂ ਅੱਗੇ ਵਧਦਾ ਗਿਆ। ਕੁਸ਼ਤੀਆਂ 'ਚ ਹੋਣਹਾਰ ਹੋਣ ਕਰਕੇ ਯੂਬਾ ਸਿਟੀ ਹਾਈ ਸਕੂਲ ਪੜ੍ਹਦਿਆਂ ਸਕੂਲੀ ਮੁਕਾਬਲਿਆਂ ਵਾਸਤੇ ਸਿਲੈਕਸ਼ਨ ਹੋਈ।

ਸਤਬਰਮ ਦੇ ਫੁੱਲਾਂ 'ਚ ਅਚਾਨਕ ਗੁਲਾਬ ਉਗ ਪਵੇ ਤਾਂ ਉਸ ਬਾਗ-ਬਗੀਚੇ ਦੀ ਸ਼ਾਨ ਮਨਮੋਹਣੀ ਬਣ ਜਾਂਦੀ ਹੈ। ਫੁੱਲਾਂ 'ਚ ਮਾਲੀ ਵੀ ਉਸ ਗੁਲਾਬ ਉਤੇ ਕੁਝ ਵਧੇਰੇ ਹੀ ਮਿਹਰਵਾਨ ਹੋ ਜਾਂਦੈ। ਉਸੇ ਤਰ੍ਹਾਂ ਹੀ ਉਸਤਾਦ ਧੰਨਾ ਸਿੰਘ ਨੇ ਮਾਲੀ ਦੀ ਤਰ੍ਹਾਂ ਮਾਹਿਲ ਗਹਿਲਾਂ ਦੀ ਖੇਡ-ਫੁੱਲਵਾੜੀ 'ਚੋਂ ਉਠੇ ਸਰਬਜੀਤ ਦੀ ਕਾਬਲੀਅਤ ਨੂੰ ਵੇਖਦੇ ਹੋਏ ਕੁਸ਼ਤੀਆਂ ਵਾਲੇ ਪਾਸਿਓਂ ਹਟਾ ਕੇ ਕਬੱਡੀ ਵੱਲ ਉਤਸ਼ਾਹਤ ਕੀਤਾ। ਸਰਬਜੀਤ ਨੇ ਉਸਤਾਦ ਕੋਲੋਂ ਗੁਰਮੰਤਰ ਸਿੱਖ ਕੇ ਕੈਲੀਫੋਰਨੀਆ ਦੀਆਂ ਗਰਾਊਂਡਾਂ ਵਿਚ ਆਪਣੇ ਨਾਂ ਦੀ ਪਹਿਚਾਣ ਬਣਾਈ। ਕਬੱਡੀ ਦੇ ਸ਼ੌਕੀ ਹੋਰ ਪੰਜਾਬੀ ਨੌਜਵਾਨਾਂ ਨਾਲ ਮਿਲ ਕੇ 'ਗੋਲਡ ਸਟਾਰ ਕਲੱਬ, ਯੂਬਾ ਸਿਟੀ' ਦੀ ਸਥਾਪਨਾ ਕੀਤੀ। ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਲਈ ਇਸ ਕਲੱਬ ਦੀ ਵਾਗਡੋਰ ਜੌਹਨ ਸਿੰਘ ਗਿੱਲ ਨੇ ਸੰਭਾਲ ਲਈ। ਇਸ ਕਲੱਬ 'ਚ ਖੇਡਦਿਆਂ ਸਰਬਜੀਤ ਦੀ ਗੇਮ ਦਿਨੋ-ਦਿਨ ਨਿਖਰਦੀ ਗਈ।

ਕੈਲੀਫੋਰਨੀਆ ਵਿਚ ਚੰਗੀ ਖੇਡ ਵਿਖਾਉਣ ਤੋਂ ਬਾਅਦ 1994, 95 ਅਤੇ 96 ਵਿਚ ਟੋਰਾਂਟੋ, ਵੈਨਕੂਵਰ, ਇੰਗਲੈਂਡ ਅਤੇ ਦੋ ਸਾਲ ਨਿਊ ਯਾਰਕ ਦੇ ਖੇਡ-ਮੈਦਾਨਾਂ ਵਿਚ ਕਬੱਡੀ ਕੱਪ ਖੇਡਣ ਦੇ ਮੌਕੇ ਮਿਲੇ। ਸਾਲ 1995 ਵਿਚ ਇੰਗਲੈਂਡ ਦੀਆਂ ਗਰਾਊਂਡਾਂ ਵਿਚ ਜਲਵੇ ਵਿਖਾਏ। ਇਸੇ ਸਾਲ ਹੀ ਅਮਰੀਕਾ ਵਲੋਂ ਸਰਬਜੀਤ ਹੁਰਾਂ ਦੀ ਟੀਮ ਟੋਰਾਂਟੋ ਕਬੱਡੀ ਕੱਪ ਖੇਡਣ ਗਈ। ਉਸੇ ਕਬੱਡੀ ਕੱਪ 'ਤੇ ਸਵਰਗੀ ਹਰਜੀਤ ਬਾਜਾਖਾਨਾ ਪਹਿਲੀ ਵਾਰ ਟੋਰਾਂਟੋ ਖੇਡਣ ਆਇਆ ਸੀ। ਜ਼ਿੰਦਗੀ 'ਚ ਛੋਟੇ ਖਿਡਾਰੀਆਂ ਤੋਂ ਲੈ ਕੇ ਵੱਡੇ ਖਿਡਾਰੀਆਂ-ਬਲਵਿੰਦਰ ਫਿੱਡੂ, ਹਰਜੀਤ ਬਾਜਾਖਾਨਾ, ਸ਼ੱਬਾ ਗੁਰਦਾਸਪੁਰੀਆ, ਪੱਪੂ ਗੁਰਦਾਸਪੁਰੀਆ, ਭਿੰਦਰ, ਅੰਗਰੇਜ਼, ਜਗਤਾਰ ਧਨੋਲਾ, ਕਾਲਾ ਗਾਜ਼ੀਆਣਾ, ਘੋਲੀਆ, ਮੰਗਾ, ਲੱਖਾ ਗਾਜ਼ੀਪੁਰੀਆ, ਤਰਲੋਚਨ ਤੋਚੀ, ਤੂਫਾਨ ਸਿੰਘ ਤੂਫਾਨ, ਸੂਬੀ, ਮੰਦਰ, ਬੀਰੂ ਅਤੇ ਤੀਰਥ ਗਾਖਲ ਵਰਗੇ ਸਟਾਰ ਖਿਡਾਰੀਆਂ ਨਾਲ ਖੇਡਣ ਦੇ ਮੌਕੇ ਮਿਲੇ। ਤੀਰਥ ਗਾਖਲ ਨਾਲ ਸਾਲ 1997, 98 ਤੇ 99-ਤਿੰਨ ਸਾਲ 'ਕੱਠਿਆਂ ਕਬੱਡੀ ਖੇਡੀ।

ਸਰਬਜੀਤ ਦੇ ਦੂਜੇ ਭਰਾ ਜਸਵੀਰ ਮਾਹਲ ਨੇ ਵੀ ਕਈ ਸਾਲ ਕੈਲੀਫੋਰਨੀਆ ਦੇ ਖੇਡ ਮੈਦਾਨਾਂ ਵਿਚ ਕਬੱਡੀ ਖੇਡ ਕੇ ਆਪਣੇ ਪਰਿਵਾਰ ਅਤੇ ਪਿੰਡ ਦਾ ਨਾਂ ਉਚਾ ਕੀਤੈ। ਤੀਜਾ ਭਰਾ ਕਸ਼ਮੀਰ ਮਾਹਲ ਚਾਲੀ ਸਾਲ ਦੀ ਉਮਰੇ ਪਰਿਵਾਰ ਨੂੰ ਵਿਛੋੜਾ ਦੇ ਗਿਆ। ਖਿਡਾਰੀਆਂ ਨੂੰ ਉਤਸ਼ਾਹਤ ਕਰਨ ਵਾਲੇ ਥੱਲੇ ਵਾਲੇ ਪਰਮਜੀਤ ਵੀਰਾ ਨੇ ਵੀ ਸਰਬਜੀਤ ਨੂੰ ਕਾਫੀ ਹੱਲਾਸ਼ੇਰੀ ਦਿੱਤੀ। ਅਮਰੀਕਾ ਰਹਿੰਦਾ ਹੋਇਆ ਪਰਮਜੀਤ ਵੀਰਾ ਜਲੰਧਰ ਕੁਸ਼ਤੀ ਸੰਸਥਾ ਦਾ ਚੇਅਰਮੈਨ ਵੀ ਹੈ।

ਸਮੁੰਦਰੋਂ ਪਾਰ ਆ ਕੇ ਪਿੰਡ ਦੀ ਵਧੀਆ ਦਿੱਖ ਬਣਾਉਣ ਲਈ ਸਰਬਜੀਤ ਨੇ ਪਿੰਡ ਦੇ ਹੋਰ ਸੱਜਣਾਂ ਨਾਲ ਮਿਲ ਕੇ ਸਾਰੇ ਮਾਹਿਲ ਗਹਿਲਾਂ ਵਾਲਿਆਂ ਦਾ ਇਕੱਠ ਕਰਨਾ ਦਾ ਉਪਰਾਲਾ ਕੀਤਾ ਜਿਸ ਨੂੰ 'ਮਾਹਿਲ ਗਹਿਲਾਂ ਨਾਈਟ' ਦਾ ਨਾਂ ਦਿੱਤਾ ਗਿਆ ਯਾਨਿ 'ਮਾਹਿਲ ਗਹਿਲਾਂ ਵਾਲਿਆਂ ਦੀ ਰੰਗਲੀ ਸ਼ਾਮ।' ਸਾਰੇ ਪਿੰਡ ਵਾਸੀਆਂ ਦੀ ਇਹ ਇਕੱਤਰਤਾ ਦਸ ਸਾਲ ਨਿਰੰਤਰ ਚੱਲੀ। ਫਿਰ ਸਾਰਿਆਂ ਨੇ ਸਲਾਹ ਕਰਕੇ ਖੇਡਾਂ ਦੇ ਸ਼ੌਕ ਨੂੰ ਚਲਦਾ ਰੱਖਣ ਲਈ ਇਸ ਦਾ ਨਾਂ ਬਦਲ ਕੇ 'ਮਾਹਿਲ ਗਹਿਲਾਂ ਸਪੋਰਟਸ ਕਲੱਬ' ਰੱਖ ਲਿਆ। ਹੁਣ ਇਸ ਕਲੱਬ ਵਲੋਂ ਲਗਾਤਾਰ ਸੱਤ ਸਾਲਾਂ ਤੋਂ ਫੁੱਟਬਾਲ ਅਤੇ ਕਬੱਡੀ ਟੂਰਨਾਮੈਂਟ ਵਧੀਆ ਢੰਗ ਨਾਲ ਕਰਵਾਇਆ ਜਾ ਰਿਹੈ। ਪਿੰਡ ਵਾਸੀਆਂ ਅਤੇ ਹੋਰ ਸੱਜਣਾਂ ਵਲੋਂ ਕਾਫੀ ਸਹਿਯੋਗ ਦਿੱਤਾ ਜਾਂਦੈ। ਡਾ. ਸੋਹਣ ਸਿੰਘ ਮਾਹਿਲ, ਪਾਲ ਮਾਹਿਲ ਅਤੇ ਜੋਗਿੰਦਰ ਮਾਹਿਲ ਹੋਰਾਂ ਵਲੋਂ ਇਸ ਟੂਰਨਾਮੈਂਟ ਵਿਚ ਵੱਡਮੁੱਲਾ ਯੋਗਦਾਨ ਪਾਇਆ ਜਾਂਦੈ। ਮਾਹਿਲ ਗਹਿਲਾਂ ਕਲੱਬ ਦੇ ਨਾਂ 'ਤੇ ਬਿਹਤਰੀਨ ਫੁੱਟਬਾਲ ਟੀਮ ਬਣੀ ਹੋਈ ਹੈ। ਇਸ ਟੀਮ ਵਿਚ ਪਿੰਡ ਦੇ ਅੱਠ ਖਿਡਾਰੀ ਖੇਡਦੇ ਹਨ। ਇਨ੍ਹਾਂ ਅੱਠਾਂ ਵਿਚੋਂ ਦੋ ਖਿਡਾਰੀ ਸਰਬਜੀਤ ਦੇ ਬੇਟੇ-ਰਵੀ ਮਾਹਲ ਅਤੇ ਗੈਰੀ ਮਾਹਲ ਹਨ। ਦੋਵੇਂ ਫੁੱਟਬਾਲ ਦੇ ਹੋਣਹਾਰ ਖਿਡਾਰੀ ਹਨ।

ਵਿਦੇਸ਼ਾਂ 'ਚ ਵਸਦੇ ਇਸ ਪਿੰਡ ਦੇ ਪਰਵਾਸੀ ਵੀਰਾਂ ਵਲੋਂ ਪਿੰਡ ਦੇ ਹੋਰ ਵਿਕਾਸ ਅਤੇ ਪਿੰਡ ਨੂੰ ਵਧੇਰੇ ਖੁਸ਼ਹਾਲ ਕਰਨ ਲਈ ਵਧ ਚੜ੍ਹ ਕੇ ਹਿੱਸਾ ਪਾਇਆ ਜਾਂਦੈ। ਪਿੰਡ ਦੇ ਹਾਈ ਸਕੂਲ ਦੀ ਪੁਰਾਣੀ ਬਿਲਡਿੰਗ ਦੀ ਥਾਂ ਨਵੀਂ ਉਸਾਰਨ ਦਾ ਸਿਹਰਾ ਵੀ ਵਿਦੇਸ਼ੀ ਭਰਾਵਾਂ ਸਿਰ ਹੀ ਜਾਂਦੈ। (ਮਾਹਿਲ ਗਹਿਲਾਂ ਦੇ ਹਾਈ ਸਕੂਲ ਨਾਲ ਵੈਸੇ ਵੀ ਮੈਨੂੰ ਵਧੇਰੇ ਲਗਾਓ ਹੈ ਕਿਉਂਕਿ ਨੌਵੀਂ, ਦਸਵੀਂ ਦੀ ਪੜ੍ਹਾਈ ਮੈਂ ਵੀ ਇਥੋਂ ਹੀ ਕੀਤੀ ਹੈ।) ਮਾਹਿਲ ਗਹਿਲਾਂ ਅਤੇ ਆਲੇ ਦੁਆਲੇ ਦੇ ਹੋਰ ਪਿੰਡਾਂ ਦੀ ਸਹੂਲਤ ਵਾਸਤੇ ਪਿੰਡ ਦੇ ਸਾਬਕਾ ਸਰਪੰਚ ਸ. ਮਾਧੋ ਸਿੰਘ ਦੇ ਉਦਮ ਸਕਦਾ ਵੱਡੀ ਕੋ-ਆਪਰੇਟਿਵ ਬੈਂਕ ਮੌਜੂਦ ਹੈ। ਇਲਾਕੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਤੋਰਨ ਲਈ 'ਮਾਹਿਲ ਸਪੋਰਟਸ ਕਲੱਬ' ਵਲੋਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਹਰ ਸਾਲ ਫੁੱਟਬਾਲ ਅਤੇ ਕਬੱਡੀ ਟੂਰਨਾਮੈਂਟ ਕਰਵਾਇਆ ਜਾਂਦੈ। ਕੈਨੇਡਾ ਤੋਂ ਦਰਸ਼ਨ ਮਾਹਲ ਅਤੇ ਕੈਲੀਫੋਰਨੀਆ ਤੋਂ ਪਾਲ ਮਾਹਲ ਹਰ ਸਾਲ ਜਾ ਕੇ ਇਨ੍ਹਾਂ ਮੈਚਾਂ ਦੀ ਰੂਪ-ਰੇਖਾ ਤਿਆਰ ਕਰਦੇ ਹਨ। ਇੰਗਲੈਂਡ ਵਾਲੇ ਸੁਰਜੀਤ ਮਾਹਲ ਨੇ ਪਿੰਡ ਦੇ ਹਾਈ ਸਕੂਲ ਦੀ ਬਿਲਡਿੰਗ ਵਿਚ ਯੋਗਦਾਨ ਪਾਉਣ ਦੇ ਨਾਲ ਨਾਲ ਰਵਿੰਦਰ ਮਾਹਲ ਦੀ ਯਾਦ ਵਿਚ ਜਿਮ ਵੀ ਖੋਲ੍ਹਿਆ ਹੋਇਐ। ਪਿੰਡ 'ਚ ਹਰ ਸਾਲ ਦੁਸਹਿਰਾ ਲੱਗਦੈ। ਹਰ ਸਾਲ ਇਥੇ ਵੱਡੀ ਛਿੰਜ ਪੈਂਦੀ ਹੈ, ਜਿਥੇ ਪਰਮਿੰਦਰ ਡੂੰਮਛੇੜੀ ਵਰਗੇ ਵੱਡੇ ਪਹਿਲਵਾਨ ਵੱਡੇ ਵੱਡੇ ਇਨਾਮ ਜਿੱਤ ਕੇ ਲਿਜਾਂਦੇ ਹਨ। ਪਹਿਲਵਾਨ ਧੰਨਾ ਸਿੰਘ ਮਾਹਲ ਦੇ ਨਾਂ 'ਤੇ ਗੇਟ ਬਣਿਆ ਹੋਇਐ। ਮਾਹਿਲ ਗਹਿਲਾਂ ਨੂੰ ਧੰਨੇ ਦੀਆਂ ਮਾਹਿਲਾਂ ਵੀ ਕਿਹਾ ਜਾਂਦੈ। ਇਕ ਗੱਲ ਹੋਰ ਕਿ ਇਸ ਪਿੰਡ ਦਾ ਇਕ ਹਰਫਨ ਮੌਲਾ ਖਿਡਾਰੀ ਸ਼ਿੰਦਰ ਮਾਹਿਲ ਹੋਇਐ ਜੋ ਬੰਗਾ ਕਾਲਜ ਪੜ੍ਹਦੇ ਸਮੇਂ ਹਰ ਪਾਸੇ ਮੋਹਰੀ ਹੁੰਦਾ ਸੀ। ਉਹ ਫੁੱਟਬਾਲ, ਕਬੱਡੀ, ਹੈਮਰ ਥਰੋ, ਭੰਗੜਾ ਅਤੇ ਗਾਉਣ ਵਿਚ ਹਿੱਸਾ ਲੈਣ ਤੋਂ ਇਲਾਵਾ ਸ਼ਰਾਰਤੀ ਵੀ ਰੱਜ ਕੇ ਹੁੰਦਾ ਸੀ। ਅੱਜ ਕੱਲ੍ਹ ਉਹ ਇੰਗਲੈਂਡ ਰਹਿੰਦੈ ਤੇ 'ਰਾਜ ਰੇਡੀਓ' ਚਲਾ ਰਿਹੈ।



ਹਲਕੇ ਦੇ ਵਿਧਾਇਕ ਸ੍ਰੀ ਚਰਨਜੀਤ ਚੰਨੀ ਸਰਬਜੀਤ ਮਾਹਲ ਦਾ ਸਨਮਾਨ ਕਰਦੇ ਹੋਏ



ਸਰਬਜੀਤ ਮਾਹਲ

ਫੌਲਾਦੀ ਸੋਚ ਵਾਲਾ ਜ਼ਿੰਦਗੀ ਤੋਂ ਪੂਰਾ ਖੁਸ਼ ਸਰਬਜੀਤ ਮਾਹਲ ਪਹਿਲਵਾਨ ਕਰਤਾਰ ਸਿੰਘ ਅਤੇ ਪਹਿਲਵਾਨ ਬੁੱਧ ਸਿੰਘ ਦੀ ਬਹੁਤ ਕਦਰ ਕਰਦੈ। ਉਸ ਦੇ ਮਨਪਸੰਦ ਐਕਟਰਾਂ ਵਿਚੋਂ ਧਰਮਿੰਦਰ ਹੈ ਅਤੇ ਗਾਇਕਾਂ ਵਿਚੋਂ ਕਲੀਆਂ ਦਾ ਬਾਦਸ਼ਾਹ ਕੁਲਦੀਪ ਮਾਣਕ, ਲਿਖਾਰੀਆਂ ਵਿਚੋਂ ਅਸ਼ੋਕ ਭੌਰਾ, ਤਰਲੋਚਨ ਦੁਪਾਲਪੁਰ ਅਤੇ ਮੈਂ (ਇਕਬਾਲ ਜੱਬੋਵਾਲੀਆ)। ਜਦੋਂ ਪੁੱਛਿਆ ਕਿ ਸਿਰਫ ਅਸੀਂ ਤਿੰਨੇ ਹੀ ਕਿਉਂ? ਤਾਂ ਕਹਿੰਦਾ, ਤੁਸੀਂ ਸਾਡੇ ਇਲਾਕੇ ਦੇ ਜੋ ਹੋ, ਤੇ ਹਮੇਸ਼ਾ ਇਲਾਕੇ ਦੇ ਪਿੰਡਾਂ ਦੀਆਂ ਬਾਤਾਂ ਪਾਉਂਦੇ ਹੋ।

2006 ਵਿਚ ਕਬੱਡੀ ਨਾਲ ਨਿੱਘਾ ਮੋਹ ਰੱਖਣ ਵਾਲੇ ਸਰਬਜੀਤ ਦਾ ਪੰਜਾਬ ਟੂਰਨਾਮੈਂਟ ਖੇਡਣ ਗਏ ਦਾ ਪਿੰਡ ਵਾਸੀਆਂ ਅਤੇ ਪੰਚਾਇਤ ਵਲੋਂ ਮਾਣ-ਸਤਿਕਾਰ ਕੀਤਾ ਗਿਆ। ਇਸੇ ਸਾਲ ਲੋਡਾਈ (ਕੈਲੀਫੋਰਨੀਆ) ਕਬੱਡੀ ਟੂਰਨਾਮੈਂਟ 'ਤੇ ਖੇਡ ਪ੍ਰਾਪਤੀਆਂ ਨੂੰ ਵੇਖਦੇ ਹੋਏ ਟੂਰਨਾਮੈਂਟ ਕਮੇਟੀ ਨੇ ਸਰਬਜੀਤ ਦਾ ਸਨਮਾਨ ਕੀਤਾ। ਉਸਤਾਦ ਧੰਨਾ ਸਿੰਘ ਗਰੇਵਾਲ ਦੇ ਰਾਹਾਂ 'ਤੇ ਚਲਦਿਆਂ ਉਹ ਉਠ ਰਹੇ ਨਵੇਂ ਖਿਡਾਰੀਆਂ ਨੂੰ ਉਤਸ਼ਾਹਤ ਕਰ ਰਿਹੈ। ਕੌਮਾਂਤਰੀ ਪੱਧਰ ਦਾ ਵਧੀਆ ਰੇਡਰ ਸੰਨੀ ਕੰਦੋਲਾ ਸਰਬਜੀਤ ਦਾ ਹੀ ਤਿਆਰ ਕੀਤਾ ਹੋਇਆ ਹੈ। ਸਾਊ ਅਤੇ ਨਿੱਘੇ ਸੁਭਾਅ ਦਾ ਮਾਲਕ ਸਰਬਜੀਤ ਜੀਵਨ ਸਾਥਣ ਨਰਿੰਦਰ ਕੌਰ ਅਤੇ ਬੱਚਿਆਂ ਨਾਲ ਖੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰਦਾ ਹੋਇਆ ਪੰਜਾਬ ਦੀ ਮਿੱਟੀ ਨੂੰ ਹਮੇਸ਼ਾ ਯਾਦ ਰੱਖਦੈ।

# ਸੁਲਫੇ ਦੀ ਲਾਟ ਵਰਗੀ ਆਪਣੀ ਛਮਕ-ਛੱਲੋ ਦੇ ਨਾਂ ਖੱਤ

ਗੁਰਮੇਲ ਬਦੇਸ਼ਾ

ਭੱਠਲ ਦੇ ਭਾਸ਼ਣ ਵਰਗੀਏ, ਨੀ! ਤੈਨੂੰ ਕੈਪਟਨ ਦੀ ਮੁੱਛ ਵਰਗਾ ਪਿਆਰ! ਪਰ ਮੈਨੂੰ ਪਤੈ ਤੇਰੇ ਸੁਭਾਅ ਦਾ! ਕਿਸੇ ਦਰਵੇਸ਼ ਦੀ ਪੁੱਛ ਵਰਗਾ ਤੇਰਾ ਇਨਕਾਰ! ਬਾਰ੍ਹਾਂ ਸਾਲ ਤਾਂ ਕੀ, ਉਮਰਾਂ ਬੀਤ ਜਾਣਗੀਆਂ ਤੈਨੂੰ ਲੀਹ 'ਤੇ ਲਿਆਉਣ ਲਈ! ਜਿੰਦਣ ਤੂੰ ਸਿੱਧੀ ਹੋਜੇਂਗੀ, ਬਾਦਲ ਵੀ ਠੋਕ ਕੇ ਪੱਗ ਬੰਨ੍ਹਣੀ ਸ਼ੁਰੂ ਕਰ ਦਊ, ਅਜੇ ਤਾਂ ਪਜਾਮਾ ਈ ਲੋਟ ਨੀਂ ਆਉਂਦਾ।

ਬਾਦਲਾਂ ਤੋਂ ਗੱਲ ਯਾਦ ਆਈ, ਮੈਂ ਵੀ ਤੈਨੂੰ ਮਨਪ੍ਰੀਤ ਵਾਂਗੂੰ ਸ਼ਿਅਰ ਸੁਣਾ ਕੇ ਆਪਣੇ ਮਨ ਦੀ ਭੜਾਸ ਕੱਢਣਾ ਚਾਹੁੰਦਾ ਹਾਂ, ਸੁਣ ਜ਼ਰਾ, "ਸਹੁੰ ਤੇਰੀ! ਮੈਂ ਤੇਰੇ ਬਾਝੋਂ, ਕਿਸੇ ਹੋਰ ਨੂੰ ਕਰਦਾ ਪਿਆਰ ਨਹੀਂ। ਐਵੇਂ ਦੋ-ਦੋ ਤੀਵੀਆਂ ਰੱਖਾਂ ਮੈਂ ਕਿਸੇ ਤਖਤ ਦਾ ਜਥੇਦਾਰ ਨਹੀਂ।" ਸ਼ੱਕ ਨਾ ਕਰਿਆ ਕਰ, ਜੀਣ ਜੋਗੀਏ! ਮੈਨੂੰ ਮਨਪ੍ਰੀਤ ਬਾਦਲ ਦੀ ਦਾੜੀ ਵਿਚਲੇ ਧੌਲਿਆਂ ਦੀ ਸਹੁੰ! ਜਦੋਂ ਤੂੰ ਸੁਖਬੀਰ ਬਾਦਲ ਵਾਂਗੂੰ ਖਚਰਾ ਜਿਹਾ ਹਾਸਾ ਹੱਸਦੀ ਏਂ ਤਾਂ ਮੈਨੂੰ ਤੂੰ ਦਿਲ ਦੇ ਤਖਤ ਦੀ ਰਾਣੀ ਲੱਗਦੀ ਏਂ ਪਰ ਮੇਰੀ ਕਿਸਮਤ ਐਨੀ ਸੁਨਿਹਰੀ ਕਿੱਥੇ? ਮੈਂ ਤਾਂ ਆਪ ਮਾਨ ਵਾਂਗੂੰ ਡਾਵਾਂਡੋਲ ਹੋਇਆ ਫਿਰਦਾਂ। ਹੁਣ ਤਾਂ ਬੱਸ, ਰਾਮੂੰਵਾਲੀਏ ਵਾਂਗੂੰ ਮੈਂ ਵੀ ਕਵੀਸ਼ਰੀ ਟਾਈਪ ਟੋਟਕੇ ਸੁਣਾਉਣ ਜੋਗਾ ਹੀ ਰਹਿ ਗਿਆਂ ਪਰ ਮੇਰੇ ਨਾਲੋਂ ਤਾਂ ਉਹ ਵੀ ਚੰਗਾ ਜਿਹੜਾ ਵਿਦੇਸ਼ੀ ਲਾੜਿਆਂ ਹੱਥੋਂ ਠੱਗੀਆਂ ਕੁੜੀਆਂ ਦੇ ਸਿਰ 'ਤੇ ਠੋਡੀ ਜਿਹੀ ਰੱਖ ਕੇ 'ਧੀਏ! ਧੀਏ! ਚੁੱਪ ਕਰ! ਤੇਰਾ ਦੁੱਖ ਮੈਥੋਂ ਜਰਿਆ ਨਹੀਂ ਜਾਂਦਾ!' ਕਹਿ ਕੇ ਜਣੀ-ਖਣੀ ਨੂੰ ਕਲਾਵੇ 'ਚ ਘੁੱਟ ਕੇ ਤੱਤੇ-ਠੰਡੇ ਹੌਕੇ ਭਰ ਕੇ ਦਿਲ ਤਾਂ ਹੌਲਾ ਕਰ ਲੈਂਦੈ ਪਰ ਸਾਡੀਆਂ ਗਲਵਕੜੀਆਂ ਤਾਂ ਹਵਾ 'ਚ ਹੱਥ-ਪੱਲੇ ਮਾਰਨ ਜੋਗੀਆਂ ਈ ਰਹਿ ਗਈਆਂ ਨੇ। ਵਿੰਡ 'ਚ ਮੁੱਕੀਆ ਲੈ ਕੇ ਤੁਰੇ ਫਿਰਦੇ ਜਵਾਈਆਂ ਦਾ ਕਿਸੇ ਨੂੰ ਫਿਕਰ ਈ ਨਹੀਂ। ਜਿਹੜੇ ਏਜੰਟਾਂ ਨੂੰ ਥਾਂ-ਥਾਂ 'ਤੇ ਪਾਣੀ ਪੀ ਪੀ ਕੇ ਕੋਸਦੇ ਨੇ, ਬਾਹਰ ਆ ਕੇ ਉਨ੍ਹਾਂ ਦੇ ਘਰਾਂ 'ਚ ਹੀ ਚਰਨ ਪਾ ਕੇ ਮਹਿਮਾਨ ਨਿਵਾਜੀਆਂ ਕਰਾਉਂਦੇ ਨਹੀਂ ਥੱਕਦੇ! ਪਰ ਇਨ੍ਹਾਂ ਦੀਆਂ ਖੋਦੀਆਂ ਦਾੜੀਆਂ 'ਚ ਕੌਣ ਖੁਰਕੇ?

ਉਂਜ ਸੱਪਣੀ ਦੀ ਕੁੰਜ ਵਰਗੀਏ! ਆਪਾਂ ਤਾਂ ਆਪ ਆਪਣੀ ਖੱਲ ਬਚਾਉਂਦੇ ਫਿਰਦੇ ਆਂ, ਜਿਵੇਂ ਲੰਬੀ ਇਲਾਕੇ ਦੇ ਬਾਜ਼ੀਗਰ ਗੁਰਦਾਸ ਤੋਂ ਬਚਾਉਂਦੇ ਨੇ! ਲੰਡੀ ਜੀਪ 'ਚ ਬਾਜ਼ੀਗਰਾਂ ਦੀਆਂ ਲਵਾਈਆਂ ਕਲਾ-ਬਾਜ਼ੀਆਂ ਤੋਂ ਪ੍ਰੇਸ਼ਾਨ ਹੱਥ ਜੋੜ ਕੇ ਬਾਜ਼ੀਗਰ ਇੱਕੋ ਹੀ ਅਰਜੋਈ ਕਰਦੇ ਨੇ ਕਿ

## ਵਿਅੰਗ

ਅਸੀਂ ਵੋਟਾਂ ਪਾ ਦਿਆਂਗੇ, ਰੱਬ ਦਾ ਵਾਸਤੈ! ਬੁੜੇ ਨੂੰ ਚੰਡੀਗੜ੍ਹ ਦੇ ਨਜ਼ਾਰਿਆਂ 'ਚ ਹੀ ਉਲਝਾਈ ਰੱਖੋ! ਪਿੰਡ ਫੇਰਾ ਨਾ ਹੀ ਪਾਵੇ ਤਾਂ ਈ ਚੰਗੈ! ਮੈਂ ਝੂਠ ਨਹੀਂ ਬੋਲਦਾ। ਮੈਨੂੰ ਬਾਦਲ ਦੀ ਟੇਢੀ ਪੱਗ ਦੀ ਸਹੁੰ! "ਮੈਂ ਵੀ ਮਨਪ੍ਰੀਤ ਵਾਂਗੂੰ ਕਰ ਨਾ ਦੇਵਾਂ ਕੋਈ ਕਾਰਾ! ਟੇਢੀ ਪੱਗ ਵਾਲਿਆ! ਟੇਢੀ ਪੱਗ ਵਾਲਿਆ, ਹੁਣ ਮਾਰ ਬਾਦਲਾ ਲਲਕਾਰਾ! ਟੇਢੀ ਪੱਗ ਵਾਲਿਆ!

ਜਿਹੜਾ ਤੇਰੀ ਜੁੰਡਲੀ ਛੱਡ ਕੇ ਜਾਵੇ, ਲੱਗਦੇ ਨਾ ਪੈਰ ਦੁਬਾਰਾ!...ਓ ਟੇਢੀ ਪੱਗ ਵਾਲਿਆ! ਹੁਣ ਮਾਰ ਬਾਦਲਾ ਲਲਕਾਰਾ!"

ਮੈਂ ਤਾਂ ਤੈਨੂੰ ਅਜੇ ਵੀ ਕਹਿਨਾਂ, ਮੁੜ ਆ! ਪਰ ਤੈਨੂੰ ਕੋਈ ਸਮਝਾਉਣ ਵਾਲਾ ਈ ਨਹੀਂ, ਜੋ ਕਹਿ ਦੇਵੇ, ਜਾਹ ਮੁੜ ਜਾ! ਅਜੇ ਵੀ ਗੁਰਮੇਲ ਕੋਲੇ ਮੁੜ ਜਾਹ! ਨੀ ਭਰਾਵਾਂ-ਭਰਜਾਈਆਂ ਵਿਚ ਕੀ ਰੱਖਿਐ? ਪਰ ਹੀਰੀਏ! ਕੈਦੋਂ ਹੋਣੀ ਬੇਸ਼ੱਕ ਹਵਾਰੇ ਵਾਂਗੂੰ ਤੈਨੂੰ ਵੀ ਸਰੀ 'ਚੋਂ ਮੂਵ ਕਰਾ ਕੇ ਤਿਹਾੜ ਜੇਲ੍ਹ ਵਿਚ ਤਬਦੀਲ ਕਰ ਦੇਣ ਪਰ ਆਸ਼ਿਕ ਇਸ਼ਟ ਕਮਾਉਣ ਲਈ ਪਹਾੜ ਖੋਦ ਲੈਂਦੇ ਨੇ, ਸੁਰੰਗਾਂ ਵੀ ਪੁੱਟ ਲੈਂਦੇ ਨੇ!

ਮੈਨੂੰ ਪਤੈ, ਤੂੰ ਮੈਨੂੰ ਪਿਆਰ ਕਰਦੀ ਏਂ ਪਰ ਤੇਰਾ ਪਿਆਰ ਵੀ ਠੰਡੈ! ਮਾਈਕ੍ਰੋਵੇਵ 'ਚ ਤੱਤੀ ਕੀਤੀ ਚਾਹ ਵਰਗੈ, ਪਹਿਲਿਆਂ ਦੋ ਘੁੱਟਾਂ ਬੁੱਲ ਸਾੜਦੀਆਂ ਨੇ! ਬਾਕੀ ਰਹਿੰਦੀਆਂ ਬੰਦਾ ਠਾਰਦੀਆਂ ਨੇ! ਨਿੱਘੇ-ਨਿੱਘੇ ਹੌਕੇ ਭਰ ਕੇ ਤੈਨੂੰ ਗਰਮ ਵੀ ਕੀਤਾ ਤਾਂ ਕੀ ਕੀਤਾ?

ਚਿਰ ਹੋ ਗਿਐ ਤੇਰੇ ਦਰਸ਼ਨ ਕੀਤਿਆਂ! ਤੂੰ ਪਤਾ ਨਹੀਂ ਕਿੱਥੇ, ਕਿਹੜੀ ਸੰਗਤ ਦੇ ਦਰਸ਼ਨ ਕਰਦੀ ਫਿਰਦੀ ਏਂ? ਕਿਤੇ ਸੁਰਿੰਦਰ ਕੌਰ ਵਾਂਗੂੰ ਪਾਰਟੀ ਵਰਕਰਾਂ ਨੂੰ ਹੁਕਮ ਚਾੜ੍ਹ ਕੇ ਧੱਕੇ ਨਾਲ ਰਸਦ ਇਕੱਠੀ ਕਰਵਾ ਕੇ ਲੰਗਰ ਲਵਾਉਣ ਵਿਚ ਤਾਂ ਨਹੀਂ ਰੁੱਝ ਗਈ? ਤੇਰੀ ਸ਼ਰਧਾ ਤੋਂ ਬਲਿਹਾਰੇ ਜਾਵਾਂ! ਨੰਨੀ ਛਾਂ ਵਰਗੀਏ! ਨੀ ਸੁਹਾਗਣੇ! ਕੁੱਖਾਂ ਬਣਾਉਣ ਵਾਲੇ ਤੋਂ ਦੂਰ ਰਹਿ ਕੇ ਪਤਾ ਨਹੀਂ ਤੂੰ ਕਿਹੜੀਆਂ ਕੁੱਖਾਂ ਨੂੰ ਬਚਾਉਣ ਦੀ ਗੱਲ ਕਰਨ ਲੱਗ ਪਈ ਏਂ?

ਕਈ ਦਿਨਾਂ ਤੋਂ ਤੂੰ ਐਵੇਂ ਹੀ ਮੇਰੇ ਮੂਹਰੇ ਬੋਲਣ ਲੱਗ ਪਈ ਸੀ। ਮੈਂ ਪਤਾ ਨਹੀਂ ਕੀ ਤੇਰੇ ਬਾਪੂ ਦੀਆਂ ਸਬਸਿਡੀਆਂ ਬੰਦ ਕਰਵਾ ਦਿੱਤੀਆਂ ਨੇ? ਜਾਂ ਫਿਰ ਓਹਦੇ ਸਿਰ ਚੜ੍ਹੇ ਕਰਜ਼ੇ ਦਾ ਪਾਜ ਉਧੇੜ ਦਿੱਤੈ?

ਜੀਅ ਤਾਂ ਕਰਦੈ ਤੈਨੂੰ ਦਿਲ ਦੀ ਵਿਧਾਨ ਸਭਾ 'ਚੋਂ ਬਰਖਾਸਤ ਕਰ ਦੇਵਾਂ। ਫੇਰ ਸੋਚਦਾਂ, ਕਿਤੇ ਬਾਗੀਆਂ ਦੇ ਹੱਥਾਂ 'ਚ ਹੀ ਨਾ ਖੇਡਣ ਲੱਗ ਪਵੇਂ।

ਕਦੇ ਕਦੇ ਮੇਰਾ ਚਿੱਤ ਕਰਦੈ, ਕੈਪਟਨ

(ਬਾਕੀ ਸਫਾ 33 'ਤੇ)

# ਮਿੱਟੀ ਵਿਚ ਦੱਬਿਆ 'ਹੀਰਾ'

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਸਿਆਣੇ ਬੰਦਿਆਂ ਦੇ ਤੱਤ ਕੱਢੇ ਹੋਏ ਨੇ ਕਿ ਜਦੋਂ ਮੁਟਿਆਰ ਧੀ ਮਾਂ ਦੇ ਬਰਾਬਰ ਬੋਲਣ ਲੱਗ ਜਾਵੇ ਤਾਂ ਫਿਰ ਵਰ ਦੀ ਤਲਾਸ਼ ਅਰੰਭ ਕਰ ਦੇਣੀ ਚਾਹੀਦੀ ਹੈ। ਜੇ ਗੱਭਰੂ ਪੁੱਤ ਚੁੱਲ੍ਹੇ ਦੀ ਅੱਗ ਨਾਲ ਤਕਰਾਰ ਕਰਨ ਲੱਗ ਜਾਵੇ ਤਾਂ ਫਿਰ ਘਰ ਵਿਚ ਨੂੰਹ ਲਿਆਉਣੀ ਵੱਡੀ ਸਿਆਣਪ ਹੁੰਦੀ ਹੈ। ਪਰਿਵਾਰ ਵਿਚ ਭੜਕੀ ਅੱਗ ਨੂੰ ਫਾਇਰ ਬ੍ਰਿਗੇਡ ਵਾਲੇ ਵੀ ਨਹੀਂ ਬੁਝਾ ਸਕਦੇ। ਜਿੰਨਾ ਚਿਰ ਤੁਹਾਡੇ ਬੋਲ ਮੂੰਹ ਵਿਚ ਕੈਦ ਹਨ ਉਹ ਬੋਲ ਤੁਹਾਡੇ ਹਨ। ਜੇ ਉਹ ਬੋਲ ਬੁੱਲ੍ਹਾਂ ਦੀ ਸਰਹੱਦ ਪਾਰ ਕਰ ਗਏ ਤਾਂ ਫਿਰ ਉਹ ਆਜ਼ਾਦ ਹੋ ਜਾਂਦੇ ਹਨ।

ਉਸ ਕੁੜੀ ਨੂੰ ਜਦੋਂ ਵੀ ਅਸੀਂ ਦੇਖਦੇ, ਉਸ ਦੇ ਸਿਰ ਉਪਰ ਗੋਹੇ ਦੀ ਟੋਕਰੀ ਹੁੰਦੀ ਜਾਂ ਪੱਠੀਆਂ ਵਾਲਾ ਟੋਕਰਾ, ਜਾਂ ਉਹ ਮੱਝਾਂ ਨੂੰ ਖੁੱਲ੍ਹਿਆਂ ਛੱਡ ਸੂਏ ਵਿਚ ਪਾਣੀ ਪਿਲਾਉਣ ਲੈ ਕੇ ਜਾ ਰਹੀ ਹੁੰਦੀ। ਤੇਰਾਂ ਕੁ ਸਾਲ ਦੀ ਇਹ ਕੁੜੀ ਸਿਆਣੀਆਂ ਔਰਤਾਂ ਜਿੰਨਾ ਕੰਮ ਕਰਦੀ। ਇਸ ਦੇ ਹਾਣੀ ਬੱਚਿਆਂ ਨੂੰ ਜਦੋਂ ਸਕੂਲੋਂ ਛੁੱਟੀ ਹੁੰਦੀ ਇਹ ਉਨ੍ਹਾਂ ਨੂੰ ਬੜੇ ਧਿਆਨ ਨਾਲ ਦੇਖਦੀ ਹੋਈ ਆਪਣੇ ਹਥਲੇ ਕੰਮ ਵਲੋਂ ਬੇਧਿਆਨੀ ਹੋ ਜਾਂਦੀ। ਗਲਤੀ ਹੋਣ 'ਤੇ ਇਸ ਦੇ ਮੂੰਹ ਉਤੇ ਜ਼ੋਰ ਦੀ ਥੱਪੜ ਵੱਜਦਾ। ਇਸ ਖੜਾਕ ਨਾਲ ਸਕੂਲੀ ਬੱਚਿਆਂ ਦੇ ਕਦਮ ਰੁਕ ਜਾਂਦੇ, ਉਹ ਸਾਰੇ ਇਸ ਦੇ ਪੈਂਦੀ ਕੁੱਟ ਨੂੰ ਵੇਖਦੇ। ਥੱਪੜਾਂ ਨਾਲ ਹੀ ਬਿਨਾਂ ਤੋਲੀ ਹੋਈ ਬੋਲੀ ਸ਼ੁਰੂ ਹੋ ਜਾਂਦੀ। "ਤੈਨੂੰ ਕੰਮ ਵੇਖ ਕੇ ਨਹੀਂ ਕਰਨਾ ਆਉਂਦਾ, ਇਕੋ ਕੰਮ ਨੂੰ ਸਾਰਾ ਦਿਨ ਲੈ ਕੇ ਬੈਠੀ ਰਹਿੰਦੀ ਏ।" "ਆਪ ਤਾਂ ਦੋਵੇਂ ਮਰ ਗਏ, ਆਹ ਸੁਗਾਤ ਮੈਨੂੰ ਦੇ ਗਏ, ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ।... ਤੁਸੀਂ ਕੀ ਤਮਾਸ਼ਾ ਦੇਖਦੇ ਹੋ, ਤੁਹਾਡੀਆਂ ਮਾਂਵਾਂ ਨੀਂ ਤੁਹਾਨੂੰ ਕੁੱਟਦੀਆਂ," ਕੁੱਟਣ ਵਾਲੀ ਸਕੂਲੀ ਬੱਚਿਆਂ ਨੂੰ ਘੂਰਦੀ।

ਇਹ ਕੁੱਟਣ ਵਾਲੀ ਚਾਚੀ ਸੀ ਤੇ ਕੁੱਟ ਖਾਣ ਵਾਲੀ ਮਿੰਦਰੋ। ਚਾਚੀ ਦੇ ਦੋਵੇਂ ਬੱਚੇ ਸਕੂਲ ਪੜ੍ਹਦੇ ਸਨ ਪਰ ਮਿੰਦਰੋ ਨੂੰ ਸਕੂਲ ਨਹੀਂ ਸੀ ਭੇਜਿਆ ਗਿਆ। ਮਿੰਦਰੋ ਇਕ ਸਾਲ ਦੀ ਸੀ ਜਦੋਂ ਉਸ ਦੇ ਮਾਤਾ-ਪਿਤਾ ਦਾ ਸਕੂਟਰ 'ਤੇ ਐਕਸੀਡੈਂਟ ਹੋ ਗਿਆ। ਮਿੰਦਰੋ ਆਪਣੀ ਮਾਂ ਦੀ ਗੋਦੀ ਵਿਚ ਸੀ, ਮਿੰਦਰੋ ਦਾ ਵਾਲ ਵੀ ਵਿੰਗਾ ਨਾ ਹੋਇਆ ਪਰ ਮਾਤਾ-ਪਿਤਾ ਥਾਂ 'ਤੇ ਹੀ ਪੂਰੇ ਹੋ ਗਏ। ਨਾਨਕਿਆਂ ਨੇ ਮਿੰਦਰੋ ਨੂੰ ਸਾਂਭਣ ਤੋਂ ਜਵਾਬ ਦੇ ਦਿੱਤਾ। ਉਸ ਦਿਨ ਤੋਂ ਮਿੰਦਰੋ ਆਪਣੀ ਚਾਚੀ ਦੇ ਵੱਸ ਪੈ ਗਈ। ਚਾਚੀ ਨੇ ਬੜੀ ਬੇਸੰਭਾਲੀ ਨਾਲ ਮਿੰਦਰੋ ਪਾਲੀ। ਜਦੋਂ ਮਿੰਦਰੋ ਨੂੰ ਸੁਰਤ ਆਈ ਤਾਂ ਸਿਰ 'ਤੇ ਗੋਹੇ ਦੀ ਟੋਕਰੀ ਸੀ। ਸਾਰਾ ਦਿਨ ਪਸ਼ੂਆਂ ਨਾਲ ਪਸ਼ੂ ਹੋਈ ਰਹਿੰਦੀ। ਰਾਤ ਨੂੰ ਮਸਾਂ ਵਾਣ ਦੀ ਮੰਜੀ 'ਤੇ ਡਿੱਗਦੀ। ਇਕ ਦਰੀ, ਇਕ ਖੇਸ-ਇਹ ਮਿੰਦਰੋ ਦਾ ਹਾੜ੍ਹ ਸਿਆਲ ਬਿਸਤਰਾ ਸੀ। ਜੇ ਕੋਈ ਆਂਢੀ-ਗੁਆਂਢੀ ਮਿੰਦਰੋ 'ਤੇ ਤਰਸ ਕਰਕੇ ਇਸ ਦੀ ਮਦਦ ਕਰਨਾ ਚਾਹੁੰਦਾ ਤਾਂ ਇਸ ਦੇ ਚਾਚਾ-ਚਾਚੀ ਅਗਲੇ ਦੇ ਘਰ ਜਾ ਕੇ ਚੰਗਾ ਭੜਥੂ ਪਾਉਂਦੇ। ਲੋਕ ਡਰਦੇ ਮਿੰਦਰੋ ਤੋਂ ਪਾਸਾ ਵੱਟ ਜਾਂਦੇ। ਮਾਪੇ ਮਿੰਦਰੋ ਨੂੰ ਮਰ ਕੇ ਛੱਡ ਗਏ, ਚਾਚਾ-ਚਾਚੀ ਮਿੰਦਰੋ ਨੂੰ ਆਪਣਾ ਸਮਝਦੇ ਹੀ ਨਹੀਂ ਸਨ ਤੇ ਹੁਣ ਲੋਕ ਵੀ ਪਿੱਛੇ ਹੱਟ ਗਏ। ਰਹਿ ਗਈ ਕੱਲੀ ਮਿੰਦਰੋ ਵਿਚਾਰੀ, ਉਸ ਦੇ ਪਾਟੇ ਕੱਪੜਿਆਂ ਵਿਚੋਂ ਮਾਸੂਮ ਅੰਗ ਰੋ ਰੋ ਕੇ ਮਾਪਿਆਂ ਨੂੰ ਸੱਦਦੇ ਪਰ ਮਾਪੇ ਤਾਂ ਉਥੇ ਚਲੇ ਗਏ ਜਿਥੋਂ ਕਦੇ ਕੋਈ ਵਾਪਿਸ ਮੁੜਿਆ ਹੀ ਨਹੀਂ।

ਕੋਈ ਵੀ ਦਿਨ-ਤਿਓਹਾਰ ਹੁੰਦਾ ਤਾਂ ਗਲੀ ਦੇ ਬੱਚਿਆਂ ਨੇ ਸੋਹਣੇ ਸੋਹਣੇ ਕੱਪੜੇ ਪਾਏ ਹੁੰਦੇ ਪਰ ਮਿੰਦਰੋ ਦੇ ਗਲ ਉਹੀ ਪਾਟੀਆਂ ਲੀਰਾਂ ਹੁੰਦੀਆਂ। ਚਾਚੀ ਦੇ ਬੱਚਿਆਂ ਦੇ ਸੋਹਣੇ ਕੱਪੜੇ ਪਾਏ ਹੁੰਦੇ। ਉਹ ਚਾਵਾਂ ਨਾਲ ਭਰੇ ਪਏ ਹੁੰਦੇ ਪਰ ਮਿੰਦਰੋ ਦੇ ਚਾਅ ਗਵਾਚ ਚੁੱਕੇ ਸਨ। ਮੈਂ ਕਈ ਵਾਰ ਖੇਤ ਜਾਂਦਿਆਂ ਉਸ ਨੂੰ ਪਾਥੀਆਂ ਪੱਥਦੇ ਦੇਖਦਾ, ਉਸ ਕੋਲ ਚਲਾ ਜਾਂਦਾ, ਉਸ ਨਾਲ ਗੱਲੀਂ ਲੱਗ ਜਾਂਦਾ ਤੇ ਪੁੱਛਦਾ, "ਮਿੰਦਰੋ ਤੂੰ ਸਕੂਲੇ ਕਿਉਂ ਨਹੀਂ ਜਾਂਦੀ?"

"ਮੈਂ ਕਿਵੇਂ ਜਾ ਸਕਦੀ ਹਾਂ, ਘਰ ਦਾ ਕੰਮ ਕੌਣ ਕਰੂ? ਜੇ ਕੰਮ ਨਾ ਹੋਇਆ ਤਾਂ ਚਾਚੀ ਮੈਨੂੰ ਜਾਨੋਂ ਮਾਰ ਦਊ," ਮਿੰਦਰੋ ਝੱਟ ਜਵਾਬ ਦੇ ਦਿੰਦੀ। ਤੈਨੂੰ ਤੇਰੇ ਪਾਪਾ-ਮੰਮੀ ਯਾਦ ਨਹੀਂ ਆਉਂਦੇ? ਮੈਂ ਜਾਣਨਾ ਚਾਹੁੰਦਿਆਂ ਇਹ ਸਵਾਲ ਕਰ ਬੈਠਾ। "ਮੈਂ ਪਾਪਾ-ਮੰਮੀ ਦੇਖੇ ਹੀ ਨਹੀਂ, ਫਿਰ ਮੈਨੂੰ ਯਾਦ ਕਿਵੇਂ ਆਉਣਗੇ," ਮਿੰਦਰੋ ਗੋਹੇ ਵਾਲੀ ਟੋਕਰੀ ਚੁੱਕਦੀ ਜਵਾਬ ਦਿੰਦੀ। ਉਸ ਦੀਆਂ ਭੋਲੀਆਂ ਗੱਲਾਂ ਸੁਣ ਕੇ ਮੇਰਾ ਜੀਅ ਕਰਦਾ ਇਸ ਨੂੰ ਘੁੱਟ ਕੇ ਬੁੱਕਲ ਵਿਚ ਲਵਾਂ। ਇਸ ਦੇ ਸਾਰੇ ਕੰਮ ਤੇ ਦੁੱਖ ਆਪਣੇ ਨਾਂ ਕਰ ਲਵਾਂ ਤੇ ਮਿੰਦਰੋ ਨੂੰ ਸੋਹਣੇ ਕੱਪੜੇ ਪਾ ਕੇ ਸਕੂਲੇ ਦਾਖਲ ਕਰਵਾ ਆਵਾਂ। ਕਾਸ਼! ਮੈਂ ਇਸ ਤਰ੍ਹਾਂ ਕਰ ਸਕਦਾ। ਕਈ ਵਾਰ ਮਿੰਦਰੋ ਗੋਹਾ ਚੁਕਦੀ ਮਿੱਟੀ ਉਤੇ ਲਕੀਰਾਂ ਮਾਰ ਮਾਰ ਖੇਡਦੀ ਸ਼ਾਇਦ ਆਪਣੇ ਭਵਿੱਖ ਨੂੰ ਵੇਖਦੀ ਕੋਈ ਸੁਫਨਾ ਬੁਣਦੀ ਹੋਵੇ।

ਇਕ ਵਾਰ ਮੈਂ ਮੇਲੇ ਤੋਂ ਮਿੰਦਰੋ ਲਈ ਵੰਗਾਂ ਅਤੇ ਕੜਾ ਲੈ ਕੇ ਆਇਆ। ਜਦੋਂ ਮੈਂ ਵੰਗਾਂ ਮਿੰਦਰੋ ਨੂੰ ਦੇਣ ਜਾਣ ਲੱਗਾ ਤਾਂ ਮਾਂ ਨੇ ਪੁੱਛਿਆ, "ਆਹ ਵੰਗਾਂ ਕਿਥੇ ਲੈ ਕੇ ਚੱਲਿਆਂ?" ਇਹ ਮਿੰਦਰੋ ਲਈ ਲਿਆਂਦੀਆਂ ਨੇ ਬੀਬੀ, ਮੈਂ ਬਿਨਾਂ ਰੁਕਿਆਂ ਉਤਰ ਦਿੱਤਾ। "ਨਾ ਪੁੱਤ, ਬਲਾਂ ਗਲ ਨਾ ਪੁਆ ਲਈਂ," ਮਾਂ ਦੇ ਮੱਧਮ ਜਿਹੇ ਬੋਲ ਕੰਨੀ ਪਏ। ਮਿੰਦਰੋ ਦੀ ਚਾਚੀ ਮੇਰੇ ਕੋਲੋਂ ਡਰਦੀ ਸੀ। ਕਾਰਨ, ਚਾਚੀ ਦੀ ਛੋਟੀ ਭੈਣ ਮੇਰੇ ਸਹੁਰਿਆਂ ਦੇ ਗੁਆਂਢ ਵਿਆਹੀ ਹੋਈ ਸੀ। ਇਸ ਕਰਕੇ ਚਾਚੀ ਕਿਸੇ ਗੱਲ ਦਾ ਗੁੱਸਾ ਨਹੀਂ ਸੀ ਕਰਦੀ। ਮੈਂ ਮਿੰਦਰੋ ਨੂੰ ਵੰਗਾਂ ਪੁਆ ਆਇਆ। ਉਸ ਦਾ ਚਾਅ ਨਾ ਚੁੱਕਿਆ ਜਾਵੇ। ਉਸ ਦੇ ਮੁੱਖ 'ਤੇ ਪਹਿਲੀ ਵਾਰ ਮੈਂ ਹਾਸਾ ਤੱਕਿਆ ਸੀ।

ਦਿਨਾਂ ਜਾਂਦਿਆਂ ਨੂੰ ਚਿਰ ਨਹੀਂ ਲੱਗਦਾ। ਹੁਣ ਮਿੰਦਰੋ ਮੁਟਿਆਰ ਹੋ ਗਈ, ਲੰਮੀ, ਸੋਹਣੀ, ਪਤਲੀ ਜਿਹੀ। ਪਾਸੇ ਵਿਚੋਂ ਸਾਰੀਆਂ ਕੁੜੀਆਂ ਨਾਲੋਂ ਸੋਹਣੀ ਪਰ ਚਾਚੀ ਦੀ ਬੋਲੀ ਬੁੱਚੀ ਨਹੀਂ ਸੀ ਹੋਈ। ਉਹ ਉਸੇ ਤਰ੍ਹਾਂ ਹੀ ਬੋਲਦੀ, ਪਰ ਮਿੰਦਰੋ ਆਪਣੇ ਕੰਮ ਵਿਚ ਮਸਤ ਰਹਿੰਦੀ। ਉਸ ਦਾ ਸਾਰਾ ਕੁਝ ਹੀ ਪਸ਼ੂ ਸਨ ਜਿਨ੍ਹਾਂ ਵਿਚ ਉਹ ਦਿਨ-ਰਾਤ ਵੜੀ ਰਹਿੰਦੀ। ਚਾਚੀ ਦੀ ਕੁੜੀ ਪ੍ਰੀਤ ਚੰਗਾ ਪੜ੍ਹ ਗਈ। ਹੁਣ ਉਸ ਦੇ ਵਰ ਦੀ ਤਲਾਸ਼ ਹੋਣ ਲੱਗੀ, ਚਾਚੀ ਦੇ ਪੇਕਿਆਂ ਨੇ ਇਕ ਕੈਨੇਡਾ ਵਾਲੇ ਮੁੰਡੇ ਦੀ ਦੱਸ ਪਾ ਦਿੱਤੀ। ਦੇਖ-ਦਖਾਈ ਲਈ ਮੁੰਡੇ ਵਾਲਿਆਂ ਨੂੰ ਘਰ ਹੀ ਬੁਲਾ ਲਿਆ ਗਿਆ।

ਸਮੇਂ ਮੁਤਾਬਕ ਮੁੰਡੇ ਵਾਲਿਆਂ ਆ ਕੇ ਕੁਰਸੀਆਂ ਮੱਲ ਲਈਆਂ। ਅੱਜ ਮਿੰਦਰੋ ਨੂੰ ਵੀ ਸਵੇਰੇ ਹੀ ਨੁਹਾ ਕੇ ਸੋਹਣੇ ਕੱਪੜੇ ਪੁਆ ਦਿੱਤੇ ਗਏ। ਮਿੰਦਰੋ ਤਾਂ ਅਸਮਾਨੋਂ ਉਤਰੀ ਪਰੀ ਲੱਗਦੀ ਪਰ ਇਸ ਪਰੀ ਦੀ ਪਰਖ ਕੌਣ ਕਰੇ? ਚਾਹ ਫੜਾਉਣ ਲਈ ਮਿੰਦਰੋ ਨੂੰ ਭੇਜਿਆ ਗਿਆ। ਮਿੰਦਰੋ ਫਤਿਹ ਬੁਲਾ ਕੇ ਚਾਹ ਰੱਖ ਆਈ। ਰਸਮੀ ਗੱਲਾਂ ਤੋਂ ਬਾਅਦ ਕੈਨੇਡੀਅਨ ਮੁੰਡੇ ਤੇ ਪ੍ਰੀਤ ਨੂੰ ਇਕੱਲਿਆਂ ਛੱਡ ਦਿੱਤਾ ਗਿਆ। ਉਨ੍ਹਾਂ ਵਿਚ ਪਤਾ ਨਹੀਂ ਕੀ ਗੱਲਬਾਤ ਹੋਈ, ਮੁੰਡੇ ਨੇ ਬਾਹਰ ਨਿਕਲ ਕੇ ਵਿਚੋਲੇ ਨੂੰ ਇਸ ਰਿਸ਼ਤੇ ਤੋਂ ਜਵਾਬ ਦੇ ਦਿੱਤਾ। ਨਾਲ ਹੀ ਇਕ ਬੇਨਤੀ ਕੀਤੀ ਕਿ ਜਿਹੜੀ ਕੁੜੀ ਚਾਹ ਫੜਾਉਣ ਆਈ ਸੀ, ਮੈਨੂੰ ਉਹ ਕੁੜੀ ਪਸੰਦ ਹੈ। ਮੇਰਾ ਉਸ ਕੁੜੀ ਨਾਲ ਵਿਆਹ ਕਰ ਦੇਵੋ। ਇਹ ਸੁਣ ਕੇ ਵਿਚੋਲੇ ਨੇ ਮੁੰਡੇ ਨੂੰ ਮਿੰਦਰੋ ਦੀ ਸਾਰੀ ਕਹਾਣੀ ਦੱਸੀ। ਇਹ ਵੀ ਦੱਸਿਆ ਕਿ ਉਹ ਅਨਪੜ੍ਹ ਹੈ। ਪਰ ਮੁੰਡਾ ਕਹਿੰਦਾ ਮੈਨੂੰ ਮਿੰਦਰੋ ਹੀ ਪਸੰਦ ਹੈ। ਗੱਲ ਚਾਚੀ ਤੱਕ ਪਹੁੰਚ ਗਈ। ਚਾਚੀ ਨੇ ਫਿਰ ਪਾਸੇ ਵਿਚ ਮਿੰਦਰੋ ਖਿਲਾਫ ਕਾਫੀ ਅਵਾ-ਤਵਾ ਬੋਲਿਆ ਪਰ ਹੀਰੇ ਦੀ ਪਰਖ ਜੌਹਰੀ ਕਰ ਗਏ ਸਨ।

ਤਿੰਨਾਂ ਕੱਪੜਿਆਂ ਵਿਚ ਮਿੰਦਰੋ ਦਾ ਅਨੰਦ ਕਾਰਜ ਹੋ ਗਿਆ। ਹੁਣ ਸਹੁਰੇ ਘਰ ਵਿਚ ਉਹ ਜਸਮਿੰਦਰ ਕੌਰ ਬਣ ਗਈ। ਖੱਟੀ ਲੱਸੀ ਨਾਲ ਨਹਾਉਣ ਵਾਲੀ ਅੱਜ ਬਾਹਰਲੇ ਸਾਬਣ, ਸ਼ੈਂਪੂ ਨਾਲ ਨਹਾਉਣ ਲੱਗੀ। ਪਸ਼ੂਆਂ ਵਿਚ ਪਸ਼ੂ ਬਣਨ ਵਾਲੀ ਹੁਣ ਤਿੰਨ ਮੰਜ਼ਲੀ ਕੋਠੀ ਵਿਚ ਮੋਰਾਂ ਵਾਂਗ ਪੈਲਾਂ ਪਾਉਂਦੀ ਫਿਰਦੀ। ਚਾਚਾ-ਚਾਚੀ ਪਹਿਲੀ ਵਾਰ ਮਿੰਦਰੋ ਦੇ ਘਰ ਆਏ। ਕੋਠੀ ਵੇਖ ਕੇ ਚਾਚੀ ਦੇ ਗਸ਼ ਪੈ ਗਈ, ਚਾਚੇ ਨੇ ਮਸਾਂ ਸੰਭਾਲੀ। ਜਿਹੜੀ ਮਿੰਦਰੋ ਨੂੰ ਕਦੇ ਚੁੰਨੀ ਨਸੀਬ ਨਹੀਂ ਸੀ ਹੋਈ ਉਹ ਮਿੰਦਰੋ ਅੱਜ ਸੋਨੇ ਨਾਲ ਭਰੀ ਪਈ ਸੀ, ਜਿਹੜੀ ਕਦੇ ਮਾਂ ਬਾਪ ਦੇ ਪਿਆਰ ਨੂੰ ਤਰਸਦੀ ਸੀ ਉਸ ਪਿਆਰ ਦੀ ਕਮੀ ਸੱਸ-ਸਹੁਰੇ ਨੇ ਉਸ ਨੂੰ ਧੀ ਮੰਨ ਕੇ ਪੂਰੀ ਕਰ ਦਿੱਤੀ। ਚਾਚੀ ਮਹਿਮਾਨੀ ਦਾ ਪੀਸ ਮੂੰਹ ਵਿਚ ਪਾਉਂਦੀ ਹੋਈ ਬੋਲੀ, "ਦੇਖੋ ਭੈਣ ਜੀ, ਮੈਂ ਆਪਣੀ ਜਸਮਿੰਦਰ ਪੁੱਤਾਂ ਵਾਂਗ ਦੁੱਧ-ਮੱਖਣਾਂ ਨਾਲ ਪਾਲੀ ਹੈ। ਇਹ ਮੇਰੀ ਕੁੱਖੋਂ ਪੈਦਾ ਤਾਂ ਨਹੀਂ ਹੋਈ ਪਰ ਰਾਤਾਂ ਨੂੰ ਆਪਣੀ ਇਕ ਇਕ ਰੱਤ ਦਾ ਅੰਮ੍ਰਿਤ ਬਣਾ ਕੇ ਇਸ ਨੂੰ ਪਿਲਾਉਂਦੀ ਰਹੀ ਹਾਂ। ਹੁਣ ਮੇਰੀ ਧੀ ਦਾ ਤੁਸੀਂ ਖਿਆਲ ਰੱਖਣਾ।" ਚਾਚੀ ਨੇ ਆਪਣੀਆਂ ਅੱਖਾਂ ਪੂੰਝਦਿਆਂ ਚੁੱਪ ਵੱਟ ਲਈ।

"ਕੋਈ ਨਾ ਭੈਣ ਜੀ, ਹੁਣ ਜਸਮਿੰਦਰ ਦਾ ਕੋਈ ਫਿਕਰ ਨਹੀਂ ਕਰਨਾ। ਇਹ ਸਾਡੀ ਧੀ ਹੈ। ਇਕ ਦਿਨ ਕਾਕਾ ਤੇ ਜਸਮਿੰਦਰ ਆਉਣਗੇ ਤੁਹਾਨੂੰ ਮਿਲਣ ਲਈ," ਸੱਸ ਨੇ ਦੋ ਗੱਲਾਂ ਵਿਚ ਸਭ ਕੁਝ ਮੁਕਾਉਂਦਿਆਂ ਕੁਰਸੀ ਛੱਡ ਦਿੱਤੀ। ਚਾਚਾ-ਚਾਚੀ ਬੂਟੀਆਂ ਵਾਲਾ ਝੋਲਾ ਫੜ੍ਹ ਕੇ ਮਿੰਨੀ ਬੱਸ ਬੈਠ ਗਏ।

ਜਸਮਿੰਦਰ ਨੇ ਇਕ ਦਿਨ ਕਾਕੇ ਤੋਂ ਪੁੱਛਿਆ ਕਿ ਤੁਸੀਂ ਪ੍ਰੀਤ ਨੂੰ ਨਾਪਸੰਦ ਕਿਉਂ ਕੀਤਾ ਸੀ? ਕਾਕੇ ਨੇ ਦੱਸਿਆ ਕਿ ਪ੍ਰੀਤ ਦੀ ਕਿਸੇ ਮੁੰਡੇ ਨਾਲ ਗੱਲਬਾਤ ਹੈ। ਉਹ ਦੋਵੇਂ ਵਿਆਹ ਕਰਵਾਉਣਾ ਚਾਹੁੰਦੇ ਹਨ। ਫਿਰ ਪ੍ਰੀਤ ਨੇ ਕਿਹਾ, ਜੇ ਮੰਮੀ-ਪਾਪਾ ਨਾ ਮੰਨੇ ਤਾਂ ਅਸੀਂ ਘਰੋਂ ਭੱਜ ਕੇ ਵਿਆਹ ਕਰਵਾ ਲਵਾਂਗੇ। ਮੈਂ ਕਿਸੇ ਦੇ ਪਿਆਰ ਵਿਚ ਰੋੜਾ ਨਹੀਂ ਬਣਨਾ ਚਾਹੁੰਦਾ ਸੀ। ਕਾਕੇ ਨੇ ਗੱਲ ਮੁਕਾ ਦਿੱਤੀ।

ਪ੍ਰੀਤ ਨੇ ਮਾਪਿਆਂ ਤੋਂ ਵਿਆਹ ਬਾਰੇ ਪੁੱਛਿਆ ਕਿ ਮੈਂ ਉਸ ਨਾਲ ਵਿਆਹ ਕਰਵਾਉਣਾ ਹੈ। ਮਾਤਾ-ਪਿਤਾ ਨੇ ਜਵਾਬ ਦੇ ਦਿੱਤਾ। ਫਿਰ ਮਿੰਦਰੋ ਕੈਨੇਡਾ ਪਹੁੰਚ ਗਈ। ਕਾਕੇ ਹੋਰੀਂ ਕੋਈ ਕੇਸ ਜਿੱਤ ਗਏ ਜਿਸ ਦੇ ਬਦਲੇ ਉਨ੍ਹਾਂ ਨੂੰ ਮਿਲੀਅਨ ਡਾਲਰ ਮਿਲਣਾ ਸੀ। ਕਾਕੇ ਹੋਰੀਂ ਕਹਿੰਦੇ, ਸਾਡੇ ਲਈ ਮਿੰਦਰੋ ਬਹੁਤ ਲੱਕੀ ਹੈ ਜਿਸ ਨੇ ਆਉਂਦਿਆਂ ਹੀ ਸਾਡਾ ਚਿਰਾਂ ਤੋਂ ਚੱਲਦਾ ਕੇਸ ਜਿਤਾ ਦਿੱਤਾ। 'ਸ਼ੀ ਇਜ਼ ਮਾਈ ਡਾਇਮੰਡ', ਕਾਕਾ ਜਸਮਿੰਦਰ ਨੂੰ ਬੁੱਕਲ ਵਿਚ ਲੈ ਕੇ ਕਹਿੰਦਾ।

ਪ੍ਰੀਤ ਉਸ ਮੁੰਡੇ ਨਾਲ ਘਰੋਂ ਭੱਜ ਗਈ। ਮਾਂ-ਪਿਓ ਜਿਉਂਦਿਆਂ ਲਾਸ਼ਾਂ ਬਣ ਗਏ। ਚਾਚੀ ਨੇ ਸਾਰੀ ਉਮਰ ਹੀ ਮਿੰਦਰੋ ਨੂੰ ਕੁੱਟਣ 'ਤੇ ਲਾ ਦਿੱਤੀ ਤੇ ਆਪਣੀ ਧੀ ਦਾ ਖਿਆਲ ਹੀ ਨਹੀਂ ਸੀ ਰੱਖਿਆ। ਜਿਨ੍ਹਾਂ ਨੂੰ ਸੋਨਾ ਸਮਝਦੀ ਰਹੀ, ਉਹ ਪਿੱਤਲ ਨਾਲੋਂ ਵੀ ਮਾੜੇ ਨਿਕਲੇ, ਜਿਹੜਾ ਹੀਰਾ ਸੀ ਉਸ ਨੂੰ ਮਿੱਟੀ ਵਿਚ ਹੀ ਦੱਬੀ ਰੱਖਿਆ। ਹੁਣ ਚਾਚੀ 'ਮੇਰੀ ਮਿੰਦਰੋ, ਮੇਰੀ ਮਿੰਦਰੋ' ਕਰਦੀ ਰਹਿੰਦੀ ਹੈ ਪਰ ਸਮਾਂ ਬੀਤ ਗਿਆ।

# ਸੰਪਾਦਕ ਦੀ ਡਾਕ

## ਦਿਲ ਪਹਿਲਾਂ ਜਿਹਾ ਨਹੀਂ ਰਿਹਾ, ਕਠੋਰ ਹੋ ਗਿਆ...

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਅਸਤੀਫੇ ਤੋਂ ਬਾਅਦ ਅਕਾਲੀ ਦਲ (ਬਾਦਲ) ਵਿਚ ਤਰਥੱਲੀ ਜਿਹੀ ਮਚੀ ਹੋਈ ਹੈ। ਅਕਾਲੀ ਸੁਪਰੀਮੋ ਬਾਦਲ ਸਾਹਿਬ ਲਗਾਤਾਰ ਰੱਟ ਲਾਈ ਜਾ ਰਹੇ ਹਨ, ਪਾਰਟੀ ਪਹਿਲਾਂ ਅਤੇ ਵਿਅਕਤੀ ਬਾਅਦ ਵਿਚ, ਪਾਰਟੀ ਵੱਡੀ ਹੈ। ਪਾਰਟੀ ਦੀ ਇਸ ਦੁਹਾਈ ਬਾਰੇ ਸਭ ਜਾਣਦੇ ਹਨ (ਕੌਣ ਪਾਰਟੀ, ਕਿਹੜੀ ਪਾਰਟੀ?), ਇਹ ਸਭ ਕਹਿਣ ਦੀਆਂ ਗੱਲਾਂ ਹਨ। ਹੁੰਦਾ ਉਹੀ ਹੀ ਹੈ ਜੋ ਬਾਦਲ ਸਾਹਿਬ ਚਾਹੁੰਦੇ ਹਨ। ਮਨਪ੍ਰੀਤ ਸਿੰਘ ਬਾਦਲ ਲਗਾਤਾਰ ਕਹਿ ਰਿਹਾ ਹੈ, ਮੈਂ ਤਾਇਆ ਜੀ ਦੀ ਇੱਜ਼ਤ ਕਰਦਾ ਹਾਂ, ਮੇਰੇ ਪਿਓ ਵਰਗੇ ਹਨ। ਬਾਦਲ ਸਾਹਿਬ ਨੇ ਵੀ ਕਿਹਾ ਹੈ, ਨਿੱਕਾ ਹੁੰਦਾ ਮਨਪ੍ਰੀਤ ਮੇਰੇ ਨਾਲ ਸੌਂ ਜਾਂਦਾ ਸੀ। ਬੱਚੇ ਤਾਇਆਂ ਨਾਲ ਸੌਂ ਹੀ ਜਾਂਦੇ ਹਨ। ਪੁੱਛਿਆ ਜਾਣਾ ਚਾਹੀਦਾ ਹੈ ਕਿ ਬਾਦਲ ਸਾਹਿਬ ਤੁਸੀਂ ਕਿਹੜੀ ਪਾਰਟੀ ਨੂੰ ਅੱਗੇ ਰੱਖਦੇ ਹੋ? ਸਾਰੇ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਤੁਸੀਂ ਬੰਦਿਆਂ ਤੋਂ ਕੰਮ ਲੈ ਕੇ ਮੱਖਣ ਵਿਚੋਂ ਵਾਲ ਵਾਂਗ ਬਾਹਰ ਸੁੱਟਦੇ ਹੋ। ਕਿਸ ਨੂੰ ਨਹੀਂ ਪਤਾ ਕਿ ਲੋੜ ਪੈਣ 'ਤੇ ਉਹ ਕੁਲਦੀਪ ਸਿੰਘ ਵਡਾਲਾ ਅਤੇ ਹੋਰ ਸੀਨੀਅਰ ਆਗੂਆਂ ਦੇ ਘਰ ਮਿੰਨਤਾਂ, ਤਰਲੇ ਕਰਨ ਵੀ ਚਲੇ ਜਾਂਦੇ ਹਨ। ਜਥੇਦਾਰ ਟੌਹੜਾ ਦਾ ਪਾਰਟੀ ਤੋਂ ਵੱਖ ਹੋਣਾ ਵੀ ਸਭ ਨੂੰ ਚੇਤੇ ਹੈ।

ਸਭ ਜਾਣਦੇ ਹਨ ਕਿ ਲੜਾਈ ਸੁਖਬੀਰ ਦੀ ਤਖਤਨਸ਼ੀਨੀ ਯਾਨਿ ਮੁੱਖ ਮੰਤਰੀ ਦੇ ਅਹੁਦੇ ਦੀ ਹੈ। ਸੁਖਬੀਰ ਨੂੰ ਲੱਗਿਆ ਹੋਵੇਗਾ ਕਿ ਮਨਪ੍ਰੀਤ ਉਸ ਦੇ ਰਾਹ ਵਿਚ ਆ ਸਕਦਾ ਹੈ ਅਤੇ ਸ਼ਾਇਦ ਬਾਦਲ ਸਾਹਿਬ ਨੂੰ ਵੀ। ਮਨਪ੍ਰੀਤ ਨੂੰ ਇਸ ਤਰ੍ਹਾਂ ਬੇਆਬਰੂ ਕਰਕੇ ਪਾਰਟੀ 'ਚੋਂ ਕੱਢਿਆ ਜਾਣਾ ਕਿਸੇ ਨੂੰ ਵੀ ਨਹੀਂ ਪਚਦਾ। ਭਾਈ ਗੁਰਦਾਸ ਦਾ ਕਥਨ ਹੈ:

ਜੇ ਮਾਊ ਪੂਤੈ ਵਿਸੁ ਦੇ ਤਿਸ ਤੇ ਕਿਸ ਪਿਆਰਾ॥
ਜੇ ਘਰ ਭੰਨੈ ਪਾਹਰੂ ਕਉਣ ਰਖਣਹਾਰਾ॥
ਬੇੜਾ ਡੋਬੈ ਪਾਤਣੀ ਕਿਉ ਪਾਰ ਉਤਾਰਾ॥
ਆਗੂ ਲੈ ਉਝੜਿ ਪਵੈ ਕਿਸ ਕਰੈ ਪੁਕਾਰਾ॥

ਅਰਥਾਤ ਜੇ ਮਾਂ ਪੁੱਤ ਨੂੰ ਵਿਸ਼ ਦੇ ਦੇਵੇ ਤਾਂ ਉਸ ਨੂੰ ਕੌਣ ਬਚਾ ਸਕਦਾ ਹੈ ਅਤੇ ਜੇ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਨੂੰ ਕੌਣ ਬਚਾ ਸਕਦਾ ਹੈ? ਜੇ ਮਲਾਹ ਬੇੜੀ ਡੋਬੇ, ਕੌਣ ਬਚਾ ਸਕਦਾ ਹੈ ਅਤੇ ਜੇ ਆਗੂ ਹੀ ਪੁੱਠੇ ਰਾਹ ਚੱਲੇ ਤਾਂ ਪੁਕਾਰ ਕਿਸ ਪਾਸ ਕੀਤੀ ਜਾਵੇ?

ਹੁਣ ਤਾਂ ਮਨਪ੍ਰੀਤ ਨੂੰ ਵੀ ਪਿੱਛੇ ਹਟ ਜਾਣਾ ਚਾਹੀਦਾ ਹੈ ਕਿਉਂਕਿ ਐਵੇਂ 'ਤਾਇਆ ਜੀ, ਤਾਇਆ ਜੀ' ਕਰਨ ਦਾ ਕੋਈ ਫਾਇਦਾ ਨਹੀਂ। ਮਨਪ੍ਰੀਤ ਨੂੰ 14 ਨਵੰਬਰ ਦੇ ਪ੍ਰੋਗਰਾਮ ਲਈ ਵੀ ਬਹੁਤ ਹੁਸ਼ਿਆਰ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਪਿਛਲੇ ਕੁਝ ਦਿਨਾਂ ਤੋਂ ਵਰਤਾਰਾ ਚੱਲ ਰਿਹਾ ਹੈ, ਇਹ ਵੀ ਸੰਭਵ ਹੈ ਕਿ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਉਨ੍ਹਾਂ ਨੂੰ ਦਰਬਾਰ ਸਾਹਿਬ ਹੀ ਦਾਖਲ ਨਾ ਹੋਣ ਦੇਣ। ਇਸ ਗੱਲ ਦਾ ਬਦਲ ਉਨ੍ਹਾਂ ਨੂੰ ਰੱਖਣਾ ਚਾਹੀਦਾ ਹੈ।

ਇਹ ਸਵਾਲ ਵੀ ਉਠਦੇ ਹਨ ਕਿ ਕੀ ਮਨਪ੍ਰੀਤ ਬਾਦਲ ਨੂੰ ਪਾਰਟੀ 'ਚੋਂ ਕੱਢਿਆ ਜਾਣਾ ਜਾਇਜ਼ ਹੈ ਜਾਂ ਨਹੀਂ? ਕੀ ਪੰਜਾਬ ਸਿਰ ਕਰਜ਼ਾ ਨਹੀਂ? ਕੇਂਦਰ ਸਰਕਾਰ ਨਾਲ ਕਰਜ਼ੇ ਬਾਰੇ ਗੱਲ ਕਰਨੀ ਕੀ ਜਾਇਜ਼ ਨਹੀਂ? ਕੀ ਸ. ਪ੍ਰਕਾਸ਼ ਸਿੰਘ ਬਾਦਲ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਲਈ ਮਨਪ੍ਰੀਤ ਸਮੇਤ ਸਾਰੇ ਸੀਨੀਅਰ ਆਗੂਆਂ ਨੂੰ ਲਾਂਭੇ ਨਹੀਂ ਕਰ ਰਹੇ? ਅਮਰੀਕਾ ਦੇ ਅਕਾਲੀ ਦਲ ਵਾਲੇ ਸੱਚ ਨੂੰ ਸੱਚ ਨਹੀਂ ਕਹਿੰਦੇ, ਕੀ ਕਾਰਨ ਹੈ? ਅਮਰੀਕਾ ਵਾਲੇ ਬਾਦਲ ਅਕਾਲੀ ਦਲ ਦੀ ਅਮਰੀਕਾ ਜਾਂ ਇੰਡੀਆ ਵਿਚ ਕੀ ਕੋਈ ਪ੍ਰਾਪਤੀ ਹੈ? ਸਿਵਾਏ ਅਖਬਾਰਾਂ ਵਿਚ ਫੋਟੋਆਂ ਲਗਵਾਉਣ ਤੋਂ। ਅਮਰੀਕਾ ਦੇ ਅਕਾਲੀਆਂ ਨੂੰ ਵੀ ਬੇਨਤੀ ਹੈ ਕਿ ਮਨਪ੍ਰੀਤ ਦੇ ਮਸਲੇ 'ਤੇ ਸੱਚ ਨੂੰ ਸੱਚ ਕਹਿਣ ਦੀ ਜੁਰਅਤ ਵਿਖਾਉਣ।

ਰਾਜਨੀਤੀ ਵਿਚ ਕੋਈ ਕਿਸੇ ਦਾ ਸਕਾ ਨਹੀਂ। ਮਨਪ੍ਰੀਤ ਸਿੰਘ ਜੇ ਆਪਣੀ ਆਜ਼ਾਦ ਹਸਤੀ ਰੱਖ ਕੇ ਅੱਗੇ ਵਧੇਗਾ ਤਾਂ ਪੰਜਾਬ ਦੇ ਲੋਕ ਜ਼ਰੂਰ ਉਸ ਨੂੰ ਹੁੰਗਾਰਾ ਦੇਣਗੇ।

*-ਜੀ. ਐਸ. ਤੂਰ,*
*ਫੋਨ 510-325-4614*

## ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਬੇਨਤੀ

ਪੰਜਾਬ ਦਾ ਰਾਜ ਭਾਗ ਤਾਂ ਦੋ ਡੋਗਰੇ ਸਿੱਖਾਂ-ਧਿਆਨ ਸਿੰਘ ਅਤੇ ਗੁਲਾਬ ਸਿੰਘ ਨੇ ਗੁਆ ਦਿੱਤਾ। ਮਾਸਟਰ ਤਾਰਾ ਸਿੰਘ ਅਤੇ ਬਲਦੇਵ ਸਿੰਘ ਨੇ ਅੱਧਾ ਪੰਜਾਬ ਪਾਕਿਸਤਾਨ ਅਤੇ ਅੱਧਾ ਹਿੰਦੋਸਤਾਨ ਦੀ ਝੋਲੀ ਪੁਆ ਦਿੱਤਾ। ਉਸ ਤੋਂ ਬਾਅਦ ਵੀ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਿਹ ਸਿੰਘ ਨੇ ਪੰਜਾਬ ਨਾਲ ਕੋਈ ਘੱਟ ਨਹੀਂ ਗੁਜ਼ਾਰੀ। ਹਿਮਾਚਲ ਅਤੇ ਹਰਿਆਣਾ ਉਨ੍ਹਾਂ ਦੀਆਂ ਨੀਤੀਆਂ ਦਾ ਹੀ ਨਤੀਜਾ ਹਨ। ਸੰਤ ਲੌਂਗੋਵਾਲ ਅਤੇ ਜਥੇਦਾਰ ਟੌਹੜਾ ਦੀ ਜੁੰਡਲੀ ਨੇ ਆਰਥਕ, ਧਾਰਮਕ ਅਤੇ ਸਮਾਜਕ ਤੌਰ 'ਤੇ ਕੌਮ ਦਾ ਨੁਕਸਾਨ ਕਰਵਾਇਆ। ਖਾਲਸੇ ਕੋਲ ਪੰਜਾਂ ਦਾ ਸਿਧਾਂਤ ਹੈ, ਅੱਜ ਉਸ ਨੂੰ ਵੀ ਖਤਮ ਕਰਨ ਲਈ ਸਮੇਂ ਦੀ ਸਰਕਾਰ ਅਤੇ ਪੰਥ ਦੇ ਆਪੂੰ ਬਣੇ ਆਗੂਆਂ ਨੇ ਜੋਰ ਲਾਇਆ ਹੋਇਆ ਹੈ। ਜੇ ਖਾਲਸੇ ਨੇ ਪੰਜਾਂ ਦੇ ਸਿਧਾਂਤ 'ਤੇ ਪਹਿਰਾ ਦਿੱਤਾ ਹੁੰਦਾ ਤਾਂ ਸ਼ਾਇਦ ਅੱਜ ਦੇ ਦਿਨ ਨਾ ਦੇਖਣੇ ਪੈਂਦੇ।

ਪੰਜ ਵੀ ਉਹ ਚਾਹੀਦੇ ਹਨ ਜੋ ਗੁਰੂ ਦਾ ਹੁਕਮ ਹੈ, ਪੰਚਾਂ ਕਾ ਗੁਰ ਏਕ ਧਿਆਨ। ਸਾਡਾ ਇਸ ਵੇਲੇ ਹਾਲ ਇਹ ਹੈ, ਸਵੇਰ ਵੇਲੇ ਪੰਜ ਹੁੰਦੇ ਹਨ, ਦੁਪਹਿਰ ਵੇਲੇ ਦੋ ਇਕ ਪਾਸੇ ਅਤੇ ਤਿੰਨ ਇਕ ਪਾਸੇ। ਸ਼ਾਮ ਨੂੰ ਚਾਰ ਕਹਿੰਦੇ ਹਨ, ਅਸੀਂ ਬਾਦਲ ਵੱਲ ਚੱਲੇ ਅਤੇ ਕੋਈ ਭਾਈ ਬਲਵੰਤ ਸਿੰਘ ਨੰਦਗੜ੍ਹ ਵਰਗਾ ਕਹਿੰਦਾ ਹੈ, ਅਸੀਂ ਤਾਂ ਫਿਰ ਰਹਿ ਗਏ 'ਕੱਲੇ। ਭਾਵੇਂ ਅੰਮ੍ਰਿਤ ਸੰਚਾਰ ਕਰਨਾ ਹੋਵੇ, ਭਾਵੇਂ ਨਗਰ ਕੀਰਤਨ ਦੀ ਅਗਵਾਈ ਕਰਨੀ ਹੋਵੇ, ਜਾਂ ਗੁਰੂ ਘਰ ਦੀ ਇਮਾਰਤ ਦਾ ਨੀਂਹ ਪੱਥਰ ਰੱਖਣਾ ਹੋਵੇ, ਉਦਘਾਟਨ ਕਰਨਾ ਹੋਵੇ, ਸੱਚੇ ਸੁੱਚੇ ਜੀਵਨ ਵਾਲੇ ਪੰਜ ਤਿਆਰ-ਬਰ-ਤਿਆਰ ਸਿੰਘ ਹੋਣੇ ਚਾਹੀਦੇ ਹਨ। ਗੁਰੂ ਘਰਾਂ ਅਤੇ ਕੌਮ ਦੇ ਫੈਸਲੇ ਪੰਜਾਂ ਦੀ ਸਲਾਹ ਨਾਲ ਗੁਰੂ ਦੇ ਭੈਅ ਵਿਚ ਰਹਿ ਕੇ ਕੀਤੇ ਜਾਣੇ ਚਾਹੀਦੇ ਹਨ।

ਗੁਰੂ ਘਰਾਂ ਵਿਚ ਸ਼ਬਦ ਕੀਰਤਨ ਹੁੰਦਾ ਹੈ, ਕਥਾ ਦਾ ਪ੍ਰਵਾਹ ਚਲਦਾ ਹੈ, ਅੰਮ੍ਰਿਤ ਸੰਚਾਰ ਹੁੰਦਾ ਹੈ-ਮੰਤਵ ਹੁੰਦਾ ਹੈ ਸੰਗਤਾਂ ਨੂੰ ਗੁਰੂ ਸਾਹਿਬ ਦੇ ਲੜ ਲਾਉਣਾ ਤਾਂ ਕਿ ਰਹਿੰਦਾ ਜੀਵਨ ਗੁਰੂ ਦੇ ਲੇਖੇ ਲੱਗ ਜਾਵੇ। ਪਰ ਅਕਸਰ ਵੇਖਿਆ ਜਾਂਦਾ ਹੈ ਕਿ ਇਸ ਸਭ ਕਾਸੇ ਦਾ ਮਨੋਰਥ ਫੋਕੀ ਮਹਿਮਾ ਅਤੇ ਆਪੋ ਆਪਣੀ ਚੌਧਰ ਚਮਕਾਉਣ ਤੱਕ ਰਹਿ ਜਾਂਦਾ ਹੈ। ਪ੍ਰਬੰਧਕ ਇਕ ਦੂਜੇ ਦੇ ਉਤੋਂ ਦੀ ਹੋਣ ਦੀ ਕੋਸ਼ਿਸ਼ ਕਰਦੇ ਹਨ। ਰਾਗੀ, ਢਾਡੀ ਅਤੇ ਕਥਾਵਾਚਕ ਸਿਰਫ ਆਪਣੀ ਭੇਟਾ ਤੱਕ ਹੀ ਧਿਆਨ ਰੱਖਦੇ ਹਨ ਜਦੋਂਕਿ ਸੰਗਤ ਸਿਰਫ ਕੰਨ-ਰਸ ਤੱਕ ਹੀ ਸੀਮਤ ਰਹਿ ਜਾਂਦੀ ਹੈ।

ਗੱਲ ਪੰਜਾਂ ਸਿੰਘਾਂ ਦੀ ਹੋ ਰਹੀ ਸੀ। ਪੰਜਾਂ ਸਿੰਘਾਂ ਵਿਚ ਇਖਲਾਕ ਤੋਂ ਗਿਰਿਆ ਕੋਈ ਵਿਅਕਤੀ ਨਹੀਂ ਹੋਣਾ ਚਾਹੀਦਾ, ਆਪਣੀ ਘਰਵਾਲੀ ਅਤੇ ਬੱਚੇ ਨੂੰ ਛੱਡ ਕੇ ਦੂਜੀਆਂ ਨਾਲ ਵਿਆਹ ਕਰਵਾਉਣ ਵਾਲਾ ਮਨੁੱਖ ਵੀ ਪੰਜਾਂ ਸਿੰਘਾਂ ਵਿਚ ਸ਼ਾਮਲ ਨਾ ਕੀਤਾ ਜਾਵੇ ਕਿਉਂਕਿ ਉਹ ਸਿੱਖ ਨਹੀਂ ਹੈ, "ਪਰ ਕੀ ਉਹ ਅਪਨੀ ਕਹੈ ਅਪਨੋ ਨਹਿ ਪਾਇਆ।" ਜੇ ਕਿਸੇ ਗ੍ਰੰਥੀ, ਕਵੀਸ਼ਰ, ਕਥਾਵਾਚਕ ਜਾਂ ਕੀਰਤਨੀਏ ਨੇ ਕੋਈ ਇਖਲਾਕੀ ਕੁਕਰਮ ਕੀਤਾ ਹੈ ਤਾਂ ਉਸ ਨੂੰ ਗੁਰੂ ਘਰ ਦੀ ਸੇਵਾ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ। ਪੰਜਾਂ ਸਿੰਘਾਂ ਵਿਚ ਤਾਂ ਕਦੇ ਵੀ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ। ਜੋ ਲੋਕ ਨੰਗੇ ਧੜ ਅਜਿਹੇ ਲੋਕਾਂ ਦੀ ਹਮਾਇਤ ਕਰਦੇ ਹਨ, ਉਨ੍ਹਾਂ ਨੂੰ ਵੀ ਗੁਰੂ ਘਰ ਦੇ ਪ੍ਰਬੰਧ ਅਤੇ ਪੰਜਾਂ ਸਿੰਘਾਂ ਵਿਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ, "ਪਰ ਨਾਰੀ ਸਿਉ ਨੇਹੁ ਲਗਾਵੈ ਗੋਬਿੰਦ ਸਿੰਘ ਕੋ ਸਿੱਖ ਨਾ ਭਾਵੈ।" ਪੰਜਾਂ ਦਾ ਜਿਹੋ ਜਿਹਾ ਜੀਵਨ ਹੋਵੇਗਾ ਉਹੋ ਜਿਹਾ ਅੰਮ੍ਰਿਤ ਅਭਿਲਾਖੀਆਂ ਉਤੇ ਅਸਰ ਪਵੇਗਾ। ਇਕ ਵਾਰ ਅੰਮ੍ਰਿਤ ਸੰਚਾਰ ਸਮੇਂ ਸੰਤ ਕਰਤਾਰ ਸਿੰਘ ਹੋਰਾਂ ਨੇ ਆਖਿਆ ਸੀ, "ਜਰਨੈਲ ਸਿਆਂ, ਅਗਰ ਤੇਰੇ ਵਰਗੇ ਸਿੰਘ ਅੰਮ੍ਰਿਤ ਸੰਚਾਰ ਵਿਚ ਸ਼ਾਮਲ ਹੋਣ ਤਾਂ ਕੋਈ ਸਿੰਘ ਕਿਰਪਾਨ ਲਾਹ ਕੇ ਕੀਲੀ 'ਤੇ ਨਾ ਟੰਗੇ ਅਤੇ ਸ਼ਹੀਦੀ ਤੋਂ ਪਾਸਾ ਨਾ ਵੱਟੇ।"

ਇਕ ਗੁਰੂ ਘਰ ਵਿਚ ਇਕ ਸਿੰਘ ਨੇ ਪੁੱਛਿਆ ਕਿ ਪੰਜਾਂ ਸਿੰਘਾਂ ਵਿਚ ਕਿਹੜੇ ਸਿੰਘ ਲਾਉਣੇ ਹਨ? ਜਵਾਬ ਸੀ, "ਬਲਾਤਕਾਰੀ ਜਾਂ ਫਿਰ ਬਲਾਤਕਾਰੀ ਨਾਲ ਸਹਿਯੋਗ ਕਰਨ ਵਾਲੇ ਨਹੀਂ। ਪੰਜ ਸਿੰਘ ਜੀਵਨ ਵਾਲੇ ਲਾਓ।" ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਬੇਨਤੀ ਹੈ ਕਿ ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇ। ਸੰਗਤਾਂ ਅਤੇ ਪੰਥ ਦੀ ਚੜ੍ਹਦੀ ਕਲਾ ਦੇ ਚਾਹਵਾਨ ਵੀਰਾਂ ਨੂੰ ਬੇਨਤੀ ਹੈ ਕਿ ਉਹ ਇਸ ਮਾਮਲੇ 'ਤੇ ਵਿਚਾਰ ਕਰਨ ਅਤੇ ਸਹਿਯੋਗ ਦੇਣ। ਇਥੇ ਅਜੀਤ ਸਿੰਘ ਪੂਹਲੇ ਅਤੇ ਸੰਤਾ ਸਿੰਘ ਨਿਹੰਗ ਵਰਗੇ ਅਨੇਕਾਂ ਹੀ ਲੋਕ ਗਿਣਿਆਂ ਤੱਕ ਚੋਲੇ ਪਾਈ ਫਿਰਦੇ ਹਨ। ਸਿੱਖੀ ਸਰੂਪ ਵਿਚ ਸਿੱਖ ਕੌਮ ਦਾ ਨੁਕਸਾਨ ਕਰਦੇ ਹਨ। ਜਿਹੜੇ ਲੋਕ ਬਲਾਤਕਾਰ ਦੇ ਦੋਸ਼ੀ ਹਨ, ਆਪਣਾ ਆਰ-ਪਰਿਵਾਰ ਛੱਡ ਕੇ ਹੋਰਨਾਂ ਮਗਰ ਫਿਰਦੇ ਹਨ ਜਾਂ ਝੂਠ ਬੋਲਦੇ ਹਨ, ਅਜਿਹੇ ਲੋਕਾਂ ਦਾ ਤਾਂ ਤਿਆਰ-ਬਰ-ਤਿਆਰ ਸਿੰਘਾਂ ਉਤੇ ਪਰਛਾਵਾਂ ਵੀ ਨਹੀਂ ਪੈਣਾ ਚਾਹੀਦਾ, ਪੰਜਾਂ ਸਿੰਘਾਂ ਵਿਚ ਸ਼ਾਮਲ ਹੋਣਾ ਤਾਂ ਦੂਰ ਦੀ ਗੱਲ ਹੈ।

*-ਅਮਰੀਕ ਸਿੰਘ ਮਨਟੀਕਾ।*

## ਪਰਚੇ ਦੀ ਉਡੀਕ

ਪੰਜਾਬ ਟਾਈਮਜ਼ ਦੀ ਹਮੇਸ਼ਾ ਬੜੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਕਦੇ ਇਕ ਦਿਨ ਲਈ ਵੀ ਲੇਟ ਹੋ ਜਾਵੇ ਤਾਂ ਇਉਂ ਜਾਪਦਾ ਹੈ ਜਿਵੇਂ ਕੋਈ ਬਹੁਤ ਕੀਮਤੀ ਚੀਜ਼ ਕਿਧਰੇ ਗਵਾਚ ਗਈ ਹੈ। ਤਰਲੋਚਨ ਸਿੰਘ ਦੁਪਾਲਪੁਰ, ਅਸ਼ੋਕ ਭੌਰਾ, ਮੇਜਰ ਕੁਲਾਰ ਬੋਪਾਰਾਏਕਲਾਂ ਅਤੇ ਬਲਜੀਤ ਬਾਸੀ ਦੇ ਲੇਖ ਪੜ੍ਹ ਕੇ ਇਕ ਵੱਖਰੀ ਤਰ੍ਹਾਂ ਦਾ ਹੀ ਅਨੰਦ ਆ ਜਾਂਦਾ ਹੈ। ਸੁਖਰਾਜ ਧਾਲੀਵਾਲ ਦੀਆਂ ਕਵਿਤਾਵਾਂ ਵੀ ਆਪਣਾ ਨਿਵੇਕਲਾ ਰੰਗ ਵਿਖਾਉਂਦੀਆਂ ਹਨ। ਅਖਬਾਰ ਵਿਚ ਹੋਰ ਵੀ ਬਹੁਤ ਕੁਝ ਜਾਣਕਾਰੀ ਭਰਪੂਰ ਅਤੇ ਮਨੋਰੰਜਕ ਪੜ੍ਹਨ ਨੂੰ ਮਿਲਦਾ ਹੈ। ਰੱਬ ਪੰਜਾਬ ਟਾਈਮਜ਼ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖੇ ਅਤੇ ਇਹ ਪਰਚਾ ਹੋਰ ਵਧੇ-ਫੁਲੇ।

*-ਪਰਦੀਪ ਸਿੰਘ ਹੋਠੀ, ਫਰਿਜ਼ਨੋ ਜੇਲ੍ਹ।*

# ਡਾ. ਐਚ.ਕੇ. ਮਨਮੋਹਣ ਸਿੰਘ ਪਰੋ ਵੀ.ਸੀ. ਤੋਂ ਵੀ.ਸੀ. ਤੱਕ

## ਰੰਗ-ਬੇਰੰਗ

**ਡਾ. ਗੁਰਨਾਮ ਕੌਰ**

ਸਾਲ-ਸਵਾ ਸਾਲ ਬਾਅਦ ਡਾ. ਐਚ.ਕੇ. ਮਨਮੋਹਣ ਸਿੰਘ ਦੇ ਅਹੁਦੇ ਦੀ ਮਿਆਦ ਖਤਮ ਹੋਣ 'ਤੇ ਡਾ. ਜੋਗਿੰਦਰ ਸਿੰਘ ਪੁਆਰ ਵਾਈਸ ਚਾਂਸਲਰ ਬਣੇ। ਅਜਿਹੇ ਲੋਕ ਵੀ ਹੁੰਦੇ ਹਨ ਜਿਨ੍ਹਾਂ ਨੂੰ ਆਪਣੇ ਵਰਗੇ ਜਾਂ ਆਪਣੇ ਬਰਾਬਰ ਦੇ ਕਿਸੇ ਬੰਦੇ ਦੀ ਵੱਡੀ ਪ੍ਰਾਪਤੀ 'ਤੇ ਈਰਖਾ ਹੁੰਦੀ ਹੋਵੇ ਪਰ ਮੈਨੂੰ ਇਸ ਗੱਲ ਦੀ ਹਮੇਸ਼ਾ ਖੁਸ਼ੀ ਹੁੰਦੀ ਹੈ ਜੇ ਕੋਈ ਤੁਹਾਡੇ ਵਿਚੋਂ, ਤੁਹਾਡੇ ਵਰਗਾ ਵੱਡੀ ਪ੍ਰਾਪਤੀ ਕਰਦਾ ਹੈ। ਇਸ ਲਈ ਡਾ. ਪੁਆਰ ਦੇ ਪੀ.ਵੀ.ਸੀ. ਤੋਂ ਵਾਈਸ ਚਾਂਸਲਰ ਬਣਨ ਦੀ ਵੀ ਮੈਨੂੰ ਬਹੁਤ ਖੁਸ਼ੀ ਹੋਈ। ਬਾਈ ਮੁਖਤਿਆਰ ਸਿੰਘ ਦੀ ਮੈਨੂੰ ਇਹ ਗੱਲ ਹਮੇਸ਼ਾ ਯਾਦ ਰਹਿੰਦੀ ਹੈ, "ਗੁਰਨਾਮ! ਪਿੰਡਾਂ ਵਿਚੋਂ ਜਿਥੋਂ ਆਪਾਂ ਉਠੇ ਹਾਂ, ਜਿੱਥੇ ਆਪਾਂ ਰਹਿ ਰਹੇ ਸਾਂ, ਕਦੇ ਸੋਚਿਆ ਸੀ ਕਿ ਇੱਥੇ ਤੱਕ ਪਹੁੰਚਾਂਗੇ?"



ਡਾ. ਗੁਰਨਾਮ ਕੌਰ

ਯੂਨੀਵਰਸਿਟੀ ਵਿੱਦਿਆ ਦੀ ਉਚਤਮ ਸੰਸਥਾ ਹੈ ਅਤੇ ਪਿੰਡਾਂ ਦੇ ਸਧਾਰਨ ਸਕੂਲਾਂ ਵਿਚ ਪੜ੍ਹ ਕੇ ਇਥੇ ਤੱਕ ਪਹੁੰਚਣਾ ਵਾਕਿਆ ਹੀ ਬਹੁਤ ਵੱਡੀ ਪ੍ਰਾਪਤੀ ਹੈ, ਉਹ ਵੀ ਸਾਡੇ ਵੇਲਿਆਂ ਵਿਚ ਜਦੋਂ ਅਵਾਜਾਈ ਤੋਂ ਲੈ ਕੇ ਕਿਸੇ ਵੀ ਕਿਸਮ ਦੀ ਕੋਈ ਸਹੂਲਤ ਨਹੀਂ ਸੀ ਹੁੰਦੀ। ਹੁਣ ਵੀ ਬਹੁਤੀਆਂ ਪ੍ਰਾਪਤੀਆਂ ਸ਼ਹਿਰੀ ਬੱਚਿਆਂ ਦੇ ਹਿੱਸੇ ਹੀ ਆਉਂਦੀਆਂ ਹਨ। ਪਿੰਡਾਂ ਦੇ ਬੱਚੇ ਬਹੁਤ ਕੁਝ ਤੋਂ ਵਿਰਵੇ ਹੀ ਰਹਿੰਦੇ ਹਨ। ਇਸ ਲਈ ਡਾ. ਪੁਆਰ ਦੇ ਵੀ.ਸੀ. ਬਣਨ ਦੀ ਖੁਸ਼ੀ ਮੇਰੇ ਨਜ਼ਰੀਏ ਤੋਂ ਇੱਕ ਕੁਦਰਤੀ ਵਰਤਾਰਾ ਸੀ। ਵੈਸੇ ਵੀ ਯੂਨੀਵਰਸਿਟੀ ਦੇ 35 ਸਾਲ ਤੋਂ ਵੱਧ ਸਮੇਂ ਦੇ ਆਪਣੇ ਸੇਵਾ ਕਾਲ ਦੇ ਅਨੁਭਵ ਤੋਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਇੱਕ ਸਿੱਖਿਆ ਸ਼ਾਸਤਰੀ ਭਾਵੇਂ ਉਹ ਕਿਸੇ ਕਾਲਜ ਦਾ ਪ੍ਰਿੰਸੀਪਲ ਹੀ ਹੋਵੇ, ਅਜਿਹਾ ਪ੍ਰੋਫੈਸਰ ਹੋਵੇ ਜਿਸ ਨੂੰ ਭਾਵੇਂ ਡੀਨਸ਼ਿਪ ਦਾ ਜਾਂ ਕੋਈ ਹੋਰ ਤਜਰਬਾ ਨਾ ਵੀ ਹੋਵੇ, ਹਰ ਤਰ੍ਹਾਂ ਨਾਲ ਕਿਸੇ ਆਈ.ਏ.ਐਸ. ਅਫਸਰ ਨਾਲੋਂ ਵਧੀਆ ਵੀ.ਸੀ. ਸਿੱਧ ਹੁੰਦਾ ਹੈ। ਸਿੱਖਿਆ ਨਾਲ ਨੇੜਿਓਂ ਜੁੜੇ ਹੋਣ ਕਰ ਕੇ ਸਿੱਖਿਆ ਖੇਤਰ ਵਿਚੋਂ ਆਉਣ ਵਾਲੇ ਵਿਅਕਤੀਆਂ ਨੂੰ ਅਧਿਆਪਨ ਨਾਲ ਜੁੜੀਆਂ ਸਮੱਸਿਆਵਾਂ ਅਤੇ ਲੋੜਾਂ ਦਾ ਵੱਧ ਪਤਾ ਹੁੰਦਾ ਹੈ। ਯੂਨੀਵਰਸਿਟੀ ਵਿਚ ਫੇਰ ਇੱਕ ਵਾਰੀ ਅਨੁਸ਼ਾਸਨ ਅਤੇ ਕੰਮ ਦਾ ਮਾਹੌਲ ਪੈਦਾ ਹੋ ਗਿਆ। ਇਮਤਿਹਾਨਾਂ ਦੇ ਸੁਧਾਰਾਂ ਤੋਂ ਲੈ ਕੇ ਦਫਤਰੀ ਕੰਮ-ਕਾਜ ਵਿਚ ਚੁਸਤੀ ਅਤੇ ਤੇਜ਼ੀ, ਵਿਭਾਗਾਂ ਵਿਚ ਅਨੁਸ਼ਾਸਨ ਅਤੇ ਪੜ੍ਹਾਈ ਵਿਚ ਨਿਰੰਤਰਤਾ ਆ ਰਹੀ ਸੀ। ਡਾ. ਪੁਆਰ ਡਾ. ਜੌਹਲ ਦੀ ਤਰ੍ਹਾਂ ਹੀ ਖੁਦ ਵਿਭਾਗਾਂ ਵਿਚ ਜਾ ਕੇ ਨਿਰੀਖਣ ਕਰਦੇ। ਹੁਣ ਫਾਈਲਾਂ ਲੰਬੇ ਸਮੇਂ ਤੱਕ ਦਫਤਰਾਂ ਵਿਚ ਨਹੀਂ ਸੀ ਅਟਕਦੀਆਂ।

ਕਈ ਸਾਲ ਪਹਿਲਾਂ ਯੂਨੀਵਰਸਿਟੀ ਵਿਚ 'ਹੈਡਸ਼ਿਪ ਬਾਈ ਰੋਟੇਸ਼ਨ' ਸ਼ੁਰੂ ਹੋ ਚੁੱਕੀ ਸੀ। ਇਸੇ ਤਹਿਤ ਡਾ. ਜੀ.ਐਸ. ਅਨੰਦ ਤੋਂ ਬਾਅਦ ਮੇਰੀ ਇੱਕ ਅਜਿਹੀ ਕੁਲੀਗ ਵਿਭਾਗ ਦੀ ਮੁਖੀ ਬਣ ਗਈ ਜੋ ਯੂਨੀਵਰਸਿਟੀ ਦੇ ਕਿਸੇ ਦਫਤਰ ਤੱਕ ਤਾਂ ਕੀ ਆਪਣੇ ਪੀ.ਐਚ.ਡੀ ਦੇ ਨਿਗਰਾਨ ਪ੍ਰੋਫੈਸਰ ਤਾਲਿਬ ਸਿੰਘ ਵੀ ਇਕੱਲੀ ਨਹੀਂ ਸੀ ਜਾ ਸਕਦੀ, ਜੋ ਬਿਲਕੁਲ ਨਾਲ ਦੀ ਬਿਲਡਿੰਗ ਗੁਰੂ ਗੋਬਿੰਦ ਸਿੰਘ ਭਵਨ ਵਿਚ ਬੈਠਦੇ ਸਨ ਪਰ ਵਿਭਾਗ ਵਿਚ ਰਾਜਨੀਤੀ ਕਰਨ, ਆਪਣਾ ਮਤਲਬ ਕੱਢਣ ਅਤੇ ਦੂਸਰਿਆਂ ਦੇ ਮੋਢੇ ਤੇ ਰੱਖ ਕੇ ਬੰਦੂਕ ਚਲਾਉਣ ਵਿਚ ਉਹ ਬਹੁਤ ਤੇਜ਼ ਸੀ। ਲੜਨ ਲਈ ਸਾਡੇ ਇੱਕ ਕੁਲੀਗ ਨੂੰ ਜੋ ਮਾਨਸਿਕ ਤੌਰ 'ਤੇ ਵੀ ਉਲਾਰ ਸੀ, ਅੱਗੇ ਕਰੀ ਰੱਖਦੀ। ਇਹ ਬੰਦਾ 250 ਰੁਪਏ ਫਿਕਸ ਤਨਖਾਹ 'ਤੇ ਵਿਭਾਗ ਵਿਚ ਭਰਤੀ ਹੋਇਆ ਸੀ। ਇਸ ਨੂੰ ਪਹਿਲਾਂ ਦੇਹਰਾਦੂਨ ਡਾ. ਬਲਬੀਰ ਸਿੰਘ ਨਾਲ ਕੰਮ ਕਰਨ ਲਾਇਆ ਅਤੇ ਇਸ ਨੇ ਉਥੇ ਬਦਮਗਜ਼ੀ ਕੀਤੀ। ਡਾ. ਬਲਬੀਰ ਸਿੰਘ ਨੇ ਇਸ ਨੂੰ ਉਥੋਂ ਕੱਢ ਦਿੱਤਾ। ਤਰਸ ਭਾਵਨਾ ਵਿਚ ਡਾ. ਤਾਰਨ ਸਿੰਘ ਨੇ ਉਦੋਂ ਦੇ ਵੀ.ਸੀ. ਪ੍ਰੋਫੈਸਰ ਨਾਰੰਗ ਨੂੰ ਕਹਿ ਕੇ ਇਸਨੂੰ ਆਪਣੇ ਕੋਲ ਵਿਭਾਗ ਵਿਚ ਹੀ ਰੱਖ ਲਿਆ। ਫਿਰ ਇਸ ਨੂੰ ਇਨਸਾਈਕਲੋਪੀਡੀਆ 'ਤੇ ਕੰਮ ਕਰਨ ਲਈ ਪ੍ਰੋ. ਹਰਬੰਸ ਸਿੰਘ ਨਾਲ ਲਾਇਆ। ਉਨ੍ਹਾਂ ਨੇ ਵੀ ਇਸ ਦੇ ਵਰਤਾਉ ਬਾਰੇ ਲੰਬੀ-ਚੌੜੀ ਲਿਖਤੀ ਸ਼ਿਕਾਇਤ ਉਸੇ ਹੀ ਵੀ.ਸੀ. ਨੂੰ ਕੀਤੀ, ਜਿਸ 'ਤੇ ਉਹ ਉਸ ਨੂੰ ਬਰਖਾਸਤ ਕਰਨ ਲਈ ਤਿਆਰ ਹੋ ਗਏ। ਡਾ. ਤਾਰਨ ਸਿੰਘ ਨੇ ਫਿਰ ਵੀ.ਸੀ. ਨੂੰ ਉਸ ਨੂੰ ਨਾ ਕੱਢਣ ਲਈ ਕਿਹਾ ਅਤੇ ਆਪਣੇ ਨਾਲ ਦੁਬਾਰਾ ਕੰਮ ਕਰਨ ਲਾ ਲਿਆ।

ਅਖੀਰ ਇਸ ਨੇ ਡਾ. ਤਾਰਨ ਸਿੰਘ ਨਾਲ ਵੀ ਉਹੀ ਕੀਤਾ ਜੋ ਬਾਕੀਆਂ ਨਾਲ ਕਰਦਾ ਆਇਆ ਸੀ। ਡਾ. ਤਾਰਨ ਸਿੰਘ ਨੇ ਵੀ.ਸੀ. ਡਾ. ਭਗਤ ਸਿੰਘ ਕੋਲ ਲਿਖਤੀ ਸ਼ਿਕਾਇਤ ਕੀਤੀ। ਉਨ੍ਹਾਂ ਦਿਨਾਂ ਵਿਚ ਡਾ. ਬਲਬੀਰ ਸਿੰਘ ਦੇ ਸਵਰਗਵਾਸ ਤੋਂ ਬਾਅਦ ਦੇਹਰਾਦੂਨ ਨਿਰੁਕਤ ਬਾਰੇ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਸੀ। ਡਾ. ਭਗਤ ਸਿੰਘ ਅਤੇ ਡਾ. ਤਾਰਨ ਸਿੰਘ ਦੇਹਰਾਦੂਨ ਤੋਂ ਵਾਪਸ ਆ ਰਹੇ ਸਨ ਜਦੋਂ ਵੀ.ਸੀ. ਨੇ ਡਾ. ਤਾਰਨ ਸਿੰਘ ਨੂੰ ਕਿਹਾ, "ਡਾ. ਸਾਹਿਬ, ਤੁਸੀਂ ਮੇਰੇ ਕਹਿਣ ਤੇ ਲਿਖਤੀ ਸ਼ਿਕਾਇਤ ਵਾਪਸ ਲੈ ਲਵੋ।" ਉਨ੍ਹਾਂ ਨੇ ਸ਼ਿਕਾਇਤ ਵਾਪਸ ਤਾਂ ਲੈ ਲਈ ਪਰ ਮਨ 'ਤੇ ਏਨਾ ਜ਼ਿਆਦਾ ਬੋਝ ਪਿਆ ਕਿ ਦਿਲ ਦਾ ਦੌਰਾ ਪੈ ਗਿਆ ਅਤੇ ਰਾਜਿੰਦਰਾ ਹਸਪਤਾਲ ਦਾਖਲ ਹੋਣਾ ਪਿਆ। ਉਥੇ ਹੀ ਪਏ ਦੂਸਰੇ ਦੌਰੇ ਨੇ ਉਨ੍ਹਾਂ ਦੀ ਜਾਨ ਲੈ ਲਈ।

ਡਾ. ਜੀ.ਐਸ. ਅਨੰਦ ਅਤੇ ਡਾ. ਗੁਰਦੇਵ ਕੌਰ ਵੀ ਡਾ. ਬਲਬੀਰ ਸਿੰਘ ਦੇ ਸਵਰਗਵਾਸ ਤੋਂ ਬਾਅਦ ਦੇਹਰਾਦੂਨ ਸਟਾਫ ਵਿਚੋਂ ਹੀ ਯੂਨੀਵਰਸਿਟੀ ਵਿਭਾਗ ਵਿਚ ਆ ਗਏ। ਇੱਕ ਦਿਨ ਸਾਰੇ ਬਾਕੀ ਅਧਿਆਪਕ ਦੁਪਹਿਰ ਦੀ ਬਰੇਕ ਤੋਂ ਬਾਅਦ ਹਾਲੇ ਵਾਪਸ ਨਹੀਂ ਸੀ ਆਏ ਅਤੇ ਡਾ. ਅਨੰਦ ਕਲਰਕ ਤੋਂ ਕੁੱਝ ਟਾਈਪ ਕਰਾ ਰਹੇ ਸਨ ਕਿ ਪਤਾ ਨਹੀਂ ਇਸ ਬੰਦੇ ਨੂੰ ਕੀ ਸੁਝੀ ਕਿ ਇਸ ਨੇ ਕੁਰਸੀ ਚੁੱਕ ਕੇ ਡਾ. ਅਨੰਦ ਵੱਲ ਵਗਾਹ ਮਾਰੀ। ਉਦੋਂ ਡਾ. ਬਲਕਾਰ ਸਿੰਘ ਵਿਭਾਗੀ ਮੁਖੀ ਸਨ ਅਤੇ ਉਸਨੂੰ ਘਰ ਫੋਨ ਗਿਆ, "ਤੁਹਾਡੇ ਵਿਭਾਗ ਵਿਚ ਲੜਾਈ ਹੋ ਗਈ ਹੈ, ਛੇਤੀ ਪਹੁੰਚੋ।" ਡਾ. ਅਨੰਦ ਦੀ ਪੱਗ ਸਿਰ ਤੋਂ ਡਿਗ ਪਈ ਅਤੇ ਨੱਕ 'ਤੇ ਜ਼ਖਮ ਹੋਣ ਨਾਲ ਖੂਨ ਵਗਣ ਲੱਗ ਪਿਆ। ਉਸ ਨੇ ਸੇਵਾਦਾਰ ਨੂੰ ਸਾਈਕਲ 'ਤੇ ਭੇਜ ਕੇ ਮੁੱਖ ਗੇਟ ਤੋਂ ਰਿਕਸ਼ਾ ਮੰਗਵਾਇਆ ਅਤੇ ਉਵੇਂ ਪੱਗ ਗਲ ਵਿਚ ਪਈ-ਪੁਆਈ ਵੀ.ਸੀ. ਡਾ. ਜੌਹਲ ਦੇ ਘਰ ਪਹੁੰਚ ਗਏ। ਡਾ. ਜੌਹਲ ਨੇ ਪੁੱਛਗਿੱਛ ਤੋਂ ਬਾਅਦ ਉਸ ਨੂੰ ਫਿਲਾਸਫੀ ਵਿਭਾਗ ਵਿਚ ਭੇਜ ਦਿੱਤਾ ਕਿਉਂਕਿ ਕਿਸ਼ਤਾਂ ਵਿਚ ਫਿਲਾਸਫੀ ਦੀ ਐਮ.ਏ. ਕਰਕੇ ਉਹ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਫਿਲਾਸਫਰ ਸਮਝਣ ਲੱਗ ਪਿਆ ਸੀ। ਦੋ ਕੁ ਸਾਲ ਬਾਅਦ ਇਸ ਨੇ ਇਥੇ ਵੀ ਉਹੀ ਡਰਾਮਾ ਡਾ. ਅਵਤਾਰ ਸਿੰਘ ਨਾਲ ਕੀਤਾ ਤਾਂ ਡਾ. ਭਗਤ ਸਿੰਘ ਨੇ ਆਪਣੀ ਦੂਸਰੀ ਟਰਮ ਵੇਲੇ ਇਸ ਨੂੰ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਵਾਪਸ ਭੇਜ ਦਿੱਤਾ ਪਰ ਤਰਸ ਕਰਕੇ ਕਿਸੇ ਵੀ ਵੀ.ਸੀ. ਨੇ ਇਸ ਨੂੰ ਕੋਈ ਸਜ਼ਾ ਨਹੀਂ ਦਿੱਤੀ।

ਡਾ. ਭਗਤ ਸਿੰਘ ਦੀ ਇਸੇ ਟਰਮ ਵਿਚ ਜਦੋਂ ਮੈਂ ਰੀਡਰ ਬਣੀ ਤਾਂ ਇਸ ਨੇ ਮੇਰੇ ਖਿਲਾਫ ਬਹੁਤ ਕੁਝ ਲਿਖ ਕੇ ਡਾ. ਭਗਤ ਸਿੰਘ, ਡਾ. ਅਤਰ ਸਿੰਘ, ਜੋ ਮਾਹਰ ਦੇ ਤੌਰ 'ਤੇ ਇੰਟਰਵਿਊ ਲੈਣ ਆਏ ਸਨ ਅਤੇ ਗਵਰਨਰ ਪੰਜਾਬ ਜੋ ਯੂਨੀਵਰਸਿਟੀ ਦਾ ਚਾਂਸਲਰ ਵੀ ਹੁੰਦਾ ਹੈ, ਨੂੰ ਚਿੱਠੀ ਲਿਖੀ ਕਿ ਇਸ ਨੂੰ ਰੀਡਰ ਕਿਉਂ ਬਣਾਇਆ ਹੈ? ਮੇਰੀ ਇੰਟਰਵਿਊ ਤੋਂ ਕੁਝ ਦਿਨ ਬਾਅਦ ਪੰਜਾਬੀ ਵਿਕਾਸ ਵਿਭਾਗ ਦੀ ਕਿਸੇ ਕਮੇਟੀ ਦੀ ਮੀਟਿੰਗ ਸੀ ਜਿਸ ਵਿਚ ਡਾ. ਅਤਰ ਸਿੰਘ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਡਾ. ਭਗਤ ਸਿੰਘ ਨੂੰ ਕਿਹਾ, "ਹਿੰਮਤ ਸਿੰਘ ਕੌਣ ਹੈ? ਇਸ ਨੇ ਮੈਨੂੰ ਚਿੱਠੀ ਲਿਖੀ ਹੈ ਕਿ ਮੈਂ ਗੁਰਨਾਮ ਕੌਰ ਨੂੰ ਰੀਡਰ ਕਿਉਂ ਬਣਾਇਆ ਹੈ?" ਡਾ. ਭਗਤ ਸਿੰਘ ਕਹਿੰਦੇ, "ਮੈਨੂੰ ਵੀ ਲਿਖੀ ਹੈ।" ਡਾ. ਅਵਤਾਰ ਸਿੰਘ ਹੱਸ ਕੇ ਕਹਿੰਦੇ, "ਮੈਨੂੰ ਪੁੱਛੋ ਹਿੰਮਤ ਸਿੰਘ ਕੌਣ ਹੈ।" ਮੇਰੀ ਕੁਲੀਗ, ਜਿਸ ਦਾ ਪਹਿਲਾਂ ਜ਼ਿਕਰ ਕੀਤਾ ਹੈ, ਨੂੰ ਹੈਡਸ਼ਿਪ ਕਰਨੀ ਔਖੀ ਲਗਦੀ ਸੀ ਕਿਉਂਕਿ ਉਹ ਕੋਈ ਵੀ ਚਿੱਠੀ ਆਪ ਡਰਾਫਟ ਨਹੀਂ ਸੀ ਕਰ ਸਕਦੀ ਅਤੇ ਨਾ ਹੀ ਸਟੇਜ 'ਤੇ ਬੋਲ ਸਕਦੀ ਜਾਂ ਸਟੇਜ ਸੰਚਾਲਨ ਕਰ ਸਕਦੀ ਸੀ। ਇਹ ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਕਾਰਵਾਈ ਦਾ ਅਹਿਮ ਹਿੱਸਾ ਹੈ। ਹਾਂ! ਉਸਨੂੰ ਹੁਕਮ ਚਲਾਉਣ ਦਾ ਬਹੁਤ ਸ਼ੌਕ ਸੀ ਜੋ ਕਿ ਯੂਨੀਵਰਸਿਟੀ ਵਰਗੀ ਥਾਂ ਤੇ ਕੋਈ ਅਧਿਆਪਕ ਤਾਂ ਕੀ ਸੇਵਾਦਾਰ ਜਾਂ ਕਲਰਕ ਵੀ ਸਹਿਣ ਨੂੰ ਤਿਆਰ ਨਹੀਂ ਹੁੰਦਾ। ਇਸ ਲਈ ਕਲਰਕਾਂ ਅਤੇ ਸੇਵਾਦਾਰਾਂ ਨੇ ਵੀ ਅੱਗੋ ਬੋਲਣਾ ਸ਼ੁਰੂ ਕਰ ਦਿੱਤਾ ਕਿਉਂਕਿ ਜੇ ਬਦਲੀ ਵੀ ਕਰਵਾ ਦਿੱਤੀ ਜਾਵੇ ਤਾਂ ਵੱਧ ਤੋਂ ਵੱਧ ਇੱਕ ਮੀਲ ਦੇ ਘੇਰੇ ਦੇ ਅੰਦਰ-ਅੰਦਰ ਕਿਸੇ ਦੂਸਰੇ ਵਿਭਾਗ ਵਿਚ ਹੀ ਹੋਣੀ ਹੈ। ਇਸ ਕੁਲੀਗ ਨੂੰ ਕੋਈ ਸਰੀਰਕ ਸਮੱਸਿਆ ਆ ਗਈ ਜਿਸ ਲਈ ਇਸ ਨੂੰ ਓਪਰੇਸ਼ਨ ਕਰਾਉਣਾ ਪੈਣਾ ਸੀ ਅਤੇ ਇਸ ਨੇ ਡਾ. ਅਨੰਦ ਨਾਲ ਸਲਾਹ ਕੀਤੀ। ਉਸ ਨੇ ਇਸਨੂੰ ਹੈਡਸ਼ਿਪ ਤੋਂ ਅਸਤੀਫਾ ਦੇਣ ਦੀ ਸਲਾਹ ਦਿੱਤੀ ਅਤੇ ਉਥੇ ਬੈਠਿਆਂ ਹੀ ਇਸ ਨੇ ਡਾ. ਅਨੰਦ ਤੋਂ ਅਸਤੀਫੇ ਦੀ ਚਿੱਠੀ ਤਿਆਰ ਕਰਾ ਕੇ ਵੀ.ਸੀ. ਡਾ. ਐਚ.ਕੇ. ਮਨਮੋਹਣ ਸਿੰਘ ਨੂੰ ਭੇਜ ਦਿੱਤੀ। ਹੈਡ ਬਣਨ ਦੀ ਅਗਲੀ ਵਾਰੀ ਮੇਰੀ ਸੀ ਪਰ ਮੇਰਾ ਦੂਸਰਾ ਬੇਟਾ ਹਾਲੇ ਬਹੁਤ ਛੋਟਾ ਸੀ ਅਤੇ ਮੈਂ ਮੈਡੀਕਲ ਛੁੱਟੀ 'ਤੇ ਸੀ। ਇਸ ਲਈ ਲਿਖ ਕੇ ਦੇ ਦਿੱਤਾ ਕਿ ਮੈਂ ਹਾਲੇ ਇਹ ਸੇਵਾ ਨਹੀਂ ਨਿਭਾ ਸਕਦੀ ਕਿਉਂਕਿ ਮੇਰਾ ਬੱਚਾ ਛੋਟਾ ਹੈ ਅਤੇ ਮੈਨੂੰ ਹੋਰ ਛੁੱਟੀ ਲੈਣੀ ਪੈ ਸਕਦੀ ਹੈ। ਇਸ ਲਈ ਇਸ ਬੀਬੀ ਤੋਂ ਬਾਅਦ ਡਾ. ਬਲਕਾਰ ਸਿੰਘ ਨੂੰ ਫੇਰ ਮੁਖੀ ਬਣਾ ਦਿੱਤਾ ਗਿਆ।

ਹਿੰਮਤ ਸਿੰਘ ਨਾਮ ਦਾ ਇਹ ਬੰਦਾ ਜਿਸ ਨੇ ਹਾਲੇ ਪੀ.ਐਚ.ਡੀ ਨਹੀਂ ਸੀ ਕੀਤੀ ਜੋ ਰੀਡਰ ਬਣਨ ਲਈ ਯੂ.ਜੀ.ਸੀ ਦੀ ਜ਼ਰੂਰੀ ਸ਼ਰਤ ਹੈ, ਰੀਡਰ ਨਹੀਂ ਸੀ ਬਣਿਆ ਜਦੋਂਕਿ ਹੈਡਸ਼ਿਪ ਲਈ ਰੀਡਰ ਬਣੇ ਨੂੰ ਤਿੰਨ ਸਾਲ ਹੋਏ ਹੋਣੇ ਚਾਹੀਦੇ ਹਨ। ਉਸ ਨੇ ਵੀ.ਸੀ., ਡੀਨ ਅਕਾਦਮਿਕ ਮਾਮਲੇ ਅਤੇ ਚਾਂਸਲਰ ਨੂੰ ਚਿੱਠੀ ਲਿਖੀ, "ਗੁਰਨਾਮ ਕੌਰ ਨੇ ਇੱਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਹੈਡਸ਼ਿਪ ਲਈ ਮੇਰਾ ਰਾਹ ਰੋਕਣ ਵਾਸਤੇ ਅਜਿਹਾ ਕੀਤਾ ਹੈ ਕਿਉਂਕਿ ਇਸ ਤੋਂ ਬਾਅਦ ਹੈਡਸ਼ਿਪ ਦੀ ਮੇਰੀ ਵਾਰੀ ਸੀ।" ਹਰ ਕੋਈ ਉਸ ਨੂੰ ਦਿਮਾਗੀ ਤੌਰ 'ਤੇ ਬਿਮਾਰ ਸਮਝ ਕੇ ਅਤੇ ਇਸ ਦੀ ਨਿਹਾਇਤ ਹੀ ਸਾਊ ਪਤਨੀ ਅਤੇ ਬੱਚਿਆਂ ਦੇ ਭਵਿੱਖ ਬਾਰੇ ਸੋਚ ਕੇ ਮੁਆਫ ਕਰ ਦਿੰਦਾ ਸੀ। ਸ਼ਾਇਦ ਇਸੇ ਤਰਸ ਵਿਚੋਂ ਵਿਭਾਗ ਵਿਚ ਬਿਨਾ ਕੋਈ ਕੰਮ ਕੀਤਿਆਂ (ਕਿਉਂਕਿ ਇਹ ਦੂਸਰਿਆਂ ਦੇ ਖਿਲਾਫ ਪੈਂਫਲੈਟ ਲਿਖਣ ਤੋਂ ਬਿਨਾਂ ਕੋਈ ਕੰਮ ਨਹੀਂ ਸੀ ਕਰਦਾ ਅਤੇ ਉਸ ਦੇ ਇਸ ਲਿਖਤੀ ਹਮਲੇ ਤੋਂ ਉਸ ਦਾ ਸਹੁਰਾ ਵੀ ਨਹੀਂ ਬਚ ਸਕਿਆ) ਡਾ. ਐਚ.ਕੇ. ਮਨਮੋਹਣ ਸਿੰਘ ਨੇ ਨਿਜੀ ਤਰੱਕੀ ਦੇ ਕੇ ਰੀਡਰ ਬਣਾ ਦਿੱਤਾ।

ਇਸੇ ਦੌਰਾਨ ਇੱਕ ਦਿਨ ਇਸ ਨੇ ਸਵੇਰੇ ਸਵੇਰੇ ਵਿਭਾਗ ਲਗਦੇ ਸਾਰ ਵੱਡੇ ਸਰੀਏ ਨਾਲ ਡਾ. ਬਲਕਾਰ ਸਿੰਘ 'ਤੇ ਹਮਲਾ ਕਰ ਦਿੱਤਾ ਅਤੇ ਉਥੋਂ ਦੌੜ ਪਿਆ। ਦਫਤਰ ਦਾ ਟੇਬਲ ਬਹੁਤ ਵੱਡਾ ਹੋਣ ਕਰਕੇ ਸਰੀਆ ਡਾ. ਬਲਕਾਰ ਸਿੰਘ ਦੇ ਤਾਂ ਨਾ ਲੱਗਿਆ ਪਰ ਟੇਬਲ ਵਿਚ ਜਿਥੇ ਸਰੀਆ ਵੱਜਿਆ ਸੀ, ਵੱਡੀ ਮੋਰੀ ਹੋ ਗਈ। ਜਦੋਂ ਮੈਂ ਡਿਪਾਰਟਮੈਂਟ ਪਹੁੰਚੀ ਤਾਂ ਡਾ. ਅਨੰਦ ਸਾਰੇ ਸਟਾਫ ਸਮੇਤ ਕਲਰਕਾਂ-ਸੇਵਾਦਾਰਾਂ ਦੇ, ਨੂੰ ਇਕੱਠਾ ਕਰਕੇ ਵੀ.ਸੀ ਦੇ ਦਫਤਰ ਲੈ ਗਏ ਸ਼ਿਕਾਇਤ ਕਰਨ ਲਈ ਕਿ ਇਸ ਤਰ੍ਹਾਂ ਤਾਂ ਕੋਈ ਵੀ ਸੁਰਖਿਅਤ ਨਹੀਂ। ਅਸੀਂ ਉਸ ਸਮੇਂ ਪੀ.ਵੀ.ਸੀ. ਡਾ. ਪੁਆਰ ਨੂੰ ਵੀ ਮਿਲੇ। ਵੀ.ਸੀ ਅਤੇ ਪੀ.ਵੀ ਸੀ ਦੋਵੇਂ ਵਿਭਾਗ ਆਏ। ਮੈਨੂੰ ਆਪਣਾ ਗੁੱਸਾ ਸੀ ਅਤੇ ਮੈਂ ਵੀ.ਸੀ. ਨੂੰ ਸਿੱਧਾ ਹੀ ਕਿਹਾ, "ਤੁਸੀਂ ਇਸ ਬੰਦੇ 'ਤੇ ਕੋਈ ਐਕਸ਼ਨ ਲੈਣ ਦੀ ਥਾਂ ਰੀਡਰ ਬਣਾ ਕੇ ਉਸ ਨੂੰ ਗਲਤ ਸ਼ਹਿ ਦਿੱਤੀ ਹੈ ਜਿਸ ਕਰਕੇ ਹਰ ਇੱਕ ਦੇ ਗਲ ਪੈਂਦਾ ਫਿਰਦਾ ਹੈ।" ਸ਼ਾਮ ਨੂੰ ਖੇਡਾਂ ਦੇ ਇੱਕ ਸਮਾਰੋਹ ਦੀ ਪਾਰਟੀ ਤੇ ਵੀ.ਸੀ. ਸਾਹਿਬ ਨੇ ਉਲਾਂਭਾ ਵੀ ਦਿੱਤਾ, "ਗੁਰਨਾਮ ਤੂੰ ਮੇਰੀ ਧੀਆਂ ਵਰਗੀ ਏਂ ਪਰ ਅੱਜ ਤੂੰ ਮੇਰੇ ਸਾਹਮਣੇ ਬਹੁਤ ਬੋਲੀ ਹੈਂ।" ਮੈਂ ਉਤਰ ਦਿੱਤਾ, "ਸਰ! ਮੈਨੂੰ ਬਹੁਤ ਅਫਸੋਸ ਹੈ, ਮੈਂ ਮੁਆਫੀ ਮੰਗਦੀ ਹਾਂ ਪਰ ਜੇ ਗੁੱਸਾ ਆ ਜਾਵੇ ਆਪਣੇ ਮਾਪਿਆਂ ਨੂੰ ਹੀ ਕਹਿਣਾ ਹੁੰਦਾ ਹੈ। ਹੋਰ ਕਿਸ ਨੂੰ ਕਹਿੰਦੀ?"

1995 ਵਿਚ ਡਾ. ਬਲਕਾਰ ਸਿੰਘ ਦੀ ਟਰਮ ਪੂਰੀ ਹੋਣ 'ਤੇ ਮੈਂ ਮੁਖੀ ਬਣ ਗਈ। ਇਸ ਬੰਦੇ ਨੇ ਬਿਨਾਂ ਨਾਗਾ ਹਰ ਰੋਜ਼ ਮੇਰੀ ਕੋਈ ਨਾ ਕੋਈ ਸ਼ਿਕਾਇਤ ਕਰਕੇ ਉਸ ਦੀ ਇੱਕ ਕਾਪੀ ਵੀ.ਸੀ., ਡੀਨ ਅਕਾਦਮਿਕ ਅਤੇ ਰਜਿਸਟਰਾਰ ਨੂੰ ਭੇਜ ਦੇਣੀ ਜੋ ਮੁੜ ਕੇ ਮੇਰੇ ਕੋਲ ਟਿਪਣੀ ਵਾਸਤੇ ਆ ਜਾਣੀ ਅਤੇ ਮੈਂ ਸ਼ਿਕਾਇਤ ਅਤੇ ਮਸਲੇ ਅਨੁਸਾਰ ਟਿਪਣੀ ਕਰਕੇ ਸਬੰਧਿਤ ਧਿਰ ਨੂੰ ਵਾਪਸ ਭੇਜ ਦੇਣੀ। ਵੀ.ਸੀ. ਡਾ. ਪੁਆਰ ਸਨ ਅਤੇ ਹਿਊਮਨ ਬਾਇਲੋਜੀ ਵਿਭਾਗ ਦੇ ਪ੍ਰੋ. ਬਾਂਸਲ ਡੀਨ ਅਕਾਦਮਿਕ ਮਾਮਲੇ। ਇੱਕ ਦਿਨ ਡਾ. ਬਾਂਸਲ ਨੇ ਮੈਨੂੰ ਆਪਣੇ ਦਫਤਰ ਸੱਦਿਆ ਜਿਥੇ ਮੇਰੇ ਤੋਂ ਪਹਿਲਾਂ ਹੀ ਹਿੰਮਤ ਸਿੰਘ ਬੈਠਾ ਸੀ। ਡੀਨ ਸਾਹਿਬ ਬੋਲੇ, "ਗੁਰਨਾਮ ਇੱਕ ਤੇਰੀ ਹਿੰਮਤ ਸਿੰਘ ਪ੍ਰਤੀ ਸ਼ਿਕਾਇਤ ਅਤੇ ਇੱਕ ਡਾ. ਆਰ.ਐਨ. ਪਾਲ ਦੀ, ਡਾ. ਕੇਹਰ ਸਿੰਘ ਪ੍ਰਤੀ ਸ਼ਿਕਾਇਤ ਹਰ ਰੋਜ ਆਉਂਦੀ ਹੈ। ਕੀ ਕਾਰਨ ਹੈ? ਇਹ ਬੰਦ ਨਹੀਂ ਹੋ ਸਕਦੀ?" ਮੈਂ ਅਗੋਂ ਬੋਲੀ, "ਡਾ. ਸਾਹਿਬ ਮੈਨੂੰ ਡਾ. ਆਰ.ਐਨ. ਪਾਲ ਦਾ ਤਾਂ ਪਤਾ ਨਹੀਂ ਪਰ ਤੁਸੀਂ ਸਾਰੀਆਂ ਚਿੱਠੀਆਂ ਕੱਢ ਕੇ ਪੜ੍ਹੋ। ਮੇਰੇ ਵੱਲੋਂ ਸਿੱਧੀ ਕੋਈ ਸ਼ਿਕਾਇਤ ਨਹੀਂ, ਸਿਰਫ ਇਸ ਵੱਲੋਂ ਲਿਖੀਆਂ ਚਿੱਠੀਆਂ 'ਤੇ ਤੁਹਾਡੇ ਵੱਲੋਂ ਕੀਤੀ ਮੰਗ ਅਨੁਸਾਰ ਮੇਰੀਆਂ ਟਿਪਣੀਆਂ ਹਨ। ਬਾਕੀ ਇਸ ਨੂੰ ਪੁੱਛੋ ਕਿ ਇਸ ਦੀ ਸਮੱਸਿਆ ਕੀ ਹੈ? ਇਹ ਤਾਂ ਇਤਫਾਕੀਆ ਛੁੱਟੀ ਵੀ ਵਿਭਾਗ ਵਿਚ ਨਹੀਂ ਦਿੰਦਾ, ਤੁਹਾਨੂੰ ਭੇਜਦਾ ਹੈ ਅਤੇ ਮੈਂ ਫੇਰ ਵੀ ਮਨਜ਼ੂਰ ਕਰ ਦਿੰਦੀ ਹਾਂ।"

ਡਾ. ਬਾਂਸਲ ਉਸ ਨੂੰ ਸੰਬੋਧਨ ਕਰਕੇ ਬੋਲੇ, "ਹਾਂ ਬਈ ਹਿੰਮਤ ਸਿੰਘ ਕੀ ਸਮੱਸਿਆ ਹੈ ਤੇਰੀ?" ਉਹ ਇੱਕ ਦਮ ਗੁੱਸੇ ਵਿਚ ਆ ਗਿਆ ਅਤੇ ਬੋਲਣ ਲੱਗ ਪਿਆ, "ਮੇਰੀ ਕੋਈ ਸਮੱਸਿਆ ਨਹੀਂ। ਇੱਥੇ ਸਾਰੇ ਬੇਈਮਾਨ ਹਨ। ਸਭ ਰਲੇ ਹੋਏ ਹਨ ...!" ਵਗੈਰਾ ਵਗੈਰਾ।

ਮੈਂ ਕਿਹਾ, "ਹੁਣ ਤੁਸੀਂ ਗਵਾਹ ਹੋ ਇਸਦੇ ਉਲਾਰ ਵਤੀਰੇ ਦੇ। ਇਸ ਨੇ ਸਾਰਾ ਮਾਹੌਲ ਖਰਾਬ ਕਰ ਰੱਖਿਆ ਹੈ। ਇਹ ਏਨੀ ਵਾਰ ਆਪਣੇ ਸਾਥੀਆਂ 'ਤੇ ਹਮਲਾ ਕਰ ਚੁਕਾ ਹੈ, ਸ਼ਿਕਾਇਤ ਕਰਨ 'ਤੇ ਵੀ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਹੁਣ ਮੈਂ ਇੱਕੋਜੀ ਹੀ ਮੰਗ ਕਰਦੀ ਹਾਂ ਕਿ ਸਾਰੀਆਂ ਸ਼ਿਕਾਇਤਾਂ-ਚਿੱਠੀਆਂ ਦੀ ਛਾਣ-ਬੀਣ ਕਰਕੇ ਜੇ ਮੈਂ ਕਸੂਰਵਾਰ ਹਾਂ ਤਾਂ ਮੈਨੂੰ ਬਣਦੀ ਸਜ਼ਾ ਦਿੱਤੀ ਜਾਵੇ। ਜੇ ਇਹ ਕਸੂਰਵਾਰ ਹੈ ਤਾਂ ਇਸ ਨੂੰ ਬਣਦੀ ਸਜ਼ਾ ਦਿੱਤੀ ਜਾਵੇ।" ਡਾ. ਬਾਂਸਲ ਉਸ ਦੇ ਸਾਹਮਣੇ ਹੀ ਕਹਿੰਦੇ, "ਇਸ ਦਾ ਵਤੀਰਾ ਮੈਂ ਦੇਖ ਲਿਆ ਹੈ। ਮੈਂ ਤੈਨੂੰ ਰੋਕਾਂਗਾ ਨਹੀਂ। ਜਿਵੇਂ ਤੂੰ ਠੀਕ ਸਮਝਦੀ ਹੈਂ, ਕਰ।"

ਮੈਂ ਵਿਭਾਗ ਵਿਚ ਆ ਕੇ ਵੀ.ਸੀ. ਨੂੰ ਡੀਨ ਦਫਤਰ ਵਿਚ ਹੋਈ ਘਟਨਾ ਦਾ ਹਵਾਲਾ ਦੇ ਕੇ ਬੇਨਤੀ ਕੀਤੀ ਕਿ ਅੱਜ ਤੱਕ ਮੇਰੇ ਖਿਲਾਫ ਲਿਖੀਆਂ ਚਿੱਠੀਆਂ ਅਤੇ ਸਾਰੀਆਂ ਸ਼ਿਕਾਇਤਾਂ ਦੀ ਛਾਣ-ਬੀਣ ਕੀਤੀ ਜਾਵੇ ਅਤੇ ਸਾਡੇ ਦੋਹਾਂ ਵਿਚੋਂ ਜਿਹੜਾ ਵੀ ਕਸੂਰਵਾਰ ਹੋਵੇ ਉਸ ਨੂੰ ਬਣਦੀ ਸਜ਼ਾ ਦਿੱਤੀ ਜਾਵੇ।" ਮੈਂ ਇਸ ਚਿੱਠੀ ਨਾਲ ਉਸ ਵੱਲੋਂ ਲਿਖੀਆਂ ਤਮਾਮ ਚਿੱਠੀਆਂ ਦੀ ਇੱਕ-ਇੱਕ ਕਾਪੀ ਲਾ ਦਿੱਤੀ। ਮਾਮਲਾ ਸਿੰਡੀਕੇਟ ਵਿਚ ਵਿਚਾਰਿਆ ਗਿਆ। ਵੀ.ਸੀ. ਨੇ ਸਿੰਡੀਕੇਟ ਦੀ ਸਹਿਮਤੀ ਨਾਲ ਉਦੋਂ ਦੇ ਇੱਕ ਸਿੰਡੀਕੇਟ ਮੈਂਬਰ

(ਬਾਕੀ ਸਫਾ 33 'ਤੇ)




**ਡਾ. ਅਵਤਾਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਇਕ ਸੈਮੀਨਾਰ ਦੌਰਾਨ ਭਾਸ਼ਣ ਦਿੰਦੇ ਹੋਏ। ਸਟੇਜ 'ਤੇ ਨਾਲ ਬੈਠੇ ਹਨ ਡਾ. ਬਲਕਾਰ ਸਿੰਘ, ਉਸ ਸਮੇਂ ਦੇ ਵਾਈਸ ਚਾਂਸਲਰ ਡਾ. ਭਗਤ ਸਿੰਘ ਤੇ ਉਘੇ ਸਿੱਖ ਚਿੰਤਕ ਸ. ਦਲਜੀਤ ਸਿੰਘ।**

## ਸਿਆਣਿਆਂ ਦਾ ਕਿਹਾ

(1) ਮਲਕ ਭਾਗੋ ਅੱਜ ਵੀ ਦੂਸਰਿਆਂ ਦਾ ਖੂਨ ਪੀ ਕੇ ਪਲਦਾ ਹੈ।

(2) ਅੱਜ ਵੀ ਪਖੰਡ ਧਰਮ ਦਾ ਜਾਮਾ ਪਾਈ ਬੈਠਾ ਹੈ।

(3) ਧਰਮ ਕਿੱਤਾ ਨਹੀਂ, ਮਾਰਗ ਹੈ।

(4) ਜਦ ਰੂਹ ਨੂੰ ਠੇਸ ਲਗਦੀ ਹੈ ਤਾਂ ਸਰੀਰ ਝੰਜੋੜਿਆ ਜਾਂਦਾ ਹੈ।

(5) ਇਹ ਸਾਡੀ ਤ੍ਰਾਸਦੀ ਹੈ ਕਿ ਅਸੀਂ ਜਿਨ੍ਹਾਂ ਨੂੰ ਆਪਣਾ ਗੁਰੂ ਕਹਿੰਦੇ ਹਾਂ ਉਨ੍ਹਾਂ ਨੂੰ ਠੀਕ ਢੰਗ ਨਾਲ ਖੁਦ ਹੀ ਨਹੀਂ ਸਮਝ ਸਕੇ।

(6) ਅਸੀਂ ਉਨ੍ਹਾਂ ਲੋਕਾਂ ਨੂੰ ਹੀ ਮੁੜ ਮੁੜ ਧਰਮ ਪ੍ਰਚਾਰ ਕਰ ਰਹੇ ਹਾਂ ਜਿਹੜੇ ਪਹਿਲਾਂ ਹੀ ਗੁਰੂ ਜੀ ਦੇ ਸੱਚ ਨਾਲ ਜੁੜੇ ਹਨ।

(7) ਦਰਬਾਰ ਸਾਹਿਬ ਬੰਦੂਕ ਦੇ ਪਹਿਰੇ 'ਚ ਸਹਿਮੀ ਹੋਈ ਸ਼ਰਧਾ ਜਾਂਦੀ ਹੈ ਅਤੇ ਡਰੀ ਡਰੀ ਭਾਵਨਾ ਨਾਲ ਉਨ੍ਹੀਂ ਪੈਰੀਂ ਵਾਪਸ ਪਰਤਦੀ ਹੈ।

(8) ਜਦੋਂ ਦਿਲੀ ਤੋਂ ਹਾਕਮ ਦੀ ਹਮਲਾਵਰ ਹੋਈ ਸ਼ਕਤੀ ਨੇ ਜ਼ੁਲਮ ਦੀ ਆਰੀ ਨਾਲ ਅਰਦਾਸ ਲਈ ਜੁੜੇ ਹੱਥ ਵੱਢਣ ਦਾ ਯਤਨ ਕੀਤਾ, ਸ਼ਰਧਾ ਨਾਲ ਝੁਕੇ ਮੱਥਿਆਂ ਨੂੰ ਲਹੂ ਲੁਹਾਨ ਕਰਨ ਦਾ ਗੁਨਾਹ ਕੀਤਾ, ਜੂਨ 1984 ਦਾ ਉਹ ਸਮਾਂ ਅੱਜ ਵੀ ਕਲੇਜਿਆਂ 'ਚ ਸੇਹ ਦੇ ਤਕਲੇ ਵਾਂਗ ਖੁਭਿਆ ਪਿਆ ਹੈ।

(9) ਜੂਨ ਨਾ ਆਉਂਦਾ ਹੈ ਨਾ ਜਾਂਦਾ ਹੈ, ਜੂਨ ਤਾਂ ਹਰ ਵਕਤ ਛਾਤੀ 'ਚ ਨੇਜੇ ਦੀ ਤਰ੍ਹਾਂ ਖੁੱਭਿਆ ਰਹਿੰਦਾ ਹੈ।

(10) ਜੂਨ ਸਿੱਖ ਤਬਾਹੀ ਦੇ ਇੱਕ ਦੌਰ ਦਾ ਨਾਮ ਹੈ, ਜੂਨ ਕਤਲ ਕਰ ਦਿੱਤੇ ਗਏ ਸਿੱਖਾਂ ਦੇ ਸਿਰਾਂ ਦੀ ਲਹੂ ਲੁਹਾਨ ਤੜਫ ਅਤੇ ਭਾਰਤੀ ਗੌਰਵ ਦੇ ਮੂੰਹ 'ਤੇ ਪਿਆ ਬੇਝਿਜਕ ਥੱਪੜ ਹੈ।

(11) ਤਿੰਨਾਂ ਨੂੰ ਲੋੜ ਪੈਣ 'ਤੇ ਵਰਤੋ-ਚੰਗੇ ਦੋਸਤ ਨੂੰ-ਹਥਿਆਰ ਨੂੰ-ਖਜ਼ਾਨੇ ਨੂੰ।

(12) ਤਿੰਨਾਂ ਨੂੰ ਕਾਬੂ ਵਿਚ ਰੱਖੋ-ਅੱਖਾਂ ਦੀ ਤੱਕਣੀ-ਮੂੰਹ ਦੇ ਬੋਲਾਂ ਤੇ ਹੱਥਾਂ ਦੀ ਕਾਰ ਨੂੰ।

(13) ਸਿਆਸੀ ਨਸ਼ੇ ਦੀ ਲੋਰ ਵਾਲਾ ਸਵਰਗ ਸਦੀਵੀ ਨਹੀਂ ਹੁੰਦਾ।

(14) ਸਿੱਖ ਜਦੋਜਹਿਦ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਹਿੰਦੂ ਦੀ ਗੁਲਾਮੀ ਤੋਂ ਅਜ਼ਾਦ ਨਹੀਂ ਹੋ ਜਾਂਦੇ।

(15) ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਜਿਹੜਾ ਰਾਜ ਦੁਆ ਸਕਦਾ ਹੈ-ਉਹ ਰਾਜ ਵਾਪਸ ਵੀ ਲੈ ਸਕਦਾ ਹੈ।

(16) ਚੜ੍ਹਦੀ ਕਲਾ ਦਾ ਤਿਆਗ ਹੀ ਸਿੱਖ ਕੌਮ ਦੀ ਗੁਲਾਮੀ ਹੈ।

(17) ਸੱਚਾ ਦੋਸਤ ਲੱਭਣ ਲਈ ਸਾਰੀ ਉਮਰ ਵੀ ਥੋੜੀ ਹੈ ਪਰ ਹਜਾਰਾਂ ਦੁਸ਼ਮਣ ਪੈਦਾ ਕਰਨ ਲਈ ਇੱਕ ਮਿੰਟ ਵੀ ਬਹੁਤ ਹੈ।

(18) ਕੌਮੀ ਸੰਘਰਸ਼ ਸਰਕਸ ਦੀ ਰੱਸੀ ਉਤੇ ਤੁਰਨ ਸਮਾਨ ਹੈ।

(19) ਜ਼ਿੰਦਗੀ ਇੱਕ ਸੁਰੰਗ ਹੈ-ਸੁਰੰਗ ਦੇ ਉਸ ਪਾਰ ਰੌਸ਼ਨੀ ਹੀ ਰੌਸ਼ਨੀ ਹੈ।

(20) ਜੋ ਆਪਣੀ ਪ੍ਰਵਾਹ ਨਹੀਂ ਕਰਦਾ ਉਸ ਨੂੰ ਯਾਦ ਕਰਕੇ ਦੁਖੀ ਹੋਣਾ ਸਿਆਣਪ ਨਹੀਂ।

(21) ਮੰਜ਼ਿਲਾਂ ਤੋਂ ਪਹਿਲਾਂ ਰਾਹ ਛੱਡ ਜਾਣ ਵਾਲਿਆਂ ਨਾਲ ਵੀ ਨਫਰਤ ਨਾ ਕਰੋ-ਸਗੋਂ ਹਮੇਸ਼ਾ ਉਨ੍ਹਾਂ ਦਾ ਵੀ ਭਲਾ ਮੰਗੋ।

(22) ਨਿਰੋਲ ਸਰੀਰਾਂ ਦੇ ਇੱਕਠ ਵਿਚੋਂ ਰੂਹਾਂ ਨਹੀਂ ਲਭਦੀਆਂ।

(23) ਪੈਰਾਂ ਸਿਰ ਹੋਇਆ ਧਰਮ-ਕੌਮ ਦੀ ਅਜ਼ਾਦੀ ਦੀ ਰਾਖੀ ਦੇ ਸਹੀ ਅਰਥਾਂ ਵਿਚ ਸਮਰਥ ਹੁੰਦਾ ਹੈ।

(24) ਰਸਤੇ ਦੀ ਸਹੀ ਚੋਣ ਕਰਕੇ-ਉਮੀਦ ਨਾਲ ਚੁਕਿਆ ਹੋਇਆ ਇੱਕ ਕਦਮ ਆਪਣੀ ਕਿਸਮਤ ਸੰਵਾਰ ਸਕਦਾ ਹੈ।

(25) ਸਵਾਰਥੀ ਸਿੱਖ ਲੀਡਰਾਂ ਦੀ ਉਜਾੜੀ ਅਤੇ ਹਿੰਦੂ ਰਾਜ ਦੀ ਦਾੜ ਹੇਠ ਆਈ ਸਿੱਖ ਕੌਮ ਦਾ ਖਾਲਿਸਤਾਨ ਤੋਂ ਬਿਨਾ ਗੁਜ਼ਾਰਾ ਨਹੀਂ

(26) ਜੇ ਇਕਲੇ ਹੋ ਤਾਂ ਆਪਣੇ ਆਪ ਨਾਲ ਦੋਸਤੀ ਪਾਵੋ।

(27) ਸੋਚੋ, ਜੇ ਮੈਂ ਕਿਸੇ ਅਖਬਾਰ ਦਾ ਵਿਰੋਧੀ ਹਾਂ ਅਤੇ ਮੈਂ ਉਸ ਨੂੰ ਪੜ੍ਹਨਾ ਛੱਡ ਦੇਵਾਂ ਤਾਂ ਕੀ ਅਖਬਾਰ ਛਪਣਾ ਬੰਦ ਹੋ ਜਾਵੇਗਾ?

(28) ਜਿਵੇਂ ਡੂੰਘੀਆਂ ਜੜ੍ਹਾਂ ਵਾਲੇ ਰੁੱਖ ਜਲਦੀ ਨਹੀਂ ਮੁਰਝਾਉਂਦੇ ਉਵੇਂ ਡੂੰਘੀਆਂ ਸੋਚਾਂ ਵਾਲੇ ਛੇਤੀ ਨਹੀਂ ਘਬਰਾਉਂਦੇ।

(29) ਭਾਰਤ 'ਚ ਸਭ ਤੋਂ ਵੱਧ ਉਪਜਾਊ ਖੇਤਰ ਪੰਜਾਬ, ਫਿਰ ਉਥੇ ਬੇਰੁਜ਼ਗਾਰੀ ਕਿਉਂ?

(30) ਉਹੀ ਤੈਰਦੇ ਹਨ ਜਿਹੜੇ ਡੁੱਬਣ ਤੋਂ ਨਹੀਂ ਡਰਦੇ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

# ਸੰਤ ਢੱਡਰੀਆਂਵਾਲਿਆਂ ਦਾ ਗੁਰਮਤਿ ਪ੍ਰਚਾਰ

## ਕੈਲੀਫੋਰਨੀਆ ਫੇਰੀ ਦੇ ਪ੍ਰਸੰਗ 'ਚ

**ਮਝੈਲ ਸਿੰਘ ਸਰਾਂ**

ਸਿੱਖ ਧਰਮ ਵਿਚ ਸੰਤ ਦਾ ਰੁਤਬਾ ਬਹੁਤ ਉਤਮ ਹੈ ਅਤੇ ਸਿੱਖ ਜਗਤ ਵਿਚ 'ਸੰਤ' ਦਾ ਅਦਬ ਰੱਬ ਵਾਂਗ ਹੀ ਕੀਤਾ ਜਾਂਦਾ ਹੈ। ਉਸ ਦੇ ਮੂੰਹੋਂ ਨਿਕਲੀ ਗੱਲ ਨੂੰ ਰੱਬ ਦਾ ਪੈਗ਼ਾਮ ਹੀ ਮੰਨ ਲਿਆ ਜਾਂਦਾ ਹੈ; ਜਿਵੇਂ ਇਹ ਸਾਡੀ ਕਹਾਵਤ ਹੈ, 'ਸੰਤ ਦਾ ਕਿਹਾ ਸਹਿਜ ਸੁਭਾਏ, ਸੰਤ ਦਾ ਕਿਹਾ ਬਿਰਥਾ ਨਾ ਜਾਏ।' ਸਿੱਖ ਆਪਣੇ ਸੰਤਾਂ-ਮਹਾਂਪੁਰਸ਼ਾਂ ਨੂੰ ਇਕੱਲਾ ਆਦਰ-ਸਤਿਕਾਰ ਹੀ ਨਹੀਂ ਦਿੰਦੇ ਸਗੋਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਵੀ ਸਰਦਾ-ਬਣਦਾ ਦਸਵੰਧ ਦੇ ਰੂਪ ਵਿਚ ਭੇਟ ਕਰ ਕੇ ਆਪਣੇ ਆਪ ਨੂੰ ਸੁਰਖ਼ਰੂ ਕਰ ਲੈਂਦੇ ਹਨ ਕਿ ਦਸਵੰਧ ਠੀਕ ਹੱਥਾਂ ਵਿਚ ਗਿਆ ਕਿਉਂਕਿ ਸੰਤਾਂ 'ਤੇ ਸਾਡਾ ਰੱਬ ਵਰਗਾ ਯਕੀਨ ਹੈ। ਹੋਵੇ ਵੀ ਕਿਉਂ ਨਾ! ਗੁਰਬਾਣੀ ਨੇ ਸੰਤ ਦੀ ਜੋ ਮਹਿਮਾ ਸਾਨੂੰ ਦਰਸਾਈ ਹੈ ਤੇ ਜਿਨ੍ਹਾਂ ਸੰਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਕਰਕੇ ਦਰਜ ਹੈ, ਜਦੋਂ ਉਨ੍ਹਾਂ ਮਹਾਂਪੁਰਸ਼ਾਂ ਦਾ ਜੀਵਨ ਪੜ੍ਹਦੇ-ਸੁਣਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਉਹ ਵੀ ਰੱਬ ਹੀ ਹੋ ਗਏ ਸਨ, ਉਹਦੀ ਭਗਤੀ ਕਰਦੇ; ਤਾਂ ਹੀ ਤਾਂ ਭਗਤ ਰਵਿਦਾਸ ਜੀ ਨੇ ਉਚਾਰਿਆ-'ਮੋਹੀ ਤੋਹੀ, ਤੋਹੀ-ਮੋਹੀ ਅੰਤਰ ਕੈਸਾ।' ਸਿੱਖ ਜਗਤ ਵਿਚ ਬਹੁਤ ਸਾਰੇ ਸੰਤ-ਮਹਾਂਪੁਰਸ਼ ਹੋਏ ਹਨ ਜੋ ਬੜਾ ਹੀ ਸਾਦਗੀ ਵਾਲਾ ਜੀਵਨ ਬਤੀਤ ਕਰਦਿਆਂ ਆਪ ਤਾਂ ਗੁਰੂ ਚਰਨਾਂ ਨਾਲ ਅਤੇ ਅਕਾਲ ਪੁਰਖ਼ ਨਾਲ ਜੁੜੇ ਹੀ ਸਗੋਂ ਸਿੱਖਾਂ ਨੂੰ ਵੀ ਉਹੋ ਜੁਗਤ ਸਮਝਾਉਂਦੇ ਰਹੇ ਜੋ ਬਾਬੇ ਨਾਨਕ ਦੇ ਗੁਰਮਤਿ ਸਿਧਾਂਤ ਦੀ ਹੈ। ਉਨ੍ਹਾਂ ਸੰਤਾਂ ਤੋਂ ਸੇਧ ਲੈ ਕੇ ਹੀ ਬਹੁਤ ਸਾਰੇ ਸਿੱਖ ਵੀ ਆਪਣਾ ਜੀਵਨ ਸਫ਼ਲਾ ਕਰ ਲੈਂਦੇ ਹਨ ਅਤੇ ਗੁਰਮਤਿ ਵਿਚ ਰੰਗੇ ਜਾਂਦੇ ਹਨ।

ਅਸੀਂ ਸਾਰੇ ਗ੍ਰਹਿਸਥੀ ਜੀਵ ਹਾਂ ਤੇ ਇਸ ਨੂੰ ਨਿਭਾਉਣ ਲਈ ਕਈ ਕੰਮ-ਧੰਦੇ ਵੀ ਕਰਨੇ ਪੈਂਦੇ ਹਨ ਤੇ ਕਈ ਵਾਰ ਇਨ੍ਹਾਂ ਧੰਦਿਆਂ ਵਿਚ ਇੰਨਾ ਜ਼ਿਆਦਾ ਰੁੱਝ ਜਾਈਦਾ ਹੈ ਕਿ ਸੰਤਾਂ ਦੇ ਉਪਦੇਸ਼ਾਂ ਪ੍ਰਤੀ ਅਵੇਸਲੇ ਹੋ ਜਾਂਦੇ ਹਾਂ ਜਾਂ ਇਉਂ ਕਹੀਏ ਕਿ ਗੁਰਮਤਿ ਦੇ ਸਿਧਾਂਤਾਂ (ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ) ਤੋਂ ਥੋੜ੍ਹੀ ਕੰਨੀ ਕਤਰਾਉਣ ਲੱਗ ਪੈਂਦੇ ਹਾਂ। ਇਨ੍ਹਾਂ ਸਿਧਾਂਤਾਂ ਨੂੰ ਮੁੜ ਦ੍ਰਿੜ੍ਹ ਕਰਾਉਣ ਲਈ ਸਾਨੂੰ ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਕਰਨੀ ਬੜੀ ਜ਼ਰੂਰੀ ਲੱਗਦੀ ਹੈ। ਆਪਣੇ ਮੁਲਕ ਵਿਚ ਤਾਂ ਸਿੱਖ ਸੰਗਤ ਨੂੰ ਸੰਤਾਂ ਦੇ ਦਰਸ਼ਨ ਹੁੰਦੇ ਹੀ ਰਹਿੰਦੇ ਹਨ ਕਿਉਂਕਿ ਐਤਵਾਰ, ਪੂੰਨਿਆ, ਮੱਸਿਆ, ਸੰਗਰਾਂਦ ਜਾਂ ਵੱਡਿਆਂ ਸੰਤਾਂ ਦੀਆਂ ਬਰਸੀਆਂ 'ਤੇ ਜਾ ਕੇ ਸੰਤਾਂ ਦੀ ਚਰਨ-ਧੂੜ ਪ੍ਰਾਪਤ ਕਰ ਲੈਂਦੇ ਹਨ। ਇਸ ਕਰਕੇ ਉਹ ਤਾਂ ਬਹੁਤ ਵੱਡਭਾਗੇ ਗਿਣੇ ਜਾਂਦੇ ਹਨ ਪਰ ਰੋਟੀ-ਰੋਜ਼ੀ ਦੀ ਖ਼ਾਤਰ ਬਾਹਰਲੇ ਮੁਲਕਾਂ ਵਿਚ ਆ ਗਏ ਸਿੱਖ ਇਸ ਗੱਲੋਂ ਬੜੇ ਫਾਡੀ ਹਨ ਕਿਉਂਕਿ ਇਥੇ ਸੰਤ ਨਾਂਮਾਤਰ ਹੀ ਹਨ। ਇਸ ਕਰਕੇ ਸੰਤਾਂ ਦੇ ਦਰਸ਼ਨਾਂ ਦੀ ਲੋੜ ਪੂਰੀ ਕਰਨ ਲਈ ਇਥੋਂ ਦੇ ਵੱਡੇ ਸਿੱਖ ਅਤੇ ਗੁਰਦੁਆਰਾ ਕਮੇਟੀਆਂ ਵਿਸ਼ੇਸ਼ ਤਰੱਦਦ ਕਰ ਕੇ ਪੰਜਾਬ ਤੋਂ ਸੰਤਾਂ-ਮਹਾਪੁਰਸ਼ਾਂ ਨੂੰ ਸੁਨੇਹੇ ਘੱਲ ਕੇ ਸਿੱਖ ਸੰਗਤ 'ਤੇ ਬੜਾ ਵੱਡਾ ਪਰਉਪਕਾਰ ਕਰਦੇ ਹਨ ਤਾਂ ਜੋ ਬਾਹਰਲੇ ਸਿੱਖ ਗੁਰਮਤਿ 'ਤੇ ਪੱਕੇ ਰਹਿਣ।

ਅੱਜ ਕੱਲ੍ਹ ਸਿੱਖ ਜਗਤ ਵਿਚ (ਅੰਦਰ ਵੀ ਤੇ ਬਾਹਰ ਵੀ) ਰਣਜੀਤ ਸਿੰਘ (ਸੰਤ) ਢੱਡਰੀਆਂਵਾਲਿਆਂ ਦਾ ਬੜਾ ਨਾਂ ਹੈ ਕਿਉਂਕਿ ਉਨ੍ਹਾਂ ਦੇ ਆਪ ਦੱਸਣ ਮੁਤਾਬਕ ਉਨ੍ਹਾਂ ਨੇ ਲੱਖਾਂ ਹੀ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਜਹਾਜ਼ੇ ਚੜ੍ਹਾ ਦਿੱਤਾ ਹੋਇਆ ਹੈ। ਕਿੰਨਾ ਵੱਡਾ ਪਰਉਪਕਾਰ ਹੈ, ਕਿਸੇ ਨੂੰ ਪਰੇਰ ਕੇ ਗੁਰੂ ਦੇ ਲੜ ਲਾਉਣਾ! ਉਨ੍ਹਾਂ ਮੁਤਾਬਕ ਇਹ ਕਾਰਜ ਉਹ ਕੀਰਤਨ ਕਰ ਕੇ, ਗੁਰੂ ਦਾ ਜੱਸ ਗਾ ਕੇ ਕਰਦੇ ਹਨ। ਬਾਹਰਲੇ ਸਿੱਖਾਂ ਨੇ, ਖ਼ਾਸ ਕਰਕੇ ਭਾਈਚਾਰੇ ਦੇ ਇਕ ਨਾਮੀ-ਗਰਾਮੀ ਵਕੀਲ ਨੇ ਪੂਰੀ ਤਨਦੇਹੀ ਨਾਲ ਇਨ੍ਹਾਂ ਸੰਤਾਂ ਦੇ ਸਾਰੇ ਗਰੁਪ ਦੇ ਵੀਜ਼ੇ ਲਵਾ ਕੇ ਕੈਲੀਫੋਰਨੀਆ ਦੀਆਂ ਸਿੱਖ ਸੰਗਤਾਂ ਨੂੰ ਸੰਤ ਦਰਸ਼ਨਾਂ ਦੀ ਚਿਰੋਕਣੀ ਖ਼ਵਾਹਿਸ਼ ਪੂਰੀ ਕਰਵਾਈ। ਸੁਚੱਜੇ ਤੇ ਸੁਲਝੇ ਢੰਗ ਨਾਲ ਵੱਖ ਵੱਖ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਸਮਾਂ-ਬੱਧ ਕੀਰਤਨ ਪ੍ਰੋਗਰਾਮ ਉਲੀਕ ਕੇ ਸਾਰੀਆਂ ਪੰਜਾਬੀ ਅਖ਼ਬਾਰਾਂ ਵਿਚ (ਸੰਤ) ਰਣਜੀਤ ਸਿੰਘ ਢੱਡਰੀਆਂਵਾਲਿਆਂ ਦੀਆਂ ਫੋਟੋਆਂ ਸਮੇਤ ਵੱਡੇ ਵੱਡੇ ਇਸ਼ਤਿਹਾਰ ਦੇ ਕੇ ਕੈਲੀਫੋਰਨੀਆ ਦੀਆਂ ਸਿੱਖ ਸੰਗਤਾਂ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਤੇ ਨਾਲ ਹੀ ਇਸ ਉਚੇਚੇ ਕੀਰਤਨ ਪ੍ਰੋਗਰਾਮਾਂ 'ਤੇ ਵਰਤਾਏ ਜਾਣ ਵਾਲੇ ਲੰਗਰ ਬਾਰੇ ਵੀ ਪੂਰੀ ਜਾਣਕਾਰੀ ਦਿੱਤੀ ਗਈ ਸੀ। ਇੰਨਾ ਵੱਡਾ ਤਾਲਮੇਲ ਬਣਾਉਣ ਵਾਲੇ ਪ੍ਰਬੰਧਕ ਵਾਕਿਆ ਹੀ ਤਾਰੀਫ਼ ਦੇ ਕਾਬਿਲ ਹਨ। ਇਥੋਂ ਹੀ ਪਤਾ ਲਗਦਾ ਹੈ ਕਿ ਉਹ ਗੁਰਮਤਿ ਪ੍ਰਚਾਰ ਅਤੇ ਗੁਰਮੁੱਖ ਆਚਾਰ ਲਈ ਕਿੰਨੇ ਫਿਕਰਮੰਦ ਅਤੇ ਸੰਜੀਦਾ ਹਨ।

ਇਨ੍ਹਾਂ ਸੰਤਾਂ ਦੀ ਆਮਦ ਪ੍ਰਤੀ ਕੈਲੀਫੋਰਨੀਆ ਦੀ ਸਿੱਖ ਸੰਗਤ ਵਿਚ ਵੀ ਬਹੁਤ ਵੱਡਾ ਉਤਸ਼ਾਹ ਸੀ। ਅਖ਼ਬਾਰਾਂ ਵਿਚ ਛਪੇ ਇਸ਼ਤਿਹਾਰਾਂ ਤੋਂ ਸੰਤਾਂ ਦੀ ਇਸ ਫੇਰੀ ਦਾ ਮਨੋਰਥ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਨਾ, ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਉਣਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਪਵਿੱਤਰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਉਣਾ ਸੀ। ਇਹ ਤਿੰਨੇ ਹੀ ਕਾਰਜ ਨਿਭਾਉਣੇ ਬੜੇ ਔਖੇ ਹਨ। ਇਹ ਤਾਂ ਉਹੋ ਪਵਿੱਤਰ ਰੂਹਾਂ ਕਰ ਸਕਦੀਆਂ ਹਨ ਜਿਹੜੀਆਂ ਆਪ ਪਹਿਲਾਂ ਗੁਰਬਾਣੀ ਦੇ ਕੰਮ ਵਿਚ ਰੰਗੀਆਂ ਹੋਣ। ਬਾਬੇ ਨਾਨਕ ਦੇ ਸਿੱਖੀ ਸਿਧਾਂਤ ਨੂੰ ਧੁਰ ਅੰਦਰ ਵਸਾ ਕੇ ਦਸਵੇਂ ਪਾਤਸ਼ਾਹ ਦੇ ਭੇਖ-ਰਹਿਤ ਖ਼ਾਲਸੇ ਸਜੇ ਹੋਣ। ਇਸ ਕਾਰਜ ਨੂੰ ਪੂਰਾ ਕਰਨ ਹਿਤ ਹੀ (ਸੰਤ) ਰਣਜੀਤ ਸਿੰਘ ਜੀ ਢੱਡਰੀਆਂਵਾਲਿਆਂ ਦੀ ਫੇਰੀ ਵਿਸ਼ੇਸ਼ ਮਹੱਤਤਾ ਰੱਖਦੀ ਹੈ।

ਇਨ੍ਹਾਂ ਸੰਤਾਂ ਦੀ ਕੈਲੀਫੋਰਨੀਆ ਫੇਰੀ 18 ਸਤੰਬਰ ਤੋਂ ਸ਼ੁਰੂ ਹੋਈ। ਸਿੱਖ ਧਰਮ ਦੀ ਰਵਾਇਤ ਅਨੁਸਾਰ ਬਾਬੇ ਨਾਨਕ ਦੇ ਚਰਨਾਂ ਵਿਚ ਅਰਦਾਸ ਕਰ ਕੇ ਹੀ ਕੋਈ ਕਾਰਜ ਅਰੰਭ ਕਰਦੇ ਹਾਂ। ਉਸ ਵਕਤ ਤਾਂ ਹੋਰ ਵੀ ਜ਼ਰੂਰੀ ਹੋ ਜਾਂਦੈ ਜਦੋਂ ਉਹਦੇ ਹੀ ਗੁਰਮਤਿ ਸਿਧਾਂਤ ਨੂੰ ਪ੍ਰਚਾਰਨ ਲਈ ਪਰਦੇਸ ਯਾਤਰਾ 'ਤੇ ਜਾਣਾ ਹੋਵੇ। ਸੰਤ ਢੱਡਰੀਆਂਵਾਲਿਆਂ ਨੇ ਵੀ ਇਸ ਫੇਰੀ 'ਤੇ ਚੱਲਣ ਤੋਂ ਪਹਿਲਾਂ ਆਪਣੇ ਡੇਰੇ ਪ੍ਰਮੇਸ਼ਰ ਦੁਆਰ ਵਿਚ ਬਾਬਾ ਸ੍ਰੀਚੰਦ ਜੀ ਦਾ ਜਨਮ ਦਿਨ ਆਪ ਉਦਾਸੀ ਬਾਣਾ ਪਹਿਨ ਕੇ ਮਨਾਇਆ। ਕਿਉਂਕਿ ਸੰਤਾਂ ਦੀਆਂ ਰਮਜ਼ਾਂ ਗੁੱਝੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਵੱਧ ਪਤਾ ਹੋਊ ਕਿ ਜੇਕਰ ਗੁਰਮਤਿ ਪ੍ਰਚਾਰ 'ਤੇ ਨਿਕਲਣੈ ਤਾਂ ਬਾਬੇ ਨਾਨਕ ਨਾਲੋਂ ਬਾਬਾ ਸ੍ਰੀਚੰਦ ਅੱਗੇ ਅਰਦਾਸ ਵੱਧ ਕਾਰ-ਆਮਦ ਹੋਵੇਗੀ ਕਿਉਂਕਿ ਮੇਰੇ ਵਰਗੇ ਸੰਸਾਰੀ ਬੰਦਿਆਂ ਨੂੰ ਤਾਂ ਅੱਜ ਤਾਈਂ ਇਹੋ ਹੀ ਪਤਾ ਸੀ ਕਿ ਜਦੋਂ ਗੁਰੂ ਨਾਨਕ ਸਾਹਿਬ ਨੇ ਗੁਰਿਆਈ ਬਖ਼ਸ਼ ਕੇ ਭਾਈ ਲਹਿਣਾ ਨੂੰ ਗੁਰੂ ਅੰਗਦ ਬਣਾ ਦਿੱਤਾ ਤਾਂ ਨਾਲ ਹੀ ਕਰਤਾਰਪੁਰ ਸਾਹਿਬ ਛੱਡਣ ਦਾ ਹੁਕਮ ਵੀ ਇਸ ਕਰਕੇ ਦੇ ਦਿੱਤਾ ਕਿ ਸਿੱਖੀ ਸਿਧਾਂਤ ਨੂੰ ਖ਼ਤਰਾ ਵੀ ਉਨ੍ਹਾਂ ਦੇ ਆਪਣੇ ਪੁੱਤ ਤੋਂ ਹੀ ਸੀ। ਚਲੋ ਇਸ ਗੱਲ ਨੂੰ ਛੱਡੀਏ ਕਿਉਂਕਿ ਸੰਤਾਂ-ਬਾਬਿਆਂ ਦੇ ਕਈ ਕਰਤੱਵ ਬੜੇ ਗੁਹਜ਼ ਭਰੇ ਹੁੰਦੇ ਹਨ ਜਿਹੜੇ ਮੇਰੇ ਵਰਗੇ ਦੀ ਪਕੜ ਤੋਂ ਬਾਹਰ ਹੁੰਦੇ ਹਨ।

ਜਿਸ ਗੁਰਦੁਆਰਾ ਸਾਹਿਬ ਵਿਚ ਮੈਂ ਇਨ੍ਹਾਂ ਸੰਤਾਂ ਦੇ ਪ੍ਰੋਗਰਾਮ ਦੇਖੇ, ਉਹ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਬਣ ਰਿਹਾ ਹੈ ਤੇ ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਵੱਡੇ ਇਕੱਠ ਦਾ ਅੰਦਾਜ਼ਾ ਲਾ ਕੇ ਪਹਿਲਾਂ ਹੀ ਖੁੱਲ੍ਹੇ ਮੈਦਾਨ ਵਿਚ ਟੈਂਟ ਲਗਵਾ ਕੇ ਸੰਤਾਂ ਦੇ ਕੀਰਤਨ ਦਰਬਾਰ ਦਾ ਬਹੁਤ ਹੀ ਵਧੀਆ ਪ੍ਰਬੰਧ ਕੀਤਾ ਗਿਆ ਸੀ। ਇਥੇ ਤਿੰਨ ਦਿਨ ਕੀਰਤਨ ਕੀਤੇ ਗਏ, ਪਹਿਲਾ ਕੀਰਤਨ ਪ੍ਰੋਗਰਾਮ ਤਾਂ ਐਤਵਾਰ ਦਿਨ ਵੇਲੇ ਦਾ ਸੀ ਤੇ ਸੰਗਤ ਵੀ ਬਹੁਤ ਆਈ ਹੋਈ ਸੀ ਪਰ ਸੰਤਾਂ ਦਾ ਕੀਰਤਨੀ ਜਥਾ ਥੋੜ੍ਹਾ ਲੇਟ ਪਹੁੰਚਿਆ ਕਿਉਂਕਿ ਉਸ ਤੋਂ ਪਹਿਲਾਂ ਵੀ ਉਹ ਸ਼ਾਇਦ ਕਿਤੇ ਦੂਜੇ ਸ਼ਹਿਰ ਵਿਚ ਹੋਰ ਗੁਰਦੁਆਰੇ ਕੀਰਤਨ ਕਰਨ ਗਿਆ ਹੋਇਆ ਸੀ ਪਰ ਸੰਗਤ ਸੰਤਾਂ ਦੇ ਦਰਸ਼ਨਾਂ ਲਈ ਜੁੜੀ ਬੈਠੀ ਰਹੀ ਤੇ ਕੁਝ ਵਿਸ਼ੇਸ਼ ਲੰਗਰ ਛਕਣ ਵੱਲ ਰੁਚਿਤ ਸੀ।

ਸੰਤਾਂ ਨੇ ਆ ਕੇ ਰੱਬੀ ਕੀਰਤਨ ਦੀ ਸ਼ੁਰੂਆਤ ਆਪਣੇ ਜਥੇ ਦੇ ਖ਼ਾਸ ਸੰਗੀਤਕ ਸਾਜ਼ਾਂ ਨਾਲ ਸਿਮਰਨ ਤੋਂ ਕੀਤੀ। ਸੰਗਤਾਂ ਨੇ ਵੀ ਝੂਮ ਝੂਮ ਕੇ ਉਚੀ ਆਵਾਜ਼ ਵਿਚ ਤਕਰੀਬਨ 8-10 ਮਿੰਟ ਤਕ ਪੂਰੇ ਜੋਸ਼ ਨਾਲ ਸਾਥ ਦਿੱਤਾ। ਫਿਰ ਸੰਤਾਂ ਨੇ ਆਪਣੇ ਹੀ ਅੰਦਾਜ਼ ਵਿਚ ਜਿਸ ਨੂੰ ਸੰਗਤਾਂ ਮਨੋਹਰ, ਰਸਭਿੰਨਾ, ਗੁਰਬਾਣੀ ਕੀਰਤਨ ਕਹਿੰਦੀਆਂ ਹਨ, ਸ਼ੁਰੂਆਤ ਬੜੇ ਹੀ ਮਿੱਠੇ ਸੁਰਾਂ ਵਿਚ ਵਾਜੇ ਦੀ ਤਿੱਖੀ ਸੁਰ ਤੇ ਚਿਮਟਿਆਂ ਦੀ ਛਣਕਾਰ ਵਿਚ ਧਾਰਮਿਕ ਕਵਿਤਾ, ਜਿਸ ਨੂੰ ਬਾਬਾ ਜੀ 'ਧਾਰਨਾ' ਕਹਿੰਦੇ ਹਨ, ਨਾਲ ਕੀਤੀ। (ਸੰਤ) ਢੱਡਰੀਆਂਵਾਲਿਆਂ ਦੀ ਆਵਾਜ਼ ਸੱਚਮੁਚ ਹੀ ਬੜੀ ਰਸੀਲੀ ਤੇ ਮਿੱਠੀ ਹੈ। ਇਨ੍ਹਾਂ 'ਧਾਰਨਾ' ਨੂੰ ਬਾਬਾ ਜੀ ਗੁਰਬਾਣੀ ਦਾ ਹੀ ਸਰਲ ਰੂਪ ਦੱਸਦੇ ਹਨ ਕਿਉਂਕਿ ਬਾਬਾ ਜੀ ਦੀ ਇਸ ਫੇਰੀ ਦਾ ਮਨੋਰਥ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ ਕੇ ਗੁਰਮਤਿ ਸਿਧਾਂਤ ਪੱਕਾ ਕਰਵਾ ਕੇ ਪੂਰੇ-ਸੂਰੇ ਖ਼ਾਲਸੇ ਸਜਾਉਣਾ ਸੀ। ਇਸ ਲਈ ਉਨ੍ਹਾਂ ਸਿੱਖ ਇਤਿਹਾਸ ਵਿਚੋਂ ਮਹਾਨ ਸ਼ਖ਼ਸੀਅਤਾਂ ਦਾ ਵੀ ਜ਼ਿਕਰ ਕੀਤਾ, ਜਿਵੇਂ ਪਹਿਲੇ ਦੀਵਾਨ ਵਿਚ ਉਨ੍ਹਾਂ ਨੇ ਭਾਈ ਬਿਧੀ ਚੰਦ ਦਾ ਪ੍ਰਸੰਗ ਸਾਂਝਾ ਕੀਤਾ। ਇਤਿਹਾਸ ਤੋਂ ਜਾਣੂ ਸਿੱਖਾਂ ਨੂੰ ਇੰਨਾ ਕੁ ਪਤਾ ਹੈ ਕਿ ਭਾਈ ਬਿਧੀ ਚੰਦ ਗੁਰੂ ਹਰਗੋਬਿੰਦ ਸਾਹਿਬ ਦੇ ਚੋਣਵੇਂ ਜਰਨੈਲਾਂ ਵਿਚੋਂ ਇਕ ਸਨ ਅਤੇ ਗੁਰੂ ਜੀ ਦੀਆਂ ਮੁਗ਼ਲ ਹਕੂਮਤ ਨਾਲ ਹੋਈਆਂ ਚੌਹਾਂ ਹੀ ਜੰਗਾਂ ਵਿਚ ਭਾਈ ਜੀ ਨੇ ਸਿੱਖਾਂ ਦੀ ਕਮਾਨ ਸੰਭਾਲੀ ਸੀ ਅਤੇ ਚਾਰੇ ਜੰਗਾਂ ਵਿਚ ਫਤਿਹ ਵੀ ਗੁਰੂ ਜੀ ਦੀ ਹੋਈ ਸੀ। ਇਸ ਉਪਰੰਤ ਸਾਨੂੰ ਭਾਈ ਬਿਧੀ ਚੰਦ ਨੇ ਲਾਹੌਰ ਕਿਲੇ ਵਿਚੋਂ ਕਾਬੁਲ ਦੀਆਂ ਸੰਗਤਾਂ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਭੇਟਾ ਲਈ ਲਿਆਂਦੇ ਦੋਵਾਂ ਘੋੜਿਆਂ ਨੂੰ ਕਿੱਦਾਂ ਜੁਗਤ ਤੇ ਦਲੇਰੀ ਨਾਲ ਲਿਆਂਦਾ, ਉਹ ਵੀ ਪੜ੍ਹਿਆ ਹੋਇਐ। ਇੰਨਾ ਵੀ ਆਪਾਂ ਨੂੰ ਪੜ੍ਹਨ-ਸੁਣਨ ਨੂੰ ਮਿਲਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਬਿਧੀ ਚੰਦ ਦਾ ਜੀਵਨ ਸ਼ਾਇਦ ਡਕੈਤਾਂ ਵਰਗਾ ਸੀ ਪਰ ਉਸ ਵਿਚ ਇਕਦਮ ਮੋੜਾ ਉਦੋਂ ਆਇਆ ਜਦੋਂ ਗੁਰੂ ਕੀ ਵਡਾਲੀ ਵਿਚ ਉਹਨੇ ਛੇਵੇਂ ਪਾਤਸ਼ਾਹਿ ਦੇ ਦਰਸ਼ਨ ਕੀਤੇ ਤੇ ਗੁਰੂ ਜੀ ਨੇ ਹੱਥ ਉਹਦੇ ਸਿਰ 'ਤੇ ਰੱਖਿਆ।

ਜਿਹੜੀ ਕਥਾ ਜਾਂ ਸਾਖ਼ੀ ਭਾਈ ਬਿਧੀ ਚੰਦ ਦੇ ਜੀਵਨ ਵਿਚ ਮੋੜ ਲਿਆਉਣ ਵਾਲੀ ਢੱਡਰੀਆਂਵਾਲੇ ਸੰਤਾਂ ਨੇ ਸੁਣਾਈ, ਉਹ ਇਸ ਤਰ੍ਹਾਂ ਸੀ ਕਿ ਬਿਧੀ ਚੰਦ ਚੋਰੀਆਂ ਕਰਦਾ ਹੁੰਦਾ ਸੀ। ਉਸ ਦਿਨ ਵੀ ਉਸ ਨੇ ਇਕ ਪਿੰਡ ਵਿਚੋਂ ਰਾਤ ਨੂੰ ਮੱਝਾਂ ਚੋਰੀ ਕੀਤੀਆਂ ਪਰ ਬਦਕਿਸਮਤੀ ਨੂੰ ਪਿੰਡ ਵਾਲੇ ਜਾਗ ਪਏ ਅਤੇ ਉਹ ਹਨ੍ਹੇਰੇ ਵਿਚ ਉਹਦੇ ਮਗਰ ਹਥਿਆਰ ਲੈ ਕੇ ਦੌੜੇ। ਜਦ ਬਿਧੀ ਚੰਦ ਨੇ ਲੋਕਾਂ ਦਾ ਰੌਲਾ ਸੁਣਿਆ ਤਾਂ ਉਹਨੇ ਮੱਝਾਂ ਪਿੰਡੋਂ ਬਾਹਰ ਛੱਪੜ ਵਿਚ ਵਾੜ ਦਿੱਤੀਆਂ ਤੇ ਆਪ ਭੱਜਣ ਲੱਗਾ। ਛੱਪੜ ਕੰਢੇ ਇਕ ਸੰਤ-ਫ਼ਕੀਰ ਆਪਣੀ ਛੰਨ ਵਿਚ ਖੇਸੀ ਲਈ ਪਿਆ ਸੀ ਤਾਂ ਬਿਧੀ ਚੰਦ ਉਹਨੂੰ ਕਹਿੰਦਾ, ਮੈਨੂੰ ਪਿੰਡ ਵਾਲਿਆਂ ਤੋਂ ਬਚਾ ਲੈ, ਮੈਂ ਉਨ੍ਹਾਂ ਦੀਆਂ ਮੱਝਾਂ ਚੋਰੀ ਕੀਤੀਆਂ ਹਨ ਜਿਹੜੀਆਂ ਹੁਣ ਛੱਪੜ ਵਿਚ ਵਾੜ ਦਿੱਤੀਆਂ ਹਨ। ਇਹ ਸੁਣ ਕੇ ਬਾਬੇ ਨੇ ਕਿਹਾ ਕਿ ਇਸ ਵਾਰ ਤਾਂ ਤੈਨੂੰ ਬਚਾ ਲੈਂਦਾ ਹਾਂ ਪਰ ਅੱਗੇ ਤੋਂ ਚੋਰੀ ਨਾ ਕਰਨ ਦੀ ਸਹੁੰ ਖਾਹ ਲੈ। ਬਿਧੀ ਚੰਦ ਬਾਬੇ ਦਾ ਹੁਕਮ ਮੰਨ ਗਿਆ ਤੇ ਬਾਬੇ ਨੇ ਆਪਣੀ ਖੇਸੀ ਉਹਦੇ ਉਪਰ ਦੇ ਕੇ ਲੰਮਾ ਪਾ ਲਿਆ। ਇੰਨੇ ਨੂੰ ਪਿੰਡ ਵਾਲੇ ਵੀ ਆ ਗਏ ਤਾਂ ਉਨ੍ਹਾਂ ਨੇ ਬਾਬਾ ਜੀ ਨੂੰ ਪੁੱਛਿਆ ਕਿ ਜਿਹੜਾ ਚੋਰ ਸਾਡੀਆਂ ਮੱਝਾਂ ਖੋਲ੍ਹ ਕੇ ਇਧਰ ਨੂੰ ਆਇਐ, ਤੁਸੀਂ ਤਾਂ ਨਹੀਂ ਵੇਖਿਆ। ਬਾਬਾ ਜੀ ਨੇ ਕਿਹਾ ਕਿ ਇਹ ਇਕ ਪੁਰਸ਼ ਮੇਰੇ ਕੋਲ ਇਥੇ ਪਿਐ, ਕਿਤੇ ਇਹੋ ਤਾਂ ਨਹੀਂ ਤੁਹਾਡਾ ਚੋਰ...। ਪਿੰਡ ਵਾਲੇ ਸ਼ਰਮਿੰਦਾ ਹੋ ਕੇ ਕਹਿਣ ਲੱਗੇ ਕਿ ਸੰਤ ਬਾਬਾ ਜੀ, ਤੁਹਾਡੇ ਕੋਲ ਤਾਂ ਤੁਹਾਡੇ ਵਰਗਾ ਹੀ ਕੋਈ ਸੰਤ-ਮਹਾਤਮਾ ਹੋਣੈ, ਸਾਨੂੰ ਮੁਆਫ਼ ਕਰ ਦਿਓ ਜੋ ਅਸੀਂ ਤੁਹਾਨੂੰ ਚੋਰ ਬਾਰੇ ਪੁੱਛ ਲਿਆ। ਫੇਰ ਉਸ ਬਾਬੇ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਕੁਝ ਮੱਝਾਂ ਪਿੰਡ ਵੱਲੋਂ ਆ ਕੇ ਆਹ ਛੱਪੜ 'ਚ ਵੜ ਗਈਆਂ। ਸ਼ਾਇਦ ਇਹੋ ਤੁਹਾਡੀਆਂ ਹੋਣ ਪਰ ਬਾਬੇ ਨੇ ਆਪਣੀ ਕਰਾਮਾਤ ਨਾਲ ਜਿਹੜੀ ਬੂਰੀ ਮੱਝ ਸੀ, ਉਹ ਲੋਹੀ ਬਣਾ ਦਿੱਤੀ ਅਤੇ ਜਿਹਦੇ ਸਿੰਗ ਸਿੱਧੇ ਸਨ, ਉਹ ਕੁੰਡਲਦਾਰ ਬਣਾ ਦਿੱਤੇ। ਲੋਕੀਂ ਕਹਿਣ ਲੱਗੇ ਇਹ ਤਾਂ ਸਾਡੀਆਂ ਮੱਝਾਂ ਨਹੀਂ ਲੱਗਦੀਆਂ ਤੇ ਬਾਬੇ ਨੇ ਕਿਹਾ ਕਿ 'ਨ੍ਹੇਰਾ ਕਰਕੇ ਲਗਦੈ, ਤੁਸੀਂ ਮੱਝਾਂ ਲੈ ਜਾਓ ਤੇ ਸਵੇਰੇ ਸਭ ਠੀਕ ਲੱਗੂਗਾ। ਉਸ ਸੰਤ ਨੇ ਮੱਝਾਂ ਦੀਆਂ ਸ਼ਕਲਾਂ ਇਸ ਕਰਕੇ ਉਸ ਵਕਤ ਬਦਲ ਦਿੱਤੀਆਂ ਸਨ ਕਿ ਕਿਤੇ ਲੋਕੀਂ ਇਹ ਨਾ ਸਮਝ ਜਾਣ ਕਿ ਚੋਰ ਉਹੀ ਬੰਦਾ ਹੈ।



(ਸੰਤ) ਢੱਡਰੀਆਂਵਾਲਿਆਂ ਨੇ ਭਾਈ ਬਿਧੀ ਚੰਦ ਵਿਚ ਜੀਵਨ ਬਦਲਾਅ ਦਾ ਸਬੱਬ ਉਸ ਅਣਜਾਣੇ ਸੰਤ ਦੀ ਕਰਨੀ ਨੂੰ ਦੱਸਿਆ ਤੇ ਉਨ੍ਹਾਂ ਦੀ ਵਿਆਖਿਆ ਵਿਚ ਜ਼ੋਰ ਵੀ ਜ਼ਿਆਦਾ ਸੰਤ ਮਾਨਤਾ ਵਿਚ ਪਹਿਲਾਂ ਸੀ ਤੇ ਗੁਰੂ ਰਹਿਮਤ ਵਿਚ ਉਸ ਤੋਂ ਬਾਅਦ। ਭਾਈ ਬਿਧੀ ਚੰਦ ਦੇ ਗੁਰੂ ਛਤਰ-ਛਾਇਆ ਹੇਠ ਕੀਤੇ ਅਦੁੱਤੀ ਕਾਰਨਾਮਿਆਂ ਬਾਰੇ ਕੁਝ ਖਾਸ ਨਹੀਂ ਦੱਸਿਆ। ਅਸਲ ਵਿਚ ਵਿਆਖਿਆ ਤਾਂ ਉਨ੍ਹਾਂ ਦੀ ਜ਼ਰੂਰੀ ਸੀ ਜਿਸ ਨਾਲ ਹਰ ਸਿੱਖ ਭਾਈ ਬਿਧੀ ਚੰਦ ਵਰਗਾ ਭਰੋਸਾ ਗੁਰੂ 'ਤੇ ਕਰ ਕੇ, ਆਪਣੇ ਜੀਵਨ ਨੂੰ ਸਹੀ ਸੇਧ ਦੇ ਕੇ ਗੁਰਮਤਿ ਸਿਧਾਂਤ 'ਤੇ ਤੁਰਨ ਦਾ ਧਾਰਨੀ ਹੁੰਦਾ। ਸ਼ਾਇਦ ਢੱਡਰੀਆਂਵਾਲਿਆਂ ਨੇ ਕਿਸੇ ਹੋਰ ਥਾਂ ਪੂਰਾ ਪ੍ਰਸੰਗ ਵੀ ਦੱਸਿਆ ਹੋਵੇਗਾ ਪਰ ਜਿਸ ਗੁਰਦੁਆਰਾ ਸਾਹਿਬ ਵਿਚ ਮੈਂ ਸੁਣਿਆ, ਉਥੇ ਜੋ ਉਪਰ ਲਿਖਿਆ, ਓਨਾ ਹੀ ਸੀ।

ਦੂਜਾ ਕੀਰਤਨ ਦਰਬਾਰ ਸ਼ਾਮ ਵੇਲੇ ਦਾ ਸੀ। ਆਪਣੀ ਰਵਾਇਤ ਮੁਤਾਬਕ ਸੰਤਾਂ ਨੇ ਨਾਮ ਸਿਮਰਨ ਨਾਲ ਸ਼ੁਰੂ ਕੀਤਾ ਤੇ ਪੰਜਾ ਸਾਹਿਬ ਦੇ ਸਾਕੇ ਬਾਰੇ ਸੰਗਤਾਂ ਨੂੰ ਦੱਸਿਆ। ਇਹ ਵੀ ਦੱਸਿਆ ਕਿ ਉਸ ਵੇਲੇ ਸਾਰੇ ਮਹੰਤ ਮਾੜੇ ਨਹੀਂ ਸਨ। ਜੇ ਮਹੰਤ ਨਰਾਇਣ ਦਾਸ ਨੇ ਨਨਕਾਣਾ ਸਾਹਿਬ ਵਿਚ ਸਿੰਘਾਂ ਨੂੰ ਸ਼ਹੀਦ ਕੀਤਾ ਤਾਂ ਗੁਰਦੁਆਰਾ ਪੰਜਾ ਸਾਹਿਬ ਦੇ ਮਹੰਤ ਨੇ ਰੇਲ ਗੱਡੀ ਅੱਗੇ ਸੀਸ ਕਟਵਾ ਕੇ ਗੱਡੀ ਰੁਕਵਾਈ ਤਾਂ ਜੋ ਕੈਦੀ ਸਿੰਘਾਂ ਨੂੰ ਅੰਨ-ਜਲ ਛਕਾਇਆ ਜਾ ਸਕੇ। ਸੰਤਾਂ ਨੇ ਪੜ੍ਹੀਆਂ ਤਾਂ ਧਾਰਨਾ ਹੀ ਸੀ ਪਰ ਭਾਈ ਮਰਦਾਨਾ ਜੀ ਦੀ ਰਬਾਬ ਦੀ ਸਿਫ਼ਤ ਵਿਚ ਜੋ ਕਵਿਤਾ ਗਾਈ, ਬਹੁਤ ਹੀ ਕਾਬਿਲ-ਏ-ਤਾਰੀਫ਼ ਸੀ ਤੇ ਭਾਈ ਮਰਦਾਨੇ ਨੂੰ ਸੰਤਾਂ ਨੇ ਪੂਰਨ ਬ੍ਰਹਮਗਿਆਨੀ ਦੱਸਿਆ, ਨਹੀਂ ਤਾਂ ਕਈ ਸਿੱਖ ਕਥਾਕਾਰ/ਰਾਗੀ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਹੀ ਭਾਈ ਮਰਦਾਨੇ ਨੂੰ ਇਕ ਹਾਸੇ ਦਾ ਪਾਤਰ ਬਣਾ ਕੇ ਪੇਸ਼ ਕਰ ਦਿੰਦੇ ਹਨ।

ਸੰਤਾਂ ਦੇ ਕੀਰਤਨ ਪ੍ਰੋਗਰਾਮ ਮੈਂ ਪਹਿਲੀ ਵਾਰ ਸੰਗਤ ਵਿਚ ਬਹਿ ਕੇ ਸੁਣੇ ਹਨ, ਇਸ ਤੋਂ ਪਹਿਲਾਂ ਉਨ੍ਹਾਂ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਸੁਣੀਆਂ ਸਨ ਕਿ ਜੇ ਕਿਤੇ ਬਾਬੇ ਨਾਨਕ ਦੇ ਸਾਦਗੀ ਵਾਲੇ ਜੀਵਨ ਦਾ ਹਵਾਲਾ ਦੇ ਕੇ ਅੱਜ ਕੱਲ੍ਹ ਦੇ ਸੰਤਾਂ ਦੇ ਸ਼ਾਹਾਨਾ ਰਹਿਣ-ਸਹਿਣ 'ਤੇ ਕੋਈ ਲਿਖ ਜਾਂ ਗਾ ਦਿੰਦਾ ਸੀ ਤਾਂ ਸਭ ਤੋਂ ਵੱਧ ਸੰਤ ਢੱਡਰੀਆਂ ਵਾਲਾ ਤਲਖ਼ੀ ਵਿਚ ਆਉਂਦਾ ਸੀ ਪਰ ਇਨ੍ਹਾਂ ਕੀਰਤਨ ਪ੍ਰੋਗਰਾਮਾਂ ਵਿਚ ਤਾਂ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਮਹਿਮਾ ਵਿਚ ਵੀ ਗਾਇਆ ਤੇ ਆਪਣੇ ਵਿਖਿਆਨਾਂ ਵਿਚ ਬਾਬੇ ਨਾਨਕ ਦੀ ਉਪਮਾ ਵੀ ਬਹੁਤ ਕੀਤੀ, ਸਿੱਖ ਸ਼ਹੀਦਾਂ ਨੂੰ ਵੀ ਯਾਦ ਕੀਤਾ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਕੌਮ ਦਾ ਸ਼ਹੀਦ ਕਿਹਾ ਅਤੇ ਨਾਲ ਦੀ ਨਾਲ ਆਸ਼ੂਤੋਸ਼ ਵਰਗਿਆਂ 'ਤੇ ਵੀ ਹੱਲਾ ਬੋਲਿਆ। ਲੁਧਿਆਣਾ ਵਿਚ ਜਿਸ ਤਰ੍ਹਾਂ ਪੁਲਿਸ ਨੇ ਆਸ਼ੂਤੋਸ਼ੀਆਂ ਦਾ ਸਮਾਗਮ ਰੋਕਣ ਵਾਲੇ ਸਿੰਘਾਂ ਨੂੰ ਡਾਂਗਾਂ ਨਾਲ ਕੁੱਟਿਆ ਤੇ ਫਿਰ ਗੋਲੀ ਮਾਰ ਕੇ ਭਾਈ 'ਲੋਹਾਰਾ' ਨੂੰ ਸ਼ਹੀਦ ਕੀਤਾ, ਉਸ ਬਾਰੇ ਵੀ ਦੱਸਿਆ ਪਰ ਇਹ ਨਹੀਂ ਦੱਸਿਆ ਕਿ ਜਦੋਂ ਸੰਗਤ ਸ਼ਹੀਦ ਭਾਈ ਲੋਹਾਰਾ ਦੀ ਮ੍ਰਿਤਕ ਦੇਹ ਦਾ ਸਸਕਾਰ ਓਨੀ ਦੇਰ ਨਹੀਂ ਸੀ ਕਰਨਾ ਚਾਹੁੰਦੀ ਜਿੰਨੀ ਦੇਰ ਆਸ਼ੂਤੋਸ਼ ਤੇ ਹੋਰਨਾਂ 'ਤੇ ਕੇਸ ਦਰਜ ਨਾ ਹੋਣ, ਤਾਂ ਕੁਝ ਸੰਤਾਂ ਨੇ ਹੀ ਜਿਨ੍ਹਾਂ ਵਿਚ ਖੁਦ ਸੰਤ ਢੱਡਰੀਆਂਵਾਲੇ ਵੀ ਸ਼ਾਮਲ ਸਨ, ਸਿੱਖ ਸੰਗਤਾਂ ਨੂੰ ਬਾਦਲ ਐਂਡ ਕੰਪਨੀ ਵੱਲੋਂ ਦਿੱਤੇ ਫੋਕੇ ਲਾਰੇ ਮੁਤਾਬਕ ਭਰੋਸੇ ਵਿਚ ਲੈ ਕੇ ਅੰਤਿਮ ਸੰਸਕਾਰ ਕਰਵਾ ਦਿੱਤਾ। ਮੁੜ ਇਨ੍ਹਾਂ ਵਿਚੋਂ ਕਿਸੇ ਸੰਤ ਨੇ ਬਾਤ ਵੀ ਨਹੀਂ ਪੁੱਛੀ ਕਿ ਮੁਕੱਦਮਿਆਂ ਦਾ ਕੀ ਬਣਿਆ? ਉਂਜ ਅਕਸਰ ਡੇਰੇਦਾਰ ਸੰਤਾਂ ਬਾਰੇ ਇਹ ਪੱਕਾ ਯਕੀਨ ਹੈ ਕਿ ਇਹ ਆਪਣੇ ਹੀ ਡੇਰੇ ਨੂੰ ਵਡਿਆਉਂਦੇ ਨਹੀਂ ਥੱਕਦੇ ਪਰ ਇਸ ਵਾਰੀ (ਸੰਤ) ਢੱਡਰੀਆਂਵਾਲੇ ਨੇ ਆਪਣੇ ਡੇਰੇ ਪ੍ਰਮੇਸ਼ਵਰ ਦੁਆਰ ਦੇ ਨਾਲ ਨਾਲ ਦਰਬਾਰ ਸਾਹਿਬ ਦੀ ਵੀ ਗੱਲ ਕੀਤੀ ਹੈ ਤੇ ਵਾਰ ਵਾਰ ਸੱਚੇ ਸੁੱਚੇ ਸਿੱਖ ਬਣਨ 'ਤੇ ਵੀ ਜ਼ੋਰ ਦਿੱਤਾ।

ਤੀਜਾ ਕੀਰਤਨ ਵੀ ਰਾਤ ਵੇਲੇ ਦਾ ਹੀ ਸੀ। ਇਸ ਗੁਰਦੁਆਰੇ ਵਿਚ ਇਹ ਅੰਤਿਮ ਪ੍ਰੋਗਰਾਮ ਸੀ। ਆਪਣੀ ਰੀਤ ਮੁਤਾਬਕ ਸੰਤਾਂ ਨੇ ਸ਼ੁਰੂ ਵਿਚ ਗੁਰਬਾਣੀ ਵਿਚੋਂ ਕਿਸੇ ਸ਼ਬਦ ਦੀ ਤੁਕ ਨਾਲ ਕੀਰਤਨ ਅਰੰਭਿਆ ਅਤੇ ਵਿਚੋਂ ਹੀ ਧਾਰਨਾ ਵਾਲੀ ਕਵਿਤਾ ਪੜ੍ਹਨੀ ਅਰੰਭ ਕਰ ਦਿੱਤੀ। ਫੇਰ ਜੋ ਵਿਆਖਿਆ ਕੀਤੀ, ਉਸ ਵਿਚ ਹਰ ਸਿੱਖ ਨੂੰ ਦਸਵੰਧ ਕੱਢਣ 'ਤੇ ਸਿਰਫ਼ ਜ਼ੋਰ ਹੀ ਨਹੀਂ ਦਿੱਤਾ, ਸਗੋਂ ਉਹਨੂੰ ਵਰਤਣਾ ਕਿਸ ਤਰ੍ਹਾਂ ਹੈ; ਇਹ ਵੀ ਦੱਸਿਆ। ਦਸਵੰਧ, ਉਨ੍ਹਾਂ ਮੁਤਾਬਕ ਵਿਧੀ ਅਨੁਸਾਰ ਪੂਰੀ ਕਮਾਈ ਭਾਵ ਗਰੌਸ ਦਾ ਦਸਵਾਂ ਹਿੱਸਾ ਹੋਣਾ ਚਾਹੀਦੈ, ਨਾ ਕਿ ਨੈਟ ਕਮਾਈ ਦਾ ਜਾਂ ਸਾਰੇ ਖ਼ਰਚਿਆਂ ਤੋਂ ਬਾਅਦ ਦੀ ਕਮਾਈ ਜਾਂ ਬੱਚਤ ਦਾ; ਬੜਾ ਹਿਸਾਬੀ-ਕਿਤਾਬੀ ਲੱਗਾ ਬਾਬਾ ਇਸ ਸਬੰਧ ਵਿਚ!

ਉਂਜ ਦਸਵੰਧ ਸਬੰਧੀ ਕੋਈ ਵੀ ਨਿੱਗਰ ਮਿਸਾਲ ਜੋ ਗੁਰਮਤਿ ਮੁਤਾਬਕ ਢੁੱਕਦੀ ਹੋਵੇ ਤੇ ਜਿਹੜੀ ਬੈਠੀ ਸੰਗਤ ਦੇ ਮਨ ਨੂੰ ਵੀ ਭਾਅ ਜਾਵੇ, ਨਹੀਂ ਦਿੱਤੀ। ਬਸ ਚੁਟਕਲੇਨੁਮਾ ਦੋ ਕੁ ਗੱਲਾਂ ਦਸਵੰਧ ਕੱਢਣ ਵਾਲਿਆਂ ਦੀਆਂ ਕਰਕੇ ਆਪੇ ਹੱਸ ਪਿਆ ਤੇ ਸੰਗਤ ਨੇ ਤਾਂ ਫ਼ੇਰ ਹੱਸਣਾ ਹੀ ਸੀ ਕਿਉਂਕਿ ਸੰਤ-ਮਹਾਂਪੁਰਸ਼ ਜੂ ਹੱਸੇ ਸੀਗੇ!! ਹੁਣ ਕਈ ਭੈਣਾਂ-ਵੀਰ ਇਹ ਸੋਚਣਗੇ ਕਿ ਦਸਵੰਧ ਵਰਗੀ ਨੇਕ ਕਮਾਈ ਨਾਲ ਚੁਟਕਲਾ ਮੈਂ ਕਿੱਦਾਂ ਲਿਖ ਦਿੱਤਾ। ਉਂਜ ਤਾਂ ਬਹੁਤਿਆਂ ਨੇ ਆਪਣੇ ਕੰਨਾਂ ਨਾਲ ਖ਼ੁਦ ਢੱਡਰੀਆਂਵਾਲਿਆਂ ਦੇ ਮੁਖਾਰਬਿੰਦ ਤੋਂ ਗੁਰਮਤਿ ਪ੍ਰਚਾਰ ਵਿਚ ਇਹ ਸੁਣਿਆ ਹੋਣਾ, ਫਿਰ ਵੀ ਇਥੇ ਸਾਂਝਾ ਕਰ ਹੀ ਲਈਏ; ਨਹੀਂ ਤਾਂ ਕਈਆਂ ਦੇ ਮਨ ਵਿਚ ਸ਼ੱਕ ਹੀ ਰਹਿਣਾ।

ਸੰਤਾਂ ਨੇ ਫੁਰਮਾਇਆ, "ਇਕ ਵਾਰ ਮੈਂ ਇਕ ਸੱਜਣ ਪੁਰਸ਼ ਨੂੰ ਪੁੱਛਿਆ ਕਿ ਭਾਈ ਕਮਾਈ ਵਿਚੋਂ ਦਸਵੰਧ ਵੀ ਕੱਢਦੇ ਹੋ ਤਾਂ ਉਸ ਨੇ ਜਵਾਬ ਦਿੱਤਾ, 'ਹਾਂ ਬਾਬਾ ਜੀ, ਬਿਲਕੁਲ ਕੱਢੀਦਾ।' ਮੈਂ ਫੇਰ ਕਿਹਾ ਕਿ ਭਾਈ ਦਸਵੰਧ ਦੀ ਰਕਮ ਕਿੱਦਾਂ ਤੇ ਕਿੰਨੀ ਕੱਢਦਾ ਹੁੰਨਾ ਤਾਂ ਉਸ ਭਲੇ ਪੁਰਸ਼ ਨੇ ਕਿਹਾ ਕਿ ਬਾਬਾ ਜੀ ਮਹੀਨੇ ਦੀ ਜੋ ਕਮਾਈ ਹੁੰਦੀ ਹੈ, ਉਹ ਸਾਰੀ ਇਕੱਠੀ ਕਰ ਕੇ ਰੱਖ ਲਈਦੀ ਤੇ ਫੇਰ ਇਕ ਜ਼ਮੀਨ 'ਤੇ ਲੀਕ ਮਾਰ ਲੈਨਾਂ ਤੇ ਕਮਾਈ ਦੇ ਸਾਰੇ ਪੈਸੇ ਉਪਰ ਨੂੰ ਸੁੱਟ ਦਿੰਨਾਂ, ਜਿਹੜੇ ਲੀਕ ਦੇ ਦੂਜੇ ਪਾਸੇ ਡਿੱਗ ਪੈਣ, ਉਹ ਦਸਵੰਧ ਦੇ ਤੇ ਜਿਹੜੇ ਮੇਰੇ ਪਾਸੇ ਡਿੱਗ ਪੈਣ, ਉਹ ਮੇਰੇ। ਫੇਰ ਮੈਂ ਕਿਹਾ ਕਿ ਭਾਈ ਲੀਕ ਤੋਂ ਦੂਜੇ ਪਾਸੇ ਤਾਂ ਕਾਫੀ ਪੈਸੇ ਚਲੇ ਜਾਂਦੇ ਹੋਣੇ ਆਂ ਤਾਂ ਉਹ ਕਹਿੰਦਾ ਕਿ ਬਾਬਾ ਜੀ ਮੈਂ ਤਾਂ ਉਪਰ ਨੂੰ ਅੱਖਾਂ ਮੀਟ ਕੇ ਸੁੱਟ ਦਿੰਨਾ ਪਰ ਸਾਰੇ ਪੈਸੇ ਡਿੱਗਦੇ ਲੀਕ ਦੇ ਮੇਰੇ ਵੱਲ ਦੇ ਪਾਸੇ ਨੂੰ ਹੀ ਹਨ। ਮੈਂ ਕੀ ਕਰਾਂ! ਇਸ ਕਰਕੇ ਫੇਰ ਮੈਂ ਸਾਰੀ ਕਮਾਈ ਰੱਖ ਲੈਨਾ।" ਫੇਰ ਸੰਤਾਂ ਨੇ ਇਕ ਹੋਰ ਸੱਜਣ ਪੁਰਸ਼ ਦੀ ਉਦਾਹਰਣ ਦਿੱਤੀ, "ਮੈਂ ਇਕ ਹੋਰ ਗੁਰਮੁੱਖ ਪਿਆਰੇ ਨੂੰ ਪੁੱਛਿਆ ਕਿ ਭਾਈ ਤੂੰ ਦਸਵੰਧ ਕਮਾਈ ਵਿਚੋਂ ਕਿੰਨਾ ਤੇ ਕਿਸ ਤਰੀਕੇ ਨਾਲ ਕੱਢਦਾਂ? ਤਾਂ ਉਸ ਨੇ ਉਤਰ ਦਿੱਤਾ, 'ਬਾਬਾ ਜੀ, ਸਾਡਾ ਤਾਂ ਬਸ ਸਿੱਧਾ ਹਿਸਾਬ ਹੀ ਹੈਗਾ। ਮੈਂ ਤਾਂ

ਕਮਾਈ ਦੇ ਸਾਰੇ ਪੈਸੇ ਉਪਰ ਨੂੰ ਸੁੱਟ ਦਿੰਨਾਂ। ਜਿਹੜੇ ਥੱਲੇ ਡਿੱਗ ਪੈਣ, ਉਹ ਮੈਂ ਆਪਣੇ ਲਈ ਰੱਖ ਲੈਨਾ।" ਹੁਣ ਆਪੇ ਹੀ ਜਾਣ ਲਓ ਕਿ ਮੈਂ 'ਚੁਟਕਲੇ' ਕਿਉਂ ਲਿਖਿਆ ਸੀ। ਉਂਜ ਇਹ ਗੱਲਾਂ ਆਪਾਂ ਪਹਿਲਾਂ ਵੀ ਕਈ ਵਾਰੀ ਸੁਣ ਚੁੱਕੇ ਹਾਂ ਪਰ (ਸੰਤ) ਢੱਡਰੀਆਂਵਾਲੇ ਨੇ ਮੱਲੋ-ਮੱਲੀ ਇਹ ਆਪਣੇ ਨਾਲ ਜੋੜ ਲਈਆਂ। ਉਂਜ ਕਹਿੰਦੇ ਹਨ ਕਿ ਸੰਤ ਬਾਬੇ ਝੂਠ ਨਹੀਂ ਬੋਲਦੇ! ਨਾਲੇ ਇਹਦੇ ਨਾਲ ਭਈ ਕਿਹੜਾ ਸਿੱਖੀ ਦਾ ਪ੍ਰਚਾਰ ਹੋਇਆ? ਕੀ ਇੱਦਾਂ ਚਟਖਾਰੇ ਵਾਲੀਆਂ ਗੱਲਾਂ ਨੂੰ ਵੀ ਗੁਰਮਤਿ ਪ੍ਰਚਾਰ ਦਾ ਹੀ ਹਿੱਸਾ ਮੰਨੀਏ ਜਿਹਦੇ ਲਈ ਸੰਤ ਇੰਨੀ ਦੂਰ ਆਇਓ ਆ। ਅਸਲ ਗੱਲ, ਖ਼ਾਸ ਕਰਕੇ ਆਪਾਂ ਅਮਰੀਕਾ ਵਿਚ ਰਹਿਣ ਵਾਲੇ ਕੰਮਕਾਰੀ ਬੰਦਿਆਂ ਨੂੰ ਦਸਵੰਧ ਦਾ ਪਾਠ ਕੀ ਪੜ੍ਹਾਉਣਾ? ਕਿਉਂਕਿ ਸਾਨੂੰ ਤਾਂ ਪਹਿਲਾਂ ਹੀ 30 ਫ਼ੀਸਦ ਕੱਟਿਆ ਹੋਇਆ ਚੈਕ ਮਿਲਦੈ।

ਬਾਬਾ ਜੀ ਨੇ ਫੇਰ ਦਸਵੰਧ ਨੂੰ ਵਰਤਣ ਦਾ ਵੀ ਤਰੀਕਾ ਦੱਸਿਆ ਕਿ ਜਦੋਂ ਭਾਈ ਤੁਸੀਂ ਇੰਡੀਆ ਗੇੜਾ ਮਾਰਿਆ ਤਾਂ ਇਸ ਪੈਸੇ ਨਾਲ ਕਿਸੇ ਗ਼ਰੀਬ ਦੀ ਧੀ ਦੇ ਵਿਆਹ 'ਤੇ ਖ਼ਰਚਾ ਕਰ ਦਿਓ। ਨਾਲੇ ਬਾਬਿਆਂ ਨੇ ਇਹ ਵੀ ਕਿਹਾ ਕਿ ਉਹ ਆਪ ਆਪਣੇ ਡੇਰੇ ਵਿਚ ਗ਼ਰੀਬ ਧੀਆਂ ਦੇ ਵਿਆਹ ਕਰਵਾਉਂਦੇ ਰਹਿੰਦੇ ਹਨ। ਇੱਦਾਂ ਕਹਿਣ ਨਾਲ ਲੁਕਵਾਂ ਜਿਹਾ ਇਸ਼ਾਰਾ ਸੰਤ ਕਰ ਗਏ ਕਿ ਦਸਵੰਧ ਕਿੱਥੇ ਦੇਣਾ ਹੈ। ਸੰਗਤ ਤਾਂ ਸੰਤਾਂ ਦੇ 'ਬਚਨ' ਸੁਣ ਕੇ ਦਰਸ਼ਨ ਕਰ ਕੇ 'ਵਾਹਿਗੁਰੂ ਵਾਹਿਗੁਰੂ' ਕਰਦੀ, ਬਣਦਾ ਤਿਲ-ਫੁੱਲ ਭੇਟਾ ਆਪੇ ਹੀ ਕਰੀ ਜਾਂਦੀ ਸੀ। ਗੁਰਮਤਿ ਵਿਚ ਕਿਸੇ ਨੂੰ ਉਹਦੀ ਸਮਾਜਕ ਹਾਲਤ ਦੇਖ ਕੇ ਗ਼ਰੀਬ-ਗੁਰਬਾ ਕਹਿਣਾ ਸ਼ਾਇਦ ਜਾਇਜ਼ ਨਹੀਂ ਤੇ ਸੰਤਾਂ ਦੇ ਮੂੰਹੋਂ ਵਾਰ ਵਾਰ ਇਹੋ ਅਲਫ਼ਾਜ਼ ਨਿਕਲ ਰਹੇ ਸਨ। ਵਕਤ ਬਹੁਤੇ ਪੈਸੇ ਵਾਲੇ ਨੂੰ ਵੀ ਕਦੇ ਲੋੜਵੰਦ ਬਣਾ ਸਕਦੈ ਤੇ ਦਾਨੀ ਇਕ ਕਿਰਤੀ ਵੀ ਹੋ ਸਕਦੈ!

ਜਿਵੇਂ ਸੰਤਾਂ ਦੀ ਇਸ ਫੇਰੀ ਦਾ ਮਕਸਦ ਗੁਰਮਤਿ ਪ੍ਰਚਾਰ ਹੀ ਦੱਸਿਆ ਗਿਆ ਤੇ ਗੁਰਮਤਿ ਪ੍ਰਚਾਰ ਦਾ ਆਧਾਰ ਹੈ ਗੁਰਬਾਣੀ ਤੇ ਉਸ ਵਿਚੋਂ ਹੀ ਕੀਰਤਨ ਤੇ ਕਥਾ ਨਾਲ ਹੁੰਦਾ ਹੈ ਬਾਬੇ ਨਾਨਕ ਦੀ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ। ਬਾਬੇ ਨਾਨਕ ਨੇ ਇਸ ਦੁਨੀਆਂ ਨੂੰ ਕਦੇ ਵੀ ਮਾੜੀ ਨਹੀਂ ਕਿਹਾ ਤੇ ਨਾ ਹੀ ਇਸ ਤੋਂ ਭੱਜਣ ਦੀ ਕਦੇ ਸਲਾਹ ਦਿੱਤੀ ਸਗੋਂ ਇਸੇ ਦੁਨੀਆਂ ਵਿਚ ਰਹਿ ਕੇ ਇਨਸਾਨ ਨੂੰ ਆਪਣਾ ਅੱਗਾ ਸੰਵਾਰਨ ਲਈ ਕਿਹਾ। ਗੁਰਬਾਣੀ ਅਨੁਸਾਰ- "ਵਿਚਿ ਦੁਨੀਆ ਸੇਵਿ ਕਮਾਈਐ, ਤਾਂ ਦਰਗਹਿ ਬੈਸਣਿ ਪਾਈਐ॥" ਪਰ (ਸੰਤ) ਢੱਡਰੀਆਂਵਾਲਿਆਂ ਨੇ ਜਿਹੜਾ ਗੁਰਮਤਿ ਦਾ ਪ੍ਰਚਾਰ ਕੀਤਾ, ਉਹ ਇਸ ਤਰ੍ਹਾਂ ਹੈ: "ਇਹ ਦੁਨੀਆਂ ਤਿਲਕਣਬਾਜ਼ੀ ਹੈ, ਬੰਦਿਆ ਸੰਭਲ ਸੰਭਲ ਕੇ ਤੁਰ ਤੂੰ।" ਇਹ ਆਮ ਇਕ ਪੰਜਾਬੀ ਗੀਤ ਦੀਆਂ ਲਾਈਨਾਂ ਲੱਗਦੀਆਂ ਪਰ ਸੰਤ ਤਾਂ ਇਨ੍ਹਾਂ ਨੂੰ ਸਰਲ ਗੁਰਬਾਣੀ ਦਾ ਹੀ ਰੂਪ ਦੱਸ ਰਹੇ ਸਨ ਤੇ ਇਹਦੇ ਅਰਥ ਵੀ ਸ਼ਾਇਦ ਉਪਰ ਲਿਖੀ ਗੁਰਬਾਣੀ ਦੀ ਤੁਕ ਤੋਂ ਉਲਟ ਹੀ ਹੋਣ। ਇਕ ਗੱਲ ਤਾਂ ਮੰਨਣ ਵਾਲੀ ਹੈ ਕਿ ਢੱਡਰੀਆਂਵਾਲਿਆਂ ਦੀ ਆਵਾਜ਼ ਬਹੁਤ ਹੀ ਮਿੱਠੀ ਹੈ ਤੇ ਉਹ ਧਾਰਨਾ ਨੂੰ ਗਾਉਂਦੇ ਵੀ ਬੜੀ ਤਰਜ਼ ਵਿਚ ਹਨ। ਨਾਲੇ ਉਨ੍ਹਾਂ ਦਾ ਵਾਜੇ 'ਤੇ ਵੀ ਪੂਰਾ ਕੱਸ ਹੈ, ਬੜੀ ਤਿੱਖੀ ਸੁਰ ਕੱਢਦੇ ਆ, ਉਤੋਂ ਚਾਰ ਸਿੰਘ ਦੋ-ਦੋ ਦੀਆਂ ਜੋਟੀਆਂ ਵਿਚ ਬੈਠ ਕੇ ਜਿਸ ਅੰਦਾਜ਼ ਵਿਚ ਚਿਮਟੇ ਵਜਾਉਂਦੇ ਹਨ, ਮਜ਼ਾਲ ਹੈ ਕਿ ਚੌਹਾਂ ਵਿਚੋਂ ਕੋਈ ਇਕ ਵੀ ਅੱਗੇ-ਪਿੱਛੇ ਹੋ ਜਾਵੇ; ਪੂਰੇ ਟਰੇਂਡ ਹਨ। ਇਕੋ ਸਮੇਂ ਬਾਹਾਂ ਉਪਰ ਨੂੰ ਚੁੱਕਦੇ ਹਨ ਤੇ ਫੇਰ ਸਹਿਜੇ ਸਹਿਜੇ ਚਿਮਟੇ ਵਜਾਉਂਦੇ ਥੱਲੇ ਨੂੰ ਲਿਆਉਂਦੇ ਹਨ। ਦੇਖਣ ਨੂੰ ਬੜਾ ਵਧੀਆ ਲੱਗਦੈ, ਜਿਸ ਤਰ੍ਹਾਂ ਛੋਟੇ ਹੁੰਦਿਆਂ ਸਕੂਲ ਵਿਚ ਡਰਿੱਲ ਕਰੀਦੀ ਸੀ। ਇਨ੍ਹਾਂ ਸਾਜ਼ਾਂ ਵਿਚ ਗਾਈ ਧਾਰਨਾ ਮੱਲੋ-ਮੱਲੀ ਸੰਗਤ ਨੂੰ ਝੂਮਣ ਲਈ ਮਜਬੂਰ ਕਰ ਦਿੰਦੀ ਹੈ ਤੇ ਉਹ ਇੰਨੇ ਉਤਸ਼ਾਹ ਵਿਚ ਆ ਜਾਂਦੀ ਹੈ ਕਿ ਬਾਹਾਂ ਖੜ੍ਹੀਆਂ ਕਰ ਕੇ ਉਚੀ ਉਚੀ ਸਾਜ਼ਾਂ ਦੀ ਆਵਾਜ਼ ਵਿਚ ਕਿੰਨਾ ਚਿਰ ਹੀ ਗਾਉਂਦੀ ਰਹਿੰਦੀ ਹੈ, ਇਸ ਗੱਲ ਤੋਂ ਅਣਜਾਣ ਕਿ ਇਹਦੇ ਅਰਥ ਤਾਂ ਬਾਬੇ ਦੀ ਬਾਣੀ ਨਾਲ ਮੇਲ ਵੀ ਨਹੀਂ ਖਾਂਦੇ। ਖ਼ੈਰ, ਫੇਰ ਵੀ 'ਸੰਤ' ਗੁਰਮਤਿ ਪ੍ਰਚਾਰ ਕਰ ਰਹੇ ਹਨ!

ਇਕ ਵੱਡੀ ਗੱਲ ਜੋ ਸੰਤ ਰਣਜੀਤ ਸਿੰਘ ਢੱਡਰੀਆਂਵਾਲਿਆਂ ਵਿਚ ਇਨ੍ਹਾਂ ਪ੍ਰੋਗਰਾਮਾਂ ਦੌਰਾਨ ਦਿਸੀ, ਉਹ ਹੈ ਇਨ੍ਹਾਂ ਵੱਲੋਂ ਬੜੀ ਦਲੇਰੀ ਤੇ ਬੇਬਾਕੀ ਨਾਲ ਕਹੇ ਸ਼ਬਦ। ਜਿਸ ਗੁਰਦੁਆਰੇ ਵਿਚ ਮੈਂ ਇਨ੍ਹਾਂ ਦੇ ਕੀਰਤਨ ਪ੍ਰੋਗਰਾਮ ਦੇਖੇ, ਉਥੇ ਤੀਜੇ ਤੇ ਆਖ਼ਰੀ ਪ੍ਰੋਗਰਾਮ ਵਿਚ ਸੰਤਾਂ ਨੇ 'ਮੌਜੂਦਾ ਪੰਥਕ ਲੀਡਰਾਂ' ਨੂੰ 'ਭੇਡਾਂ ਬੱਕਰੀਆਂ' ਕਿਹਾ। ਸਾਫ਼ ਹੈ ਕਿ ਇਹ ਅਲਫ਼ਾਜ਼ 'ਬਾਦਲ ਐਂਡ ਕੰਪਨੀ' ਲਈ ਹੀ ਵਰਤੇ ਗਏ। ਬੜੀ ਜੁਰਅਤ ਹੈ ਸੰਤ ਢੱਡਰੀਆਂਵਾਲਿਆਂ ਵਿਚ! ਇੰਨਾ ਕਹਿਣ ਨਾਲ ਸੰਗਤ ਵਿਚ ਜੋਸ਼ ਆ ਗਿਆ ਤੇ ਸੰਤਾਂ ਨੇ ਕੋਈ 5-10 ਮਿੰਟ ਸਾਰੇ ਸਾਜ਼ਾਂ ਨਾਲ ਸੰਗਤ ਤੋਂ ਦੋਵੇਂ ਹੱਥ ਖੜ੍ਹੇ ਕਰਵਾ ਕੇ ਜੈਕਾਰੇ ਬੁਲਾਏ। ਇਥੋਂ ਤਕ ਕਿ ਸੰਗਤ ਵਿਚੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੋਚ ਅਮਰ ਰੱਖਣ ਅਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਗੂੰਜੇ ਤਾਂ ਸਟੇਜ ਤੋਂ ਸੰਤਾਂ ਨੇ ਕਿਹਾ ਕਿ ਤੁਸੀਂ ਸਾਰੇ ਅੰਮ੍ਰਿਤ ਛਕ ਲਓ, ਆਪੇ ਹੀ ਖ਼ਾਲਸਾ ਰਾਜ ਹੋ ਜਾਣੈ। ਸੰਤ ਢੱਡਰੀਆਂਵਾਲਿਆਂ ਨੇ ਅਕਾਲੀ ਦਲ (ਬਾਦਲ) ਦੇ ਲੀਡਰਾਂ ਨੂੰ ਭੇਡਾਂ-ਬੱਕਰੀਆਂ ਕਹਿ ਤਾਂ ਦਿੱਤਾ, ਸ਼ਾਇਦ ਇਹ ਨਹੀਂ ਜਾਣਦੇ ਕਿ ਜਿਸ ਸਟੇਜ ਤੋਂ ਇਹ ਅਲਫ਼ਾਜ਼ ਕਹੇ, ਉਥੇ ਹੀ ਇਨ੍ਹਾਂ 'ਭੇਡਾਂ-ਬੱਕਰੀਆਂ' ਨੂੰ ਆਪਣੇ ਆਦਰਸ਼ ਮੰਨਣ ਵਾਲੇ 'ਮੋਮਣੇ' ਵੀ ਬੈਠੇ ਸਨ। ਸ਼ਾਇਦ ਸੰਤ ਇਹ ਭੁੱਲ ਗਿਆ ਹੋਣੈ ਕਿ ਜਿਨ੍ਹਾਂ ਸਿੱਖਾਂ ਨੇ ਉਨ੍ਹਾਂ ਦੇ ਅਮਰੀਕਾ ਦੇ ਵੀਜ਼ਾ ਲਗਵਾਏ, ਉਹ ਵੀ ਭੇਡਾਂ-ਬੱਕਰੀਆਂ ਵਾਲੇ ਦਲ ਨਾਲ ਹੀ ਸਬੰਧ ਰੱਖਦੇ ਹਨ। ਫਿਰ ਹੋਰ ਇਸ ਕੈਲੀਫੋਰਨੀਆ ਫੇਰੀ ਦੌਰਾਨ ਸਭ ਤੋਂ ਵੱਧ ਸੰਤਾਂ ਦੀ ਪ੍ਰਾਹੁਣਚਾਰੀ ਵੀ ਭੇਡਾਂ-ਬੱਕਰੀਆਂ ਕਰਾਰ ਦਿੱਤੇ ਗਏ ਦਲ ਦੇ ਸਿੱਖਾਂ ਨੇ ਹੀ ਕੀਤੀ ਹੋਣੀ ਤੇ ਸੰਤ-ਭੇਟਾ ਵੀ ਇਨ੍ਹਾਂ ਤੋਂ ਹੀ ਮਿਲੀ ਹੋਣੀ ਹੈ। ਉਹ ਤਾਂ ਖ਼ੁਸ਼ੀ ਖ਼ੁਸ਼ੀ ਲੈ ਲਈ ਹੋਣੀ ਬਾਬੇ ਨੇ!! ਇਹੋ ਦੋਗਲਾਪਣ ਬਾਦਲ 'ਚ ਹੈਗਾ, ਵੋਟਾਂ ਵੇਲੇ ਪੂਰਾ ਪੰਥਕ ਤੇ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠ ਕੇ ਰਾਮ ਭਗਤ। ਸੰਤ ਢੱਡਰੀਆਂਵਾਲਿਆਂ ਨੂੰ ਸ਼ਾਇਦ ਇਹੋ ਜਿਹੇ ਤੱਤੇ-ਤੱਤੇ ਅਲਫ਼ਾਜ਼ ਤਾਂ ਕਹਿਣੇ ਪਏ ਹੋਣ ਕਿ ਉਨ੍ਹਾਂ ਨੂੰ ਅਮਰੀਕਾ ਵਸਦੇ ਆਮ ਸਿੱਖਾਂ ਦਾ ਬਾਦਲ ਪ੍ਰਤੀ ਰਵੱਈਆ ਪਤਾ ਹੋਣੈ।

ਸੰਤ ਢੱਡਰੀਆਂਵਾਲੇ ਕਿਉਂਕਿ ਗੁਰਮਤਿ ਪ੍ਰਚਾਰ 'ਤੇ ਨਿਕਲੇ ਹੋਏ ਹਨ, ਇਸ ਕਰਕੇ ਹਰ ਕੀਰਤਨ ਪ੍ਰੋਗਰਾਮ ਵਿਚ ਸਿੱਖਾਂ ਨੂੰ ਅੰਮ੍ਰਿਤ ਵੇਲੇ ਜਾਗਣ, ਗੁਰਬਾਣੀ ਨਾਲ ਜੁੜਨ ਤੇ ਅੰਮ੍ਰਿਤ ਵੇਲੇ ਗੁਰਬਾਣੀ ਕੀਰਤਨ ਸਰਵਣ ਕਰਨ 'ਤੇ ਵਿਸ਼ੇਸ਼ ਤਵੱਜੋ ਦਿੰਦੇ ਹਨ। ਮਿਸਾਲਾਂ ਵੀ ਦਿੰਦੇ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਪੜ੍ਹਨ ਦੀਆਂ। ਅੰਮ੍ਰਿਤ ਵੇਲੇ ਨੂੰ ਗੁਰੂ ਸਾਹਿਬਾਨ ਨੇ ਬੜਾ ਉਤਮ ਸਮਾਂ ਦੱਸਿਐ। ਇਸ ਸਮੇਂ ਦੀ ਮਹਾਨਤਾ ਨੂੰ ਵੇਖਦੇ ਹੋਏ 'ਆਸਾ ਜੀ ਦੀ ਵਾਰ' ਦਾ ਕੀਰਤਨ ਅਰੰਭ ਹੋਇਆ। ਜੇ ਥੋੜ੍ਹਾ ਜਿਹਾ ਇਤਿਹਾਸ ਵੱਲ ਦੇਖੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਔਖੀ ਘੜੀ ਵੇਲੇ ਜਦੋਂ ਮੁਗ਼ਲ ਹਕੂਮਤ ਤੇ ਪਹਾੜੀ ਹਿੰਦੂ ਰਾਜੇ ਉਨ੍ਹਾਂ ਨਾਲ ਦਸਤ-ਪੰਜਾ ਲਈ ਹੀ ਰੱਖਦੇ ਸਨ ਤਾਂ ਕਦੇ ਵੀ 'ਆਸਾ ਦੀ ਵਾਰ' ਦਾ ਕੀਰਤਨ ਮਿੱਸ ਨਹੀਂ ਸੀ ਕੀਤਾ। ਇਥੋਂ ਤਕ ਕਿ ਚਮਕੌਰ ਦੀ ਗੜ੍ਹੀ ਵਿਚ ਘਿਰੇ ਹੋਇਆਂ ਨੇ ਵੀ ਨਹੀਂ। ਇਸ ਲਈ 'ਆਸਾ ਦੀ ਵਾਰ' ਦਾ ਕੀਰਤਨ ਸਿੱਖਾਂ ਲਈ ਰੂਹ ਦੀ ਖ਼ੁਰਾਕ ਹੈ। ਜਦੋਂ ਸੰਤ ਢੱਡਰੀਆਂਵਾਲਿਆਂ ਦੀ ਕੈਲੀਫੋਰਨੀਆ ਫੇਰੀ ਬਾਰੇ ਅਖ਼ਬਾਰਾਂ ਵਿਚ ਇਸ਼ਤਿਹਾਰਾਂ ਰਾਹੀਂ ਸੰਗਤਾਂ ਨੂੰ ਸੂਚਿਤ ਕੀਤਾ ਗਿਆ ਤਾਂ ਕਿਤੇ ਵੀ ਉਨ੍ਹਾਂ ਦੇ ਅੰਮ੍ਰਿਤ ਵੇਲੇ ਦੇ ਕੀਰਤਨ ਦਾ ਜ਼ਿਕਰ ਨਹੀਂ ਆਇਆ। ਸ਼ਾਇਦ ਉਨ੍ਹਾਂ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਵੀ ਨਹੀਂ ਕਿਸੇ ਗੁਰਦੁਆਰੇ ਵਿਚ ਜਦੋਂ ਕਿ ਉਹ ਆਪਣੇ ਆਪ ਨੂੰ ਕੀਰਤਨੀਏ ਵੀ ਕਹਾਉਂਦੇ ਹਨ। 'ਆਸਾ ਦੀ ਵਾਰ' ਗੁਰਬਾਣੀ ਤਾਂ ਆਪਣੇ ਆਪ ਵਿਚ ਹੀ ਬਹੁਤ ਸਰਲ ਹੈ ਤੇ ਮਨ ਨੂੰ ਸਕੂਨ ਦੇਣ ਵਾਲੀ ਵੀ, ਫਿਰ ਆਹ ਗੀਤਾਂ ਵਰਗੀਆਂ ਧਾਰਨਾ ਪੜ੍ਹਨ ਦੀ ਕੀ ਜ਼ਰੂਰਤ ਹੈ? ਦਰਅਸਲ ਇਸ ਤਰ੍ਹਾਂ ਲੱਗਦਾ ਹੈ ਕਿ ਢੱਡਰੀਆਂਵਾਲਿਆਂ ਨੂੰ ਆਦਤ ਪਈ ਐ, ਚਿਮਟਿਆਂ ਤੇ ਢੋਲਕੀਆਂ ਦੀ ਉਚੀ ਆਵਾਜ਼ ਵਿਚ ਕੀਰਤਨ ਕਰਨ ਦੀ ਤੇ ਉਹ ਵੀ ਆਪਣੀਆਂ ਬਣਾਈਆਂ ਸੁਰਾਂ ਵਿਚ ਜਦੋਂ ਕਿ 'ਆਸਾ ਦੀ ਵਾਰ' ਦਾ ਕੀਰਤਨ ਬਾਕਾਇਦਾ ਨਿਰਧਾਰਤ ਰਾਗ ਵਿਚ ਕਰਨਾ ਹੁੰਦਾ ਹੈ, ਤਾਹੀਓਂ ਤਾਂ ਅਨੰਦ ਮਿਲਦੈ ਸੁਣਨ ਵਾਲੇ ਨੂੰ। ਇਸ ਦੀ ਸਮਝ ਨਹੀਂ ਲੱਗੀ ਕਿ ਸੰਤ ਸੰਗਤ ਨੂੰ ਤਾਂ ਅੰਮ੍ਰਿਤ ਵੇਲੇ ਕੀਰਤਨ ਸੁਣਨ ਨੂੰ ਕਹਿੰਦੇ ਹਨ ਪਰ ਆਪ ਸ਼ਾਇਦ... ਚਲੋ ਹੋ ਸਕਦੈ... ਸੰਤ-ਮਹਾਂਪੁਰਸ਼ਾਂ ਨੂੰ ਕਈ ਛੋਟਾਂ ਵੀ ਹੋ ਸਕਦੀਆਂ ਹਨ!!

ਅਗਲਾ ਕੰਮ ਸੀ ਸੰਤਾਂ ਦਾ ਸਿੱਖਾਂ ਨੂੰ ਪਰੇਰ ਕੇ ਅੰਮ੍ਰਿਤ ਛਕਾਉਣਾ। ਕਈ ਗੁਰਦੁਆਰਿਆਂ ਵਿਚ ਅੰਮ੍ਰਿਤ ਸੰਚਾਰ ਹੋਏ ਵੀ। ਇਹ ਬਹੁਤ ਹੀ ਵਧੀਆ ਉਪਰਾਲਾ ਸੀ, ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਕਿਉਂਕਿ ਸੰਤਾਂ ਦੇ ਪ੍ਰੋਗਰਾਮ ਕਮੇਟੀਆਂ ਨੇ ਇਕ ਖ਼ਾਸ ਮਿਸ਼ਨ ਦੇ ਤਹਿਤ ਉਲੀਕੇ ਸਨ। ਕਮੇਟੀ ਮੈਂਬਰਾਂ ਨੇ ਦਿਨ-ਰਾਤ ਮਿਹਨਤ ਕੀਤੀ। ਹੁਣ ਇਸ ਦਾ ਅਸਰ ਵੀ ਜ਼ਰੂਰ ਹੋਇਆ ਹੋਣਾ। ਬਾਕੀ ਸਿੱਖ ਸੰਗਤਾਂ ਦੀ ਗੱਲ ਤਾਂ ਪਾਸੇ ਰੱਖੀਏ, ਗੁਰਦੁਆਰਾ ਕਮੇਟੀਆਂ ਦੇ ਮੈਂਬਰਾਂ ਨੇ ਜ਼ਰੂਰ ਸੰਤਾਂ ਦੀ ਪ੍ਰੇਰਨਾ ਨੂੰ ਕਬੂਲਿਆ ਹੋਣਾ ਜਿਸ ਮੁਤਾਬਕ ਹਰ ਇਕ ਕਮੇਟੀ ਮੈਂਬਰ ਜੋ ਪਹਿਲਾਂ ਅੰਮ੍ਰਿਤਧਾਰੀ ਨਹੀਂ ਸੀ, ਹੁਣ ਅੰਮ੍ਰਿਤ ਛਕ ਕੇ ਖ਼ਾਲਸਾ ਸਜ ਗਿਆ ਹੋਣਾ ਤੇ ਜਿਹੜੇ ਮੈਂਬਰ ਪਹਿਲਾਂ ਕੇਸ ਜਾਂ ਦਾੜ੍ਹੀਆਂ ਕਤਰਦੇ ਸਨ, ਉਹ ਜ਼ਰੂਰ ਕੇਸਾਧਾਰੀ ਬਣ ਗਏ ਹੋਣੇ ਆ ਪਰ ਜੇ ਇੱਦਾਂ ਨਹੀਂ ਹੋਇਆ ਤਾਂ ਇੰਨੀ ਵੱਡੀ ਇਸ਼ਤਿਹਾਰਬਾਜ਼ੀ 'ਤੇ ਢੱਡਰੀਆਂਵਾਲਿਆਂ ਦੇ ਪ੍ਰੋਗਰਾਮਾਂ ਦੇ ਪ੍ਰਚਾਰ ਤੇ ਵੱਡੇ ਵੱਡੇ ਤੰਬੂਆਂ 'ਤੇ ਹੋਇਆ ਖ਼ਰਚਾ, ਖ਼ਾਸ ਕਰਕੇ ਲੰਗਰਾਂ 'ਤੇ ਕੀਤਾ ਖ਼ਰਚਾ ਕਾਹਦੇ ਲਈ ਸੀ? ਸਿਰਫ਼ ਮਨਪ੍ਰਚਾਵਾ ਜਾਂ ਮੇਲਾ ਲਗਾ ਕੇ ਇਕ ਕਲਾਕਾਰ ਦੇ ਤੌਰ 'ਤੇ ਸੰਤਾਂ ਨੂੰ ਸੱਦ ਕੇ ਕੀਰਤਨ ਕਰਵਾ ਕੇ ਆਪਣੀ ਚੌਧਰ ਹੋਰ ਚਮਕਾਉਣੀ! ਅਖ਼ੀਰ ਵਿਚ ਮੈਂ ਇਕ ਗੱਲ ਜ਼ਰੂਰ ਸਾਂਝੀ ਕਰਾਂਗਾ ਕਿ ਮੈਂ ਇਕੋ ਗੁਰਦੁਆਰੇ ਦੇ ਕੀਰਤਨ ਦੇਖੇ-ਸੁਣੇ ਹਨ ਜਿਥੇ ਮੈਨੂੰ ਲੱਗਿਆ ਢੱਡਰੀਆਂਵਾਲੇ ਦੇ ਦੀਵਾਨਾਂ ਵਿਚ ਮਨ ਤੇ ਰੂਹ ਨੂੰ ਸਕੂਨ ਅਤੇ ਸ਼ਾਂਤੀ ਵਾਲੀ ਉਹੋ ਜਿਹੀ ਕੋਈ ਗੱਲ ਹੈ ਹੀ ਨਹੀਂ ਸੀ ਜਿਸ ਤਰ੍ਹਾਂ ਐਤਵਾਰ ਨੂੰ ਗੁਰਦੁਆਰੇ ਕੀਰਤਨ ਸੁਣਨ ਵਕਤ ਹੁੰਦੀ ਹੈ। ਬਸ ਇਸ ਕਰਕੇ ਹੀ ਬੈਠੇ ਸੀ ਕਿ ਸਾਹਮਣੇ ਸੰਤ ਕੀਰਤਨ ਕਰਦੇ ਐ, ਉਠ ਕੇ ਜਾਂਦੇ ਵੀ ਚੰਗੇ ਨਹੀਂ ਲਗਦੇ। ਉਂਜ ਵੀ ਹਰ ਇਕ ਦਾ ਆਪੋ ਆਪਣਾ ਨਜ਼ਰੀਆ ਹੁੰਦੈ। ਜਿਨ੍ਹਾਂ ਨੇ ਇਨ੍ਹਾਂ ਪ੍ਰੋਗਰਾਮਾਂ ਦਾ ਅਨੰਦ ਮਾਣਿਆ ਤੇ ਸੰਤਾਂ ਦੇ ਅਨਮੋਲ ਬਚਨਾਂ ਤੋਂ ਕੋਈ ਨਵੀਂ ਗੁਰਮਤਿ ਦੀ ਸਿੱਖਿਆ ਲਈ, ਉਹ ਵੱਡਭਾਗੇ ਹਨ। ਮੈਨੂੰ ਤਾਂ ਸੰਤ ਦੀਆਂ ਗੱਲਾਂ ਵੀ ਆਮ ਰਵਾਇਤੀ ਹੀ ਲੱਗਦੀਆਂ ਸਨ ਜਿਹੋ ਜਿਹੀਆਂ ਆਮ ਪ੍ਰਚਾਰਕ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਕਰਦੇ ਹਨ। ਮੇਰੀਆਂ ਇਨ੍ਹਾਂ ਗੱਲਾਂ ਤੋਂ ਕੁਝ ਪਾਠਕਾਂ ਨੂੰ ਜ਼ਰੂਰ ਲੱਗਾ ਹੋਣੈ ਕਿ ਐਵੇਂ ਕਈਆਂ ਨੂੰ ਆਦਤ ਹੁੰਦੀ ਹੈ ਨਘੋਚਾਂ ਕੱਢਣ ਦੀ। ਦਰਅਸਲ ਇਹ ਕੋਈ ਸੰਤਾਂ 'ਤੇ ਨੁਕਤਾਚੀਨੀ ਨਹੀਂ, ਨਾ ਹੀ ਮੈਂ ਸੰਤ-ਪ੍ਰਸੰਤਾਂ ਦੇ ਖ਼ਿਲਾਫ਼ ਹੀ ਹਾਂ ਪਰ ਬਾਬੇ ਨਾਨਕ ਦਾ ਸਿੱਖ ਹੋਣ ਨਾਤੇ ਇੰਨਾ ਕੁ ਤਾਂ ਆਪਣਾ ਫ਼ਰਜ਼ ਬਣਦਾ ਹੀ ਹੈ ਕਿ ਗੁਰਮਤਿ ਪ੍ਰਚਾਰ ਦੇ ਨਾਂ ਹੇਠ ਸਿੱਖੀ ਸਿਧਾਂਤ ਨੂੰ ਕਿੰਨਾ ਕੁ ਦ੍ਰਿੜ੍ਹ ਕਰਵਾਇਆ ਗਿਐ? ਇਹਦੀ ਥੋੜ੍ਹੀ-ਬਹੁਤੀ ਪੜਚੋਲ ਕਰ ਕੇ ਸਭ ਸੰਗਤਾਂ ਨਾਲ ਸਾਂਝੀ ਕੀਤੀ ਜਾਵੇ। ਬਾਕੀ ਸੰਗਤ ਆਪ ਸਮਰੱਥ ਹੁੰਦੀ ਹੈ, ਸਭ ਬੁਰਾ ਭਲਾ ਸਮਝਦੀ ਹੈ!!

## ਰੰਗ-ਬੇਰੰਗ

*(ਸਫਾ 31 ਦੀ ਬਾਕੀ)*

ਬਜ਼ੁਰਗ ਡਾ. ਤਿਵਾੜੀ ਨੂੰ ਛਾਣ-ਬੀਣ ਦਾ ਕੰਮ ਸੌਂਪ ਦਿੱਤਾ। ਉਨ੍ਹਾਂ ਨੇ ਗੈਸਟ ਹਾਊਸ ਵਿਚ ਵਿਭਾਗ ਦੇ ਤਤਕਾਲੀਨ ਟੀਚਿੰਗ ਅਤੇ ਦਫ਼ਤਰੀ ਅਮਲੇ ਨੂੰ ਬੁਲਾ ਕੇ ਇਕੱਲੇ-ਇਕੱਲੇ ਦੀ ਹਿੰਮਤ ਸਿੰਘ ਦੇ ਸਾਹਮਣੇ ਇੰਟਰਵਿਊ ਕੀਤੀ ਅਤੇ ਮੇਰੀ ਵੀ।

ਅੰਤ ਵਿਚ ਮੈਨੂੰ ਉਨ੍ਹਾਂ ਨੇ ਅੰਦਰ ਸੱਦਿਆ ਅਤੇ ਬੋਲੇ, "ਮੈਂ ਸਾਰੀ ਛਾਣ-ਬੀਣ ਕੀਤੀ ਹੈ। ਸਭ ਦੇ ਬਿਆਨਾਂ ਤੋਂ ਹਿੰਮਤ ਸਿੰਘ ਕਸੂਰਵਾਰ ਸਾਬਤ ਹੁੰਦਾ ਹੈ। ਮੇਰਾ ਵੀ ਜੀ ਚਾਹੁੰਦਾ ਹੈ ਇਸ ਨੂੰ ਸਜ਼ਾ ਦਿੱਤੀ ਜਾਵੇ ਪਰ ਇਸ ਦੀ ਰਿਟਾਇਰਮੈਂਟ ਵਿਚ ਸਿਰਫ਼ ਕੁਝ ਮਹੀਨੇ ਰਹਿੰਦੇ ਹਨ। ਇਸ ਨੂੰ ਦਿੱਤੀ ਸਜ਼ਾ ਦਾ ਇਸ ਦੀ ਪੈਨਸ਼ਨ ਅਤੇ ਬਾਕੀ ਚੀਜ਼ਾਂ 'ਤੇ ਅਸਰ ਪਵੇਗਾ। ਹੁਣ ਤੁਹਾਡੇ 'ਤੇ ਹੈ ਕਿ ਇਸ ਨੂੰ ਮੁਆਫ਼ ਕਰਨਾ ਹੈ ਕਿ ਸਜ਼ਾ ਦੁਆਉਣੀ ਹੈ?" ਮੇਰੀਆਂ ਅੱਖਾਂ ਅੱਗੇ ਫੇਰ ਉਸ ਦੀ ਪਤਨੀ ਹਰਬੰਸ ਕੌਰ ਅਤੇ ਬੱਚਿਆਂ ਦੀ ਤਸਵੀਰ ਘੁੰਮ ਗਈ। ਮੇਰੀਆਂ ਅੱਖਾਂ ਵਿਚ ਹੰਝੂ ਆ ਗਏ ਅਤੇ ਮੈਂ ਇਹ ਕਹਿ ਕੇ ਬਾਹਰ ਆ ਗਈ, "ਡਾ. ਸਾਹਿਬ! ਇਹ ਮੁਆਫ਼ੀ ਦੇ ਯੋਗ ਤਾਂ ਨਹੀਂ ਪਰ ਇਸ ਨੂੰ ਮੁਆਫ਼ ਕੀਤਾ।" *(ਚਲਦਾ...)*


**ਪਾਠਕਾਂ ਦੀ ਰਾਏ**

# ਧਾਰਨਾ ਗਾ ਕੇ ਗੁਰੂ ਉਪਮਾ ਕਿਉਂ ਮਾੜੀ ਹੈ?

ਪਿਛੇ ਜਿਹੇ ਅਖ਼ਬਾਰਾਂ ਵਿਚ ਇਕ ਖ਼ਬਰ ਪੜ੍ਹੀ ਕਿ ਸੰਤ ਰਣਜੀਤ ਸਿੰਘ ਢੱਡਰੀਆਂਵਾਲੇ ਇਕ ਗੁਰਦੁਆਰਾ ਸਾਹਿਬ ਵਿਚ ਇਸ ਕਰਕੇ ਦੀਵਾਨ ਨਹੀਂ ਲਾ ਸਕੇ ਕਿ ਇਨ੍ਹਾਂ ਦੇ ਨਾਮ ਨਾਲ ਸੰਤ ਸ਼ਬਦ ਲੱਗਾ ਹੈ ਅਤੇ ਉਹ ਧਾਰਨਾ ਲਾ ਕੇ ਕੀਰਤਨ ਕਰਦੇ ਹਨ। ਪਰ ਸੋਚਣਾ ਚਾਹੀਦਾ ਹੈ ਕਿ ਸੰਤ ਬਾਬਾ ਅਤਰ ਸਿੰਘ ਮਸਤੂਆਣੇਵਾਲੇ ਵੀ ਗੁਰੂ ਉਪਮਾ ਧਾਰਨਾ ਗਾ ਕੇ ਹੀ ਕਰਿਆ ਕਰਦੇ ਸਨ। ਉਨ੍ਹਾਂ ਨੇ 18 ਲੱਖ ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਇਆ। ਸੰਤ ਬਾਬਾ ਈਸ਼ਰ ਸਿੰਘ ਰਾੜੇਵਾਲਿਆਂ ਨੇ ਧਾਰਨਾ ਰਾਹੀਂ ਕੀਰਤਨ ਕਰਦਿਆਂ 14 ਲੱਖ ਪ੍ਰਾਣੀ ਅੰਮ੍ਰਿਤਧਾਰੀ ਬਣਾਏ। ਸੰਤ ਬਾਬਾ ਨੰਦ ਸਿੰਘ ਅਤੇ ਸੰਤ ਬਾਬਾ ਈਸ਼ਰ ਸਿੰਘ ਕਲੇਰਾਂ ਨਾਨਕਸਰਵਾਲਿਆਂ ਅਤੇ ਅਨੇਕਾਂ ਹੋਰ ਮਹਾਂਪੁਰਸ਼ਾਂ ਨੇ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਆਪਣਾ ਜੀਵਨ ਹੀ ਲੇਖੇ ਲਾ ਦਿੱਤਾ।

ਜਿਥੋਂ ਤਕ ਸੰਤ ਸ਼ਬਦ ਦਾ ਸਵਾਲ ਹੈ, ਸੰਤ ਤੇ ਭਗਤ ਇਕੋ ਹੀ ਅਵਸਥਾ ਦਾ ਰੂਪ ਹੈ। ਬਾਣੀ ਵਿਚ ਲਿਖਿਆ ਹੈ: ਸੰਤਾਂ ਕੋ ਮਤ ਕੋਈ ਨਿੰਦਉ, ਸੰਤ ਸੰਤ ਰਾਮ ਹੈ ਏਕੋ। ਕਬੀਰ ਜੀ ਤਾਂ ਕਹਿੰਦੇ ਹਨ ਕਿ ਸੰਤ ਪ੍ਰਮੇਸ਼ਰ ਦਾ ਹੀ ਦੂਜਾ ਰੂਪ ਹੁੰਦੇ ਹਨ। ਸੰਤਾਂ ਦੇ ਜ਼ਰੀਏ ਹੀ ਅਨੇਕਾਂ ਪਾਪੀ ਤਰ ਜਾਂਦੇ ਹਨ, ਗੁਰੂ ਦੇ ਲੜ ਲੱਗ ਕੇ। ਕੀ ਕਦੇ ਕਿਸੇ ਆਮ ਵਿਅਕਤੀ ਜਾਂ ਕਿਸੇ ਕਮੇਟੀ ਵਾਲੇ ਜਾਂ ਕਿਸੇ ਆਮ ਗ੍ਰੰਥੀ ਪ੍ਰਚਾਰਕ ਜਾਂ ਕਿਸੇ ਰਾਗੀ ਸਿੰਘ ਦੇ ਕਹਿਣ ਤੋਂ ਕਿਸੇ ਨੇ ਅੰਮ੍ਰਿਤਪਾਨ ਕੀਤਾ ਹੈ? ਜੇਕਰ ਰੱਬ ਸੰਤਾਂ ਨੂੰ ਸੰਤ ਬਣਾ ਕੇ ਭੇਜਦਾ ਹੈ ਤਾਂ ਹੀ ਦੁਨੀਆਂ ਉਨ੍ਹਾਂ ਪਿੱਛੇ ਲੱਗ ਕੇ ਆਖਾ ਮੰਨਦੀ ਹੈ। ਨਹੀਂ ਤਾਂ ਸਾਥੋਂ ਤਾਂ ਆਪਣਾ ਪਰਿਵਾਰ ਵੀ ਵੱਸ ਵਿਚ ਨਹੀਂ ਆਉਂਦਾ।

ਗੁਰੂ ਸਾਹਿਬ ਤਾਂ ਫਰਮਾਉਂਦੇ ਹਨ: ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਣਾਵੈ, ਸੋ ਭਾਈ ਸੋ ਮੇਰਾ ਵੀਰ। ਪਰ ਇਹ ਕੀ! ਇਥੇ ਰੱਬ ਦੇ ਘਰ ਦੀ ਗੱਲ ਸੁਣਾਉਣ ਵਾਲੇ ਨੂੰ ਵੈਰੀ ਸਮਝਿਆ ਜਾਂਦਾ ਹੈ। ਬਾਣੀ ਵਿਚ ਹੀ ਸੰਤ ਤੇ ਭਗਤ ਨੂੰ ਇਕ



ਲਿਖਿਆ ਹੈ। ਜਿਹੜੇ ਕਹਿੰਦੇ ਹਨ ਕਿ ਸੰਤ ਰੱਬ ਨੂੰ ਲਿਖਿਆ ਹੈ, ਉਹ ਇਹ ਪੰਕਤੀ ਜ਼ਰੂਰ ਪੜ੍ਹਨ: ਸੰਤ ਪ੍ਰਹਿਲਾਦ ਕੀ ਪੈਜ ਜਿਨ ਰਾਖੀ ਹਰਨਾਖਸ਼ ਫਾਰੇ ਕਰ ਆਜ। ਬਾਕੀ ਗੱਲ ਰਹੀ ਕੱਚੀ ਬਾਣੀ ਦੀ, ਕੱਚੀ ਕਿਹਣੀ ਹੈ? ਕੱਚੀ ਬਾਣੀ ਹੈ ਗੰਦੇ ਗੀਤ ਗਾਉਣੇ ਤੇ ਸੁਣਨੇ, ਜੋ ਸਾਡੇ ਘਰਾਂ ਵਿਚ ਆਮ ਵੱਜਦੇ ਹਨ, ਜਿਨ੍ਹਾਂ ਨੂੰ ਅਸੀਂ ਬੜੇ ਪਿਆਰ ਨਾਲ ਸੁਣਦੇ ਹਾਂ, ਅਧਨੰਗੀਆਂ ਕੁੜੀਆਂ ਨਾਲ ਸਟੇਜਾਂ 'ਤੇ ਨੱਚਦੇ ਹਾਂ। ਬੜੇ ਹੁੱਬ ਹੁੱਬ ਕੇ ਨੋਟ ਵਾਰਦੇ ਹਾਂ। ਇਸੇ ਦੇਸ਼ ਵਿਚ ਇਕ ਜਗ੍ਹਾ ਤਾਂ ਹੱਦ ਹੀ ਹੋ ਗਈ। ਲੈਨਸਿੰਗ, ਮਿਸ਼ੀਗਨ ਦੇ ਗੁਰੂ ਘਰ ਗੁਰੂ ਨਾਨਕ ਸਿੱਖ ਸੈਂਟਰ ਵਿਚ 2010 ਦੀ ਵਿਸਾਖੀ 'ਤੇ ਨਗਰ ਕੀਰਤਨ ਤੋਂ ਬਾਅਦ ਸਭਿਆਚਾਰਕ ਪ੍ਰੋਗਰਾਮ ਕੀਤਾ ਗਿਆ ਜਿਥੇ ਗਾਇਕ ਬਲਜੀਤ ਮਾਲਵਾ ਨੇ "ਆਹ ਫੜ ਗੱਡੀ ਦੀ ਚਾਬੀ, ਜੱਟ ਹੋ ਗਿਆ ਸ਼ਰਾਬੀ", ਨਰਿੰਦਰ ਮਾਵੀ ਨੇ "ਤੈਨੂੰ ਚੰਨ ਦੇ ਬਹਾਨੇ ਦੇਖਾਂ", ਜਿਹੇ ਗੀਤ ਗਾਏ। ਇਹ ਕਿਹੜੀ ਬਾਣੀ ਸੀ? ਕੀ ਇਹ ਸਭ ਕੁਝ ਉਨ੍ਹਾਂ ਨੂੰ ਇਸ਼ਤਿਹਾਰਾਂ ਰਾਹੀਂ ਨਹੀਂ ਪਤਾ ਲੱਗਿਆ? ਜੇ ਨਹੀਂ ਪਤਾ ਤਾਂ ਮੇਰੇ ਕੋਲੋਂ ਪੁੱਛ ਲੈਣਾ, ਮੈਂ ਉਨ੍ਹਾਂ ਨੂੰ ਇਸ਼ਤਿਹਾਰਾਂ ਦੀਆਂ ਫੋਟੋ ਕਾਪੀਆਂ ਭੇਜ ਦਿਆਂਗਾ ਜਾਂ ਫੋਨ ਨੰਬਰ ਦੇ ਦੇਵਾਂਗਾ। ਉਹ ਉਸ ਗੁਰੂ ਘਰ ਤੋਂ ਪੁੱਛ ਸਕਦੇ ਹਨ!

ਕੀ ਜਿਥੇ ਇਹੋ ਜਿਹੀ ਮਨਮਤ ਹੁੰਦੀ ਹੈ, ਕੀ ਇਹੀ ਲੋਕ ਉਥੇ ਨਹੀਂ ਬੋਲ ਸਕਦੇ? ਗੁਰੂ ਸਾਹਿਬ ਤਾਂ ਕਹਿੰਦੇ ਹਨ: ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਣਾਵੈ, ਸੋ ਭਾਈ ਸੋ ਮੇਰਾ ਵੀਰ। ਸੰਤਾਂ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ: ਆਏ ਸੰਤ ਪ੍ਰਾਹੁਣੇ ਕੀਰਤਨ ਹੋਆ ਰੈਣ ਸਬਾਈ। ਉਹ ਕਿਹੜੇ ਸੰਤ ਸਨ? ਉਹ ਇਹੋ ਜਿਹੇ ਮਹਾਂਪੁਰਖਾਂ ਨੂੰ ਹੀ ਕਿਹਾ ਹੈ ਜੋ ਰੱਬ ਨਾਲ ਜੋੜਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਸਪਸ਼ਟ ਲਿਖਿਆ ਹੈ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਬਾਰੇ। ਜਦੋਂ ਪੰਜਵੇਂ ਗੁਰਾਂ ਨੂੰ ਲਾਹੌਰ ਤੋਂ ਲਿਆ ਕੇ ਗੁਰੂ ਰਾਮ ਦਾਸ ਜੀ ਨਾਲ ਮਿਲਾਇਆ ਸੀ, ਉਸ ਵੇਲੇ ਲਿਖ ਦਿੱਤਾ ਸੀ (ਭਾਗ ਹੋਆ ਗੁਰ ਸੰਤਿ ਮਿਲਾਇਆ) ਤੱਤੇ ਨੂੰ ਸਿਹਾਰੀ ਲਾ ਕੇ ਇਸ਼ਾਰਾ ਕਰ ਦਿੱਤਾ ਸੀ ਕਿ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਸੰਤ ਹਨ ਜਿਨ੍ਹਾਂ ਨੇ ਸਾਡਾ ਮਿਲਾਪ ਗੁਰੂ ਪਿਤਾ ਨਾਲ ਅੱਜ ਕਰਾਇਆ ਹੈ।

ਕੁਝ ਲੋਕ ਕਹਿੰਦੇ ਹਨ ਕਿ ਧਾਰਨਾ ਦਰਬਾਰ ਸਾਹਿਬ, ਅੰਮ੍ਰਿਤਸਰ ਨਹੀਂ ਗਾਈ ਜਾਂਦੀ। ਇਹ ਠੀਕ ਹੈ ਕਿ ਉਥੇ ਧਾਰਨਾ ਨਹੀਂ ਗਾਈ ਜਾਂਦੀ ਪਰ ਉਥੇ ਤਾਂ ਬੀਬੀਆਂ ਨੂੰ ਕੀਰਤਨ ਵੀ ਨਹੀਂ ਕਰਨ ਦਿੱਤਾ ਜਾਂਦਾ। ਕੀ ਫੇਰ ਬੀਬੀਆਂ ਸਿੱਖੀ ਨਾ ਧਾਰਨ ਕਰਨ? ਉਹ ਮਰਿਆਦਾ ਉਥੋਂ ਦੀ ਹੈ ਜੋ ਸਤਿਗੁਰਾਂ ਤੋਂ ਬਰਕਰਾਰ ਚੱਲੀ ਆ ਰਹੀ ਹੈ। ਉਥੇ ਅਕਾਲ ਤਖ਼ਤ ਤੇ ਛੇਵੇਂ ਪਾਤਸ਼ਾਹ ਦੇ ਬਣਾਏ ਢਾਡੀ ਕਵਿਤਾ ਲਿਖ ਕੇ ਗਾਉਂਦੇ ਹਨ। ਦਸਮ ਪਾਤਸ਼ਾਹ ਨੇ ਕਵਿਤਾ ਲਿਖ ਕੇ ਸੁਣਾਉਣ ਲਈ 52 ਕਵੀ ਰੱਖੇ ਸਨ। ਬਾਕੀ ਜਦੋਂ ਸੱਤਾ ਤੇ ਬਲਵੰਡ ਕੀਰਤਨ ਕਰਨ ਨਹੀਂ ਆਏ ਸਨ, ਪੰਜਵੇਂ ਸਤਿਗੁਰਾਂ ਨੇ ਉਸ ਵੇਲੇ ਬਚਨ ਕੀਤਾ ਸੀ, ਆਉ ਸਾਰੇ ਰਲ ਕੇ ਕੀਰਤਨ ਕਰੀਏ।

ਕੀਰਤਨ ਇਕ ਪ੍ਰਮੇਸ਼ਰ ਦੀ ਉਪਮਾ ਹੈ ਜੋ ਹਰ ਕੋਈ ਜਿਸ ਮਰਜ਼ੀ ਤਰੀਕੇ ਨਾਲ ਕਰ ਸਕਦਾ ਹੈ। ਰੱਬ ਸਭ ਦਾ ਸਾਂਝਾ ਹੈ ਜਿਸ ਤਰ੍ਹਾਂ ਮਰਜ਼ੀ ਕਰੋ। ਉਸ ਨਾਲ ਜੁੜੋ ਪਰ ਉਸ ਨਾਲੋਂ ਤੋੜੋ ਨਾ। ਜੀਵ ਦਾ ਭਲਾ ਤਾਂ ਗੁਰੂ ਜੀ ਦੀ ਬਾਣੀ ਨੇ ਹੀ ਕਰਨਾ ਹੈ ਜੋ ਧੁਰ ਕੀ ਬਾਣੀ ਹੈ। ਇਤਿਹਾਸ ਸੁਣਾਉਣੇ, ਗੁਰੂ ਉਪਮਾ ਕਰਨੀ, ਕੋਈ ਮਾੜੀ ਨਹੀਂ। ਜਿਸ ਤਰ੍ਹਾਂ ਚਾਹੇ, ਜੀਵ ਕਰ ਸਕਦਾ ਹੈ। ਕਿਸੇ 'ਤੇ ਕੋਈ ਬੰਦਿਸ਼ ਨਹੀਂ ਲਾ ਸਕਦਾ। ਬੰਦਿਸ਼ ਤਾਂ ਰਾਮ ਦਾ ਨਾਮ ਜਪਣ 'ਤੇ ਹਰਨਾਖਸ਼ ਨੇ ਲਾਈ ਸੀ। ਉਸ ਦਾ ਕਿਹੋ ਜਿਹਾ ਅੰਤ ਹੋਇਆ ਸੀ, ਆਪ ਸਭ ਨੂੰ ਪਤਾ ਹੀ ਹੈ।

*-ਬਲਵੀਰ ਸਿੰਘ ਕਾਲੇਕੇ*
*971-218-1191*
*ਸੇਲਮ, ਓਰੇਗਾਨ*

## ਸੁਲਫੇ ਦੀ ਲਾਟ ਵਰਗੀ

*(ਸਫਾ 29 ਦੀ ਬਾਕੀ)*

ਵਾਂਗੂੰ ਭੰਠਲ ਨੂੰ ਭੈਣ ਬਣਾ ਕੇ ਤੈਨੂੰ ਚਿੜਾਉਣ ਲਈ ਕਿਸੇ ਸਟੇਜ 'ਤੇ ਬਣ-ਠਣ ਕੇ ਬੈਠਾਂ ਪਰ ਫਿਰ ਸੋਚਦਾਂ, ਕਿਤੇ ਲੋਕ ਗਲਤ ਅੰਦਾਜ਼ੇ ਹੀ ਨਾ ਲਾਉਣ ਲੱਗ ਪੈਣ ਕਿ ਦੇਖੋ! ਆਸਾ ਸਿੰਘ ਮਸਤਾਨਾ ਦੁਗਾਣੇ ਗਾਉਣ ਲਈ ਕਾਂਗਰਸੀਆਂ ਦੀ ਸਟੇਜ 'ਤੇ ਆ ਗਿਐ!

ਪਰ ਸੱਚ ਕਰ ਕੇ ਜਾਣੀਂ! ਮੇਰਾ ਵੀ ਹੁਣ ਜੀਅ ਕਰਦੈ, ਸਾਰਿਆਂ ਨੂੰ ਛੱਡ ਕੇ ਬੀਰ ਦਵਿੰਦਰ ਵਾਂਗੂੰ ਆਜ਼ਾਦ ਹੋ ਜਾਵਾਂ! ਪਰ ਤੂੰ ਮੇਰਾ ਫਿਰ ਵੀ ਯਕੀਨ ਨਹੀਂ ਕਰਨਾ। ਭਲਾ ਤੈਨੂੰ ਕੋਈ ਪੁੱਛਣ ਵਾਲਾ ਹੋਵੇ! ਮੈਂ ਕੇਹੜਾ ਸੰਤ ਅਜੀਤ ਸਿੰਘ ਦਾ ਜੂਠਾ ਖਾ ਲਿਐ? ਇੱਕ ਤੂੰ ਹੀ ਏਂ, ਜਿਹੜੀ ਉਜਲ ਵਾਂਗੂੰ ਬਿਆਨ ਦੇ ਕੇ ਮੁੱਕਰ ਜਾਣੀ ਏਂ! ਗੱਲ-ਗੱਲ 'ਤੇ ਝੂਠ ਬੋਲਣਾ, ਬੀ.ਸੀ. ਦੇ ਮੁੱਖ ਮੰਤਰੀ ਵਾਂਗੂੰ ਤੇਰੀ ਫ਼ਿਤਰਤ ਬਣ ਚੁੱਕੀ ਏ! ਏਦੂੰ ਚੰਗੈ, ਜਾਹ! ਤੂੰ ਵੀ ਹੁਣ ਮੇਰੀ ਜ਼ਿੰਦਗੀ ਵਿਚੋਂ ਸਟੈਪ-ਡਾਊਨ ਹੀ ਕਰ ਜਾਹ! ਕੋਈ ਲੱਭ ਲਊਂਗਾ ਗੁੰਮਨਾਮ ਕੁੜੀ! ਜੋ ਬੈਠਿਆ ਕਰੂਗੀ ਦਿਲ ਦੀ ਵਿਧਾਨ ਸਭਾ 'ਚ ਕਾਲਾ ਚਸ਼ਮਾ ਲਗਾ ਕੇ! ਨਾਲੇ ਗੁਣਗੁਣਾਇਆ ਕਰੂਗੀ, 'ਜਿਹੜੇ ਪਾਸੇ ਦੇਖਾਂ, ਵੇ ਕਾਲਿਆ ਜਿਹਾ! ਮੈਨੂੰ ਤੂੰ ਦਿਸਦਾ!' ਕਾਲੀ ਐਨਕ ਨਾਲ ਕਾਲਾ ਈ ਦਿਸਣੈ। ਤੇ ਅੱਗੋਂ ਮੈਂ ਕਿਹਾ ਕਰੂੰਗਾ, 'ਸਾਡਾ ਦਿਲ ਨਾ ਗੋਰੀਏ ਕਾਲਾ! ਮੋਗਿਓਂ ਕਲੀ ਕਰਵਾਈ ਹੋਈ ਏ! ਰਹਿੰਦਾ ਚਮੜੀ ਨੂੰ ਪੇਂਟ ਕਰਵਾਉਣਾ, ਸਾਈ ਤਾਂ ਫੜਾਈ ਹੋਈ ਏ!'

ਪਰ ਅਜੇ ਵੀ ਮੈਂ ਤਾਂ ਆਪਣਾ ਘਰ ਸੁਆਰ ਕੇ ਰੱਖਿਐ! ਤੂੰ ਓਬਾਮੇ ਵਾਂਗੂੰ ਮੇਰੇ ਘਰ ਆਵੇਂ ਜਾਂ ਨਾ ਆਵੇਂ, ਤੇਰੀ ਮਰਜ਼ੀ!

ਤੇਰੀ ਉਡੀਕ ਵਿਚ, ਮੁੱਕਤ ਦੇ ਦਫ਼ਤਰੀ ਭਮੱਕੜਾਂ ਵਰਗਾ-ਤੇਰਾ, ਗੁਰਮੇਲ ਬਦੇਸ਼ਾ, ਸਰੀ ਬੀ.ਸੀ.। ਬਾਕੀ, ਜੀਅ ਕੀਤਾ ਤਾਂ ਕਰ ਲੀਂ, ਫੋਨ ਪਹਿਲਾਂ ਵਾਲਾ ਹੀ ਐ 604-537-9490



# ਗੁਰੂ ਹਰਿਗੋਬਿੰਦ ਸਾਹਿਬ ਬਿਨਾ ਤਨਖਾਹ ਕਮਾਂਡਰ

ਸੁਰਜੀਤ ਸਿੰਘ ਪੰਛੀ, ਬੇਕਰਜ਼ਫੀਲਡ
ਫੋਨ:661-827-8256

ਗੁਰੂ ਅਰਜਨ ਦੇਵ ਜੀ ਤੋਂ ਪਿੱਛੋਂ ਪੰਜਾਬ ਦੇ ਦਾਰਸ਼ਨਿਕ, ਸਮਾਜਕ ਅਤੇ ਰਾਜਨੀਤਕ ਹਾਲਾਤ ਵਿਚ ਵੱਡੀ ਤਬਦੀਲੀ ਆਈ। ਗੁਰੂ ਹਰਿਗੋਬਿੰਦ ਸਾਹਿਬ ਨੇ ਧਾਰਮਿਕ ਸਿੱਖਿਆ ਦੇ ਨਾਲ ਨਾਲ ਧਰਮ ਦੀ ਰੱਖਿਆ ਲਈ ਜਬਰ-ਜ਼ੁਲਮ ਖ਼ਿਲਾਫ਼ ਆਵਾਜ਼ ਉਠਾਈ। ਡਾ. ਮੁਹੰਮਦ ਇਕਬਾਲ ਦੇ ਸ਼ਬਦਾਂ ਵਿਚ ਨੇਕੀ ਨੂੰ ਕਹਿਣਾ ਪੈ ਗਿਆ:

ਮਸੱਲਾ ਬੇਚ ਖੰਜਰ ਖ਼ਰੀਦ ਓ ਬੇਅਮਲ ਜ਼ਾਹਦ
ਕਿ ਟਕਰਾਨੇ ਕੋ ਹੈ ਤੇਰੀ ਫ਼ਕੀਰੀ ਸੇ ਸ਼ਹਿਨਸ਼ਾਹੀ।

ਕਿਸੇ ਸ਼ਾਇਰ ਨੇ ਗੁਰੂ ਅਰਜਨ ਦੇਵ ਦੀ ਸ਼ਹੀਦੀ ਸਮੇਂ ਉਨ੍ਹਾਂ ਦੀ ਰੂਹ ਦੀ ਆਵਾਜ਼ ਨੂੰ ਇਉਂ ਲਿਖਿਆ ਹੈ:

ਮੇਰੀ ਸਦਾ ਕੋ ਦਬਾਨਾ ਤੋ ਮੁਮਕਿਨ ਹੈ,
ਬਦਲਤੇ ਵਕਤ ਕੀ ਰਫ਼ਤਾਰ ਕੌਨ ਰੋਕੇਗਾ।
ਫਸੀਲੇ ਆਤਿਸ਼ੋ ਆਹਨ ਬਹੁਤ ਬੁਲੰਦ ਥੀ,
ਮਗਰ ਹਯਾਤ ਕੀ ਲਲਕਾਰ ਕੌਨ ਰੋਕੇਗਾ।
ਮੇਰੇ ਖ਼ਿਆਲ ਕੀ ਪਰਵਾਜ਼ ਰੋਕਨੇ ਵਾਲੇ,
ਹਰਿਗੋਬਿੰਦ ਕੀ ਤਲਵਾਰ ਕੌਨ ਰੋਕੇਗਾ।

ਸਿੱਖਾਂ ਵਿਚ ਆਮ ਧਾਰਨਾ ਹੈ ਕਿ ਚੰਦੂ ਦੀ ਲੜਕੀ ਦਾ ਰਿਸ਼ਤਾ ਨਾ ਲੈਣ ਕਰਕੇ ਉਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਦੁਸ਼ਮਣੀ ਕਰਦਾ ਸੀ। ਉਹ ਪੰਜਾਬ ਦੇ ਅਫ਼ਸਰਾਂ ਅਤੇ ਜਹਾਂਗੀਰ ਕੋਲ ਸ਼ਿਕਾਇਤਾਂ ਕਰਦਾ ਰਹਿੰਦਾ ਸੀ। ਮੁਹੰਮਦ ਲਤੀਫ਼ ਦਾ ਵਿਚਾਰ ਹੈ: "ਗੁਰੂ ਜੀ ਦਾ ਕਿਲਾ ਅਤੇ ਤਖ਼ਤ ਬਣਾਉਣਾ ਸਰਕਾਰ ਨੂੰ ਸਿੱਧਾ ਸੱਦਾ ਸੀ ਕਿ ਉਹ ਕੋਈ ਕਾਰਵਾਈ ਕਰੇ। ਉਨ੍ਹਾਂ ਦੀ ਸ਼ਾਨ ਅਤੇ ਸ਼ਾਹੀ ਠਾਠ-ਬਾਠ ਹੀ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਕਾਰਨ ਬਣਿਆ।"

ਪ੍ਰੋ. ਕਰਤਾਰ ਸਿੰਘ ਐਮ.ਏ. 'ਸਿੱਖ ਇਤਿਹਾਸ' ਵਿਚ ਲਿਖਦੇ ਹਨ: "ਉਸ ਨੂੰ ਯਕੀਨ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਉਨ੍ਹਾਂ ਦੇ ਗੁਰੂ ਨੂੰ ਭੈ-ਭੀਤ ਕਰਨ ਦੀ ਥਾਂ ਦਲੇਰ ਤੇ ਨਿਰਭੈ ਕਰ ਦਿੱਤਾ ਹੈ। ਉਸ ਨੇ ਸੋਚ ਵਿਚਾਰ ਕੇ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਦਬਾਉਣਾ ਚਾਹੀਦਾ ਹੈ, ਨਹੀਂ ਤਾਂ ਇਹ ਖ਼ਤਰਨਾਕ ਸਾਬਤ ਹੋਣਗੇ। ਇਸ ਖ਼ਿਆਲ ਨਾਲ ਉਸ ਨੇ ਗੁਰੂ ਜੀ ਨੂੰ ਬਾਰਾਂ ਸਾਲ ਦੀ ਕੈਦ ਦਾ ਹੁਕਮ ਦੇ ਕੇ ਸ਼ਾਹੀ ਕੈਦੀ ਬਣਾ ਕੇ ਗਵਾਲੀਅਰ ਦੇ ਕਿਲੇ ਵਿਚ ਭੇਜ ਦਿੱਤਾ।"

ਮੀਆਂ ਮੀਰ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੇ ਨਾਲ ਜਹਾਂਗੀਰ ਨੂੰ ਸਮਝਾਉਣ ਵਿਚ ਨੂਰ ਜਹਾਂ ਵੀ ਨਾਲ ਸੀ। ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ' ਵਿਚ ਲਿਖਦੇ ਹਨ:

ਨੂਰ ਜਹਾਂ ਬੇਗਮ ਖ਼ਾਵੰਦ ਨੂੰ ਕਿਹਾ ਐਸੇ,
ਫ਼ਕੀਰ ਜਾਤ ਹੈ ਸਾਈਂ ਦੀ ਸਾਈਂ ਜੈਸੇ।
ਕੈਦ ਨਹੀਂ ਕਰੀਏ ਕਹੇ ਕਹਾਏ।
ਫ਼ਕੀਰ ਦੀ ਮਾਰੀ ਨਹੀਂ ਕੋਈ ਹਟਾਏ।

ਗੁਰੂ ਜੀ 1612 ਈਸਵੀ ਵਿਚ ਗਵਾਲੀਅਰ ਦੇ ਕਿਲੇ ਵਿਚੋਂ ਬੰਧਨ ਮੁਕਤ ਹੋਏ। ਉਸ ਸਮੇਂ ਕਿਲੇ ਵਿਚ 103 ਰਾਜੇ ਕੈਦੀ ਸਨ। ਗੁਰੂ ਜੀ ਨੇ ਇਨਾਂ ਨੂੰ ਬੰਧਨ ਮੁਕਤ ਕਰਨ ਦੀ ਸ਼ਰਤ ਰੱਖ ਦਿੱਤੀ। ਇਨ੍ਹਾਂ ਵਿਚ 51 ਰਾਜੇ ਥੋੜ੍ਹੀ ਕੈਦ ਵਾਲੇ ਸਨ। ਉਨ੍ਹਾਂ ਨੂੰ ਕਿਲੇ ਵਿਚੋਂ ਰਿਹਾ ਕਰ ਦਿੱਤਾ ਗਿਆ। 52 ਦੂਜੇ ਰਾਜਿਆਂ ਨੂੰ ਵੀ ਰਿਹਾ ਕਰਨ ਦੇ ਹੁਕਮ ਦਿੱਤੇ ਕਿ ਜਿੰਨੇ ਉਨ੍ਹਾਂ ਦਾ ਚੋਲਾ ਫੜ ਕੇ ਨਿੱਕਲ ਸਕਦੇ ਹਨ, ਨਿੱਕਲ ਜਾਣ। ਗੁਰੂ ਜੀ ਨੇ 51 ਕਲੀਆਂ ਵਾਲਾ ਚੋਲਾ ਸਿਲਵਾਇਆ। 50 ਰਾਜੇ ਚੋਲੇ ਦੀਆਂ ਕਲੀਆਂ ਅਤੇ ਦੋ ਗੁਰੂ ਜੀ ਦੀਆਂ ਉਂਗਲਾਂ ਫੜ ਕੇ ਬਾਹਰ ਨਿੱਕਲ ਆਏ। ਇਹ ਸਾਰੇ ਦਿੱਲੀ ਆਏ। ਬਾਦਸ਼ਾਹ ਨੂੰ ਮਿਲ ਕੇ ਆਪਣੇ ਰਾਜਾਂ ਨੂੰ ਚਲੇ ਗਏ। ਇਸੇ ਤੋਂ ਲੋਕ ਗੁਰੂ ਜੀ ਨੂੰ ਬੰਦੀ ਛੋੜ ਕਹਿਣ ਲੱਗ ਪਏ।

ਜਦੋਂ ਦਿੱਲੀ ਆਏ ਤਾਂ ਬਾਦਸ਼ਾਹ ਨੇ ਗੁਰੂ ਜੀ ਨੂੰ ਕੁਝ ਸਮਾਂ ਦਿੱਲੀ ਵਿਚ ਰੁਕਣ ਲਈ ਕਿਹਾ। ਗੁਰੂ ਜੀ ਦਿੱਲੀ ਰੁਕ ਗਏ। ਖਜ਼ਾਨ ਸਿੰਘ ਅਨੁਸਾਰ ਬਾਦਸ਼ਾਹ ਨੇ ਗੁਰੂ ਜੀ ਨੂੰ ਰਾਜਪੁਤਾਨੇ ਨਾਲ ਚੱਲਣ ਲਈ ਕਿਹਾ। ਉਥੇ ਜਹਾਂਗੀਰ 3 ਸਾਲ 1616 ਈਸਵੀ ਦੇ ਅਖ਼ੀਰ ਤੱਕ ਰਿਹਾ। 10 ਨਵੰਬਰ 1616 ਈਸਵੀ ਨੂੰ ਅਜਮੇਰ ਤੋਂ ਦੱਖਣ ਵੱਲ ਕੂਚ ਕੀਤਾ। 1612 ਈਸਵੀ ਤੋਂ ਪਿੱਛੋਂ ਗੁਰੂ ਜੀ ਜਹਾਂਗੀਰ ਦੇ ਨਾਲ ਰਾਜਪੂਤਾਨੇ ਤੇ ਦੱਖਣ ਵਿਚ ਰਹੇ। ਡਾ. ਸੁਖਦਿਆਲ ਸਿੰਘ ਇਸ ਸਮੇਂ ਨੂੰ ਖੁੱਲ੍ਹੀ ਕੈਦ ਲਿਖਦਾ ਹੈ ਕਿ ਗੁਰੂ ਜੀ ਬਾਦਸ਼ਾਹ ਦੀ ਨਜ਼ਰ ਹੇਠ ਹੀ ਰਹਿੰਦੇ ਸਨ ਪਰ ਖੁੱਲ੍ਹੇ ਘੁੰਮ ਫਿਰ ਸਕਦੇ ਸਨ।

ਗੁਰੂ ਜੀ ਤੇ ਜਹਾਂਗੀਰ ਅਪ੍ਰੈਲ 1916 ਈ. ਵਿਚ ਆਗਰੇ ਪਹੁੰਚੇ। ਜਹਾਂਗੀਰ ਗੁਰੂ ਜੀ ਦੇ ਨਾਲ ਦਿੱਲੀ ਤੋਂ ਕਸ਼ਮੀਰ ਲਈ ਚੱਲ ਪਿਆ। ਫੱਗਣ, 1675 ਬਿਕਰਮੀ (1619 ਈਸਵੀ) ਵਿਚ ਰੋਪੜ ਪਹੁੰਚੇ। ਬਾਦਸ਼ਾਹ ਦੇ ਕਹਿਣ 'ਤੇ ਗੁਰੂ ਜੀ ਨਾਲਾਗੜ੍ਹ ਗਏ ਅਤੇ ਉਥੋਂ ਦੇ ਰਾਜੇ ਜਿਸ ਨੇ ਬਾਦਸ਼ਾਹ ਦੀ ਈਨ ਨਹੀਂ ਮੰਨੀ ਸੀ, ਨੂੰ ਲਿਆ ਕੇ ਬਾਦਸ਼ਾਹ ਦੇ ਪੇਸ਼ ਕੀਤਾ। 'ਤਵਾਰੀਖ਼ ਗੁਰੂ ਖ਼ਾਲਸਾ' ਅਨੁਸਾਰ "ਗੁਰੂ ਜੀ ਨੂੰ ਨਵੇਂ ਸਤਿਕਾਰ ਬਖ਼ਸ਼ੇ ਗਏ। ਉਸ ਨੇ ਗੁਰੂ ਜੀ ਨੂੰ 7 ਤੋਪਾਂ, 1000 ਘੋੜਸਵਾਰ ਤੇ ਪੈਦਲ (ਹਰੀ ਰਾਮ ਗੁਪਤਾ ਅਨੁਸਾਰ 7 ਤੋਪਾਂ, 700 ਘੋੜਸਵਾਰ ਤੇ 1000 ਪੈਦਲ) ਦਾ ਬਿਨਾ ਤਨਖਾਹ ਦੇ ਕਮਾਂਡਰ ਨਿਯੁਕਤ ਕੀਤਾ ਗਿਆ। ਉਨ੍ਹਾਂ ਨੂੰ ਪੰਜਾਬ ਦੇ ਅਧਿਕਾਰੀਆਂ ਦੇ ਖ਼ਿਲਾਫ਼ ਅਪੀਲਾਂ ਸੁਣਨ ਅਤੇ ਉਨ੍ਹਾਂ ਨੂੰ ਕਾਬੂ ਰੱਖਣ ਲਈ ਸ਼ਕਤੀਆਂ ਵੀ ਦਿੱਤੀਆਂ ਗਈਆਂ।"

ਭੱਟ ਵਹੀ ਕੌਡਾ ਪੁਰਾਣਾ ਜੀਂਦ ਅਨੁਸਾਰ ਗੁਰੂ ਜੀ ਫੱਗਣ ਪ੍ਰਵਿਸ਼ਟੇ ਪਹਿਲੀ ਸੰਗਰਾਂਦ ਸੰਮਤ 1676 ਬਿਕਰਮੀ (1619 ਈਸਵੀ) ਵਿਚ ਬਟਾਲੇ ਦੇ ਨੇੜੇ ਕਲਾਨੌਰ ਵਿਖੇ ਕੈਦ ਤੋਂ ਮੁਕਤ ਕੀਤੇ ਗਏ। ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਬੱਲੂ ਤੇ ਪਦਮ ਰਾਏ ਗੁਰੂ ਜੀ ਨੂੰ ਲੈਣ ਗਏ। 'ਤਵਾਰੀਖ਼ ਗੁਰੂ ਖ਼ਾਲਸਾ' ਅਨੁਸਾਰ ਗੁਰੂ ਜੀ ਚੰਦੂ ਨੂੰ ਸਜ਼ਾ ਦੇਣ ਪਿੱਛੋਂ ਪੰਜਾਬ ਦੇ ਹਾਕਮਾਂ ਦੀ ਪੜਤਾਲ ਕਰਨ ਅਤੇ ਸਿੱਖਾਂ ਨੂੰ ਦਰਸ਼ਨ ਦੇਣ ਲਈ ਪੰਜਾਬ ਦਾ ਦੌਰਾ ਕੀਤਾ ਜਿਸ ਨਾਲ ਗੁਰੂ ਹਰਿਗੋਬਿੰਦ ਸਾਹਿਬ ਦਾ ਸਾਰੇ ਦੇਸ਼ ਵਿਚ ਦਬਦਬਾ ਤੇ ਪ੍ਰਤਾਪ ਵਧ ਗਿਆ। ਗੁਰੂ ਜੀ ਦੌਰਾ ਕਰਕੇ ਦੀਪਮਾਲਾ ਦੇ ਮੇਲੇ 'ਤੇ ਅੰਮ੍ਰਿਤਸਰ ਪਹੁੰਚੇ।

ਬਾਦਸ਼ਾਹ ਵੱਲੋਂ ਸ਼ਕਤੀਆਂ ਦੇਣ ਦਾ ਕਾਰਨ ਇਹ ਸੀ ਕਿ ਉਸ ਨੇ ਉਨ੍ਹਾਂ ਵਿਚ ਇਨਸਾਫ਼ਪਸੰਦੀ ਅਤੇ ਰੱਬ ਵੱਲੋਂ ਬਖ਼ਸ਼ੀ ਬਹਾਦਰੀ ਦੇ ਗੁਣ ਦੇਖ ਲਏ ਸਨ। ਅਦਾਲਤੀ ਮੁਕੱਦਮਿਆਂ ਵਿਚ ਉਨ੍ਹਾਂ ਦੇ ਫੈਸਲਿਆਂ ਨੂੰ ਸਤਿਕਾਰਿਆ ਅਤੇ ਦੋਹਾਂ ਧਿਰਾਂ ਵੱਲੋਂ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕੀਤਾ ਜਾਂਦਾ ਸੀ। ਉਨ੍ਹਾਂ ਦੇ ਅਧਿਆਤਮਕ ਗਿਆਨ ਦੇ ਉਪਦੇਸ਼ਾਂ ਅਤੇ ਨੈਤਿਕ ਹੌਸਲੇ ਨੇ ਆਪਣੇ ਸ਼ਰਧਾਲੂਆਂ ਵਿਚ ਸਮਾਜਕ ਨੈਤਿਕ ਪੱਧਰ ਬਹੁਤ ਉਚਾ ਚੁੱਕ ਦਿੱਤਾ ਸੀ। ਅਧਿਆਤਮਕ ਨੇਤਾ ਅਤੇ ਦੁਨਿਆਵੀ ਜੱਜ ਦੇ ਤੌਰ 'ਤੇ ਉਨ੍ਹਾਂ ਦੀ ਲੋਕਪ੍ਰਿਯਤਾ ਨੇ ਉਨ੍ਹਾਂ ਦੀ ਸ਼ਕਤੀ ਅਤੇ ਪ੍ਰਸਿਧੀ ਵਿਚ ਬਹੁਤ ਹੀ ਵਾਧਾ ਕਰ ਦਿੱਤਾ ਸੀ। ਲੋਕ ਉਨ੍ਹਾਂ ਨੂੰ 'ਸੱਚਾ ਪਾਤਸ਼ਾਹ ਸੋਚੀ ਸੁਲਤਾਨ' ਕਹਿੰਦੇ ਸਨ।

'ਤਵਾਰੀਖ਼ ਗੁਰੂ ਖ਼ਾਲਸਾ' ਵਿਚ ਇਸ ਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਗਈ ਹੈ, "ਬਾਦਸ਼ਾਹ (ਸ਼ਾਹ ਜਹਾਂ) ਤਾਂ ਗੁਰੂ ਜੀ ਅਤੇ ਸਿੱਖਾਂ ਦਾ ਹੌਸਲਾ, ਜ਼ੋਰ, ਬਹਾਦਰੀ ਦੇਖ ਕੇ ਪਹਿਲਾਂ ਹੀ ਫ਼ਿਕਰ ਵਿਚ ਸੀ ਕਿ ਜੇ ਕਦੇ ਇਹ ਗੁਰੂ ਆਪਣੇ ਮੁਰੀਦਾਂ ਸਮੇਤ ਜੋ ਕਈ ਲੱਖ ਸੁਣੇ ਜਾਂਦੇ ਹਨ, ਸਾਡੇ ਨਾਲ ਬਿਗੜ ਜਾਣ ਤਾਂ ਇਨ੍ਹਾਂ ਨੂੰ ਕਾਬੂ ਕਰਨਾ ਔਖਾ ਹੋ ਜਾਵੇਗਾ। ਹੁਣ ਇਹ ਜ਼ਿਕਰ ਜਦ ਕਦੇ ਉਸ ਨੇ ਆਪਣੇ ਵੱਡੇ ਵਜ਼ੀਰ ਤੇ ਸੂਬੇ ਲਾਹੌਰ ਨਾਲ ਕੀਤਾ ਤਦ ਉਹ ਤਾਂ ਗੁਰੂ ਜੀ ਦੇ ਵਿਰੋਧੀ ਸਨ ਹੀ, ਉਨ੍ਹਾਂ ਨੇ ਬਾਦਸ਼ਾਹ ਨੂੰ ਐਸਾ ਡਰਾਇਆ ਤੇ ਉਹ ਭੈੜੀ ਸਲਾਹ ਦਿੱਤੀ ਜਿਸ ਤੋਂ ਬਾਦਸ਼ਾਹ ਦਾ ਦਿਲ ਗੁਰੂ ਜੀ ਵੱਲੋਂ ਗੁਮਰਾਹ ਹੋ ਗਿਆ। ਉਸ ਨੇ ਉਨ੍ਹਾਂ ਦੇ ਆਖੇ ਲੱਗ ਕੇ 2 ਤੋਪਾਂ (ਦੂਜੇ ਇਤਿਹਾਸਕਾਰ 7 ਤੋਪਾਂ), 700 ਅਸਵਾਰ ਜੋ ਜਹਾਂਗੀਰ ਨੇ ਪੰਜਾਬ ਦੇ ਹਾਕਮਾਂ ਉਤੇ ਨਿਗਰਾਨੀ ਰੱਖਣ ਲਈ ਗੁਰੂ ਜੀ ਦੀ ਤਾਬਿਆ ਦਿੱਤੇ ਹੋਏ ਸਨ, ਉਹ ਮੰਗਵਾ ਲਏ। ਉਸ ਨੇ ਆਪਣੇ ਜਾਣੇ ਤਾਂ ਭਾਵੇਂ ਗੁਰੂ ਜੀ ਦੀ ਤਾਕਤ ਘਟਾਈ ਪਰ ਸਗੋਂ ਉਲਟਾ ਵਧਾਈ। ਕਿਉਂਕਿ ਇਹ 2 ਤੋਪਾਂ ਤੇ 700 ਅਸਵਾਰ ਜਹਾਂਗੀਰ ਨੇ ਜ਼ਾਹਰਦਾਰੀ ਤਾਂ ਗੁਰੂ ਜੀ ਦੀ ਤਾਬਿਆਦਾਰੀ ਲਈ ਦੇ ਰੱਖੇ ਸਨ, ਪਰ ਅਸਲੋਂ ਗੁਰੂ ਜੀ ਦੀ ਨਿਗਰਾਨੀ ਵਾਸਤੇ ਸਨ। ਇਸ ਸਿਆਸੀ ਚਾਲ ਨੂੰ ਸ਼ਾਹ ਜਹਾਂ ਨਾ ਪਹੁੰਚਿਆ ਅਤੇ ਗੁਰੂ ਜੀ ਇਉਂ ਬੂਹੇ ਅੱਗਿਓਂ ਪਹਿਰਾ ਉਠਾਏ ਜਾਣ ਤੇ ਸੁਤੰਤਰ ਗੁਰਮਤਾ ਕਰਨ ਵਾਲੇ ਹੋਣ 'ਤੇ ਖ਼ੁਸ਼ ਹੋ ਗਏ।" ਮੁਗ਼ਲ ਹਿੰਦ ਦੀ ਨਿਗਰਾਨੀ ਤੋਂ ਸੁਤੰਤਰ ਹੋ ਗਏ।

ਹਰੀ ਰਾਮ ਗੁਪਤਾ ਅਨੁਸਾਰ ਬਾਦਸ਼ਾਹ ਨੇ ਗੁਰੂ ਜੀ ਨੂੰ ਪੰਜਾਬ ਦੇ ਮਾਮਲਿਆਂ 'ਤੇ ਨਿਗਰਾਨੀ ਦੀਆਂ ਸ਼ਕਤੀਆਂ ਦਿੱਤੀਆਂ ਹੋਈਆਂ ਸਨ ਅਤੇ ਮੁਗ਼ਲ ਫ਼ੌਜ ਜਿਸ ਵਿਚ 700 ਘੋੜੇ, 1000 ਪੈਦਲ ਅਤੇ 7 ਤੋਪਾਂ ਸਨ, ਦੀ ਕਮਾਂਡ ਦਿੱਤੀ ਹੋਈ ਸੀ। ਇਸ ਵਿਚ ਵਾਧਾ ਇਹ ਕਿ ਹਰਿਗੋਬਿੰਦ (ਜੀ) ਦੀ ਨਿੱਜੀ ਫ਼ੌਜ ਬਹੁਤ ਵਧ ਗਈ। ਆਪਣੇ ਨੇਤਾ ਪੈਂਦਾ ਖਾਨ ਦੇ ਅਧੀਨ ਉੱਤਰ-ਪੱਛਮ ਤੋਂ ਭਾੜੇ ਦੇ ਪਠਾਣ ਬਹੁਤ ਗਿਣਤੀ ਵਿਚ ਗੁਰੂ ਜੀ ਦੇ ਅਧੀਨ ਆ ਗਏ। ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਜਹਾਂਗੀਰ ਨੇ (ਗੁਰੂ) ਹਰਿਗੋਬਿੰਦ (ਜੀ) ਨੂੰ ਮਨਸਬਦਾਰੀ ਦਾ ਉਚਾ ਦਰਜਾ ਦਿੱਤਾ ਹੋਇਆ ਸੀ। ਗੁਰੂ (ਜੀ) ਮਹਾਨ ਕੌਮ ਦੇ ਧਾਰਮਿਕ ਨੇਤਾ ਦੀ ਪਦਵੀ 'ਤੇ ਹੁੰਦਿਆਂ ਇਸ ਨੂੰ ਸਵੀਕਾਰ ਨਹੀਂ ਕਰ ਸਕਦੇ ਸਨ।

ਗੁਰੂ ਜੀ ਮੁਗ਼ਲ ਫ਼ੌਜ ਅਤੇ ਆਪਣੀ ਫ਼ੌਜ ਦੇ ਮੁਖੀ ਦੇ ਤੌਰ 'ਤੇ ਲਗਭਗ ਸਾਰੇ ਪੂਰਬੀ ਪੰਜਾਬ ਵਿਚ ਘੁੰਮੇ। ਉਨ੍ਹਾਂ ਦਾ ਕੰਮ ਇਸ ਖਿੱਤੇ ਵਿਚ ਕਿਤੇ ਵੀ ਬਗ਼ਾਵਤ ਜਾਂ ਹਲਚਲ ਨੂੰ ਦਬਾਉਣਾ ਸੀ। ਇਹ ਬਿਨਾ ਤਨਖਾਹ ਦਾ ਅਹੁਦਾ ਸੀ। ਗੁਰੂ ਜੀ ਮੁਗ਼ਲ ਸਰਕਾਰ ਦੀ ਨਿਯਮਤ ਨੌਕਰੀ ਵਿਚ ਨਹੀਂ ਸਨ। ਉਨ੍ਹਾਂ ਨੇ ਇਹ ਅਹੁਦਾ ਮੁਗ਼ਲ ਅਫ਼ਸਰਾਂ ਅਤੇ ਆਮ ਜਨਤਾ ਦੀਆਂ ਨਜ਼ਰਾਂ ਵਿਚ ਸਿੱਖਾਂ ਦੇ ਗੌਰਵ ਨੂੰ ਉਚਾ ਚੁੱਕਣ ਅਤੇ ਆਪਣੇ ਆਦਮੀਆਂ ਨੂੰ ਫ਼ੌਜੀ ਸਿੱਖਿਆ ਦੇਣ ਦੀ ਖ਼ਾਤਰ ਪ੍ਰਵਾਨ ਕੀਤਾ।

ਇੰਦੂ ਭੂਸ਼ਨ ਬੈਨਰਜੀ ਵੀ ਲਿਖਦਾ ਹੈ, "ਜਹਾਂਗੀਰ ਨਾਲ ਦੋਸਤੀ ਵਕਤ ਦੀ ਲੋੜ ਸੀ ਕਿਉਂਕਿ ਸਿੱਖ ਫ਼ੌਜ ਅਜੇ ਬਾਲ ਅਵਸਥਾ ਵਿਚ ਹੀ ਸੀ। ਇਹ ਨਹੀਂ ਭੁੱਲ ਜਾਣਾ ਚਾਹੀਦਾ ਕਿ ਸਿੱਧੀ ਟੱਕਰ ਲੈਣ ਦਾ ਸਵਾਲ ਹੀ ਨਹੀਂ ਸੀ ਉਠਦਾ ਅਤੇ ਕਿਉਂ ਜੋ ਉਹ ਟੱਕਰ ਤਬਾਹੀ ਦਾ ਕਾਰਨ ਬਣ ਸਕਦੀ ਸੀ, ਇਸ ਲਈ ਗੁਰੂ (ਜੀ) ਨੇ ਸੁਲਾਹ ਦਾ ਰਸਤਾ ਚੁਣਨਾ ਹੀ ਠੀਕ ਸਮਝਿਆ।"

ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ, "ਗੁਰੂ ਜੀ ਦੀਆਂ ਫ਼ੌਜਾਂ ਵਿਚ ਨਵੀਂ ਜ਼ਿੰਦਗੀ ਤੇ ਉਤਸ਼ਾਹ ਭਰਿਆ ਜਾਣ ਲੱਗਾ। ਹਰ ਪਾਸਿਓਂ ਫ਼ੌਜਾਂ ਮਜ਼ਬੂਤ ਹੋਣ ਲੱਗੀਆਂ। ਅੰਮ੍ਰਿਤਸਰ ਦੇ ਗਿਰਦ ਸਿੱਖ ਫ਼ੌਜਾਂ ਫਿਰਦੀਆਂ ਦੇਖ ਕੇ ਇਹ ਵੀ ਸ਼ੱਕ ਪੈ ਜਾਂਦਾ ਸੀ ਕਿ ਮੁਗ਼ਲ ਰਾਜ ਪੰਜਾਬ ਵਿਚੋਂ ਖ਼ਤਮ ਹੋ ਗਿਆ।"

ਬਹੁਤ ਸਾਰੇ ਇਤਿਹਾਸਕਾਰ ਇਸ ਬਾਰੇ ਕੁਝ ਨਹੀਂ ਲਿਖਦੇ। ਕੁਝ ਕਹਿੰਦੇ ਹਨ ਕਿ ਗੁਰੂ ਜੀ ਦੁਆਰਾ ਇਹ ਅਹੁਦਾ ਪ੍ਰਵਾਨ ਨਹੀਂ ਕੀਤਾ ਗਿਆ।

ਉਪਰੋਕਤ ਦਲੀਲਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਸਮੇਂ ਦੀ ਚਾਲ ਨੂੰ ਸਮਝਣ ਵਾਲੇ ਅਤੇ ਸਿਆਸੀ ਸੂਝ ਵਾਲੇ ਸਨ। ਉਹ ਜਾਣਦੇ ਸਨ ਕਿ ਸਰਕਾਰ ਨਾਲ ਟੱਕਰ ਲੈਣ ਲਈ ਉਨ੍ਹਾਂ ਕੋਲ ਸ਼ਕਤੀ ਨਹੀਂ ਸੀ। ਇਹ ਵੀ ਜਾਣਦੇ ਸਨ ਕਿ ਸਿੱਖਾਂ ਨੂੰ ਮੁਗ਼ਲ ਫ਼ੌਜੀਆਂ ਦੀ ਤਰ੍ਹਾਂ ਸਿਖਿਅਤ ਹੋਣਾ ਚਾਹੀਦਾ ਹੈ।

ਗੁਰੂ ਜੀ ਦੁਆਰਾ ਜਹਾਂਗੀਰ ਨਾਲ ਰਾਜਪੁਤਾਨੇ ਤੇ ਦੱਖਣ ਜਾਣ ਦਾ ਲਾਭ ਮੁਗ਼ਲ ਫ਼ੌਜਾਂ ਦੀ ਟ੍ਰੇਨਿੰਗ ਅਤੇ ਲੜਾਈ ਦੇ ਢੰਗ-ਤਰੀਕਿਆਂ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਹੋਇਆ। ਅਹੁਦਾ ਪ੍ਰਾਪਤ ਕਰਕੇ ਮੁਗ਼ਲ ਅਧਿਕਾਰੀਆਂ 'ਤੇ ਦਬਦਬਾ ਬਣ ਗਿਆ। ਉਹ 5 ਸਾਲ ਗੁਰੂ ਜੀ ਦੇ ਖ਼ਿਲਾਫ਼ ਕੁਸਕ ਨਾ ਸਕੇ। ਜ਼ੁਲਮ ਬੰਦ ਹੋ ਗਏ। ਅਧਿਕਾਰੀਆਂ ਦੇ ਫੈਸਲਿਆਂ ਖ਼ਿਲਾਫ਼ ਸੁਣਵਾਈ ਨੇ ਲੋਕਾਂ ਵਿਚ ਗੁਰੂ ਜੀ ਦਾ ਸਤਿਕਾਰ ਵਧਾ ਦਿੱਤਾ। ਪਠਾਨ ਫ਼ੌਜੀਆਂ ਨੂੰ ਭਰਤੀ ਕਰਨ ਨਾਲ ਇਕ ਤਾਂ ਮੁਸਲਮਾਨ ਗੁਰੂ ਜੀ ਦੇ ਹੱਕ ਵਿਚ ਹੋ ਗਏ, ਦੂਜੇ ਫ਼ੌਜੀ ਪਠਾਨਾਂ ਨੇ ਸਿੱਖਾਂ ਨੂੰ ਲੜਾਈ ਦੇ ਢੰਗ-ਤਰੀਕਿਆਂ ਦੀ ਸਿਖਿਆ ਦਿੱਤੀ ਜੋ ਸਿੱਖਾਂ ਦੀ ਮੁਗ਼ਲਾਂ ਖ਼ਿਲਾਫ਼ ਲੜਾਈ ਵਿਚ ਸਫ਼ਲਤਾ ਦਾ ਕਾਰਨ ਬਣੀ। ਇਹ ਅਹੁਦਾ ਦੇਣਾ ਭਾਵੇਂ ਬਾਦਸ਼ਾਹ ਦੀ ਗੁਰੂ ਜੀ 'ਤੇ ਨਿਗਰਾਨੀ ਰੱਖਣ ਲਈ ਇਕ ਚਾਲ ਸੀ ਪਰ ਗੁਰੂ ਜੀ ਨੇ ਇਸ ਦਾ ਪੂਰਾ ਲਾਭ ਉਠਾਇਆ। ਇਤਿਹਾਸਕਾਰਾਂ ਦਾ ਇਹ ਕਹੀ ਜਾਣਾ ਕਿ ਗੁਰੂ ਜੀ ਨੇ ਜਹਾਂਗੀਰ ਜਾਂ ਸ਼ਾਹ ਜਹਾਂ ਅਧੀਨ ਕਿਸੇ ਕਿਸਮ ਦਾ ਕੋਈ ਅਹੁਦਾ ਨਹੀਂ ਕਬੂਲਿਆ, ਗਲਤ ਹੈ।

# ਪੰਜਾਬੀ ਦਾ ਸ਼ਿੰਗਾਰ ਰਸ- ਖਾਲਸੇ ਦੇ ਗੜਗੱਜ ਬੋਲੇ

ਲਖਵਿੰਦਰ ਸਿੰਘ ਰਈਆ

ਪੰਜ ਦਰਿਆਵਾਂ ਦਾ ਪਾਣੀ ਪੀਂਦੀ ਮੁਟਿਆਰ ਹੋਈ ਪੰਜਾਬੀ ਬੋਲੀ ਦੀ ਝੋਲੀ ਨੂੰ ਗੁਰੂਆਂ, ਪੀਰਾਂ-ਫ਼ਕੀਰਾਂ ਤੇ ਵਿਦਵਾਨਾਂ/ਸਾਹਿਤਕਾਰਾਂ ਨੇ ਮਾਖਿਉਂ-ਮਿੱਠੇ ਸ਼ਬਦਾਂ, ਅਲੰਕਾਰਾਂ ਤੇ ਪ੍ਰਤੀਬਿੰਬਾਂ ਨਾਲ ਪੂਰਾ ਸਰਸ਼ਾਰ ਕੀਤਾ ਹੋਇਆ ਹੈ, ਜਿਨ੍ਹਾਂ ਵਿਚੋਂ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਝਲਕਾਰਾ ਫੁੱਟ-ਫੁੱਟ ਪੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਡਲੀਆਂ ਫੌਜਾਂ (ਖ਼ਾਲਸੇ/ਨਿਹੰਗ ਸਿੰਘਾਂ) ਦੇ ਗੜਗੱਜ ਬੋਲਿਆਂ ਦੀ ਪੰਜਾਬੀ ਭਾਸ਼ਾ ਵਿਚ ਖ਼ਾਸ ਮਹੱਤਤਾ ਹੈ। ਇਹ ਬੋਲੇ ਕੁਰੀਤੀਆਂ 'ਤੇ ਕਰਾਰੀ ਚੋਟ ਅਤੇ ਮੁਸੀਬਤ ਵੇਲੇ ਚੜ੍ਹਦੀ ਕਲਾ ਦੇ ਪ੍ਰਤੀਕ ਵੀ ਹੋ ਨਿਬੜਦੇ ਹਨ।

ਜਿਸ ਤਰ੍ਹਾਂ ਰਤਾ ਕੁ (ਥੋੜੇ) ਨੂੰ 'ਸਵਾਇਆ', ਇਕ ਨੂੰ 'ਸਵਾ ਲੱਖ', ਬੇਹੀ ਰੋਟੀ ਨੂੰ 'ਮਿੱਠੇ ਪ੍ਰਸ਼ਾਦੇ', ਰਾਸ਼ਨ (ਲੰਗਰ) ਦੇ ਮੁੱਕਣ ਨੂੰ 'ਲੰਗਰ ਮਸਤਾਨਾ ਜਾਂ ਵਾਧੇ ਪੈ ਗਿਆ', ਮਿਰਚ ਨੂੰ 'ਲੜਾਕੀ', ਹੋਲਾਂ ਨੂੰ 'ਇਲਾਚੀਆਂ', ਹਲਦੀ ਨੂੰ 'ਕੇਸਰ', ਬੇਰ ਨੂੰ 'ਸੇਬ', ਗੰਨੇ ਨੂੰ 'ਬ੍ਰਹਮ ਰਸ ਦੀਆਂ ਪੋਰੀਆਂ', ਭੁੱਜੇ ਛੋਲਿਆਂ ਨੂੰ 'ਬਦਾਮ', ਭਾਜੀ/ਸਬਜ਼ੀ ਨੂੰ 'ਤਿੱਤਰ ਬਟੇਰ', ਕੜ੍ਹੀ ਨੂੰ 'ਅੰਮ੍ਰਿਤੀ', ਬਤਾਉਂ ਨੂੰ 'ਇਕ ਟੰਗਾ ਬਟੇਰ', ਬੀਆਬਾਨ (ਜੰਗਲ) ਦੇ ਰਹਿਣ-ਸਹਿਣ ਨੂੰ 'ਸਬਜ਼ ਮੰਦਰ/ਇੰਦਰ ਪਲੰਘ/ਝੁੱਲਾ', ਕੁੱਲੀ ਨੂੰ 'ਸ਼ੀਸ਼ ਮਹੱਲ', ਰੁਮਕਦੀ ਠੰਢੀ ਹਵਾ ਨੂੰ 'ਇੰਦਰ ਰਾਣੀ', ਉਜਾੜਾ ਕਰਨ ਵਾਲੀ ਹਨੇਰੀ ਨੂੰ 'ਭੂਤਨੀ', ਹਾਂਡੀ/ਤੌੜੀ/ਦੇਗ ਨੂੰ 'ਜਗਨਨਾਥੀ', ਦਾਲ ਵਰਤਾਉਣ ਵਾਲੀ ਕੜਛੀ ਨੂੰ 'ਰੱਜੀ', ਮਾਇਆ ਨੂੰ 'ਨਾਗਣੀ/ਛਿੱਲ', ਪੈਸੇ-ਟਕੇ ਨੂੰ 'ਦਮੜੇ', ਖੀਸੇ (ਜੇਬ) ਨੂੰ 'ਕਾਰੂੰ ਬਾਦਸ਼ਾਹ ਦਾ ਖਜ਼ਾਨਾ', ਭੁੱਖ ਨੂੰ 'ਬਘਿਆੜ ਦੀ ਭੈਣ ਦਾ ਕਬਜ਼ਾ' ਅਤੇ ਰੱਜ/ਡੱਕਾਰ ਨੂੰ 'ਅਨੰਦ-ਨਾਦ', ਖ਼ੁਸ਼ੀ ਨੂੰ 'ਖ਼ੁਸ਼ੇ', ਤਿਆਰੀ ਜਾਂ ਤਿਆਰੀ ਲਈ ਲੱਕ ਨੂੰ ਬੰਨ੍ਹੇ ਵਿਸ਼ੇਸ਼ ਪਰਨੇ/ਕਪੜੇ ਨੂੰ 'ਕਮਰਕੱਸਾ', ਧਾਰਮਿਕ ਸਲਾਹ-ਮਸ਼ਵਰੇ ਨੂੰ 'ਗੁਰਮਤਾ' ਤੇ ਜਿੱਤ/ਸੰਤੁਸ਼ਟੀ ਨੂੰ 'ਫ਼ਤਿਹ' ਆਦਿ ਦੀ ਸੰਗਿਆ ਦੇ ਕੇ ਚੜ੍ਹਦੀ ਕਲਾ ਦੀ ਅਵਸਥਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

ਮੌਤ ਨੂੰ ਮਰਨਾ ਨਹੀਂ ਸਗੋਂ 'ਚੜ੍ਹਾਈ ਕਰਨਾ', ਚਿਖਾ ਨੂੰ 'ਅੰਗੀਠਾ', ਨੀਂਦ ਨੂੰ 'ਸੁਰਗਾਂ ਦੀ ਰਾਣੀ/ਧਰਮ ਰਾਜ ਦੀ ਧੀ ਦੀ ਗੋਦ', ਘੁਰਾੜਿਆਂ ਨੂੰ 'ਅਨਹਦ ਨਾਦ' ਅਤੇ ਬੁਖ਼ਾਰ ਨੂੰ 'ਧਰਮ ਰਾਜ ਦਾ ਕੋੜਾ ਪੁੱਤਰ' ਆਦਿ ਕਹਿ ਕੇ ਦੁੱਖਾਂ ਨੂੰ ਪਿੰਡਿਆਂ 'ਤੇ ਝਲਣਾ ਤੇ ਸੁੱਖਾਂ ਨੂੰ ਮਾਣਨ ਦਾ ਅਨੋਖਾ ਢੰਗ ਹੈ, ਜਿਸ ਨੂੰ 'ਭਾਣਾ ਮੰਨਣਾ' ਵੀ ਆਖਿਆ ਜਾਂਦਾ ਹੈ।

ਦਿਲੋਂ ਕਮਜ਼ੋਰ/ਡਰਪੋਕ ਨੂੰ 'ਗਿੱਦੜ', ਸੱਚਾਈ ਦੀ ਥਾਂ ਝੂਠ ਦੀ ਹਾਮੀ ਭਰਨ ਵਾਲੇ ਨੂੰ 'ਭਗੌੜਾ', ਬਹਾਦਰ/ਹੌਸਲੇ ਵਾਲੇ ਨੂੰ 'ਸ਼ੇਰ', ਦੁਸ਼ਮਣ ਦੇ ਹਾਥੀ ਨੂੰ 'ਕੱਟਾ' ਯਾਨਿ ਉਸ ਦੀ ਤਾਕਤ ਨੂੰ ਨਿਗੂਣੀ ਸਮਝਦਿਆਂ ਤੇ ਹੱਥ ਵਿਚ ਫੜੇ ਡੰਡੇ ਨੂੰ ਹੀ 'ਅਕਲਦਾਨ' ਦਸਦਿਆਂ ਉਸ ਨੂੰ ਵੰਗਾਰਿਆ ਜਾਂਦਾ ਰਿਹਾ ਹੈ। ਹਥਿਆਰ ਨੂੰ 'ਸ਼ਸਤਰ', ਲੜਨ ਨੂੰ 'ਦੋ ਹੱਥ ਕਰਨੇ', ਜਰਵਾਣਿਆਂ ਦੇ ਮਾਰ ਮੁਕਾਉਣ ਨੂੰ 'ਸੋਧਣ' ਦਾ ਨਾਂ ਦਿੱਤਾ ਗਿਆ ਹੈ। ਮਧਰੇ ਨੂੰ 'ਨੌਂਗਜ਼ਾ', ਸਰੀਰੋਂ ਕਮਜ਼ੋਰ ਨੂੰ 'ਪਹਿਲਵਾਨ', ਗੰਜੇ ਨੂੰ 'ਕਲਗਾ', ਲੰਙੇ ਨੂੰ 'ਸੁਚਾਲਾ', ਟੁੰਡੇ ਨੂੰ 'ਬਹੁ-ਬਾਹੂ', ਕਾਣੇ ਨੂੰ 'ਲੱਖ-ਨੇਤਰਾ', ਅੰਨ੍ਹੇ ਨੂੰ 'ਸੂਰਮਾ' ਆਖ ਕੇ ਮਨੋਵਿਗਿਆਨਕ ਹੱਲਾਸ਼ੇਰੀ ਵੀ ਦਿੱਤੀ ਜਾਂਦੀ ਹੈ।

ਇਸੇ ਤਰ੍ਹਾਂ ਕੁੱਤੇ ਨੂੰ 'ਕੂਕਰ/ਪਹਿਰੇਦਾਰ', ਘੋੜੇ ਦੀ ਸਵਾਰੀ ਨੂੰ 'ਉਡਣ ਖਟੋਲੇ ਦਾ ਝੂਟਾ', ਬੱਕਰੀ ਨੂੰ 'ਅਕਾਸ਼ ਪਰੀ', ਕਿੱਕਰ ਨੂੰ 'ਗੁਲਾਬ ਦਾ ਪੌਦਾ', ਕਹੀ ਨੂੰ 'ਪਤਾਲ ਮੋਚਨੀ', ਦਾਤਰੀ ਨੂੰ 'ਖੇਤ ਚਰਨੀ, ਝਾੜੂ ਨੂੰ 'ਸੁੰਦਰੀ', ਪੈਰਾਂ ਨੂੰ 'ਚਰਨ', ਜੁੱਤੀ ਨੂੰ 'ਚਰਨ ਦਾਸੀ', ਸਫ਼ਾਈ ਕਰਨ ਵਾਲੇ ਨੂੰ 'ਸੂਬੇਦਾਰ', ਤਲਾਅ ਨੂੰ 'ਸਰੋਵਰ', ਪਾਣੀ ਨੂੰ 'ਜਲ', ਰੋਟੀ ਨੂੰ 'ਗੱਫਾ/ਪ੍ਰਸ਼ਾਦਾ' ਦੁੱਧ ਨੂੰ 'ਸਮੁੰਦਰ', ਸ਼ਰਦਾਈ ਨੂੰ 'ਸੁੱਖ ਨਿਧਾਨ', ਖਾਣ-ਪੀਣ ਨੂੰ 'ਛਕਣ-ਛਕਾਉਣ', ਕਹਿ ਕੇ ਵਡਿਆਇਆ ਅਤੇ ਚਾਹ ਨੂੰ 'ਢਿੱਡ ਫੂਕਣੀ' ਅਤੇ ਉਬਾਸੀ ਨੂੰ 'ਬੀਕਾਨੇਰੀ ਹਵਾ' ਆਖ ਕੇ ਛੁਟਿਆਇਆ ਵੀ ਜਾਂਦਾ ਰਿਹਾ ਹੈ। ਸਰੀਰ ਦੇ ਮਲ ਤਿਆਗਣ ਦੀ ਕਿਰਿਆ ਨੂੰ 'ਮੈਦਾਨ ਖੋਲ੍ਹਣ/ਜੰਗਲ ਪਾਣੀ ਜਾਣ', ਦਾਤਣ ਕੁਰਲੇ ਨੂੰ 'ਦੰਦ ਤਿੱਖੇ ਕਰਨਾ' ਤੇ ਹੱਥ ਧੋਣ ਨੂੰ 'ਹੱਥ ਸੁੱਚੇ ਕਰਨ' ਦਾ ਨਾਂ ਦਿੱਤਾ ਗਿਆ ਹੈ। ਨਹਾਉਣ ਨੂੰ 'ਇਸ਼ਨਾਨ', ਸਿਰਫ ਮੂੰਹ-ਹੱਥ ਧੋਣ ਨੂੰ 'ਪੰਜ ਇਸ਼ਨਾਨਾ', ਸਰੀਰ ਦੇ ਵਾਲਾਂ ਨੂੰ 'ਰੋਮ', ਸਿਰ ਦੇ ਵਾਲਾਂ ਨੂੰ 'ਕੇਸ', ਗਿੱਲੇ ਕੇਸਾਂ ਦੇ ਸਕਾਉਣ ਨੂੰ 'ਹਰੇ ਕਰਨਾ' ਕਿਹਾ ਜਾਂਦਾ ਹੈ। 'ਦੇਗ-ਤੇਗ ਫਤਿਹ' ਦਾ ਅਰਥ ਵੀ ਇਹੀ ਲਿਆ ਜਾਂਦਾ ਹੈ ਕਿ ਲੰਗਰ-ਪਾਣੀ ਵੀ ਚਲਦਾ ਰਹੇ ਅਤੇ ਜਰਵਾਣਿਆਂ ਉਪਰ ਜਿੱਤ ਵੀ ਕਾਇਮ ਰਹੇ।

ਤੰਬਾਕੂ ਨੂੰ 'ਜਗਤ ਜੂਠ', ਹੁੱਕੇ ਜਾਂ ਸਿਗਰਟ/ਬੀੜੀ ਦੇ ਸੂਟੇ ਖਿੱਚਣ ਵਾਲਿਆਂ ਨੂੰ 'ਲਿੱਦ/ਖੋਤੀ ਚੁੰਘ', ਵਹਿਮਾਂ-ਭਰਮਾਂ, ਪਖੰਡਵਾਦ, ਟੂਣੇ-ਟਾਮਣ ਤੇ ਫਾਂਡੇ ਕਰਨ/ਕਰਾਉਣ ਵਾਲਿਆਂ ਨੂੰ 'ਕੁਰਾਹੀਏ' ਜਾਂ 'ਹਨ੍ਹੇਰੂ/ਲਾਈਲੱਗ ਭੇਡੂ', ਚਰਿੱਤਰਹੀਣ ਨੂੰ 'ਭੂੰਜੇ ਲੱਥਾ', ਲੂਤੀਆਂ ਲਾਉਣ ਵਾਲੇ ਨੂੰ 'ਨਾਰਦ', ਝੂਠ ਬੋਲਣ ਵਾਲੇ ਨੂੰ 'ਕੁਫ਼ਰ ਤੋਲਾ', ਆਖ ਕੇ ਇਸ ਵਿਭਚਾਰਤਾ ਭਰੇ ਜੀਵਨ ਨੂੰ ਭੰਡਿਆ ਅਤੇ ਸਰਕਾਰ ਦੇ ਝੋਲੀ ਚੁੱਕਾਂ ਨੂੰ 'ਟੁੱਕੜ ਬੋਚ' ਅਤੇ ਅਮੀਰ ਪਰ ਹੰਕਾਰੀ/ਕੰਜੂਸ ਨੂੰ 'ਕੋਹੜਾ' ਕਹਿ ਕੇ ਨਕਾਰਿਆ ਵੀ ਜਾਂਦਾ ਰਿਹਾ ਹੈ।

ਇਸ ਤਰ੍ਹਾਂ ਇਨ੍ਹਾਂ ਗੜਗੱਜ ਬੋਲਿਆਂ ਨੇ ਪੰਜਾਬੀ ਬੋਲੀ ਦਾ ਮਾਣ ਦੂਣ-ਸਵਾਇਆ ਕਰ ਕੇ ਜੀਵਨ ਦੇ ਕਈ ਪਹਿਲੂਆਂ 'ਤੇ ਚਾਨਣ-ਮੁਨਾਰੇ ਦਾ ਕੰਮ ਕੀਤਾ।

# ਹੱਥ ਦੀ ਸਫਾਈ

## ਸਫਰ ਜ਼ਿੰਦਗੀ ਦਾ

**ਡਾ. ਗੋਬਿੰਦਰ ਸਿੰਘ ਸਮਰਾਓ***

ਸਾਨੂੰ ਸਭ ਨੂੰ ਜਾਦੂ ਦੇ ਖੇਲ ਬਹੁਤ ਅੱਛੇ ਲਗਦੇ ਹਨ ਕਿਉਂਕਿ ਉਨ੍ਹਾਂ ਵਿਚ ਹੱਥ ਦੀ ਸਫਾਈ ਰਾਹੀਂ ਅਸੀਂ ਅਸੰਭਵ ਨੂੰ ਸੰਭਵ ਹੁੰਦਾ ਵੇਖਦੇ ਹਾਂ। ਪਰ ਸਾਡੀ ਅਸਲ ਜ਼ਿੰਦਗੀ ਵਿਚ ਸੈਂਕੜੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਅਸੰਭਵ ਨੂੰ ਸੰਭਵ ਕਰਨ ਦੇ ਮਾਮਲੇ ਵਿਚ ਘੱਟ ਜਾਦੂਮਈ ਨਹੀਂ ਹੁੰਦੀਆਂ। ਫਰਕ ਇਹ ਹੈ ਕਿ ਕਈ ਵਾਰੀ ਇਨ੍ਹਾਂ ਹੋਣੀਆਂ ਦੀ ਕਰਾਮਾਤ ਅਨੁਭਵ ਕਰਨ ਲਈ ਸਾਨੂੰ ਇਨ੍ਹਾਂ ਨੂੰ ਅਤੀਤ ਦੇ ਲੰਮੇ ਪਰਿਪੇਖ ਵਿਚ ਵੇਖਣਾ ਪੈਂਦਾ ਹੈ। ਇਸ ਕਥਨ ਦੀ ਪੁਸ਼ਟੀ ਲਈ ਅਜਿਹੀ ਹੀ ਇਕ ਘਟਨਾ ਦਾ ਜ਼ਿਕਰ ਕਰ ਰਿਹਾ ਹਾਂ ਜੋ ਬਿਲਕੁਲ ਸੱਚੀ ਹੈ ਅਤੇ ਜਿਸ ਦੇ ਪਾਤਰ ਅਜੇ ਵੀ ਮੌਜੂਦ ਹਨ।

ਹੋਇਆ ਇਦਾਂ ਕਿ ਜੂਨ 1994 ਵਿਚ ਪੰਜਾਬੀ ਯੂਨੀਵਰਸਿਟੀ ਤੋਂ ਐਲ ਟੀ ਸੀ ਲੈ ਕੇ ਮੈਂ ਪਰਿਵਾਰ ਸਮੇਤ ਦੱਖਣੀ ਭਾਰਤ ਦੀ ਸੈਰ 'ਤੇ ਗਿਆ। ਸਾਡੇ ਕੋਲ ਤਿੰਨ ਹਫ਼ਤੇ ਦਾ ਸਮਾਂ ਸੀ ਜਿਸ ਵਿਚੋਂ ਵਾਪਸੀ 'ਤੇ ਤਕਰੀਬਨ ਇਕ ਹਫਤਾ ਅਸੀਂ ਕਰਨਾਟਕ ਵਿਚ ਗ਼ੁਲਬਰਗੇ ਰੁਕਣਾ ਸੀ। ਉਥੇ ਮੇਰੀ ਲੜਕੀ ਪੜ੍ਹਦੀ ਸੀ ਜਿਸ ਨੂੰ ਗਰਮੀਆਂ ਦੀਆਂ ਛੁੱਟੀਆਂ ਲਈ ਨਾਲ ਲੈ ਕੇ ਅਸੀਂ ਪਟਿਆਲੇ ਮੁੜਨਾ ਸੀ।

ਗ਼ੁਲਬਰਗੇ ਪਹੁੰਚ ਕੇ ਅਸੀਂ ਵਿਚੋਂ ਦੋ ਦਿਨ ਹੈਦਰਾਬਾਦ ਚਲੇ ਗਏ। ਇਸ ਸ਼ਹਿਰ ਵਿਚ ਕਈ ਦੇਖਣਯੋਗ ਥਾਂਵਾਂ ਹਨ ਤੇ ਇਹ ਸੁੱਚੇ ਮੋਤੀਆਂ (ਪਰਲਜ਼) ਦੇ ਗਹਿਣਿਆਂ ਦੀ ਵਿਸ਼ਵ ਪ੍ਰਸਿੱਧ ਮੰਡੀ ਹੈ। ਜਦੋਂ ਮੈਂ ਪਹਿਲਾਂ 1983 ਵਿਚ ਓਸਮਾਨੀਆ ਯੂਨੀਵਰਸਿਟੀ ਵਿਚ ਇਕ ਸੈਮੀਨਾਰ 'ਤੇ ਗਿਆ ਸਾਂ ਤਾਂ ਮੇਰੀ ਪਤਨੀ ਨੇ ਉਥੋਂ ਇਕ ਪਰਲ-ਸੈਟ ਲੈਣ ਦਾ ਮਨ ਬਣਾਇਆ ਸੀ ਪਰ ਕਈ ਰੁਝੇਵਿਆਂ ਕਾਰਨ ਉਦੋਂ ਇਹ ਮਨਸ਼ਾ ਪੂਰੀ ਨਹੀਂ ਸੀ ਹੋ ਹੋਈ। ਇਸ ਲਈ ਇਸ ਵਾਰ ਉਥੇ ਪਹੁੰਚਦਿਆਂ ਹੀ ਉਸ ਨੇ ਸਭ ਤੋਂ ਪਹਿਲਾਂ ਚਾਰ ਮੀਨਾਰ ਦੁਆਲੇ ਫੈਲੀ ਮੋਤੀ ਮਾਰਕਿਟ ਵਿਚ ਜਾਣ ਦਾ ਪ੍ਰੋਗਰਾਮ ਬਣਾਇਆ।

ਪਰਲ ਬਾਜ਼ਾਰ ਪਹੁੰਚ ਕੇ ਅਸੀਂ ਵੱਖ ਵੱਖ ਦੁਕਾਨਾਂ ਵਿਚ ਮੋਤੀਆਂ ਜੜੇ ਗਲ ਦੇ ਸੈਟ ਵੇਖਣੇ ਸ਼ੁਰੂ ਕਰ ਦਿਤੇ। ਇਕ ਤੋਂ ਇਕ ਸਜੀ ਦੁਕਾਨ 'ਤੇ ਵਧੀਆਂ ਤੋਂ ਵਧੀਆ ਜ਼ੇਵਰਾਤ ਵਿਚੋਂ ਇਕ ਸੈਟ ਪਸੰਦ ਕਰਨਾ ਬਹੁਤ ਔਖਾ ਸੀ। ਅਖ਼ੀਰ ਥੱਕ ਹਾਰ ਕੇ ਮੇਰੀ ਪਤਨੀ ਨੇ ਇਕ ਸੈਟ ਪਸੰਦ ਕਰ ਲਿਆ। ਇਸ ਉਤੇ ਕੀਮਤ 3700 ਰੁਪਏ ਲਿਖੀ ਵੇਖ ਕੇ ਮੈਨੂੰ ਕਹਿਣ ਲੱਗੀ, "ਪਸੰਦ ਤਾਂ ਹੈ ਪਰ ਮਹਿੰਗਾ ਹੈ। ਚਲੋ ਇਕ ਦੋ ਥਾਂ ਹੋਰ ਵੇਖ ਲਈਏ।" ਮੈਂ ਕਿਹਾ, "ਜੇ ਪਸੰਦ ਹੈ ਤਾਂ ਲੈ ਲੈ। ਇਸੇ ਦਾ ਰੇਟ ਘੱਟ ਕਰਵਾ ਦਿੰਦਾ ਹਾਂ।" ਕਹਿਣ ਲੱਗੀ, "ਦੇਖ ਲਓ ਜੇ ਤਿੰਨ ਕੁ ਹਜਾਰ ਦਾ ਦਿੰਦਾ ਹੈ ਤਾਂ ਠੀਕ ਹੈ।" ਹੋਰ ਗੱਲ ਵਿਚ ਹੋਵੇ ਨਾ ਹੋਵੇ, ਰੇਟ ਘੱਟ ਕਰਵਾਉਣ ਦੇ ਮਾਮਲੇ ਵਿਚ ਉਸ ਨੂੰ ਮੇਰੇ 'ਤੇ ਪੂਰਾ ਭਰੋਸਾ ਸੀ। ਇਸ ਕਲਾ ਵਿਚ ਸਭ ਵਾਕਫਕਾਰ ਮੇਰਾ ਸਿੱਕਾ ਮੰਨਦੇ ਸਨ ਤੇ ਕਈ ਤਾਂ ਸਸਤੀ ਸ਼ਾਪਿੰਗ ਲਈ ਮੈਨੂੰ ਉਚੇਚਾ ਨਾਲ ਲੈ ਕੇ ਜਾਂਦੇ ਸਨ।

ਮੈਂ ਸੇਲਜ਼ਮੈਨ ਨੂੰ ਕਈ ਤਰ੍ਹਾਂ ਦੀਆਂ ਦਲੀਲਾਂ ਦੇ ਕੇ ਉਸ ਤੋਂ 500 ਰੁਪਏ ਘਟਵਾ ਲਏ। ਜਦੋਂ ਉਸ ਨੇ ਹੋਰ ਹੇਠਾਂ ਆਉਣ ਤੋਂ ਹੱਥ ਖੜੇ ਕਰ ਦਿਤੇ ਤਾਂ ਮੈਂ ਕਿਹਾ ਕਿ ਸੈਟ ਸੇਠ ਕੋਲ ਭੇਜੇ, ਮੈ ਅੱਗੇ ਗੱਲ ਉਸੇ ਨਾਲ ਕਰਾਂਗਾ। ਉਸ ਨੇ ਸੈਟ ਸੇਠ ਕੋਲ ਭੇਜ ਦਿਤਾ। ਕੁਝ ਦੂਰੀ 'ਤੇ ਬੈਠਾ ਸੇਠ ਸਭ ਸੁਣ ਰਿਹਾ ਸੀ ਪਰ ਕਹਿ ਕੁਝ ਨਹੀਂ ਸੀ ਰਿਹਾ। ਉਸ ਨੂੰ ਢਿੱਲਾ ਕਰਨ ਲਈ ਮੈਂ ਬੋਲਣ ਦੀ ਥਾਂ ਇਸ਼ਾਰਿਆਂ ਰਾਹੀਂ ਗੱਲ ਕਰਨ ਦਾ ਪੈਂਤੜਾ ਚਲਾਇਆ। ਮੈਂ ਉਸ ਨੂੰ ਹੱਥ ਨਾਲ ਸਮਝਾ ਕੇ ਕਿਹਾ ਕਿ ਰੇਟ ਠੀਕ ਕਰੇ। ਉਸ ਨੇ ਅਨਭੋਲ ਜਿਹਾ ਹੋ ਕੇ ਸੇਲਜ਼ਮੈਨ ਵਲ ਇੰਜ ਉਂਗਲਾਂ ਘੁਮਾਈਆਂ ਜਿਵੇਂ ਪੁੱਛ ਰਿਹਾ ਹੋਵੇ, "ਤੂੰ ਕਿੰਨੇ ਕਹੇ ਨੇ ਬਈ?" ਉਸ ਨੇ ਉਤਰ ਦਿਤਾ, "3200 ਕਹਿ ਦੀਏ।" ਸੇਠ ਨੇ ਉਤਰ ਸੁਣ ਕੇ ਖੱਬੇ ਸੱਜੇ ਜਿਹੇ ਸਿਰ ਮਾਰਿਆ ਜਿਵੇਂ ਕਹਿ ਰਿਹਾ ਹੋਵੇ ਕਿ ਸੇਲਜ਼ਮੈਨ ਨੇ ਬਿਲਕੁਲ ਸਹੀ ਰੇਟ ਲਾਇਆ ਹੈ। ਗੱਲ ਨਾ ਬਣਦੀ ਦੇਖ ਮੈਂ ਲਿਖਤੀ ਰਸਤਾ ਅਪਣਾਇਆ। ਉਸ ਕੋਲ ਪਏ ਇਕ ਪੈਡ ਉਤੇ ਮੈਂ 2500 ਲਿਖ ਕੇ ਇਸ ਨੂੰ ਇੰਜ ਉਸ ਦੇ ਸਾਹਮਣੇ ਰੱਖਿਆ ਜਿਵੇਂ ਕਹਿ ਰਿਹਾ ਹੋਵਾਂ, "ਹੁਣ ਸੁੱਟ ਪੱਤਾ।" ਉਸ ਨੇ ਆਪਣੀ ਸੇਠਪੁਣੇ ਦੀ ਤਾਕਤ ਦਾ ਇਜ਼ਹਾਰ ਕਰਦਿਆਂ ਪੈਡ ਚੁਕਿਆ ਤੇ 3100 ਲਿਖ ਦਿਤੇ। ਮੈਂ ਘੂਰੀ ਜਿਹੀ ਵੱਟ ਕੇ ਉਸ ਦੀ ਤਾਕਤ ਦਾ ਤ੍ਰਿਸਕਾਰ ਕੀਤਾ ਤੇ 2525 ਲਿਖ ਕੇ ਪੈਡ ਉਸ ਵਲ ਧੱਕ ਦਿਤਾ। ਸਭ ਸੇਲਜ਼ਮੈਨ ਖੜੇ ਸਾਡੀ ਚੁਪੋ-ਗੁਪਤੀ ਖੇਡ ਦਾ ਤਮਾਸ਼ਾ ਵੇਖ ਰਹੇ ਸਨ।

ਸੇਠ ਨੇ ਅਪਣੀ ਸ਼ਕਤੀ ਦੀ ਲਾਜ ਰੱਖਣ ਲਈ ਸ਼ਰਮੋ-ਸ਼ਰਮੀ 3000 ਲਿਖਿਆ ਤੇ ਪੈਡ ਇਸ ਤਰ੍ਹਾਂ ਸਿਰ ਹਿਲਾ ਕੇ ਮੇਰੇ ਹਵਾਲੇ ਕਰ ਦਿਤਾ ਜਿਵੇਂ ਕਹਿ ਰਿਹਾ ਹੋਵੇ, "ਇਹ ਫਾਈਨਲ ਹੈ, ਹੁਣ ਅੱਗੇ ਗੁੰਜਾਇਸ਼ ਨਹੀਂ।" ਪਰ ਮੈਂ ਕਿੱਥੇ ਹਟਣ ਵਾਲਾ ਸਾਂ, ਮੈਨੂੰ ਉਸ ਦੇ ਤਿਲਾਂ ਵਿਚ ਹਾਲੇ ਹੋਰ ਤੇਲ ਨਜ਼ਰ ਆ ਰਿਹਾ ਸੀ। ਬਾਕਸਿੰਗ ਦੇ ਰੈਫਰੀ ਵਾਂਗੂੰ ਮੈਂ ਉਸ ਨੂੰ ਵਾਰ-ਵਾਰ ਉਠਾ ਕੇ ਖੜਾ ਕਰਦਾ ਗਿਆ ਤੇ ਉਸ ਨੇ ਪੈਨ ਚੁਕਣ ਤੋਂ ਨਾਂਹ ਕਰ ਦਿਤੀ। ਲਿਖਤੀ ਸੰਵਾਦ ਛੱਡ ਮੈਂ ਹੁਣ ਗੱਲਬਾਤ 'ਤੇ ਉਤਰ ਆਇਆ। ਮੈਂ ਉਸ ਨੂੰ ਝੰਜੋੜਦੇ ਹੋਏ ਕਿਹਾ, "ਬੋਲ ਯਾਰ, ਕੁਛ ਤੋ ਬੋਲ।"

ਮੇਰੇ ਇੰਨਾ ਕਹਿਣ ਤੇ ਸਭ ਮੁਲਾਜ਼ਮ ਇਕੋ ਸੁਰ ਵਿਚ ਬੋਲ ਉਠੇ, "ਯੇ ਬੋਲ ਨਹੀਂ ਸਕਤੇ ਹੈਂ ਜੀ। ਇਨ ਕੀ ਆਵਾਜ਼ ਚਲੀ ਗਈ ਹੈ।" ਮੈਂ ਇਹ



ਸੁਣ ਕੇ ਘਬਰਾ ਗਿਆ ਕਿ ਕਿਤੇ ਮੇਰੇ ਰਗੜਿਆਂ ਨਾਲ ਹੀ ਤਾਂ ਨਹੀਂ ਚਲੀ ਗਈ। ਹੁਣ ਸੈਟ ਨਾਲੋਂ ਮੈਨੂੰ ਸੇਠ ਦਾ ਵਧੇਰੇ ਫਿਕਰ ਹੋ ਗਿਆ। ਮੈਂ ਹੈਰਾਨੀ ਨਾਲ ਪੁਛਿੱਆ, "ਵੋਹ ਕੈਸੇ?"

"ਨੀਂਦ ਮੇਂ ਚਲੀ ਗਈ। ਦੋ ਸਾਲ ਪਹਿਲੇ ਰਾਤ ਕੋ ਸੋਏ ਥੇ, ਸੁਬ੍ਹਾ ਉਠੇ ਬੋਲੇ ਹੀ ਨਹੀਂ।" ਉਨ੍ਹਾਂ ਕਿਹਾ। ਮੇਰੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਬਹੁਤ ਇਲਾਜ ਕਰਵਾਏ ਪਰ ਕੋਈ ਫਰਕ ਨਹੀਂ ਪਿਆ। ਇਹ ਸੁਣ ਕੇ ਮੇਰੀ ਜਾਨ ਵਿਚ ਜਾਨ ਤਾਂ ਆਈ ਪਰ ਮੈਨੂੰ ਸੇਠ ਦੀ ਹਾਲਤ ਪ੍ਰਤੀ ਦੁੱਖ ਹੋਣ ਲੱਗਾ।

ਮੈਂ ਸੇਠ ਵਲ ਗਹੁ ਨਾਲ ਦੇਖਿਆ ਤੇ ਉਸ ਨੂੰ ਉਸ ਦੀ ਬੀਮਾਰੀ ਬਾਰੇ ਸਵਾਲ ਪੁੱਛੇ। ਉਸ ਨੇ ਲਿਖ ਕੇ ਸਭ ਸਵਾਲਾਂ ਦੇ ਜਵਾਬ ਦਿਤੇ। ਸੇਠ ਤੇ ਉਸ ਦੇ ਸਾਥੀ ਹੈਰਾਨ ਸਨ ਕਿ ਸਰਦਾਰ ਹੁਣ ਸੈਟ ਲੈਣ ਦੀ ਗੱਲ ਨਹੀਂ ਕਰ ਰਿਹਾ, ਕਿਤੇ ਭਕਾਈ ਕਰਵਾ ਕੇ ਸੌਦਾ ਟਾਲ ਤਾਂ ਨਹੀਂ ਰਿਹਾ। ਉਧਰ ਮੇਰੀ ਪਤਨੀ ਦੇ ਮੂੰਹ 'ਤੇ ਵੀ ਮੈਨੂੰ ਫਿਕਰ ਜਿਹਾ ਉਭਰਿਆ ਨਜ਼ਰ ਆਇਆ ਕਿ ਕਿਤੇ ਗੱਲਾਂ-ਗੱਲਾਂ ਵਿਚ ਇਹ ਭਾਈ 2700 ਦੇ ਰੇਟ ਤੋਂ ਮੁੱਕਰ ਤਾਂ ਨਹੀਂ ਜਾਊ। ਇਸ ਲਈ ਸਭ ਤੋਂ ਪਹਿਲਾਂ ਮੈਂ ਪੇਮੈਂਟ ਕਰ ਕੇ ਸੈਟ ਅਪਣੀ ਪਤਨੀ ਨੂੰ ਸੰਭਾਲ ਦਿਤਾ।

ਇਸ ਪਾਸਿਓਂ ਵਿਹਲਾ ਹੋਣ ਉਪਰੰਤ ਮੈਂ ਫਿਰ ਸੇਠ ਵਲ ਪਰਤਿਆ ਤੇ ਉਸ ਦੇ ਦੁੱਖ ਨੂੰ ਵਿਚਾਰਿਆ। ਮੈਂ ਹੋਮਿਓਪੈਥੀ ਦਾ ਵਾਹਵਾ ਅਧਿਐਨ ਕੀਤਾ ਹੋਇਆ ਸੀ ਤੇ ਤਜ਼ਰਬਾ ਵੀ ਕਾਫੀ ਹਾਸਲ ਕਰ ਰਖਿਆ ਸੀ। ਲੰਮੇ ਸਮੇਂ ਤੋਂ ਪੰਜਾਬ ਗੌਰਮਿੰਟ ਦੁਆਰਾ ਰਜਿਸਟਰਡ ਸਾਂ ਤੇ ਪੜ੍ਹਾਉਣ ਦੇ ਕਾਰਜ ਦੇ ਨਾਲ-ਨਾਲ ਪਿਛਲੇ ਪੱਚੀ ਸਾਲਾਂ ਤੋਂ ਹੋਮਿਓਪੈਥੀ ਦੀ ਧਰਮ-ਅਰਥ ਪ੍ਰੈਕਟਿਸ ਕਰਦਾ ਆ ਰਿਹਾ ਸਾਂ। ਕਈ ਧੁਰੰਤਰ ਹੋਮਿਓਪੈਥਾਂ ਤੋਂ ਮੈਂ ਇਹ ਇਲਮ ਸਿੱਖਿਆ ਹੋਇਆ ਸੀ ਤੇ ਕਈਆਂ ਨੂੰ ਸਿਖਾ ਕੇ ਧੁਰੰਤਰ ਬਣਾਇਆ ਸੀ। ਆਪਣੀ ਸਾਧਨਾ ਸਦਕਾ ਮੈਨੂੰ ਪਤਾ ਸੀ ਕਿ ਹੋਮਿਓਪੈਥੀ ਅਗੇ ਪੁਰਾਣੇ ਤੋਂ ਪੁਰਾਣਾ ਤੇ ਗੁੱਝੇ ਤੋਂ ਗੁੱਝਾ ਰੋਗ ਵੀ ਸਿਰਦਰਦ ਤੋਂ ਵੱਧ ਹੈਸੀਅਤ ਨਹੀਂ ਰਖਦਾ। ਮੈਨੂੰ ਆਪਣੀ ਕਲਾ 'ਤੇ ਪੂਰਾ ਮਾਣ ਸੀ ਤੇ ਮੈਂ ਇਸ ਦੀ ਨਿਧੜਕ ਵਰਤੋਂ ਕਰਦਾ ਸਾਂ। ਸਭ ਅਲਾਮਤਾਂ ਦਾ ਜਾਇਜਾ ਲੈ ਕੇ ਮੈਂ ਸੇਠ ਨੂੰ ਪੁੱਛਿਆ, "ਕੀ ਤੂੰ ਚਾਹੁੰਦਾ ਹੈਂ ਤੇਰੀ ਆਵਾਜ਼ ਵਾਪਸ ਆ ਜਾਵੇ?" ਉਸ ਨੇ ਹੈਰਾਨੀ ਭਰੀ ਖੁਸ਼ੀ ਨਾਲ ਅੱਖਾਂ ਟੱਡੀਆਂ ਤੇ ਦੋਵੇਂ ਹੱਥ ਜੋੜ ਕੇ ਮੱਥੇ ਨਾਲ ਲਾਏ। ਮੈਂ ਆਪਣੇ ਸਫਰੀ ਡੱਬੇ ਵਿਚੋਂ ਦਵਾਈ ਦੀ ਇਕ ਖੁਰਾਕ ਕੱਢ ਕੇ ਉਸ ਦੇ ਮੂੰਹ ਵਿਚ ਝਾੜੀ ਤੇ ਕਿਹਾ, "ਫਿਕਰ ਨਾ ਕਰ ਇਹ ਤੇਰਾ ਕਲਿਆਣ ਕਰੇਗੀ। ਮਾੜਾ ਮੋਟਾ ਬੁਖਾਰ ਚੜ੍ਹੇ ਤਾਂ ਕੋਈ ਦਵਾਈ ਨਾ ਲਈਂ। ਇਸ 'ਤੇ ਭਰੋਸਾ ਰਖੀਂ ਤੇ ਚੰਗੀ ਘੜੀ ਦੀ ਉਡੀਕ ਕਰੀਂ।" ਇੰਨੀ ਤਾਕੀਦ ਕਰ ਕੇ ਅਸੀਂ ਉਥੋਂ ਚਲ ਪਏ।

ਪਰਲ ਸੈਟ ਦੀ ਖੁਸ਼ੀ ਵਿਚ ਕੁਝ ਦਿਨ ਤਾਂ ਮੇਰੀ ਪਤਨੀ ਬਹੁਤ ਪ੍ਰਸੰਨ ਰਹੀ ਪਰ ਪਟਿਆਲੇ ਪਹੁੰਚ ਕੇ ਉਸ ਨੂੰ ਇਸ ਦੇ ਝੁਮਕੇ ਅੱਖਰਨ ਲੱਗੇ। ਉਸ ਨੇ ਇਨ੍ਹਾਂ ਨੂੰ ਬਦਲਾ ਕੇ ਲਿਆਉਣ ਦੀ ਜ਼ਿਦ ਫੜ ਲਈ। ਮੈਂ ਬਥੇਰਾ ਸਮਝਾਇਆ ਕਿ ਹੁਣ ਮੁੜ ਕੇ ਇੰਨੀ ਦੂਰ ਜਾਣਾ ਅਸੰਭਵ ਹੈ, ਜੋ ਆ ਗਏ ਉਨ੍ਹਾਂ ਨੂੰ ਹੀ ਪਹਿਨੇ ਪਰ ਉਹ ਨਾ ਮੰਨੀ। ਜਦੋਂ ਵੀ ਮੈਂ ਗੁਲਬਰਗੇ ਲੜਕੀ ਕੋਲ ਜਾਇਆ ਕਰਾਂ ਉਹ ਝੁਮਕੇ ਮੇਰੇ ਬੈਗ ਵਿਚ ਪਾ ਦਿਆ ਕਰੇ। ਮੈਂ ਉਸ ਦਾ ਮਾਲ ਲਿਆ ਕੇ ਉਵੇਂ ਉਸ ਦੇ ਹਵਾਲੇ ਕਰ ਦਿਆ ਕਰਾਂ। ਇਕ ਵਾਰ ਉਸ ਨੇ ਉਚੇਚਾ ਮੈਨੂੰ ਹੈਦਰਾਬਾਦ ਰਾਹੀਂ ਗੁਲਬਰਗੇ ਭੇਜਿਆ ਪਰ ਉਥੇ ਸੋਮਵਾਰ ਦੀ ਛੁੱਟੀ ਹੋਣ ਕਰਕੇ ਉਸ ਦਾ ਕੰਮ ਨਾ ਹੋ ਸਕਿਆ। ਇਥੋਂ ਤਕ ਕਿ ਜੁਲਾਈ 1997 ਵਿਚ ਜਦੋਂ ਮੈਂ ਕੋਟਮ (ਕੇਰਲ) ਵਿਚ ਪੁਲੀਟੀਕਲ ਸਾਇੰਸ ਦੀ ਸਰਬ-ਭਾਰਤੀ ਕਾਨਫਰੰਸ 'ਤੇ ਗਿਆ ਤਾਂ ਵੀ ਉਸ ਨੇ ਝੁਮਕੇ ਮੇਰੇ ਨਾਲ ਚਮੇੜ ਦਿਤੇ। ਇਸ ਵਾਰ ਮੈਂ ਹੜ੍ਹਾਂ ਵਿਚ ਘਿਰ ਜਾਣ ਕਾਰਨ ਉਸ ਦੀ ਇੱਛਾ ਪੂਰੀ ਨਾ ਕਰ ਸਕਿਆ।

ਅਖੀਰ ਜੂਨ 1998 ਵਿਚ ਜਦੋਂ ਅਸੀਂ ਆਪਣੇ ਲੜਕੇ ਦੇ ਮੈਡੀਕਲ ਦਾਖਲੇ ਦੇ ਟੈਸਟ ਲਈ ਬੰਗਲੌਰ ਗਏ ਤਾਂ ਵੀ ਉਸ ਨੇ ਝੁਮਕੇ ਨਾਲ ਚੁੱਕ ਲਏ। ਇਸ ਵਾਰ ਉਪਰ ਵਾਲੇ ਨੇ ਉਸ ਦੀ ਸੁਣ ਲਈ। ਟੈਸਟ ਲਈ ਆਏ ਇਕ ਲੱਖ ਤੋਂ ਵਧ ਉਮੀਦਵਾਰਾਂ ਦੀ ਭੀੜ ਕਾਰਨ ਸਾਨੂੰ ਬੰਗਲੌਰ ਤੋਂ ਦਿੱਲੀ ਜਾਣ ਲਈ ਕਿਸੇ ਗੱਡੀ ਦੀ ਰਿਜ਼ਰਵੇਸ਼ਨ ਨਾ ਮਿਲੀ। ਵੀ.ਆਈ.ਪੀ. ਕੋਟੇ ਲਈ ਕੀਤੀਆਂ ਸਿਫਾਰਸ਼ਾਂ ਵੀ ਕਾਰਆਮਦ ਨਾ ਹੋਈਆਂ। ਫਸੇ ਹੋਇਆਂ ਨੇ ਅਸੀਂ ਹੈਦਰਾਬਾਦ ਤੋ ਦਿੱਲੀ ਦੀ ਬੁਕਿੰਗ ਕਰਵਾ ਲਈ ਤੇ ਬੰਗਲੌਰ ਤੋਂ ਬਾਰਾਂ ਘੰਟੇ ਦਾ ਸਫਰ ਬੱਸ ਰਾਹੀਂ ਤੈਅ ਕਰ ਕੇ ਅਗਲੀ ਸ਼ਾਮ ਹੈਦਰਾਬਾਦ ਪਹੁੰਚ ਗਏ।

ਸਵੇਰ ਹੁੰਦਿਆਂ ਹੀ ਮੇਰੀ ਪਤਨੀ ਚਾਰ ਮੀਨਾਰ ਲਈ ਤਿਆਰ ਹੋ ਗਈ। ਉਥੇ ਪਹੁੰਚ ਕੇ ਅਸੀਂ ਸੇਠ ਦੀ ਦੁਕਾਨ ਲਭਣ ਲਗੇ ਪਰ ਕਾਫੀ ਅਰਸਾ ਬੀਤ ਜਾਣ ਕਾਰਨ ਭੁੱਲ ਗਏ ਸਾਂ ਕਿ ਉਹ ਕਿਸ ਪਾਸੇ ਹੈ। ਇਸ ਲਈ ਸਭ ਤੋਂ ਪਹਿਲਾਂ ਉਸ ਰੈਸਟੋਰੈਂਟ ਦੀ ਭਾਲ ਕੀਤੀ ਜਿਥੋਂ ਬਰਿਆਨੀ ਖਾ ਕੇ ਸਾਹਮਣੀ ਗਲੀ ਵਿਚ ਵੜੇ ਸਾਂ। ਮੁੱਖ ਗਲੀ ਲੱਭ ਕੇ ਅਸੀਂ ਅੰਦਰ ਗਏ ਤੇ ਅੰਦਾਜ਼ੇ ਨਾਲ ਮਕੜੀ ਦੇ ਜਾਲ ਵਾਂਗੂੰ ਫੈਲੀਆਂ ਪਰਲ ਬਾਜ਼ਾਰ ਦੀਆਂ ਭੀੜੀਆਂ ਬੀਹੀਆਂ ਦੀ ਛਾਣਬੀਣ ਕਰਦੇ ਰਹੇ ਪਰ ਦੋ ਘੰਟੇ ਬੀਤ ਜਾਣ ਬਾਦ ਵੀ ਸਾਡੇ ਕੁਝ ਪੱਲੇ ਨਾ ਪਿਆ। ਅਸੀਂ ਕਾਫੀ ਦੂਰ ਜਾ ਜਾ ਕੇ ਮੁੜ ਆਉਂਦੇ ਤੇ ਫਿਰ ਪਹਿਲਾਂ ਵਾਲੀ ਥਾਂ ਤੋਂ ਲਭਣਾ ਸ਼ੁਰੂ ਕਰ ਦੇਂਦੇ। ਚਾਰ ਮੀਨਾਰ ਦੀਆਂ ਚਾਰੇ ਸੜਕਾਂ ਇਕੋ ਤਰ੍ਹਾਂ ਦੀਆਂ ਹੋਣ ਕਰਕੇ ਸਾਨੂੰ ਇਹ ਵੀ ਪੱਕਾ ਨਹੀਂ ਸੀ ਕਿ ਅਸੀਂ ਠੀਕ ਪਾਸੇ ਹੀ ਲੱਭ ਰਹੇ ਸਾਂ। ਮੇਰੀ ਪਤਨੀ ਚਿੰਤਾ ਨਾਲ ਬੇਹਾਲ ਹੋ ਰਹੀ ਸੀ।

ਟਾਈਮ ਖਰਾਬ ਹੁੰਦਾ ਦੇਖ ਅਸੀਂ ਦੂਜੇ ਜਿਊਲਰਾਂ ਤੋਂ ਪੁੱਛਣਾ ਸ਼ੁਰੂ ਕਰ ਦਿਤਾ ਕਿ ਉਸ ਸੇਠ ਦੀ ਦੁਕਾਨ ਕਿੱਥੇ ਹੈ ਜੋ ਬੋਲ ਨਹੀਂ ਸਕਦਾ ਪਰ ਕਿਸੇ ਨੇ ਸਾਡੇ ਪੱਲੇ ਕੁਝ ਨਾ ਪਾਇਆ। ਬੇਉਮੀਦੇ ਹੋ ਕੇ ਅਸੀਂ ਮੁੜਨ ਹੀ ਲਗੇ ਸਾਂ ਕਿ ਇਕ ਜਿਊਲਰ ਆਪਣੀ ਦੁਕਾਨ 'ਚੋਂ ਬਾਹਰ ਨਿਕਲਦਾ ਦਿਸਿਆ। ਅਸੀਂ ਰੋਕ ਕੇ ਸਵਾਲ ਦੁਹਰਾਇਆ। ਉਸ ਨੇ ਥੋੜਾ ਰੁਕ ਕੇ ਕਿਹਾ, "ਇਧਰ ਕੋਈ ਨਹੀਂ ਹੈ।" ਮੈਂ ਤਿੜਕ ਕੇ ਕਿਹਾ, "ਯਾਰ ਪਾਂਚ ਚਾਰ ਸਾਲ ਪਹਿਲੇ ਤੋ ਵੋ ਇਧਰ ਹੀ ਥਾ, ਉਸ ਸੇ ਜਿਊਲਰੀ ਲੇ ਕੇ ਗਏ ਥੇ ਹਮ। ਤਬ ਵੋ ਬੋਲਤਾ ਨਹੀਂ ਥਾ।" ਉਹ ਪੈਂਦੀ ਸੱਟੇ ਬੋਲਿਆ "ਯੂੰ ਬੋਲੋ ਨਾ। ਅਬ ਬੋਲਤਾ ਹੈ ਵੋ। ਯਹਾਂ ਸੇ ਛੇ ਸਾਤ ਦੁਕਾਨੇਂ ਆਗੇ ਹੈ ਇਸੀ ਹਾਥ।" ਉਸ ਦੇ ਦਸਣ ਨਾਲ ਸਾਨੂੰ ਪਿਛਲਾ ਨਕਸ਼ਾ ਯਾਦ ਆ ਗਿਆ ਤੇ ਅਸੀਂ ਅਗੇ ਵਧ ਕੇ ਉਸ ਦੀ ਦੁਕਾਨ ਪਛਾਣ ਲਈ।

ਮੱਥੇ 'ਤੇ ਤਿਲਕ ਲਾਈ ਬੈਠਾ ਸੇਠ ਗਾਹਕ ਭੁਗਤਾ ਰਿਹਾ ਸੀ। ਸਾਹਮਣੇ ਪੱਗੜਧਾਰੀ ਖੜਾ ਦੇਖ ਪਹਿਲਾਂ ਚੌਂਕਿਆ ਫਿਰ ਚਿਲਾਇਆ, "ਅਰੇ ਆਪ!" ਅਗੇ ਵਧ ਕੇ ਉਹ ਮੇਰੇ ਪੈਰਾਂ ਨੂੰ ਪੈ ਗਿਆ। ਮੈਂ ਉਸ ਨੂੰ ਥਾਪੜਾ ਦਿਤਾ ਤੇ ਪੁਛਿਆ, "ਬੋਲਨੇ ਲਗੇ ਹੋ? ਪਹਿਚਾਨਾ ਮੁਝੇ?" ਸੇਠ ਕਾਲੀਆਂ ਮੁੱਛਾਂ ਹੇਠੋਂ ਅਹਿਸਾਨਮੰਦੀ ਨਾਲ ਮੁਸਕੁਰਾਇਆ ਤੇ ਬੋਲਿਆ "ਆਪ ਕੋ ਕੈਸੇ ਭੂਲ ਸਕਤਾ ਹੂੰ ਜੀ। ਆਪ ਤੋ ਮੇਰੇ ਲੀਏ ਸਾਈਂ ਬਾਬਾ ਹੈਂ।" ਉਸ ਦੇ ਮੁਲਾਜ਼ਮ, ਜੋ ਖੜੇ ਹੋ ਕੇ ਸਾਡਾ ਇਹਤਰਾਮ ਕਰ ਰਹੇ ਸਨ, ਬੋਲੇ, "ਬਹੁਤ ਯਾਦ ਕਰਤੇ ਹੈਂ ਯੇ ਆਪ ਕੋ।" ਉਨ੍ਹਾਂ ਦਸਿਆ ਕਿ ਦਵਾਈ ਲੈਣ ਤੋਂ ਤਿੰਨ ਦਿਨ ਬਾਦ ਉਸ ਨੂੰ ਬੁਖਾਰ ਚੜ੍ਹਿਆ ਸੀ। ਇਕ ਦਿਨ ਛੁੱਟੀ ਵੀ ਕੀਤੀ। ਅਗਲੇ ਦਿਨ ਜਦੋਂ ਸੌਂ ਕੇ ਸਵੇਰੇ ਉਠਿਆ ਤਾਂ ਬੋਲਣ ਲਗ ਗਿਆ ਸੀ। ਸਭ ਨੇ ਇੱਕਠਿਆਂ ਕਿਹਾ, "ਆਵਾਜ਼ ਜੈਸੇ ਨੀਂਦ ਮੇਂ ਗਈ ਥੀ, ਵੈਸੇ ਹੀ ਨੀਂਦ ਮੇਂ ਵਾਪਸ ਆ ਗਈ।"

ਖੁਸ਼ੀ ਸਾਂਝੀ ਕਰਨ ਤੋਂ ਬਾਦ ਮੈਂ ਝੁਮਕੇ ਬਦਲਣ ਦੀ ਗੱਲ ਕੀਤੀ। ਸੇਠ ਨੇ ਆਪ ਖੁਸ਼ੀ-ਖੁਸ਼ੀ ਅਗੇ ਹੋ ਕੇ ਝੁਮਕਿਆਂ ਦਾ ਇਕ ਵੱਡਾ ਡੱਬਾ ਸਾਡੇ ਅੱਗੇ ਰਖ ਦਿਤਾ। ਮੇਰੀ ਪਤਨੀ ਨੂੰ ਤਾਂ ਇੰਜ ਲਗਿਆ ਜਿਵੇਂ ਉਸ ਦੀ ਖੋਈ ਹੋਈ ਕਾਇਨਾਤ ਮਿਲ ਗਈ ਹੋਵੇ। ਫਰੋਲਾ-ਫਰੋਲੀ ਉਪਰੰਤ ਜਦੋਂ ਉਹ ਇਕ ਜੋੜਾ ਪਸੰਦ ਕਰ ਕੇ ਪਹਿਲਾ ਜੋੜਾ ਸੇਠ ਨੂੰ ਮੋੜਨ ਲੱਗੀ ਤਾਂ ਉਹ ਅਗੋਂ ਬੋਲਿਆ, "ਇਸੇ ਭੀ ਪਾਸ ਰਖੋ, ਜੋ ਔਰ ਪਸੰਦ ਹੈਂ ਵੋ ਭੀ ਉਠਾ ਲੋ।" ਮੇਰੀ ਪਤਨੀ ਦਾ ਜੀਅ ਕੀਤਾ ਕਿ ਦੋ ਚਾਰ ਹੋਰ ਚੁੱਕ ਲਵੇ ਪਰ ਉਸ ਨੇ ਇਕ ਲੈ ਕੇ ਹੀ ਬੱਸ ਕਰ ਦਿਤੀ।

ਮੇਰੇ ਜੋਰ ਲਾਉਣ 'ਤੇ ਵੀ ਸੇਠ ਨੇ ਨਵੇਂ ਝੁਮਕਿਆਂ ਦਾ ਕੋਈ ਪੈਸਾ ਨਾ ਲਿਆ। ਬਸ ਇਹੀ ਕਹਿੰਦਾ ਰਿਹਾ ਕਿ ਉਹ ਕਿਸੇ ਤਰ੍ਹਾਂ ਵੀ ਮੇਰੇ ਉਪਕਾਰ ਦਾ ਬਦਲਾ ਨਹੀਂ ਚੁਕਾ ਸਕਦਾ। ਮੈਂ ਮਨ ਵਿਚ ਕਿਹਾ ਕਿ ਮੇਰਾ ਤਾਂ ਚੁਕਾਇਆ ਗਿਆ ਪਰ ਡਾ. ਹੈਨੀਮਨ ਦੇ ਪਰਉਪਕਾਰ ਦਾ ਅਹਿਸਾਨ ਕਿਵੇਂ ਚੁਕਾਵੇਂਗਾ ਜਿਸ ਦੀ ਕਰਨੀ ਸਦਕਾ ਸੰਸਾਰ ਨੂੰ ਹੋਮਿਓਪੈਥੀ ਦਾ ਉਪਹਾਰ ਮਿਲਿਆ! ਉਹ ਮੈਨੂੰ ਕਈ ਹੋਰ ਮਰੀਜ਼ ਦੇਖਣ ਦੀ ਬੇਨਤੀ ਕਰਦਾ ਰਿਹਾ ਪਰ ਮੈ "ਫਿਰ ਗੇੜਾ ਮਾਰਾਂਗਾ" ਦਾ ਪੰਜਾਬੀ ਵਾਅਦਾ ਕਰ ਕੇ ਚਲਿਆ ਅਇਆ।

ਦਸਣਾ ਨਾ ਭੁਲ ਜਾਵਾਂ, ਹੁਣ ਮੇਰੀ ਪਤਨੀ ਕੋਲ ਹੈਦਰਾਬਾਦੀ ਮੋਤੀ-ਸੈਟ ਨਾਲ ਝੁਮਕਿਆਂ ਦੇ ਦੋ ਜੋੜੇ ਹਨ। ਦੋਹਾਂ ਨੂੰ ਬਦਲ ਕੇ ਪਹਿਨਦੀ ਹੈ। ਕੋਈ ਪੁੱਛੇ ਤਾਂ ਸ਼ਰਾਰਤੀ ਅੰਦਾਜ਼ ਨਾਲ ਕਹਿੰਦੀ ਹੈ, "ਸਾਡੇ ਸਾਈਂ ਬਾਬਾ ਦਾ ਕਮਾਲ ਹੈ!" ਜੇ ਕੋਈ ਬਹੁਤਾ ਖਹਿੜੇ ਪਵੇ ਤਾਂ ਚਸ਼ਮਦੀਦ ਗਵਾਹ ਹੋਣ ਦੇ ਨਾਤੇ ਮੇਰੀ "ਹੱਥ ਦੀ ਸਫਾਈ" ਦੀ ਘਟਨਾ ਦੇ ਪੂਰੇ ਵਰਨਣ ਨਾਲ ਜਾਦੂਮਈ ਰੰਗ ਬੰਨ ਦਿੰਦੀ ਹੈ।

****ਫੋਨ:(408) 821-6898***
e-mail:gosamrao@yahoo.com

### ਕੀ ਦੱਸੋਂਗੇ?

ਜ਼ਬਰ ਜ਼ੁਲਮ ਦਾ ਅੰਤ ਹੋ ਜਾਂਦਾ,
ਹੋ ਜਾਂਦਾ ਆਖਰ ਮਿੱਟੀ,
ਬਲੀ ਦਾਜ ਦੀ ਚੜ੍ਹਨ ਲੱਗੀ ਸੀ,
ਕਿਸੇ ਅੱਖਾਂ ਮੂਹਰੇ ਡਿੱਠੀ।
ਮੈਂ ਕੀ ਮਾੜਾ ਥੋਡਾ ਕੀਤਾ,
ਉਹ ਕਹਿ ਕਹਿ ਜਾਵੇ ਪਿੱਟੀ।
ਧੀਆਂ ਵਰਗੀ ਨੂੰਹ ਕਿਸੇ ਨੇ
ਗੁੱਤੋਂ ਫੜ੍ਹ ਕੇ ਸਿੱਟੀ।
ਨਾ ਮਾਰੋ, ਨਾ ਮਾਰੋ,
ਆਪਣਾ ਹੀ ਘਰ ਪੱਟੋਂਗੇ।
ਵਿਚ ਕਚਹਿਰੀ ਧਰਮਰਾਜ ਦੀ,
ਕੀ ਜਾ ਕੇ ਦੱਸੋਂਗੇ?

ਥੋਡੇ ਵਿਚ ਹੀ ਦਿਸਦਾ ਹੋਣਾ
ਬਾਪ ਦਾ ਸਾਇਆ ਹੈ।
ਡੋਲ੍ਹ ਦਿਓ ਓਏ ਮਿੱਟੀ ਦਾ
ਜੋ ਤੇਲ ਮੰਗਾਇਆ ਹੈ।
ਉਮਰ ਕੈਦ ਹੀ ਹੁੰਦੀ ਹੈ,
ਸਾਰੇ ਜੇਲ੍ਹਾਂ ਕੱਟੋਂਗੇ।

ਲੱਖ ਖੇਤ ਖਰੀਦੀ ਜਾਵੋ,
ਪਰ ਜਿਨ੍ਹਾਂ ਨੇ ਵਾਹੁਣੇ ਨੇ।
ਘਰ ਦੇ ਵਾਰਸ ਹੋਣੇ,
ਇਨ੍ਹਾਂ ਵਿਚ ਦੀ ਆਉਣੇ ਨੇ।
ਫੋਰਡ ਟਰੈਕਟਰ ਉਤੇ ਬੈਠੇ,
ਪੋਤਿਆਂ ਨਾਲ ਹੱਸੋਂਗੇ।

ਕਾਰਾਂ-ਜੀਪਾਂ ਕੀ ਹੁੰਦੀਆਂ,
ਖੇਡ ਕੋਈ ਵੱਡੀ ਨਹੀਂ।
ਇਕ ਵਾਰੀ ਪੁੱਤ ਕਹਿ ਦਿਓ,
ਨੂੰਹ ਲਾਉਂਦੀ ਅੱਡੀ ਨਹੀਂ।
'ਰਾਜ' ਦੀਆਂ ਤੁਸੀਂ ਗੱਲਾਂ
ਇਹ ਚੇਤੇ ਰੱਖੋਂਗੇ।

***-ਰਾਜ ਧਾਲੀਵਾਲ, ਕੈਲੀਫੋਰਨੀਆ***

## ਮੇਰੋ ਸੁੰਦਰ ਕਹਹੁ ਮਿਲੈ ਕਿਤ ਗਲੀ॥

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਦੇਵ ਗੰਧਾਰੀ ਮਹਲਾ 4
ਮੇਰੋ ਸੁੰਦਰ ਕਹਹੁ ਮਿਲੈ ਕਿਤ ਗਲੀ॥
ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥ ਰਹਾਉ॥
ਪ੍ਰਿਅਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਐ ਭਲੀ॥
ਲਟੁਰੀ ਮਧੁਰੀ ਠਾਕੁਰ ਭਾਈ ਉਹ ਸੁੰਦਰ ਹਰਿ ਢੁਲਿ ਮਿਲੀ॥
ਏਕੋ ਪ੍ਰਿਉ ਸਖੀਆ ਸਭ ਪ੍ਰਿਅਕੀ ਜੇ ਭਾਵੈ ਪਿਰ ਸਾ ਭਲੀ॥
ਨਾਨਕ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਣੈ ਤਿਤੁ ਰਾਹਿ ਚਲੀ॥

ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਦਾ ਹੈ ਅਤੇ ਪ੍ਰਭੂ ਮਿਲਾਪ ਲਈ ਵਿਆਕੁਲ ਜੀਵ ਆਤਮਾ ਦੀ ਬਿਹਬਲਤਾ ਨੂੰ ਦਰਸਾਉਂਦਾ ਹੈ।

ਗੁਰੂ ਜੀ ਅਭਿਲਾਖੀ ਆਤਮਾ ਦੀ ਤੜਪ ਪ੍ਰਗਟਾਉਂਦਿਆਂ ਫਰਮਾਉਂਦੇ ਹਨ, ਹੇ ਪ੍ਰਭੂ ਦੇ ਪਿਆਰੇ ਸੰਤ ਜਨੋ, ਮੈਨੂੰ ਦੱਸੋ ਮੇਰਾ ਪ੍ਰਭੂ ਪ੍ਰੀਤਮ ਕਿਹੜੀ ਗਲੀ ਵਿਚ ਮਿਲੇਗਾ। ਉਸ ਗਲੀ ਦਾ ਰਸਤਾ ਮੈਨੂੰ ਭੀ ਦੱਸ ਦਿਓ ਤਾਂ ਕਿ ਮੈਂ ਤੁਹਾਡੇ ਪਿਛੇ ਪਿਛੇ ਤੁਰੀ ਆਵਾਂ ਅਤੇ ਉਸ ਸੋਹਣੇ ਪ੍ਰੀਤਮ ਦੇ ਦੀਦਾਰ ਕਰ ਸਕਾਂ।

ਪ੍ਰਿਅਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਐ ਭਲੀ॥
ਲਟੁਰੀ ਮਧੁਰੀ ਠਾਕੁਰ ਭਾਈ ਉਹ ਸੁੰਦਰ ਹਰਿ ਢੁਲਿ ਮਿਲੀ॥

ਗੁਰੂ ਜੀ ਫਰਮਾਉਂਦੇ ਹਨ, ਹੇ ਭਾਈ, ਜਦੋਂ ਇਸ ਜੀਵ ਰੂਪੀ ਇਸਤਰੀ ਨੂੰ ਉਸ ਪ੍ਰਭੂ ਦੀ ਸਿਫਤ ਸਾਲਾਹ ਮਿੱਠੀ ਅਤੇ ਅੰਮ੍ਰਿਤਮਈ ਲਗਦੀ ਹੈ ਅਤੇ ਜਦ ਇਹ ਮਿੱਠੇ ਬਚਨ ਹਿਰਦੇ ਵਿਚ ਵਸ ਜਾਂਦੇ ਹਨ ਤਾਂ ਜੀਵ ਰੂਪੀ ਇਸਤਰੀ ਦੀ ਤੋਰ ਭੀ ਸਹਿਜ ਅਵਸਥਾ ਵਾਲੀ ਬਣ ਜਾਂਦੀ ਹੈ। ਫਿਰ ਇਹ ਹੀ ਜੀਵ ਰੂਪੀ ਇਸਤਰੀ ਜਿਸ ਦੀਆਂ ਲਟਾਂ ਭੀ ਖਿਲਰੀਆਂ ਹੋਈਆਂ ਹਨ ਅਤੇ ਜੋ ਮਧੁਰੀ ਭਾਵ ਛੋਟੇ ਜਿਹੇ ਕੱਦ ਵਾਲੀ ਸੀ ਤੇ ਦੇਖਣ ਨੂੰ ਵੀ ਸੋਹਣੀ ਨਹੀਂ ਸੀ, ਹੁਣ ਉਹ ਜਦੋਂ ਦੀ ਨਾਮ ਰੰਗਣ ਵਿਚ ਰੰਗੀ ਗਈ ਹੈ ਆਪਣੇ ਮਾਲਕ ਪ੍ਰਭੂ ਨੂੰ ਭੀ ਪਿਆਰੀ ਲੱਗਣ ਲੱਗ ਪਈ ਹੈ ਕਿਉਂਕਿ ਹੁਣ ਉਹ ਜੀਵ ਆਤਮਾ ਆਪਣੇ ਪ੍ਰਭੂ ਨੂੰ ਭਾ ਗਈ ਹੈ ਅਤੇ ਪ੍ਰਭੂ ਉਸ 'ਤੇ ਮਿਹਰਬਾਨ ਹਨ।

ਏਕੋ ਪ੍ਰਿਉ ਸਖੀਆ ਸਭ ਪ੍ਰਿਅਕੀ ਜੇ ਭਾਵੈ ਪਿਰ ਸਾ ਭਲੀ॥
ਨਾਨਕ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਣੈ ਤਿਤੁ ਰਾਹਿ ਚਲੀ॥

ਅਰਥਾਤ, ਹੇ ਸਖੀ, ਉਹ ਇਕ ਪਰਮਾਤਮਾ ਹੀ ਸਭ ਦਾ ਮਾਲਕ ਖਸਮ ਹੈ ਅਤੇ ਸਾਰੀਆਂ ਜੀਵ ਰੂਪੀ ਇਸਤਰੀਆਂ ਉਸ ਪ੍ਰਭੂ ਦੀਆਂ ਸਖੀਆਂ ਹਨ ਪਰ ਉਨ੍ਹਾਂ ਵਿਚੋਂ ਵੀ ਜੋ ਪ੍ਰਭੂ ਨੂੰ ਚੰਗੀ ਲੱਗਦੀ ਹੈ ਉਹੋ ਹੀ ਭਾਗਵਾਨ ਹੈ। ਵਿਚਾਰੇ ਗਰੀਬ ਨਾਨਕ ਦੇ ਹੱਥ ਵੱਸ ਕੁਝ ਨਹੀਂ, ਜਿਸ ਜੀਵ ਆਤਮਾ ਤੇ ਉਹ ਮਾਲਕ ਕ੍ਰਿਪਾ ਕਰੇਗਾ ਉਹ ਜੀਵ ਆਤਮਾ ਪ੍ਰਭੂ ਮਿਲਾਪ ਲਈ ਨੇਕ ਰਸਤੇ 'ਤੇ ਤੁਰ ਕੇ ਪ੍ਰਭੂ ਮਿਲਾਪ ਦੀ ਪ੍ਰਾਪਤੀ ਕਰ ਸਕਦੀ ਹੈ।

***-ਸੁਰਜੀਤ ਕੌਰ ਸੈਕਰਾਮੈਂਟੋ, ਫੋਨ:916-687-3536***

## ਪੁਰਾਣਾ ਮਾਖਿਓਂ

*'ਪੰਜਾਬ ਟਾਈਮਜ਼' ਦੇ ਹਰਜੀਤ ਸਿੰਘ ਨਾਂ ਦੇ ਇਕ ਪਾਠਕ ਨੇ ਸਆਦਤ ਹਸਨ ਮੰਟੋ ਦੀ ਸ੍ਰੀ ਰਾਜਿੰਦਰ ਸਿੰਘ ਬੇਦੀ ਤੇ ਦੇਵਿੰਦਰ ਸਤਿਆਰਥੀ ਬਾਰੇ ਲਿਖੀ ਇਕ ਵਿਅੰਗਾਤਮਕ ਕਹਾਣੀ ਲੱਭ ਕੇ ਪਰਚੇ ਵਿਚ ਪ੍ਰਕਾਸ਼ਤ ਕਰਨ ਲਈ ਸਾਨੂੰ ਆਖਿਆ ਸੀ। ਅਸੀਂ 6 ਮਹੀਨੇ ਦੀ ਭਾਲ ਤੋਂ ਬਾਅਦ ਮੰਟੋ ਦੀ ਲਿਖੀ ਇਹ ਕਹਾਣੀ ਲਭ ਕੇ ਪ੍ਰਕਾਸ਼ਤ ਕਰ ਰਹੇ ਹਾਂ। ਲਾਹੌਰ ਦੇ ਅਦਬੀ ਹਲਕਿਆਂ ਵਿਚ ਇਕ ਘਟਨਾ ਵਾਪਰੀ ਸੀ ਜਿਹੜੀ ਛੇਤੀ ਹੀ ਪੂਰੇ ਹਿੰਦੋਸਤਾਨ ਵਿਚ ਚਰਚਾ ਦਾ ਵਿਸ਼ਾ ਬਣ ਗਈ। ਹੋਇਆ ਇਹ ਕਿ ਉਰਦੂ ਦੇ ਨਾਮਵਰ ਕਹਾਣੀਕਾਰ ਸਆਦਤ ਹਸਨ ਮੰਟੋ ਨੇ ਇਕ ਕਹਾਣੀ ਲਿਖੀ 'ਤਰੱਕੀਪਸੰਦ' ਜਿਸ ਵਿਚ ਰਾਜਿੰਦਰ ਸਿੰਘ ਬੇਦੀ ਤੇ ਦੇਵਿੰਦਰ ਸਤਿਆਰਥੀ ਨੂੰ ਮਜ਼ਾਕ ਦਾ ਮੌਜੂ ਬਣਾਇਆ ਗਿਆ ਸੀ। ਰਾਜਿੰਦਰ ਸਿੰਘ ਬੇਦੀ ਤਾਂ ਕਲਮ ਦੀਆਂ ਤਿੱਖੀਆਂ ਚੋਭਾਂ ਸ਼ਾਇਦ ਸਹਿ ਗਿਆ ਪਰ ਦੇਵਿੰਦਰ ਸਤਿਆਰਥੀ ਨੇ ਨਹਿਲੇ 'ਤੇ ਦਹਿਲਾ ਮਾਰਦਿਆਂ ਇਕ ਕਹਾਣੀ ਲਿਖੀ 'ਨਏ ਦੇਵਤਾ'। ਮੰਟੋ ਤੜਫ ਉਠਿਆ ਤੇ ਲੱਗਾ ਹਰ ਮਹਿਫਲ ਵਿਚ ਸਤਿਆਰਥੀ ਨੂੰ ਗਾਲ੍ਹਾਂ ਕੱਢਣ। ਸਤਿਆਰਥੀ ਬਹੁਤ ਦੇਰ ਕਿਸੇ ਨਾਲ ਨਾਰਾਜ਼ ਨਹੀਂ ਸੀ ਰਹਿ ਸਕਦਾ ਸੋ ਲੱਗਾ ਸੁਲਾਹ ਸਫਾਈ ਲਈ ਤਰਲੋਮੱਛੀ ਹੋਣ ਤੇ ਅਖੀਰ ਦੋਸਤਾਂ ਨੇ ਸ਼ਰਾਬ ਦੇ ਜਾਮ ਟਕਰਵਾ ਕੇ ਜੱਫੀਆਂ ਪੁਆ ਦਿੱਤੀਆਂ। ਫਿਰ ਮੰਟੋ ਦੀ ਮੌਤ ਮਗਰੋਂ ਸਤਿਆਰਥੀ ਨੇ ਲੇਖ-ਨੁਮਾ ਕਹਾਣੀ ਲਿਖੀ- "ਮੰਟੋ ਮੇਰਾ ਹਮ-ਪਿਆਲਾ"। -ਸੰਪਾਦਕ*




**ਸਆਦਤ ਹਸਨ ਮੰਟੋ**

ਜੋਗਿੰਦਰ ਸਿੰਘ ਦੀਆਂ ਕਹਾਣੀਆਂ ਜਦੋਂ ਲੋਕਪ੍ਰਿਯ ਹੋਣ ਲੱਗੀਆਂ ਤਾਂ ਉਹਦੇ ਮਨ ਵਿਚ ਇਹ ਇੱਛਾ ਪੈਦਾ ਹੋਈ ਕਿ ਉਹ ਉਘੇ ਸਾਹਿਤਕਾਰਾਂ ਅਤੇ ਸ਼ਾਇਰਾਂ ਨੂੰ ਆਪਣੇ ਘਰ ਬੁਲਾਏ ਅਤੇ ਉਨ੍ਹਾਂ ਦੀ ਦਾਅਵਤ ਕਰੇ। ਉਹਦਾ ਖਿਆਲ ਸੀ ਕਿ ਉਹਦੀ ਸ਼ੁਹਰਤ ਤੇ ਲੋਕਪ੍ਰਿਅਤਾ ਹੋਰ ਵੀ ਵਧੇਰੇ ਹੋ ਜਾਵੇਗੀ।

ਜੋਗਿੰਦਰ ਸਿੰਘ ਨੂੰ ਆਪਣੀ ਰਚਨਾ ਬਾਰੇ ਬੜੀ ਖੁਸ਼ਫਹਿਮੀ ਸੀ। ਮਸ਼ਹੂਰ ਸਾਹਿਤਕਾਰਾਂ ਤੇ ਸ਼ਾਇਰਾਂ ਨੂੰ ਆਪਣੇ ਘਰ ਬੁਲਾ ਕੇ ਅਤੇ ਉਨ੍ਹਾਂ ਦੀ ਆਉਭਗਤ ਕਰਕੇ ਜਦੋਂ ਉਹ ਆਪਣੀ ਪਤਨੀ ਅੰਮ੍ਰਿਤ ਕੌਰ ਕੋਲ ਬਹਿੰਦਾ ਤਾਂ ਕੁਝ ਚਿਰ ਲਈ ਬਿਲਕੁਲ ਹੀ ਭੁੱਲ ਜਾਂਦਾ ਕਿ ਉਹਦਾ ਕੰਮ ਡਾਕਖਾਨੇ ਵਿਚ ਚਿੱਠੀਆਂ ਦੀ ਦੇਖਭਾਲ ਕਰਨਾ ਹੈ। ਆਪਣੀ ਤਿੰਨ ਗਜ਼ ਦੀ ਪਟਿਆਲਾ ਫੈਸ਼ਨ ਦੀ ਰੰਗੀ ਹੋਈ ਪਗੜੀ ਲਾਹ ਕੇ ਜਦੋਂ ਉਹ ਇਕ ਪਾਸੇ ਧਰ ਦਿੰਦਾ ਤਾਂ ਉਹਨੂੰ ਮਹਿਸੂਸ ਹੁੰਦਾ ਕਿ ਉਹਦੇ ਲੰਮੇ-ਲੰਮੇ ਕਾਲੇ ਕੇਸਾਂ ਹੇਠ ਜਿਹੜਾ ਛੋਟਾ ਜਿਹਾ ਸਿਰ ਛੁਪਿਆ ਹੋਇਆ ਹੈ ਉਹਦੇ ਵਿਚ ਅੱਗੇ-ਵਧੂ ਸਾਹਿਤ ਕੁੱਟ ਕੁੱਟ ਕੇ ਭਰਿਆ ਪਿਆ ਹੈ। ਇਸ ਅਹਿਸਾਸ ਨਾਲ ਉਹਦੇ ਦਿਲ ਤੇ ਦਿਮਾਗ ਵਿਚ ਹਉਂ ਦੀ ਇਕ ਅਜੀਬ ਜਿਹੇ ਮਹੱਤਵ ਵਾਲੀ ਭਾਵਨਾ ਪੈਦਾ ਹੋ ਜਾਂਦੀ ਤੇ ਉਹ ਇਹ ਸਮਝਦਾ ਕਿ ਦੁਨੀਆਂ ਵਿਚ ਜਿੰਨੇ ਕਹਾਣੀਕਾਰ ਤੇ ਨਾਵਲਕਾਰ ਹਨ, ਸਾਰੇ ਦੇ ਸਾਰੇ ਉਹਦੇ ਨਾਲ ਬੜੇ ਹੀ ਮਿੱਠੇ ਜਿਹੇ ਰਿਸ਼ਤੇ ਵਿਚ ਬੱਧੇ ਹੋਏ ਹਨ।

ਅੰਮ੍ਰਿਤ ਕੌਰ ਦੀ ਸਮਝ ਵਿਚ ਇਹ ਗੱਲ ਨਹੀਂ ਸੀ ਆਉਂਦੀ ਕਿ ਉਹਦਾ ਪਤੀ ਲੋਕਾਂ ਨੂੰ ਸੱਦਾ ਭੇਜਣ ਵੇਲੇ ਹਰ ਵਾਰ ਇਹ ਕਿਉਂ ਆਖਦਾ ਹੈ: 'ਅੰਮ੍ਰਿਤ, ਇਹ ਜਿਹੜੇ ਅੱਜ ਚਾਹ 'ਤੇ ਆ ਰਹੇ ਨੇ, ਹਿੰਦੁਸਤਾਨ ਦੇ ਵੱਡੇ ਸ਼ਾਇਰ ਹਨ... ਸਮਝ ਗਈ, ਨਾ? ਵੇਖੀਂ, ਇਨ੍ਹਾਂ ਦੀ ਆਉਭਗਤ ਤੇ ਖਾਤਰਦਾਰੀ ਵਿਚ ਕੋਈ ਕਸਰ ਨਾ ਰਹਿ ਜਾਵੇ।'

ਆਉਣ ਵਾਲਾ ਕਦੇ ਹਿੰਦੁਸਤਾਨ ਦਾ ਵੱਡਾ ਸ਼ਾਇਰ ਹੁੰਦਾ ਜਾਂ ਬੜਾ ਵੱਡਾ ਕਹਾਣੀਕਾਰ। ਇਸ ਤੋਂ ਘੱਟ ਦਰਜੇ ਵਾਲੇ ਆਦਮੀ ਨੂੰ ਤਾਂ ਉਹ ਕਦੇ ਬੁਲਾਉਂਦਾ ਹੀ ਨਹੀਂ ਸੀ-ਦਾਅਵਤ ਵੇਲੇ ਉਚੀਆਂ ਉਚੀਆਂ ਸੁਰਾਂ ਵਿਚ ਗੱਲਾਂ ਹੁੰਦੀਆਂ, ਜਿਹਦਾ ਮਤਲਬ ਉਹ ਅੱਜ ਤੱਕ ਨਹੀਂ ਸਮਝ ਸਕੀ ਸੀ। ਗੱਲਾਂਬਾਤਾਂ ਦੇ ਦੌਰਾਨ 'ਤਰੱਕੀਪਸੰਦ' ਦਾ ਜ਼ਿਕਰ ਆਮ ਤੌਰ 'ਤੇ ਹੁੰਦਾ ਸੀ। ਇਸ 'ਤਰੱਕੀਪਸੰਦੀ' ਦਾ ਮਤਲਬ ਅੰਮ੍ਰਿਤ ਕੌਰ ਨੂੰ ਮਲੂਮ ਨਹੀਂ ਸੀ।

ਇਕ ਵਾਰ ਜੋਗਿੰਦਰ ਸਿੰਘ ਇਕ ਬੜੇ ਵੱਡੇ ਕਹਾਣੀਕਾਰ ਨੂੰ ਚਾਹ ਪਿਲਾ ਕੇ ਵਿਹਲਾ ਹੋ ਅੰਦਰ ਰਸੋਈ ਵਿਚ ਆ ਕੇ ਬੈਠਾ ਤਾਂ ਅੰਮ੍ਰਿਤ ਨੇ ਪੁੱਛਿਆ, "ਇਹ ਮੋਈ 'ਤਰੱਕੀਪਸੰਦੀ' ਕੀ ਏ?" ਜੋਗਿੰਦਰ ਸਿੰਘ ਨੇ ਪਗੜੀ ਸਣੇ ਆਪਣੇ ਸਿਰ ਨੂੰ ਸਹਿਜੇ ਜਿਹੇ ਹਿਲਾਇਆ ਤੇ ਕਿਹਾ, "ਤਰੱਕੀਪਸੰਦੀ? ਇਹਦਾ ਮਤਲਬ ਤੂੰ ਤੁਰੰਤ ਹੀ ਨਹੀਂ ਸਮਝ ਸਕਣ ਲੱਗੀ। 'ਤਰੱਕੀਪਸੰਦ' ਉਹਨੂੰ ਆਖਦੇ ਹਨ ਜੋ ਤਰੱਕੀ ਨੂੰ ਪਸੰਦ ਕਰੇ। ਇਹ ਸ਼ਬਦ ਫਾਰਸੀ ਦਾ ਹੈ ਤੇ ਅੰਗ੍ਰੇਜ਼ੀ ਵਿਚ 'ਤਰੱਕੀਪਸੰਦ' ਨੂੰ 'ਪ੍ਰੋਗ੍ਰੈਸਿਵ' ਕਹਿੰਦੇ ਹਨ। ਉਹ ਕਹਾਣੀਕਾਰ ਜੋ ਕਹਾਣੀਆਂ ਵਿਚ ਤਰੱਕੀ ਚਾਹੁੰਦੇ ਹਨ, ਉਨ੍ਹਾਂ ਨੂੰ ਤਰੱਕੀਪਸੰਦ ਜਾਂ ਅਗੇਵਧੂ ਕਹਾਣੀਕਾਰ ਸੱਦੇਂਦੇ ਹਨ। ਇਸ ਵੇਲੇ ਹਿੰਦੋਸਤਾਨ ਵਿਚ ਸਿਰਫ ਤਿੰਨ-ਚਾਰ ਤਰੱਕੀਪਸੰਦ ਕਹਾਣੀਕਾਰ ਹਨ ਜਿਨ੍ਹਾਂ ਵਿਚ ਮੇਰਾ ਨਾਂ ਵੀ ਸ਼ਾਮਿਲ ਹੈ।

ਜੋਗਿੰਦਰ ਸਿੰਘ ਦੀ ਆਦਤ ਸੀ ਕਿ ਉਹ ਅੰਗ੍ਰੇਜ਼ੀ ਸ਼ਬਦਾਂ ਨਾਲ ਆਪਣੇ ਵਿਚਾਰ ਪ੍ਰਗਟ ਕੀਤਾ ਕਰਦਾ ਸੀ। ਉਹਦੀ ਇਹੀ ਆਦਤ ਹੁਣ ਪੱਕ ਕੇ ਉਹਦਾ ਸੁਭਾਅ ਬਣ ਗਈ ਸੀ। ਇਸ ਲਈ ਉਹ ਬਿਨਾਂ ਝਕੇ ਇਕ ਅਜਿਹੀ ਅੰਗਰੇਜ਼ੀ ਭਾਸ਼ਾ ਵਿਚ ਸੋਚਦਾ ਸੀ ਜਿਹੜੀ ਕੁਝ ਉਘੇ ਅੰਗ੍ਰੇਜ਼ੀ ਨਾਵਲਕਾਰਾਂ ਦੇ ਚੰਗੇ-ਚੰਗੇ ਚੁਸਤ ਫਿਕਰਿਆਂ 'ਤੇ ਆਧਾਰਤ ਸੀ। ਆਮ ਗੱਲਬਾਤ ਵਿਚ ਉਹ 50% ਅੰਗ੍ਰੇਜ਼ੀ ਸ਼ਬਦਾਂ ਅਤੇ ਅੰਗ੍ਰੇਜ਼ੀ ਕਿਤਾਬਾਂ 'ਚੋਂ ਚੁਣੇ ਵਾਕਾਂ ਦੀ ਵਰਤੋਂ ਕਰਦਾ ਸੀ। 'ਅਫਲਾਤੂਨ' ਨੂੰ ਉਹ ਸਦਾ 'ਪਲੇਟੋ' ਕਹਿੰਦਾ ਸੀ। ਇਵੇਂ ਹੀ 'ਅਰਸਤੂ' ਨੂੰ 'ਅਰਾਸਟੋਟਿਲ'। ਡਾ. ਸਿਗਮੰਡ ਫਰਾਇਡ, ਸ਼ੋਪੇਨਹਾਵਰ ਤੇ ਨੀਤਸ਼ੇ ਦੀ ਚਰਚਾ ਉਹ ਆਪਣੀ ਹਰ ਮਹੱਤਵਪੂਰਨ ਗੱਲਬਾਤ ਵਿਚ ਕੀਤਾ ਕਰਦਾ ਸੀ ਅਤੇ ਪਤਨੀ ਨਾਲ ਗੱਲ ਕਰਨ ਵੇਲੇ ਉਹ ਇਸ ਗੱਲ ਦਾ ਖਾਸ ਧਿਆਨ ਰੱਖਦਾ ਸੀ ਕਿ ਗੱਲਬਾਤ ਵਿਚ ਅੰਗ੍ਰੇਜ਼ੀ ਸ਼ਬਦ ਅਤੇ ਇਹ ਫਲਾਸਫੀ ਦਾਖਲ ਨਾ ਹੋਣ।

ਜੋਗਿੰਦਰ ਸਿੰਘ ਤੋਂ ਜਦੋਂ ਉਹਦੀ ਪਤਨੀ ਨੇ ਤਰੱਕੀਪਸੰਦੀ ਦਾ ਮਤਲਬ ਸਮਝਿਆ ਤਾਂ ਉਹਨੂੰ ਬੜੀ ਨਿਰਾਸ਼ਾ ਹੋਈ ਕਿਉਂਕਿ ਉਹਦਾ ਖ਼ਿਆਲ ਸੀ ਕਿ ਤਰੱਕੀਪਸੰਦੀ ਕੋਈ ਬੜੀ ਵੱਡੀ ਚੀਜ਼ ਹੋਵੇਗੀ ਜਿਸ ਬਾਰੇ ਵੱਡੇ-ਵੱਡੇ ਸ਼ਾਇਰ ਤੇ ਕਹਾਣੀਕਾਰ ਉਹਦੇ ਪਤੀ ਨਾਲ ਮਿਲ ਕੇ ਬਹਿਸ ਕਰਦੇ ਰਹਿੰਦੇ ਹਨ ਪਰ ਜਦੋਂ ਉਹਨੇ ਇਹ ਸੋਚਿਆ ਕਿ ਹਿੰਦੋਸਤਾਨ ਵਿਚ ਸਿਰਫ ਤਿੰਨ-ਚਾਰ ਤਰੱਕੀਪਸੰਦ ਕਹਾਣੀਕਾਰ ਹੀ ਹਨ ਤਾਂ ਉਹਦੀਆਂ ਅੱਖਾਂ ਵਿਚ ਚਮਕ ਪੈਦਾ ਹੋ ਗਈ। ਇਹ ਚਮਕ ਵੇਖ ਕੇ ਜੋਗਿੰਦਰ ਸਿੰਘ ਦੇ ਮੁੱਛਾਂ-ਭਰੇ ਬੁਲ੍ਹ, ਇਕ ਦੱਬੀ-ਦੱਬੀ ਜਿਹੀ ਮੁਸਕਰਾਹਟ ਵਿਚ, ਕੰਬੇ, "ਅੰਮ੍ਰਿਤ, ਤੈਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਹਿੰਦੋਸਤਾਨ ਦਾ ਇਕ ਬਹੁਤ ਵੱਡਾ ਆਦਮੀ ਮੈਨੂੰ ਮਿਲਣ ਦਾ ਚਾਹਵਾਨ ਹੈ। ਉਹਨੇ ਮੇਰੀਆਂ ਕਹਾਣੀਆਂ ਪੜ੍ਹੀਆਂ ਹਨ ਤੇ ਬਹੁਤ ਪਸੰਦ ਕੀਤੀਆਂ ਹਨ।"

ਅੰਮ੍ਰਿਤ ਕੌਰ ਨੇ ਪੁੱਛਿਆ, "ਇਹ ਵੱਡਾ ਆਦਮੀ ਕੋਈ ਅਸਲੋਂ ਹੀ ਵੱਡਾ ਆਦਮੀ ਹੈ ਜਾਂ ਤੁਹਾਡੇ ਵਾਂਗ ਸਿਰਫ ਕਹਾਣੀਆਂ ਲਿਖਣ ਵਾਲਾ ਹੈ?"

ਜੋਗਿੰਦਰ ਸਿੰਘ ਨੇ ਜੇਬ ਵਿਚੋਂ ਇਕ ਲਿਫਾਫਾ ਕਢਿਆ ਅਤੇ ਦੂਜੇ ਪੁਠੇ ਹੱਥ ਨਾਲ ਥਪਥਪਾਂਦਿਆਂ ਆਖਿਆ, "ਕਹਾਣੀਕਾਰ ਤਾਂ ਹੈ ਹੀ ਪਰ ਉਹਦੀ ਸਭ ਤੋਂ ਵੱਡੀ ਖੂਬੀ ਜੋ ਉਹਦੀ ਅਮਿੱਟ ਪ੍ਰਸਿੱਧੀ ਦੇ ਪਿੱਛੇ ਮੌਜੂਦ ਹੈ, ਕੁਝ ਹੋਰ ਈ ਏ।"

"ਕਿਹੜੀ ਖੂਬੀ ਏ?"

"ਉਹ ਇਕ ਅਵਾਰਾਗਰਦ ਹੈ।"

"ਅਵਾਰਾਗਰਦ?"

"ਹਾਂ, ਉਹ ਇਕ ਅਵਾਰਾਗਰਦ ਹੈ ਜੀਹਨੇ ਅਵਾਰਾਗਰਦੀ ਨੂੰ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ ਹੈ। ਉਹ ਸਦਾ ਘੁੰਮਦਾ ਰਹਿੰਦਾ ਹੈ, ਕਦੇ ਕਸ਼ਮੀਰ ਦੀਆਂ ਠੰਡੀਆਂ ਘਾਟੀਆਂ ਵਿਚ ਹੁੰਦਾ ਹੈ ਤੇ ਕਦੇ ਮੁਲਤਾਨ ਦੇ ਤਪਦੇ ਮੈਦਾਨਾਂ ਵਿਚ, ਕਦੇ ਲੰਕਾ ਵਿਚ ਤੇ ਕਦੇ ਤਿੱਬਤ ਵਿਚ।"

ਅੰਮ੍ਰਿਤ ਕੌਰ ਦੀ ਦਿਲਚਸਪੀ ਵਧ ਗਈ, "ਪਰ ਉਹ ਕਰਦਾ ਕੀ ਏ?"

"ਉਹ ਗੀਤ ਇਕੱਠੇ ਕਰਦਾ ਏ, ਹਿੰਦੋਸਤਾਨ ਦੇ ਹਰ ਸੂਬੇ ਦੇ ਗੀਤ-ਪੰਜਾਬੀ, ਗੁਜਰਾਤੀ, ਮਰਾਠੀ, ਪਿਸ਼ੌਰੀ, ਕਸ਼ਮੀਰੀ, ਮਾਰਵਾੜੀ, ਹਿੰਦੋਸਤਾਨ ਵਿਚ ਜਿੰਨੀਆਂ ਵੀ ਬੋਲੀਆਂ ਬੋਲੀਆਂ ਜਾਂਦੀਆਂ ਹਨ, ਉਨ੍ਹਾਂ ਦੇ ਜਿੰਨੇ ਵੀ ਗੀਤ ਉਹਨੂੰ ਮਿਲਦੇ ਹਨ, ਉਹ ਇਕੱਠੇ ਕਰ ਲੈਂਦਾ ਹੈ।"

"ਏਨੇ ਗੀਤ ਇਕੱਠੇ ਕਰਕੇ ਉਹ ਕੀ ਕਰੇਗਾ?"

"ਕਿਤਾਬਾਂ ਛਾਪਦਾ ਹੈ, ਲੇਖ ਲਿਖਦਾ ਹੈ ਤਾਂ ਜੁ ਦੂਜੇ ਵੀ ਇਹ ਗੀਤ ਪੜ੍ਹ ਸਕਣ। ਕਈ ਅੰਗ੍ਰੇਜ਼ੀ ਰਸਾਲਿਆਂ ਵਿਚ ਉਹਦੇ ਲੇਖ ਛਪ ਚੁੱਕੇ ਹਨ। ਗੀਤ ਇਕੱਠੇ ਕਰਨਾ ਤੇ ਸਲੀਕੇ ਨਾਲ ਉਨ੍ਹਾਂ ਨੂੰ ਪੇਸ਼ ਕਰਨਾ ਕੋਈ ਮਾਮੂਲੀ ਕੰਮ ਨਹੀਂ। ਉਹ ਬਹੁਤ ਵੱਡਾ ਆਦਮੀ ਹੈ, ਸਮਝੀ, ਬਹੁਤ ਵੱਡਾ ਆਦਮੀ! ਤੇ ਵੇਖ, ਉਹਨੇ ਮੈਨੂੰ, ਕਿਹੋ ਜਿਹਾ ਖਤ ਲਿਖਿਐ।"

ਇਹ ਕਹਿ ਕੇ, ਜੋਗਿੰਦਰ ਸਿੰਘ ਨੇ ਆਪਣੀ ਪਤਨੀ ਨੂੰ ਉਹ ਪੱਤਰ ਪੜ੍ਹ ਕੇ ਸੁਣਾਇਆ ਜਿਹੜਾ ਹਰੇਂਦਰ ਨਾਥ ਤ੍ਰਿਪਾਠੀ ਨੇ ਆਪਣੇ ਪਿੰਡੋਂ ਉਹਨੂੰ ਭੇਜਿਆ ਸੀ। ਉਸ ਪੱਤਰ ਵਿਚ ਹਰੇਂਦਰ ਨਾਥ ਤ੍ਰਿਪਾਠੀ ਨੇ ਬੜੀ ਮਿੱਠੀ ਬੋਲੀ ਵਿਚ ਜੋਗਿੰਦਰ ਸਿੰਘ ਦੀਆਂ ਕਹਾਣੀਆਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਸੀ ਕਿ ਤੁਸੀਂ ਹਿੰਦੋਸਤਾਨ ਦੇ ਤਰੱਕੀਪਸੰਦ ਕਹਾਣੀਕਾਰ ਹੋ। ਇਹ ਵਾਕ ਜੋਗਿੰਦਰ ਸਿੰਘ ਨੇ ਪੜ੍ਹ ਕੇ ਕਿਹਾ, "ਲੈ ਵੇਖ, ਤ੍ਰਿਪਾਠੀ ਸਾਹਿਬ ਵੀ ਲਿਖਦੇ ਨੇ ਕਿ ਮੈਂ ਤਰੱਕੀਪਸੰਦ ਹਾਂ।"

ਜੋਗਿੰਦਰ ਸਿੰਘ ਨੇ ਪੂਰਾ ਪੱਤਰ ਪੜ੍ਹਨ ਪਿਛੋਂ ਇਕ ਦੋ ਛਿਣ ਆਪਣੀ ਪਤਨੀ ਵਲ ਤੱਕਿਆ ਤੇ ਉਹਦਾ ਅਸਰ ਜਾਣਨ ਲਈ ਕਿਹਾ, "ਕਿਉਂ?"

ਅੰਮ੍ਰਿਤ ਕੌਰ ਪਤੀ ਦੀ ਤਿੱਖੀ ਨਜ਼ਰ ਕਾਰਨ ਕੁਝ ਝੇਂਪ ਜਿਹੀ ਗਈ ਤੇ ਮੁਸਕਰਾ ਕੇ ਕਹਿਣ ਲੱਗੀ, "ਮੈਂ ਕੀ ਜਾਣਾਂ! ਵੱਡੇ ਆਦਮੀਆਂ ਦੀਆਂ ਗੱਲਾਂ ਵੱਡੇ ਆਦਮੀ ਹੀ ਸਮਝ ਸਕਦੇ ਨੇ।"

ਜੋਗਿੰਦਰ ਸਿੰਘ ਨੇ ਆਪਣੀ ਪਤਨੀ ਦੀ ਏਸ ਅਦਾ 'ਤੇ ਗਹੁ ਨਹੀਂ ਕੀਤਾ। ਉਹ ਅਸਲ ਵਿਚ ਹਰੇਂਦਰ ਨਾਥ ਤ੍ਰਿਪਾਠੀ ਨੂੰ ਆਪਣੇ ਘਰ ਬੁਲਾਉਣ ਤੇ ਉਹਨੂੰ ਕੁਝ ਦਿਨ ਠਹਿਰਾਉਣ ਬਾਰੇ ਸੋਚ ਰਿਹਾ ਸੀ, "ਅੰਮ੍ਰਿਤ ਮੈਂ ਕਹਿੰਦਾ ਹਾਂ, ਤ੍ਰਿਪਾਠੀ ਸਾਹਿਬ ਨੂੰ ਦਾਅਵਤ ਦੇ ਹੀ ਦਿੱਤੀ ਜਾਵੇ। ਕੀ ਖਿਆਲ ਹੈ ਤੇਰਾ... ਪਰ ਮੈਂ ਸੋਚਦਾ ਇਹ ਹਾਂ ਕਿ ਕੀ ਜਾਣਾਂ, ਉਹ ਕਿਤੇ ਇਨਕਾਰ ਹੀ ਨਾ ਕਰ ਦਏ। ਬਹੁਤ ਵੱਡਾ ਆਦਮੀ ਹੈ। ਹੋ ਸਕਦੈ ਉਹ ਸਾਡੀ ਏਸ ਦਾਅਵਤ ਨੂੰ ਖੁਸ਼ਾਮਦ ਸਮਝੇ।"

ਅਜਿਹੇ ਮੌਕਿਆਂ 'ਤੇ ਉਹ ਪਤਨੀ ਨੂੰ ਆਪਣੇ ਨਾਲ ਸ਼ਾਮਿਲ ਕਰ ਲਿਆ ਕਰਦਾ ਸੀ ਤਾਂ ਜੁ ਦਾਅਵਤ ਦਾ ਭਾਰ ਦੋ ਬੰਦਿਆਂ ਵਿਚ ਵੰਡਿਆ ਜਾਵੇ। ਇਸੇ ਲਈ ਜਦੋਂ ਉਹਨੇ 'ਸਾਡੀ' ਆਖਿਆ ਤਾਂ ਅੰਮ੍ਰਿਤ ਕੌਰ ਨੇ, ਜਿਹੜੀ ਆਪਣੇ ਪਤੀ ਵਾਂਗ ਬਹੁਤ ਭੋਲੀ ਸੀ, ਹਰੇਂਦਰ ਨਾਥ ਤ੍ਰਿਪਾਠੀ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਭਾਵੇਂ ਉਹਦਾ ਨਾਂ ਹੀ ਉਹਦੇ ਲਈ ਸਮਝੋਂ ਬਾਹਰ ਸੀ ਅਤੇ ਇਹ ਗੱਲ ਵੀ ਉਹਦੀ ਸਮਝ ਤੋਂ ਬਾਹਰ ਸੀ ਕਿ ਇਕ ਅਵਾਰਾਗਰਦ, ਗੀਤ ਇਕੱਠੇ ਕਰ ਕੇ, ਕਿਵੇਂ ਬਹੁਤ ਵੱਡਾ ਆਦਮੀ ਬਣ ਸਕਦਾ ਹੈ। ਜਦੋਂ ਉਹਨੂੰ ਇਹ ਦੱਸਿਆ ਗਿਆ ਸੀ ਕਿ ਤ੍ਰਿਪਾਠੀ ਗੀਤ ਇਕੱਠੇ ਕਰਦਾ ਹੈ ਤਾਂ ਉਹਨੂੰ ਆਪਣੇ ਪਤੀ ਦੀ ਇਕ ਗੱਲ ਯਾਦ ਆ ਗਈ ਕਿ ਵਲਾਇਤ ਵਿਚ ਲੋਕ ਤਿਤਲੀਆਂ ਫੜਨ ਦਾ ਕੰਮ ਕਰਦੇ ਹਨ ਤੇ ਇਸ ਤਰ੍ਹਾਂ ਕਾਫੀ ਪੈਸਾ ਕਮਾ ਲੈਂਦੇ ਹਨ। ਇਸੇ ਲਈ ਉਹਦਾ ਇਹ ਖਿਆਲ ਸੀ ਕਿ ਸ਼ਾਇਦ ਤ੍ਰਿਪਾਠੀ ਨੇ ਗੀਤ ਇਕੱਠੇ ਕਰਨ ਦਾ ਕੰਮ ਵਲਾਇਤ ਦੇ ਕਿਸੇ ਆਦਮੀ ਤੋਂ ਸਿੱਖਿਆ ਹੋਵੇਗਾ।

ਜੋਗਿੰਦਰ ਸਿੰਘ ਨੇ ਆਪਣਾ ਸ਼ੱਕ ਪ੍ਰਗਟਾਇਆ, "ਹੋ ਸਕਦੈ ਉਹ ਸਾਡੀ ਏਸ ਦਾਅਵਤ ਨੂੰ ਖੁਸ਼ਾਮਦ ਸਮਝ ਲਏ।"

"ਇਹਦੇ 'ਚ ਖੁਸ਼ਾਮਦ ਦੀ ਕਿਹੜੀ ਗੱਲ ਹੈ? ਹੋਰ ਵੀ ਤਾਂ ਕਈ ਵੱਡੇ ਆਦਮੀ ਸਾਡੇ ਘਰ ਆਉਂਦੇ ਨੇ। ਤੁਸੀਂ ਉਨ੍ਹਾਂ ਨੂੰ ਚਿੱਠੀ ਪਾ ਦਿਓ। ਮੇਰਾ ਖਿਆਲ ਹੈ ਕਿ ਉਹ ਤੁਹਾਡੀ ਦਾਅਵਤ ਜ਼ਰੂਰ ਕਬੂਲ ਕਰ ਲੈਣਗੇ। ਨਾਲੇ ਉਨ੍ਹਾਂ ਨੂੰ ਵੀ ਤਾਂ ਤੁਹਾਨੂੰ ਮਿਲਣ ਦਾ ਬਹੁਤ ਚਾਅ ਹੈ। ਹਾਂ, ਇਹ ਤਾਂ ਦੱਸੋ ਕੀ ਉਨ੍ਹਾਂ ਦੇ ਬਾਲ-ਬੱਚੇ ਹਨ?"

"ਬਾਲ-ਬੱਚੇ!" ਜੋਗਿੰਦਰ ਸਿੰਘ ਉਠਿਆ। ਚਿੱਠੀ ਦਾ ਮਜ਼ਮੂਨ ਅੰਗ੍ਰੇਜ਼ੀ ਭਾਸ਼ਾ ਵਿਚ ਸੋਚਦਿਆਂ ਬੋਲਿਆ, "ਹੋਣਗੇ, ਜ਼ਰੂਰ ਹੋਣਗੇ। ਹਾਂ ਹਨ। ਮੈਂ ਉਨ੍ਹਾਂ ਦੇ ਇਕ ਲੇਖ ਵਿਚ ਪੜ੍ਹਿਆ ਸੀ, ਉਨ੍ਹਾਂ ਦੀ ਪਤਨੀ ਵੀ ਹੈ ਤੇ ਇਕ ਬੱਚੀ ਵੀ।"

ਇਹ ਕਹਿ ਕੇ ਉਹ ਉਠਿਆ, ਚਿੱਠੀ ਦਾ ਮਜ਼ਮੂਨ ਉਹਦੇ ਦਿਮਾਗ ਵਿਚ ਪੂਰਾ ਹੋ ਚੁੱਕਿਆ ਸੀ। ਦੂਜੇ ਕਮਰੇ ਵਿਚ ਜਾ ਕੇ ਉਹਨੇ ਛੋਟੇ ਸਾਈਜ਼ ਦਾ ਉਹ ਪੈਡ ਕਢਿਆ ਜਿਸ ਉਤੇ ਉਹ ਖਾਸ-ਖਾਸ ਆਦਮੀਆਂ ਨੂੰ ਚਿੱਠੀਆਂ ਲਿਖਿਆ ਕਰਦਾ ਸੀ ਅਤੇ ਹਰੇਂਦਰ ਨਾਥ ਤ੍ਰਿਪਾਠੀ ਦੇ ਨਾਂ ਉਰਦੂ ਵਿਚ ਦਾਅਵਤਨਾਮਾ ਲਿਖਿਆ। ਇਹ ਉਸ ਮਜ਼ਮੂਨ ਦਾ ਅਨੁਵਾਦ ਸੀ ਜਿਹੜਾ ਉਹਨੇ ਆਪਣੀ ਪਤਨੀ ਨਾਲ ਗੱਲ ਕਰਨ ਵੇਲੇ ਅੰਗ੍ਰੇਜ਼ੀ ਵਿਚ ਸੋਚਿਆ ਸੀ।

ਤੀਜੇ ਦਿਨ ਹਰੇਂਦਰ ਨਾਥ ਤ੍ਰਿਪਾਠੀ ਦਾ ਉਤਰ ਆ ਗਿਆ। ਜੋਗਿੰਦਰ ਸਿੰਘ ਨੇ ਧੜਕਦੇ ਦਿਲ ਨਾਲ ਲਫਾਫਾ ਖੋਲ੍ਹਿਆ। ਜਦੋਂ ਪੜ੍ਹਿਆ ਕਿ ਉਹਦੀ ਦਾਅਵਤ ਮਨਜ਼ੂਰ ਕਰ ਲਈ ਗਈ ਹੈ, ਉਹਦਾ ਦਿਲ ਹੋਰ ਵੀ ਤੇਜ਼ ਧੜਕਣ ਲੱਗਾ। ਪਤਨੀ ਅੰਮ੍ਰਿਤ ਕੌਰ ਧੁੱਪੇ ਆਪਣੇ ਛੋਟੇ ਬੱਚੇ ਦੇ ਕੇਸਾਂ ਵਿਚ ਦਹੀਂ ਪਾ ਕੇ ਮਲ ਰਹੀ ਸੀ ਕਿ ਉਹ ਲਫ਼ਾਫ਼ਾ ਫੜੀ ਉਹਦੇ ਕੋਲ ਆਇਆ।

"ਉਨ੍ਹਾਂ ਨੇ ਸਾਡੀ ਦਾਅਵਤ ਕਬੂਲ ਕਰ ਲਈ ਹੈ। ਲਿਖਦੇ ਨੇ ਕਿ ਉਹ ਲਾਹੌਰ ਵੈਸੇ ਵੀ ਕਿਸੇ ਜ਼ਰੂਰੀ ਕੰਮ ਆ ਰਹੇ ਸਨ। ਆਪਣੀ ਨਵੀਂ ਕਿਤਾਬ ਛਪਵਾਉਣਾ ਚਾਹੁੰਦੇ ਸਨ। ਤੇ ਹਾਂ, ਉਨ੍ਹਾਂ ਨੇ ਤੈਨੂੰ ਪ੍ਰਣਾਮ ਲਿਖਿਆ ਏ।"

ਅੰਮ੍ਰਿਤ ਕੌਰ ਨੂੰ ਇਸ ਖਿਆਲ ਤੋਂ ਬਹੁਤ ਖੁਸ਼ੀ ਹੋਈ ਕਿ ਏਡੇ ਵੱਡੇ ਆਦਮੀ ਨੇ ਜਿਸ ਦਾ ਕੰਮ ਗੀਤ ਇਕੱਠੇ ਕਰਨਾ ਹੈ, ਉਹਨੂੰ 'ਪ੍ਰਣਾਮ' ਭੇਜਿਆ ਹੈ। ਉਹਨੇ ਮਨ ਹੀ ਮਨ ਵਿਚ ਵਾਹਿਗੁਰੂ ਦਾ ਧੰਨਵਾਦ ਕੀਤਾ ਕਿ ਉਹਦਾ ਵਿਆਹ ਅਜਿਹੇ ਆਦਮੀ ਨਾਲ ਹੋਇਆ ਹੈ ਜਿਸ ਨੂੰ ਹਿੰਦੋਸਤਾਨ ਦਾ ਹਰ ਵੱਡਾ ਆਦਮੀ ਜਾਣਦਾ ਹੈ।

ਸਿਆਲ ਦੀ ਰੁੱਤ ਸੀ, ਦਸੰਬਰ ਦੇ ਪਹਿਲੇ ਦਿਨ ਸਨ।

ਜੋਗਿੰਦਰ ਸਿੰਘ ਸਵੇਰੇ ਸਤ ਵਜੇ ਜਾਗਿਆ ਪਰ ਦੇਰ ਤਕ ਬਿਸਤਰੇ ਵਿਚ ਹੀ ਅੱਖਾਂ ਖੋਹਲੀਂ ਲੰਮਾ ਪਿਆ ਰਿਹਾ-ਉਹਦੀ ਪਤਨੀ ਅੰਮ੍ਰਿਤ ਕੌਰ ਤੇ ਉਹਦਾ ਬੱਚਾ-ਦੋਵੇਂ ਰਜਾਈ ਵਿਚ ਲਿਪਟੇ ਲਾਗਲੇ ਮੰਜੇ ਉਤੇ ਪਏ ਸਨ।

ਜੋਗਿੰਦਰ ਸਿੰਘ ਸੋਚਣ ਲੱਗਿਆ, 'ਤ੍ਰਿਪਾਠੀ ਸਾਹਬ ਨੂੰ ਮਿਲ ਕੇ ਕੇਡੀ ਖੁਸ਼ੀ ਹੋਵੇਗੀ। ਖੁਦ ਤ੍ਰਿਪਾਠੀ ਸਾਹਬ ਵੀ ਉਹਨੂੰ ਮਿਲ ਕੇ ਬਹੁਤ ਪ੍ਰਸੰਨ ਹੋਣਗੇ ਕਿਉਂ ਜੁ ਉਹ ਹਿੰਦੋਸਤਾਨ ਦਾ ਨੌਜਵਾਨ ਕਹਾਣੀਕਾਰ ਅਤੇ ਤਰੱਕੀਪਸੰਦ ਲੇਖਕ ਹੈ, ਤ੍ਰਿਪਾਠੀ ਸਾਹਿਬ ਨਾਲ ਉਹ ਹਰ ਵਿਸ਼ੇ ਉਤੇ ਗੱਲਬਾਤ ਕਰੇਗਾ, ਗੀਤਾਂ 'ਤੇ, ਪੇਂਡੂ ਬੋਲੀਆਂ 'ਤੇ, ਕਹਾਣੀਆਂ 'ਤੇ ਅਤੇ ਤਾਜ਼ਾ ਜੰਗੀ ਹਾਲਾਤ 'ਤੇ। ਉਹ ਉਨ੍ਹਾਂ ਨੂੰ ਦੱਸੇਗਾ ਕਿ ਇਕ ਕਲਰਕ ਹੁੰਦਿਆਂ ਵੀ ਉਹ ਕਿਵੇਂ ਵਧੀਆ ਕਹਾਣੀਕਾਰ ਬਣ ਸਕਿਆ। ਕੀ ਇਹ ਅਜੀਬ ਗੱਲ ਨਹੀਂ ਕਿ ਡਾਕਖਾਨੇ ਵਿਚ ਚਿੱਠੀਆਂ ਦੀ ਦੇਖਭਾਲ ਕਰਨ ਵਾਲਾ ਬੰਦਾ ਕਲਾਕਾਰ ਹੋਵੇ।

ਜੋਗਿੰਦਰ ਸਿੰਘ ਨੂੰ ਇਸ ਗੱਲ ਦਾ ਬੜਾ ਮਾਣ ਸੀ ਕਿ ਡਾਕਖਾਨੇ ਵਿਚ ਮਜ਼ਦੂਰਾਂ ਵਾਂਗ-ਛੇ-ਸਤ ਘੰਟੇ ਕੰਮ ਕਰਨ ਪਿੱਛੋਂ ਵੀ ਉਹ ਏਨਾ ਵਕਤ ਕੱਢ ਲੈਂਦਾ ਹੈ ਕਿ ਇਕ ਮਾਸਕ ਰਸਾਲਾ ਸੰਪਾਦਤ ਕਰਦਾ ਹੈ ਅਤੇ ਦੋ-ਤਿੰਨ ਰਸਾਲਿਆਂ ਲਈ ਹਰ ਹਫਤੇ ਜਿਹੜੇ ਲੰਬੇ ਲੰਬੇ ਪੱਤਰ ਲਿਖੇ ਜਾਂਦੇ ਹਨ, ਉਹ ਵੱਖਰੇ। ਦੇਰ ਤਕ ਬਿਸਤਰੇ ਵਿਚ ਪਿਆ ਉਹ ਹਰੇਂਦਰ ਨਾਥ ਤ੍ਰਿਪਾਠੀ ਨਾਲ ਆਪਣੀ ਪਹਿਲੀ ਮੁਲਾਕਾਤ ਲਈ ਮਨ ਵਿਚ ਤਿਆਰੀਆਂ ਕਰਦਾ ਰਿਹਾ।

ਜੋਗਿੰਦਰ ਸਿੰਘ ਨੇ ਹਰੇਂਦਰ ਨਾਥ ਤ੍ਰਿਪਾਠੀ ਦੀਆਂ ਕਹਾਣੀਆਂ ਤੇ ਲੇਖ ਪੜ੍ਹੇ ਹੋਏ ਸਨ, ਉਹਦੀ ਫੋਟੋ ਵੇਖ ਕੇ ਉਹ ਆਮ ਤੌਰ 'ਤੇ ਇਹ ਮਹਿਸੂਸ ਕਰਦਾ ਸੀ ਕਿ ਉਹਨੇ ਉਸ ਬੰਦੇ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ। ਪਰ ਹਰੇਂਦਰ ਨਾਥ ਤ੍ਰਿਪਾਠੀ ਦੇ ਮਾਮਲੇ ਵਿਚ ਉਹਨੂੰ ਆਪਣੇ ਉੱਤੇ ਭਰੋਸਾ ਨਹੀਂ ਸੀ। ਉਹ ਆਖਦਾ ਸੀ ਕਿ ਹਰੇਂਦਰ ਨਾਥ ਤ੍ਰਿਪਾਠੀ ਉਹਦੇ ਲਈ ਬਿਲਕੁਲ ਅਜਨਬੀ ਹੈ-ਜੋਗਿੰਦਰ ਸਿੰਘ ਦੇ ਕਹਾਣੀਕਾਰ ਦਿਮਾਗ ਵਿਚ ਕਈ ਵਾਰ ਹਰੇਂਦਰ ਨਾਥ ਤ੍ਰਿਪਾਠੀ ਇਕ ਅਜਿਹੇ ਆਦਮੀ ਦੇ ਰੂਪ ਵਿਚ ਸਾਹਮਣੇ ਆਉਂਦਾ ਜੀਹਨੇ ਕੱਪੜਿਆਂ ਦੀ ਥਾਂ ਆਪਣੇ ਪਿੰਡੇ ਉਤੇ ਕਾਗਜ਼ ਲਪੇਟੇ ਹੋਏ ਹੋਣ, ਤੇ ਜਦੋਂ ਉਹ ਕਾਗਜ਼ਾਂ ਬਾਰੇ ਸੋਚਦਾ ਤਾਂ ਉਹਨੂੰ ਅਨਾਰਕਲੀ ਦੀ ਉਹ ਕੰਧ ਯਾਦ ਆ ਜਾਂਦੀ, ਜਿਸ ਉਤੇ ਸਿਨਮੇ ਦੇ ਇਸ਼ਤਿਹਾਰ ਏਡੀ ਵੱਡੀ ਗਿਣਤੀ ਵਿਚ ਇਕ ਦੂਜੇ 'ਤੇ ਚਿਪਕੇ ਹੋਏ ਸਨ ਕਿ ਕੰਧ ਉਪਰ ਇਕ ਹੋਰ ਕੰਧ ਬਣ ਗਈ ਸੀ। ਬਿਸਤਰੇ ਵਿਚ ਪਿਆ ਉਹ ਦੇਰ ਤਕ ਸੋਚਦਾ ਰਿਹਾ ਕਿ ਜੇ ਹਰੇਂਦਰ ਨਾਥ ਤ੍ਰਿਪਾਠੀ ਅਜਿਹਾ ਹੀ ਆਦਮੀ ਹੋਇਆ ਤਾਂ ਉਹਨੂੰ ਸਮਝ ਸਕਣਾ ਬੜਾ ਹੀ ਮੁਸ਼ਕਲ ਹੋਵੇਗਾ। ਪਰ ਫੇਰ ਉਹਨੂੰ ਆਪਣੀ ਸਿਆਣਪ ਦਾ ਖਿਆਲ ਆਇਆ, ਤੇ ਉਹਦੀਆਂ ਮੁਸ਼ਕਲਾਂ ਆਸਾਨ ਹੋ ਗਈਆਂ ਤੇ ਉਹ ਉਠ ਕੇ ਉਸ ਦੇ ਸਵਾਗਤ ਦੀਆਂ ਤਿਆਰੀਆਂ ਵਿਚ ਰੁਝ ਗਿਆ।

ਤ੍ਰਿਪਾਠੀ ਨੇ ਲਿਖਿਆ ਸੀ ਕਿ ਉਹ ਆਪੀਂ ਜੋਗਿੰਦਰ ਸਿੰਘ ਦੇ ਘਰ ਪਹੁੰਚ ਜਾਏਗਾ ਕਿਉਂਜੁ ਉਹ ਫੈਸਲਾ ਨਹੀਂ ਕਰ ਸਕਿਆ ਕਿ ਉਹ ਲਾਰੀ ਰਾਹੀਂ ਆਏਗਾ ਜਾਂ ਟਰੇਨ ਰਾਹੀਂ। ਫੇਰ ਵੀ ਇਹ ਗੱਲ ਤਾਂ ਪੱਕੀ ਸੀ ਕਿ ਜੋਗਿੰਦਰ ਸਿੰਘ ਸੋਮਵਾਰ ਨੂੰ, ਡਾਕਖਾਨਿਓ ਛੁੱਟੀ ਲੈ ਕੇ ਸਾਰਾ ਦਿਨ ਆਪਣੇ ਮਹਿਮਾਨ ਨੂੰ ਉਡੀਕੇਗਾ।

ਨਹਾ-ਧੋ ਤੇ ਕੱਪੜੇ ਬਦਲ ਕੇ ਜੋਗਿੰਦਰ ਸਿੰਘ ਦੇਰ ਤਕ ਰਸੋਈ ਵਿਚ ਆਪਣੀ ਪਤਨੀ ਕੋਲ ਬੈਠਾ ਰਿਹਾ। ਦੋਹਾਂ ਨੇ ਹੀ ਇਹ ਸੋਚ ਕੇ ਚਾਹ ਦੇਰ ਨਾਲ ਪੀਤੀ ਕਿ ਸ਼ਾਇਦ ਤ੍ਰਿਪਾਠੀ ਆ ਜਾਵੇ। ਪਰ ਜਦੋਂ ਤ੍ਰਿਪਾਠੀ ਦੇਰ ਤਕ ਨਾ ਆਇਆ ਤਾਂ ਉਨ੍ਹਾਂ ਨੇ ਕੇਕ, ਆਦਿ, ਸੰਭਾਲ ਕੇ ਅਲਮਾਰੀ ਵਿਚ ਰਖ ਦਿੱਤੇ ਤੇ ਕਾਲੀ ਚਾਹ ਪੀ ਕੇ ਮਹਿਮਾਨ ਨੂੰ ਉਡੀਕਣ ਲੱਗੇ। ਜਦੋਂ ਜੋਗਿੰਦਰ ਸਿੰਘ ਰਸੋਈ 'ਚੋਂ ਉਠ ਕੇ ਕਮਰੇ ਵਿਚ ਆਇਆ ਤੇ ਸ਼ੀਸ਼ੇ ਸਾਹਮਣੇ ਖੜੋ ਕੇ ਉਹਨੇ ਦਾੜ੍ਹੀ ਦੇ ਵਾਲਾਂ ਵਿਚ ਲੋਹੇ ਦੇ ਛੋਟੇ ਛੋਟੇ ਕਲਿਪ ਲਾਉਣੇ ਆਰੰਭੇ ਤਾਂ ਜੁ ਵਾਲ ਜੰਮ ਜਾਣ ਤਾਂ ਬੂਹਾ ਖੜਕਿਆ।

ਹੁਣ ਖੁਲ੍ਹੀ ਦਾੜ੍ਹੀ ਨਾਲ, ਓਸੇ ਹਾਲ ਵਿਚ ਉਹਨੇ ਡਿਊੜ੍ਹੀ ਦਾ ਦਰਵਾਜ਼ਾ ਖੋਲ੍ਹਿਆ। ਜਿਵੇਂ ਕਿ ਉਹਨੂੰ ਮਲੂਮ ਸੀ, ਸਭ ਤੋਂ ਪਹਿਲਾਂ ਉਹਦੀ ਨਜ਼ਰ ਹਰੇਂਦਰ ਨਾਥ ਤ੍ਰਿਪਾਠੀ ਦੀ ਕਾਲੀ ਸੰਘਣੀ ਦਾੜ੍ਹੀ 'ਤੇ ਪਈ ਜਿਹੜੀ ਉਹਦੀ ਆਪਣੀ ਦਾੜ੍ਹੀ ਨਾਲੋਂ ਵੀਹ ਗੁਣਾਂ ਵੱਡੀ ਸੀ, ਸਗੋਂ ਇਸ ਤੋਂ ਵੀ ਕੁਝ ਵਧੇਰੇ।

**ਉਹ ਵੇਲਾ ਵੀ ਉਸੇ ਤਰ੍ਹਾਂ ਯਾਦ ਦੀ ਬਾਰੀ 'ਚੋਂ ਸਿਰ ਕੱਢੀ ਮੇਰੇ ਵਲ ਝਾਕ ਰਿਹਾ ਹੈ, ਜਦ ਮੈਂ ਮੰਟੋ ਦੀ ਕਹਾਣੀ 'ਤਰੱਕੀਪਸੰਦ' ਦਾ ਜਵਾਬ 'ਨਵੇਂ ਦੇਵਤਾ' ਲਿਖ ਕੇ ਦਿੱਤਾ। ਫੇਰ ਤਾਂ ਗਾਲ੍ਹਾਂ ਦਾ ਇਕ ਲੰਮਾ ਸਿਲਸਿਲਾ ਸ਼ੁਰੂ ਹੋ ਗਿਆ ਜੋ ਮੰਟੋ ਮੇਰੀ ਮੌਜੂਦਗੀ ਤੇ ਪਿੱਠ ਪਿੱਛੇ ਦਿੰਦਾ ਰਹਿੰਦਾ ਸੀ ਤੇ ਫੇਰ ਉਹ ਵੇਲਾ ਵੀ ਆਇਆ ਜਦੋਂ ਮਿੱਤਰਾਂ ਨੇ ਸਾਨੂੰ ਮੁੜ ਇਕ ਦੂਜੇ ਨੂੰ ਜੱਫੀ ਪਾਉਂਦਿਆਂ ਵੇਖਿਆ।**

**ਮੇਰੀ ਕਹਾਣੀ ਹਾਲੇ ਅੱਧ-ਵਿਲੱਤੀ ਹੀ ਸੀ ਕਿ ਸਾਕੀ ਵਿਚ ਮੰਟੋ ਦੀ ਕਹਾਣੀ 'ਤਰੱਕੀਪਸੰਦ' ਪੜ੍ਹੀ ਜਿਸ ਦਾ ਹੀਰੋ ਮੈਂ ਹੀ ਸਾਂ। ਇਕ ਨਵਾਂ ਕਹਾਣੀ-ਲੇਖਕ ਪੁਰਾਣੇ ਕਹਾਣੀ-ਲੇਖਕ ਕੋਲ ਆ ਕੇ ਠਹਿਰਦਾ ਹੈ ਤੇ ਸੰਝ-ਸਵੇਰ ਆਪਣੇ ਮੇਜ਼ਬਾਨ ਨੂੰ ਕਹਾਣੀਆਂ ਸੁਣਾ ਸੁਣਾ ਐਨਾ ਬੋਰ ਕਰਦਾ ਹੈ ਕਿ ਉਸ ਵਿਚਾਰੇ ਨੂੰ ਆਪਣੀ ਘਰਵਾਲੀ ਨਾਲ ਪਿਆਰ ਕਰਨ ਲਈ ਵੀ ਗੁਸਲਖ਼ਾਨੇ ਦੀ ਪਨਾਹ ਲੈਣੀ ਪੈਂਦੀ ਹੈ। ਮੰਟੋ ਨੇ ਕਹਾਣੀ ਦਾ ਹੱਕ ਅਦਾ ਕੀਤਾ ਸੀ। ਮੈਂ ਆਪਣੀ ਕਹਾਣੀ 'ਨਵੇਂ ਦੇਵਤੇ' ਝੋਲੇ 'ਚੋਂ ਕੱਢੀ ਤੇ ਲਾਹੌਰ ਦੇ 'ਹਲਕਾ-ਏ-ਅਰਬਾਬੇ-ਜੌਕ' ਵਿਚ ਪੜ੍ਹੀ। ਡਾ. ਤਾਸੀਰ ਨੇ ਉਹਨੂੰ ਬੀਮਾਰ ਪਏ ਪਏ ਸੁਣਿਆ ਤੇ ਫ਼ੈਜ਼ ਨੂੰ ਆਖਿਆ, "ਬਈ ਫ਼ੈਜ਼, ਇਹਨੂੰ 'ਅਦਬੇ ਲਤੀਫ' ਦੇ ਸਾਲਨਾਮੇ ਵਿਚ ਜ਼ਰੂਰ ਛਾਪ।" ਤੇ ਸੁਣਨ ਵਿਚ ਆਇਆ ਕਿ ਉਹਨੂੰ ਪੜ੍ਹ ਕੇ ਮੰਟੋ ਦੇ ਲੂੰ-ਕੰਡੇ ਖੜ੍ਹੇ ਹੋ ਗਏ।**

**ਜਿਹੜਾ ਵੀ ਮਿਲਦਾ, ਮੰਟੋ ਤੇ 'ਤਰੱਕੀਪਸੰਦ' ਦੀ ਗੱਲ ਸੁਣਾ ਕੇ ਮੈਨੂੰ ਛੇੜਦਾ ਤੇ ਮੈਂ ਕਹਿੰਦਾ, "ਮੰਟੋ ਦੀ ਕਹਾਣੀ 'ਸਾਕੀ' ਦੇ ਇਕ ਆਮ ਨੰਬਰ ਵਿਚ ਛਪੀ ਤੇ 'ਨਵੇਂ ਦੇਵਤਾ' 'ਅਦਬ ਲਤੀਫ' ਦੇ ਸਾਲਨਾਮੇ ਵਿਚ।" ਮਿੱਤਰਾਂ ਨੇ ਸਾਡੇ ਵਿਚਕਾਰਲੀ ਖਾਈ ਨੂੰ ਹੋਰ ਚੌੜੇਰੀ ਕਰਨ ਵਿਚ ਪੂਰੀ ਟਿੱਲ ਲਾਈ। ਉਨ੍ਹਾਂ ਨੂੰ ਇਕ ਅਜਿਹੇ ਬੰਦੇ ਦੀ ਲੋੜ ਸੀ ਜਿਸ ਦਾ ਨਾਂ ਲੈ ਕੇ ਉਹ ਮੰਟੋ ਦੀ ਲੱਤ ਖਿੱਚ ਸਕਣ। ਉਨ੍ਹਾਂ ਨੂੰ ਇਸ ਕੰਮ ਲਈ ਮੈਂ ਮਿਲ ਗਿਆ।**

**ਮੰਟੋ ਮਰ ਚੁੱਕਾ ਹੈ। ਉਹ ਆਪਣੀਆਂ ਸ਼ਾਹਕਾਰ ਕਹਾਣੀਆਂ ਨੂੰ ਮਾਤ ਨਹੀਂ ਦੇ ਸਕਦਾ। ਮੈਂ ਜਿਊਂਦਾ ਹਾਂ। ਮੈਂ ਆਪਣੀਆਂ ਸ਼ਾਹਕਾਰ ਕਹਾਣੀਆਂ ਨੂੰ ਮਾਤ ਨਹੀਂ ਦੇ ਸਕਦਾ। ਇਕ ਕਲਾਕਾਰ ਨੂੰ ਜੀਵਨ ਭਰ ਕਿਸੇ ਸਮਕਾਲੀ ਨਾਲ ਨਹੀਂ, ਸਗੋਂ ਆਪਣੇ ਨਾਲ ਲੜ ਕੇ ਹੀ ਅੱਗੇ ਵਧਣਾ ਪੈਂਦਾ ਹੈ। ਮੰਟੋ ਦੀ ਕਬਰ 'ਤੇ ਫੁੱਲ ਰੱਖਣ ਨਾ ਜਾ ਸਕਿਆ। ਅੱਜ ਉਹਦੇ ਲਈ ਵੀ ਪਛਤਾ ਰਿਹਾ ਹਾਂ। ਇਕ ਦਿਨ ਮੇਰਾ ਸਰੀਰ ਭਸਮ ਹੋ ਜਾਵੇਗਾ। ਸ਼ਾਇਦ ਮੇਰੀ ਰਾਖ ਉਡ ਕੇ ਉਸੇ ਕਬਰਿਸਤਾਨ ਵਿਚ ਪਹੁੰਚੇਗੀ ਤੇ ਮੰਟੋ ਦੀ ਮਿੱਟੀ ਮੇਰੀ ਰਾਖ ਨੂੰ ਕਹੇਗੀ-ਆਓ! ਆਓ! ਆਖ਼ਿਰ ਇਹੋ ਥਾਂ ਹੈ ਆਪਣੀ! ਸਾਰਾ ਜੀਵਨ ਆਦਮੀ ਆਪਸ ਵਿਚ ਲੜਦਾ ਰਹਿੰਦਾ ਏ, ਆਪਣੀ ਪਛਾਣ ਦੀ ਖ਼ਾਤਰ। ਤੇ ਇਥੇ ਪਹੁੰਚ ਕੇ ਸਾਰੀ ਪਛਾਣ ਮੁੱਕ ਜਾਂਦੀ ਏ।** ***-ਦੇਵਿੰਦਰ ਸਤਿਆਰਥੀ***

ਤ੍ਰਿਪਾਠੀ ਦੇ ਬੁਲ੍ਹਾਂ ਉਤੇ ਜਿਹੜੇ ਵੱਡੀਆਂ ਵੱਡੀਆਂ ਮੁੱਛਾਂ ਵਿਚ ਲੁਕੇ ਹੋਏ ਸਨ, ਮੁਸਕਰਾਹਟ ਪ੍ਰਗਟ ਹੋਈ। ਉਹਦੀ ਅੱਖ ਜਿਹੜੀ ਰਤਾ ਕੁ ਟੇਢੀ ਸੀ ਥੋੜ੍ਹੀ ਹੋਰ ਟੇਢੀ ਹੋ ਗਈ। ਉਹਨੇ ਆਪਣੀਆਂ ਲੰਮੀਆਂ ਲੰਮੀਆਂ ਲਿਟਾਂ ਨੂੰ ਇਕ ਪਾਸੇ ਕਰ ਕੇ ਆਪਣਾ ਹੱਥ, ਜੋ ਕਿਸੇ ਕਿਸਾਨ ਦਾ ਹੱਥ ਜਾਪਦਾ ਸੀ, ਜੋਗਿੰਦਰ ਸਿੰਘ ਵੱਲ ਵਧਾਇਆ।

ਜੋਗਿੰਦਰ ਸਿੰਘ ਨੇ ਤ੍ਰਿਪਾਠੀ ਦੇ ਹੱਥ ਦੀ ਮਜ਼ਬੂਤ ਪਕੜ ਮਹਿਸੂਸ ਕੀਤੀ ਤੇ ਉਹਨੂੰ ਤ੍ਰਿਪਾਠੀ ਦਾ ਚਮੜੇ ਦਾ ਥੈਲਾ ਦਿੱਸਿਆ ਜਿਹੜਾ ਕਿਸੇ ਗਰਭਵਤੀ ਤੀਵੀਂ ਦੇ ਢਿੱਡ ਵਾਂਗ ਫੁੱਲਿਆ ਹੋਇਆ ਸੀ ਤਾਂ ਉਹ ਬੜਾ ਪ੍ਰਭਾਵਿਤ ਹੋਇਆ ਤੇ ਕੇਵਲ ਇਹ ਹੀ ਆਖ ਸਕਿਆ, "ਤ੍ਰਿਪਾਠੀ ਜੀ, ਤੁਹਾਨੂੰ ਮਿਲ ਕੇ ਡਾਢੀ ਪ੍ਰਸੰਨਤਾ ਹੋਈ।"

ਤ੍ਰਿਪਾਠੀ ਨੂੰ ਆਇਆਂ ਪੰਦਰਾਂ ਦਿਨ ਹੋ ਗਏ ਸਨ-ਉਹਦੇ ਪਧਾਰਨ ਦੇ ਤੀਜੇ ਹੀ ਦਿਨ ਉਹਦੀ ਪਤਨੀ ਤੇ ਬੱਚੀ ਵੀ ਆ ਗਏ। ਦੋਵੇਂ ਤ੍ਰਿਪਾਠੀ ਦੇ ਨਾਲ ਹੀ ਪਿੰਡੋਂ ਆਏ ਸਨ ਪਰ ਦੋ ਦਿਨ ਲਈ ਆਪਣੇ ਕਿਸੇ ਦੂਰ ਦੇ ਰਿਸ਼ਤੇਦਾਰ ਕੋਲ ਠਹਿਰ ਗਏ ਸਨ ਪਰ ਤ੍ਰਿਪਾਠੀ ਨੇ ਉਨ੍ਹਾਂ ਦਾ ਉਸ ਰਿਸ਼ਤੇਦਾਰ ਕੋਲ ਬਹੁਤਾ ਚਿਰ ਰੁਕਣਾ ਠੀਕ ਨਹੀਂ ਸੀ ਸਮਝਿਆ, ਇਸ ਲਈ ਉਹਨੇ ਪਤਨੀ ਤੇ ਬੱਚੀ ਨੂੰ ਆਪਣੇ ਹੀ ਕੋਲ ਸੱਦ ਭੇਜਿਆ ਸੀ।

ਤ੍ਰਿਪਾਠੀ ਆਪਣੇ ਨਾਲ ਛੁਟ ਏਸ ਫੁੱਲੇ ਹੋਏ ਥੈਲੇ ਦੇ ਕੁਝ ਵੀ ਨਹੀਂ ਸੀ ਲਿਆਇਆ। ਸਿਆਲ ਦੀ ਰੁੱਤ ਸੀ, ਇਸ ਲਈ ਦੋਵੇਂ ਕਹਾਣੀਕਾਰ ਇਕੋ ਬਿਸਤਰੇ ਵਿਚ ਸੌਂਦੇ। ਤ੍ਰਿਪਾਠੀ ਦੀ ਪਤਨੀ ਆਪਣੇ ਨਾਲ ਕੇਵਲ ਇਕ ਕੰਬਲ ਹੀ ਲਿਆਈ ਸੀ ਜਿਹੜਾ ਮਾਂ ਤੇ ਧੀ ਲਈ ਵੀ ਕਾਫੀ ਨਹੀਂ ਸੀ।

ਪਹਿਲੇ ਚਾਰ ਦਿਨ ਬੜੀਆਂ ਦਿਲਚਸਪ ਗੱਲਾਂ ਕਰਦਿਆਂ ਬੀਤ ਗਏ। ਤ੍ਰਿਪਾਠੀ ਤੋਂ ਆਪਣੀ ਕਹਾਣੀਆਂ ਦੀ ਪ੍ਰਸ਼ੰਸਾ ਸੁਣ ਕੇ ਜੋਗਿੰਦਰ ਸਿੰਘ ਬੜਾ ਖੁਸ਼ ਹੋਇਆ। ਉਹਨੇ ਆਪਣੀ ਇਕ ਕਹਾਣੀ ਜਿਹੜੀ ਅਜੇ ਛਪੀ ਨਹੀਂ ਸੀ, ਸੁਣਾਈ ਜਿਸ ਦੀ ਤ੍ਰਿਪਾਠੀ ਨੇ ਰੱਜ ਕੇ ਪ੍ਰਸ਼ੰਸਾ ਕੀਤੀ। ਦੋ ਅਧੂਰੀਆਂ ਕਹਾਣੀਆਂ ਵੀ ਸੁਣਾਈਆਂ। ਇਨ੍ਹਾਂ ਬਾਰੇ ਵੀ ਤ੍ਰਿਪਾਠੀ ਨੇ ਚੰਗੀ ਰਾਏ ਪ੍ਰਗਟਾਈ। ਤਰੱਕੀਪਸੰਦ ਸਾਹਿਤ ਬਾਰੇ ਚਰਚਾ ਵੀ ਹੁੰਦੀ ਰਹੀ। ਦੂਜੇ ਕਹਾਣੀਕਾਰਾਂ ਦੀ ਕਲਾ ਦੇ ਦੋਸ਼ ਕਢੇ ਗਏ, ਨਵੀਂ ਤੇ ਪੁਰਾਣੀ ਸ਼ਾਇਰੀ ਦਾ ਮੁਕਾਬਲਾ ਕੀਤਾ ਗਿਆ। ਗੱਲ ਕੀ, ਇਹ ਚਾਰ ਦਿਨ ਬੜੇ ਚੰਗੇ ਬੀਤੇ ਅਤੇ ਜੋਗਿੰਦਰ ਸਿੰਘ ਹਰ ਪੱਖੋਂ ਤ੍ਰਿਪਾਠੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ।

ਤ੍ਰਿਪਾਠੀ ਦਾ ਬੋਲਣ-ਚਾਲਣ ਦਾ ਢੰਗ, ਜਿਸ ਵਿਚ ਇਕੋ-ਵੇਲੇ ਬਚਪਨਾ ਤੇ ਬਜ਼ੁਰਗੀ ਸ਼ਾਮਿਲ ਸਨ, ਉਸ ਨੂੰ ਬੜਾ ਚੰਗਾ ਲਗਿਆ। ਤ੍ਰਿਪਾਠੀ ਦੀ ਲੰਮੀ ਦਾੜ੍ਹੀ ਉਹਦੇ ਵਿਚਾਰਾਂ ਉਤੇ ਛਾ ਗਈ। ਤ੍ਰਿਪਾਠੀ ਦੀਆਂ ਕਾਲੀਆਂ ਕਾਲੀਆਂ ਲਿਟਾਂ ਜਿਨ੍ਹਾਂ ਵਿਚ ਪੇਂਡੂ ਗੀਤਾਂ ਦੀ ਰਵਾਨੀ ਸੀ, ਹਰ ਵੇਲੇ ਉਹਦੇ ਸਾਹਮਣੇ ਰਹਿਣ ਲੱਗੀਆਂ। ਡਾਕਖਾਨੇ 'ਚ ਚਿੱਠੀਆਂ ਦੀ ਦੇਖਭਾਲ ਦੌਰਾਨ ਵੀ ਤ੍ਰਿਪਾਠੀ ਦੀਆਂ ਇਹ ਲਿਟਾਂ ਜੋਗਿੰਦਰ ਸਿੰਘ ਨੂੰ ਨਹੀਂ ਸਨ ਭੁੱਲੀਆਂ।

ਚਹੁੰਆਂ ਦਿਨਾਂ ਵਿਚ ਤ੍ਰਿਪਾਠੀ ਨੇ ਜੋਗਿੰਦਰ ਸਿੰਘ ਨੂੰ ਮੋਹ ਲਿਆ। ਉਹ ਉਸ ਦਾ ਪ੍ਰਸ਼ੰਸਕ ਹੋ ਗਿਆ। ਉਹਦੀ ਟੇਢੀ ਅੱਖ ਵੀ ਉਹਨੂੰ ਸੋਹਣੀ ਲੱਗਣ ਲਗੀ, ਸਗੋਂ ਉਹਨੇ ਸੋਚਿਆ, "ਜੇ ਉਨ੍ਹਾਂ ਦੀਆਂ ਅੱਖਾਂ ਵਿਚ ਟੇਢਾਪਨ ਨਾ ਹੁੰਦਾ ਤਾਂ ਉਨ੍ਹਾਂ ਦੇ ਚਿਹਰੇ 'ਤੇ ਇਹ ਬਜ਼ੁਰਗੀ ਕਦੇ ਵੀ ਪ੍ਰਗਟ ਨਹੀਂ ਸੀ ਹੋਣੀ।"

ਤ੍ਰਿਪਾਠੀ ਦੇ ਵੱਡੇ ਵੱਡੇ ਬੁੱਲ੍ਹ ਜਦੋਂ ਉਹਦੀਆਂ ਸੰਘਣੀਆਂ ਮੁੱਛਾਂ ਦੇ ਪਿੱਛੇ ਹਿਲਦੇ ਤਾਂ ਜੋਗਿੰਦਰ ਸਿੰਘ ਨੂੰ ਮਹਿਸੂਸ ਹੁੰਦਾ ਜਿਵੇਂ ਝਾੜੀਆਂ ਵਿਚ ਪੰਖੇਰੂ ਬੋਲ ਰਹੇ ਹੋਣ। ਤ੍ਰਿਪਾਠੀ ਸਹਿਜੇ ਸਹਿਜੇ ਸੋਚਦਾ ਸੀ। ਬੋਲਦਿਆਂ ਜਦੋਂ ਉਹ ਆਪਣੀ ਦਾੜ੍ਹੀ ਉਤੇ ਹੱਥ ਫੇਰਦਾ ਤਾਂ ਜੋਗਿੰਦਰ ਸਿੰਘ ਦੇ ਦਿਲ ਨੂੰ ਬੜਾ ਸੁਖ ਮਿਲਦਾ-ਉਹ ਸਮਝਦਾ ਕਿ ਉਹਦੇ ਦਿਲ ਉਤੇ ਪਿਆਰ ਨਾਲ ਹੱਥ ਫੇਰਿਆ ਜਾ ਰਿਹਾ ਹੈ। ਚਾਰ ਦਿਨ ਜੋਗਿੰਦਰ ਸਿੰਘ ਅਜਿਹੀ ਹੀ ਫ਼ਿਜ਼ਾ ਵਿਚ ਜੀਵਿਆ-ਏਸ ਫਿਜ਼ਾ ਨੂੰ ਜੇ ਉਹ ਆਪਣੀ ਕਿਸੇ ਕਹਾਣੀ ਵਿਚ ਬਿਆਨ ਕਰਨਾ ਚਾਹੁੰਦਾ ਤਾਂ ਨਹੀਂ ਸੀ ਕਰ ਸਕਦਾ।

ਪੰਜਵੇਂ ਦਿਨ ਤ੍ਰਿਪਾਠੀ ਨੇ ਚਾਣਚਕ ਆਪਣਾ ਚਮੜੇ ਦਾ ਥੈਲਾ ਖੋਲ੍ਹਿਆ, ਢੇਰ ਸਾਰੀਆਂ ਕਹਾਣੀਆਂ ਕਢੀਆਂ ਅਤੇ ਜੋਗਿੰਦਰ ਸਿੰਘ ਨੂੰ ਸੁਣਾਉਣੀਆਂ ਅਰੰਭ ਦਿੱਤੀਆਂ। ਤ੍ਰਿਪਾਠੀ ਨਿਰੰਤਰ ਦਸ ਦਿਨ ਆਪਣੀਆਂ ਕਹਾਣੀਆਂ ਸੁਣਾਉਂਦਾ ਰਿਹਾ। ਏਸ ਦੌਰਾਨ ਉਹਨੇ ਜੋਗਿੰਦਰ ਸਿੰਘ ਨੂੰ ਕਈ ਕਿਤਾਬਾਂ ਸੁਣਾ ਦਿੱਤੀਆਂ।

ਜੋਗਿੰਦਰ ਸਿੰਘ ਤੰਗ ਪੈ ਗਿਆ। ਉਹ ਕਹਾਣੀਆਂ ਨੂੰ ਨਫਰਤ ਕਰਨ ਲੱਗਿਆ। ਤ੍ਰਿਪਾਠੀ ਦਾ ਚਮੜੇ ਦਾ ਥੈਲਾ ਜਿਸ ਦਾ ਢਿੱਡ ਬਾਣੀਏ ਦੀ ਤੋਂਦ ਵਾਂਗ ਫੁੱਲਿਆ ਹੋਇਆ ਸੀ, ਉਹਦੇ ਲਈ ਇਕ ਸੰਤਾਪ ਬਣ ਗਿਆ।

ਰੋਜ਼ ਸ਼ਾਮੀਂ ਡਾਕਖਾਨੇ ਤੋਂ ਮੁੜਦਿਆਂ ਉਹਨੂੰ ਇਹ ਭੈ ਖਾਂਦਾ ਰਹਿੰਦਾ ਕਿ ਘਰ ਕਦਮ ਰਖਦਿਆਂ ਹੀ ਉਹਨੂੰ ਤ੍ਰਿਪਾਠੀ ਦਾ ਸਾਹਮਣਾ ਕਰਨਾ ਪਏਗਾ। ਏਧਰ ਓਧਰ ਦੀਆਂ ਇਕ-ਦੋ ਗੱਲਾਂ ਹੋਣਗੀਆਂ, ਫੇਰ ਉਹੋ ਚਮੜੇ ਦਾ ਥੈਲਾ ਖੁਲ੍ਹੇਗਾ ਤੇ ਉਹਨੂੰ ਇਕ ਜਾਂ ਦੋ ਲੰਮੀਆਂ ਕਹਾਣੀਆਂ ਸੁਣਨੀਆਂ ਪੈਣਗੀਆਂ।

ਜੋਗਿੰਦਰ ਸਿੰਘ ਤਰੱਕੀਪਸੰਦ ਕਹਾਣੀਕਾਰ ਸੀ। ਜੇ ਤਰੱਕੀਪਸੰਦੀ ਉਹਦੇ ਅੰਦਰ ਨਾ ਹੁੰਦੀ ਤਾਂ ਉਹਨੇ ਤ੍ਰਿਪਾਠੀ ਨੂੰ ਸਾਫ ਆਖ ਦੇਣਾ ਸੀ, 'ਬਸ ਬਸ ਤ੍ਰਿਪਾਠੀ ਸਾਹਿਬ, ਬਸ ਬਸ.... ਹੁਣ ਮੇਰੇ ਵਿਚ ਤੁਹਾਡੀਆਂ ਕਹਾਣੀਆਂ ਸੁਣਨ ਦੀ ਸ਼ਕਤੀ ਨਹੀਂ ਰਹੀ।" ਪਰ ਉਹ ਸੋਚਦਾ, "ਨਹੀਂ ਨਹੀਂ, ਮੈਂ ਤਰੱਕੀਪਸੰਦ ਹਾਂ, ਮੈਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ। ਅਸਲ ਵਿਚ ਇਹ ਤਾਂ ਮੇਰੀ ਆਪਣੀ ਕਮਜ਼ੋਰੀ ਹੈ ਕਿ ਉਨ੍ਹਾਂ ਦੀਆਂ ਕਹਾਣੀਆਂ ਹੁਣ ਮੈਨੂੰ ਚੰਗੀਆਂ ਨਹੀਂ ਲਗਦੀਆਂ। ਇਨ੍ਹਾਂ ਵਿਚ ਕੋਈ ਨਾ ਕੋਈ ਖੂਬੀ ਜ਼ਰੂਰ ਹੋਵੇਗੀ। ਇਸ ਲਈ ਕਿ ਉਨ੍ਹਾਂ ਦੀਆਂ ਪਹਿਲੀਆਂ ਕਹਾਣੀਆਂ ਮੈਨੂੰ ਖੂਬੀਆਂ ਨਾਲ ਭਰੀਆਂ ਦਿਸਦੀਆਂ ਸਨ, ਮੈਂ.... ਮੈਂ ਹੁਣ ਪਖਪਾਤੀ ਹੋ ਗਿਆ ਹਾਂ।"

ਇਕ ਹਫਤੇ ਤੋਂ ਵਧੇਰੇ ਸਮੇਂ ਤੱਕ ਜੋਗਿੰਦਰ ਸਿੰਘ ਦੇ ਤਰੱਕੀਪਸੰਦ ਦਿਮਾਗ ਵਿਚ ਇਹ ਖਿੱਚੋਤਾਣ ਜਾਰੀ ਰਹੀ-ਉਹ ਸੋਚ ਸੋਚ ਕੇ ਉਸ ਹੱਦ 'ਤੇ ਪੁਜ ਗਿਆ ਜਿਥੇ ਸੋਚ-ਵਿਚਾਰ ਹੋ ਹੀ ਨਹੀਂ ਸਕਦੀ। ਉਹਦੇ ਮਨ ਵਿਚ ਭਾਂਤ ਭਾਂਤ ਦੇ ਵਿਚਾਰ ਉਪਜਦੇ। ਉਹ ਠੀਕ ਤਰ੍ਹਾਂ ਉਨ੍ਹਾਂ ਦੀ ਪਰਖ ਪੜਤਾਲ ਨਾ ਕਰ ਸਕਦਾ। ਉਹਦੀ ਮਾਨਸਿਕ ਹਫੜਾ-ਦਫੜੀ ਸਹਿਜੇ ਸਹਿਜੇ ਵਧਦੀ ਗਈ ਤੇ ਉਹ ਇੰਜ ਮਹਿਸੂਸ ਕਰਨ ਲੱਗਿਆ ਜਿਵੇਂ ਇਕ ਬਹੁਤ ਵੱਡਾ ਮਕਾਨ ਹੋਵੇ ਜਿਸ ਵਿਚ ਬੇਅੰਤ ਬਾਰੀਆਂ ਹੋਣ, ਉਸ ਮਕਾਨ ਵਿਚ ਉਹ ਇਕੱਲਾ ਹੈ ਅਤੇ ਹਨੇਰੀ ਆ ਗਈ ਹੈ। ਕਦੇ ਇਸ ਬਾਰੀ ਦੇ ਤਖ਼ਤੇ ਵੱਜਦੇ ਹਨ ਕਦੇ ਉਸ ਬਾਰੀ ਦੇ ਤੇ ਉਹਨੂੰ ਸਮਝ ਨਹੀਂ ਆ ਰਹੀ ਕਿ ਉਹ ਏਨੀਆਂ ਬਾਰੀਆਂ ਨੂੰ ਇਕੋ ਵੇਲੇ ਕਿਵੇਂ ਬੰਦ ਕਰੇ।

ਹੁਣ ਤ੍ਰਿਪਾਠੀ ਨੂੰ ਆਏ ਨੂੰ ਵੀਹ ਦਿਨ ਹੋ ਗਏ ਸਨ ਤੇ ਜੋਗਿੰਦਰ ਸਿੰਘ ਬੇਚੈਨ ਰਹਿਣ ਲਗਿਆ ਸੀ।

ਤ੍ਰਿਪਾਠੀ ਸ਼ਾਮੀਂ ਉਹਨੂੰ ਨਵੀਂ ਕਹਾਣੀ ਸੁਣਾਉਂਦਾ ਤਾਂ ਉਹਨੂੰ ਇੰਜ ਮਹਿਸੂਸ ਹੁੰਦਾ ਜਿਵੇਂ ਬਹੁਤ ਸਾਰੀਆਂ ਮੱਖੀਆਂ ਉਹਦੇ ਕੰਨਾਂ ਕੋਲ ਭਿਣ-ਭਿਣ ਕਰ ਰਹੀਆਂ ਹੋਣ, ਫੇਰ ਉਹ ਕਿਸੇ ਹੋਰ ਹੀ ਸੋਚ ਵਿਚ ਡੁੱਬ ਜਾਂਦਾ। ਇਕ ਦਿਨ ਤ੍ਰਿਪਾਠੀ ਨੇ ਉਹਨੂੰ ਆਪਣੀ ਇਕ ਹੋਰ ਤਾਜ਼ਾ ਕਹਾਣੀ ਸੁਣਾਈ। ਇਸ ਵਿਚ ਕਿਸੇ ਤੀਵੀਂ ਤੇ ਮਰਦ ਦੇ ਜਿਨਸੀ ਸੰਬੰਧਾਂ ਦਾ ਜ਼ਿਕਰ ਸੀ-ਉਹਦੇ ਦਿਲ ਨੂੰ ਧੱਕਾ ਜਿਹਾ ਵਜਿਆ।

ਪੂਰੇ ਇੱਕੀ ਦਿਨ ਮੈਂ ਆਪਣੀ ਪਤਨੀ ਕੋਲ ਸੌਣ ਦੀ ਥਾਂ ਇਕ ਲਮਡਫੇਲ ਨਾਲ ਇਕੋ ਰਜ਼ਾਈ ਵਿਚ ਸੌਂਦਾ ਰਿਹਾ ਹਾਂ। ਇਸ ਅਹਿਸਾਸ ਨੇ ਜੋਗਿੰਦਰ ਸਿੰਘ ਦੇ ਦਿਲ ਤੇ ਦਿਮਾਗ ਵਿਚ ਇਕ ਛਿਣ ਲਈ ਇਨਕਲਾਬ ਲੈ ਆਂਦਾ। ਇਹ ਕਿਸ ਤਰ੍ਹਾਂ ਦਾ ਬੰਦਾ ਹੈ, ਜੋਕ ਵਾਂਗੂੰ ਚੰਬੜ ਗਿਆ ਹੈ... ਹਿੱਲਣ ਦਾ ਨਾਂ ਹੀ ਨਹੀਂ ਲੈਂਦਾ... ਤੇ... ਤੇ ਉਹਦੀ ਪਤਨੀ, ਉਹਦੀ ਬੱਚੀ, ਸਾਰਾ ਪਰਿਵਾਰ ਹੀ ਆਣ ਪਧਾਰਿਆ। ਇਹ ਲੋਕ ਤਾਂ ਸੋਚਦੇ ਤਕ ਨਹੀਂ ਕਿ ਮੇਰਾ ਗ਼ਰੀਬ ਦਾ ਕਚੂਮਰ ਨਿਕਲ ਜਾਏਗਾ। ਡਾਕਖਾਨੇ ਦਾ ਮੁਲਾਜ਼ਮ, ਪੰਜਾਹ ਰੁਪਏ ਮਾਸਿਕ ਤਨਖਾਹ, ਅੰਤ ਕਦੋਂ ਤਕ ਇਨ੍ਹਾਂ ਨੂੰ ਖੁਆਂਦਾ-ਪਿਆਂਦਾ ਰਹਾਂਗਾ ਅਤੇ ਫੇਰ ਕਹਾਣੀਆਂ ਨੇ ਕਿ ਮੁੱਕਣ ਵਿਚ ਹੀ ਨਹੀਂ ਆਉਂਦੀਆਂ... ਇਨਸਾਨ ਹਾਂ, ਕੋਈ ਲੋਹੇ ਦਾ ਟਰੰਕ ਤਾਂ ਨਹੀਂ ਕਿ ਹਰ ਰੋਜ਼ ਉਹਦੀਆਂ ਕਹਾਣੀਆਂ ਸੁਣਦਾ ਰਹਾਂ ਅਤੇ... ਅਤੇ ਕੇਡਾ ਜ਼ੁਲਮ ਹੈ ਕਿ ਮੈਂ ਪਤਨੀ ਦੇ ਨੇੜੇ ਤਕ ਨਹੀਂ ਜਾ ਸਕਿਆ। ਸਰਦੀਆਂ ਦੀਆਂ ਰਾਤਾਂ ਵਿਅਰਥ ਹੀ ਜਾ ਰਹੀਆਂ ਨੇ। ਇੱਕੀ ਦਿਨਾਂ ਪਿੱਛੋਂ ਉਹ ਤ੍ਰਿਪਾਠੀ ਨੂੰ ਇਕ ਨਵੀਂ ਰੌਸ਼ਨੀ 'ਚ ਵੇਖਣ ਲੱਗਾ।

ਹੁਣ ਜੋਗਿੰਦਰ ਸਿੰਘ ਨੂੰ ਤ੍ਰਿਪਾਠੀ ਦੀ ਹਰ ਗੱਲ ਦੋਸ਼ਪੂਰਨ ਦਿਸਣ ਲੱਗੀ। ਉਹਦੀ ਟੇਢੀ ਅੱਖ, ਜਿਸ ਵਿਚ ਉਹਨੂੰ ਪਹਿਲਾਂ ਖੂਬਸੂਰਤੀ ਨਜ਼ਰ ਆਉਂਦੀ ਸੀ, ਹੁਣ ਬੱਸ ਇਕ ਟੇਢੀ ਅੱਖ ਹੀ ਸੀ। ਉਹਦੀਆਂ ਕਾਲੀਆਂ ਲਿਟਾਂ ਵੀ ਹੁਣ ਜੋਗਿੰਦਰ ਸਿੰਘ ਨੂੰ ਪਹਿਲਾਂ ਵਾਂਗ ਕੂਲੀਆਂ ਨਹੀਂ ਸਨ ਦਿਸਦੀਆਂ ਤੇ ਉਹਦੀ ਦਾੜ੍ਹੀ ਨੂੰ ਵੇਖ ਕੇ ਸੋਚਦਾ ਸੀ ਕਿ ਏਡੀ ਲੰਬੀ ਦਾੜ੍ਹੀ ਰੱਖਣਾ ਵੱਡੀ ਮੂਰਖਤਾ ਹੈ।

ਜਦੋਂ ਤ੍ਰਿਪਾਠੀ ਨੂੰ ਟਿਕਿਆਂ ਪੰਝੀ ਦਿਨ ਹੋ ਗਏ ਤਾਂ ਉਹਦੀ ਮਾਨਸਿਕਤਾ ਵਿਚ ਅਜੀਬ ਜਿਹੀ ਤਬਦੀਲੀ ਆਈ ਜਾਪੀ। ਉਹ ਆਪਣੇ ਆਪ ਨੂੰ ਅਜਨਬੀ ਸਮਝਣ ਲਗਿਆ। ਉਹਨੂੰ ਇਸ ਤਰ੍ਹਾਂ ਅਨੁਭਵ ਹੋਣ ਲਗਿਆ ਕਿ ਉਹ ਕਦੇ ਕਿਸੇ ਜੋਗਿੰਦਰ ਸਿੰਘ ਨੂੰ ਜਾਣਦਾ ਸੀ ਪਰ ਉਹ ਉਹਨੂੰ ਨਹੀਂ ਜਾਣਦਾ, ਆਪਣੀ ਪਤਨੀ ਬਾਰੇ ਉਹ ਸੋਚਦਾ, "ਜਦੋਂ ਤ੍ਰਿਪਾਠੀ ਤੁਰ ਜਾਏਗਾ ਤਾਂ ਸਭ ਠੀਕ ਹੋ ਜਾਏਗਾ। ਮੇਰਾ ਨਵੇਂ ਸਿਰੇ ਤੋਂ ਵਿਆਹ ਹੋਵੇਗਾ। ਮੈਂ ਮੁੜ ਆਪਣੀ ਪਤਨੀ ਕੋਲ ਸੌਂ ਸਕਾਂਗਾ ਅਤੇ...।" ਇਹਦੇ ਅੱਗੋਂ ਜਦ ਉਹ ਸੋਚਦਾ ਤਾਂ ਉਹਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਤੇ ਸੰਘ ਵਿਚ ਕੋਈ ਕੌੜੀ ਜਿਹੀ ਚੀਜ਼ ਫਸ ਜਾਂਦੀ। ਉਹਦਾ ਚਿਤ ਕਰਦਾ ਕਿ ਭੱਜਿਆ ਭੱਜਿਆ ਅੰਦਰ ਜਾਏ ਤੇ ਅੰਮ੍ਰਿਤ ਕੌਰ ਨੂੰ, ਜਿਹੜੀ ਕਦੇ ਉਹਦੀ ਪਤਨੀ ਹੁੰਦੀ ਸੀ, ਗਲ ਨਾਲ ਲਾ ਲਵੇ ਤੇ ਰੋਣ ਲਗ ਪਏ-ਪਰ ਅਜਿਹਾ ਕਰਨ ਦੀ ਉਸ ਵਿਚ ਹਿੰਮਤ ਨਹੀਂ ਸੀ ਕਿਉਂਜੁ ਉਹ ਤਰੱਕੀਪਸੰਦ ਕਹਾਣੀਕਾਰ ਸੀ।

ਕਦੇ ਕਦੇ ਜੋਗਿੰਦਰ ਸਿੰਘ ਦੇ ਦਿਲ ਵਿਚ ਇਹ ਖ਼ਿਆਲ ਦੁੱਧ ਦੇ ਉਛਾਲ ਵਾਂਗ ਉਠਦਾ ਕਿ 'ਤਰੱਕੀਪਸੰਦ' ਦੀ ਰਜ਼ਾਈ ਜਿਹੜੀ ਉਹਨੇ ਪਹਿਨੀ ਹੋਈ ਹੈ, ਲਾਹ ਕੇ ਸੁੱਟ ਦੇਵੇ ਅਤੇ ਚੀਕ ਚੀਕ ਕੇ ਆਖੇ, "ਤ੍ਰਿਪਾਠੀ, ਤਰੱਕੀਪਸੰਦੀ ਦੀ ਐਸੀ ਦੀ ਤੈਸੀ... ਤੂੰ ਤੇ ਤੇਰੇ ਇਕੱਠੇ ਕੀਤੇ ਹੋਏ ਗੀਤ ਬਕਵਾਸ ਨੇ, ਮੈਨੂੰ ਮੇਰੀ ਪਤਨੀ ਚਾਹੀਦੀ ਹੈ...ਤੇਰੀਆਂ ਇਛਾਵਾਂ ਤਾਂ ਸਾਰੀਆਂ ਦੀਆਂ ਸਾਰੀਆਂ ਗੀਤਾਂ ਵਿਚ ਜਜ਼ਬ ਹੋ ਚੁਕੀਆਂ ਨੇ। ਮੈਂ ਅਜੇ ਜੁਆਨ ਹਾਂ, ਮੇਰੀ ਹਾਲਤ 'ਤੇ ਤਰਸ ਖਾ। ਜ਼ਰਾ ਸੋਚ ਤਾਂ ਸਹੀ, ਮੈਂ ਜਿਹੜਾ ਆਪਣੀ ਪਤਨੀ ਤੋਂ ਬਿਨਾਂ ਇਕ ਮਿੰਟ ਵੀ ਨਹੀਂ ਸਾਂ ਸੌਂ ਸਕਦਾ, ਪੰਝੀ ਦਿਨਾਂ ਤੋਂ ਤੇਰੇ ਨਾਲ ਇਕੋ ਰਜ਼ਾਈ ਵਿਚ ਸੌਂ ਰਿਹਾ ਹਾਂ। ਕੀ ਇਹ ਜ਼ੁਲਮ ਨਹੀਂ?"

ਤ੍ਰਿਪਾਠੀ ਉਹਦੇ ਮਨ ਦੀ ਹਾਲਤ ਤੋਂ ਬੇਖਬਰ ਰੋਜ਼ ਸ਼ਾਮੀਂ ਤਾਜ਼ਾ ਕਹਾਣੀਆਂ ਸੁਣਾਉਂਦਾ ਅਤੇ ਉਹਦੇ ਬਿਸਤਰੇ ਵਿਚ ਸੌਂ ਜਾਂਦਾ।

ਇਕ ਮਹੀਨਾ ਬੀਤ ਗਿਆ ਤਾਂ ਜੋਗਿੰਦਰ ਸਿੰਘ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਮੌਕਾ ਪਾ ਕੇ, ਉਹ ਗੁਸਲਖਾਨੇ ਵਿਚ ਆਪਣੀ ਪਤਨੀ ਨੂੰ ਮਿਲਿਆ-ਧੜਕਦੇ ਦਿਲ ਨਾਲ, ਇਸ ਗਲੋਂ ਭੈਭੀਤ ਕਿ ਕਿਤੇ ਤ੍ਰਿਪਾਠੀ ਦੀ ਪਤਨੀ ਨਾ ਆ ਜਾਏ, ਉਹਨੇ ਜਲਦੀ ਨਾਲ ਅੰਮ੍ਰਿਤ ਨੂੰ ਇੰਜ ਚੁੰਮਿਆ ਜਿਵੇਂ ਡਾਕਖਾਨੇ ਦੀਆਂ ਚਿੱਠੀਆਂ ਉਤੇ ਮੋਹਰ ਲਾਈ ਜਾਂਦੀ ਹੈ ਅਤੇ ਆਖਿਆ, ਅੱਜ ਰਾਤੀਂ ਜਾਗਦੀ ਰਹੀਂ। ਮੈਂ ਤ੍ਰਿਪਾਠੀ ਨੂੰ ਇਹ ਕਹਿ ਕੇ ਬਾਹਰ ਚਲਿਆ ਜਾਵਾਂਗਾ ਕਿ ਰਾਤ ਦੋ ਢਾਈ ਵਜੇ ਪਰਤਾਂਗਾ। ਪਰ ਮੈਂ ਛੇਤੀ ਆ ਜਾਵਾਂਗਾ, ਬਾਰਾਂ ਵਜੇ... ਪੂਰੇ ਬਾਰਾਂ ਵਜੇ। ਮੈਂ ਮਲਕੜੇ ਜਿਹੇ ਬੂਹਾ ਖੜਕਾਵਾਂਗਾ। ਤੂੰ ਮਲਕੜੇ ਜਿਹੇ ਖੋਲ੍ਹ ਦੇਵੀਂ ਤੇ ਫੇਰ ਅਸੀਂ... ਡਿਉੜ੍ਹੀ ਬਿਲਕੁਲ ਇਕ ਪਾਸੇ ਕਰਕੇ ਹੈ। ਪਰ ਉਂ ਸਾਵਧਾਨੀ ਵਜੋਂ ਉਹ ਬੂਹਾ ਜਿਹੜਾ ਗੁਸਲਖਾਨੇ ਵੱਲ ਖੁਲ੍ਹਦਾ ਹੈ, ਬੰਦ ਕਰ ਦੇਈਂ।

ਪਤਨੀ ਨੂੰ ਚੰਗੀ ਤਰ੍ਹਾਂ ਸਮਝਾ ਕੇ, ਉਹ ਤ੍ਰਿਪਾਠੀ ਨੂੰ ਮਿਲਿਆ ਤੇ ਉਹਨੂੰ ਦੱਸ ਕੇ ਬਾਹਰ ਚਲਿਆ ਗਿਆ। ਬਾਰਾਂ ਵਜਣ ਵਿਚ ਚਾਰ ਘੰਟੇ ਰਹਿੰਦੇ ਸਨ ਜਿਨ੍ਹਾਂ ਵਿਚੋਂ ਦੋ ਉਹਨੇ ਆਪਣੀ ਸਾਈਕਲ ਉਤੇ ਇਧਰ-ਉਧਰ ਘੁੰਮਣ ਵਿਚ ਬਿਤਾਏ। ਉਹਨੂੰ ਠੰਢ ਦੀ ਤਿਖ ਦਾ ਉਕਾ ਹੀ ਅਹਿਸਾਸ ਨਾ ਹੋਇਆ ਕਿਉਂਜੁ ਪਤਨੀ ਨੂੰ ਮਿਲਣ ਦਾ ਖਿਆਲ ਕਾਫੀ ਗਰਮ ਸੀ। ਦੋ ਘੰਟੇ ਸਾਈਕਲ ਉੱਤੇ ਘੁੰਮਣ ਪਿੱਛੋਂ ਉਹ ਆਪਣੇ ਮਕਾਨ ਦੇ ਲਾਗੇ ਮੈਦਾਨ ਵਿਚ ਬਹਿ ਗਿਆ ਤੇ ਮਹਿਸੂਸ ਕਰਨ ਲੱਗਿਆ ਕਿ ਉਹ ਰੁਮਾਂਚਿਤ ਹੋ ਗਿਆ ਹੈ।

ਜਦੋਂ ਉਹਨੂੰ ਠੰਢੀ ਰਾਤ ਦੀ ਧੁੰਦਿਆਲੀ ਚੁਪ ਦਾ ਖਿਆਲ ਆਇਆ ਤਾਂ ਇਹ ਉਹਨੂੰ ਇਕ ਜਾਣੀ-ਪਹਿਚਾਣੀ ਚੀਜ਼ ਦਿਸੀ। ਉਪਰ, ਠਿਠਰੇ ਹੋਏ ਅਸਮਾਨ ਉਤੇ ਤਾਰੇ ਚਮਕ ਰਹੇ ਸਨ ਜਿਵੇਂ ਪਾਣੀ ਦੇ ਮੋਟੇ ਮੋਟੇ ਤੁਪਕੇ ਜੰਮ ਕੇ ਮੋਤੀ ਬਣ ਗਏ ਹੋਣ। ਕਦੇ ਕਦੇ ਰੇਲਵੇ ਇੰਜਣ ਦੀ ਚੀਕ ਚੁੱਪ ਨੂੰ ਤੋੜ ਦਿੰਦੀ ਅਤੇ ਜੋਗਿੰਦਰ ਸਿੰਘ ਦਾ ਕਹਾਣੀਕਾਰ ਦਿਮਾਗ ਸੋਚਦਾ ਕਿ ਇਹ ਚੁੱਪ ਬਰਫ ਦਾ ਵੱਡਾ ਸਾਰਾ ਡਲਾ ਹੈ ਅਤੇ ਸੀਟੀ ਦੀ ਆਵਾਜ਼ ਉਹ ਚੀਕ ਹੈ ਜਿਹੜੀ ਉਹਦੀ ਛਾਤੀ ਵਿਚ ਧਸ ਗਈ ਹੈ।

ਕਾਫ਼ੀ ਚਿਰ ਤਕ ਜੋਗਿੰਦਰ ਸਿੰਘ ਇਕ ਨਵੀਂ ਕਿਸਮ ਦੇ ਰੁਮਾਂਸ ਨੂੰ ਆਪਣੇ ਦਿਲ ਤੇ ਦਿਮਾਗ ਵਿਚ ਫੈਲਾਉਂਦਾ ਰਿਹਾ ਅਤੇ ਰਾਤ ਦੀਆਂ ਅੰਧਿਆਰੀਆਂ ਖੂਬਸੂਰਤੀਆਂ ਨੂੰ ਗਿਣਦਾ ਰਿਹਾ। ਉਸ ਨੇ ਚਾਣਚਕ ਚੌਂਕ ਕੇ ਘੜੀ ਦੇਖੀ-ਬਾਰਾਂ ਵੱਜਣ ਵਿਚ ਦੋ ਮਿੰਟ ਰਹਿੰਦੇ ਸਨ। ਉਠਿਆ ਅਤੇ ਘਰ ਪਹੁੰਚ ਕੇ ਦਰਵਾਜ਼ਾ ਮਲਕੜੇ ਜਿਹੇ ਖੜਕਾਇਆ। ਪੰਜ ਸਕਿੰਟ ਬੀਤ ਗਏ, ਦਰਵਾਜ਼ਾ ਨਾ ਖੁਲ੍ਹਿਆ। ਉਹਨੇ ਮੁੜ ਦਸਤਕ ਦਿੱਤੀ।

ਦਰਵਾਜ਼ਾ ਖੁਲ੍ਹਿਆ। ਜੋਗਿੰਦਰ ਸਿੰਘ ਨੇ ਹੌਲੀ ਜਿਹੀ ਕਿਹਾ, "ਅੰਮ੍ਰਿਤ...।" ਤੇ ਜਦੋਂ ਨਜ਼ਰਾਂ ਚੁੱਕ ਕੇ ਤੱਕਿਆ ਤਾਂ ਉਥੇ ਅੰਮ੍ਰਿਤ ਕੌਰ ਦੀ ਥਾਂ ਤ੍ਰਿਪਾਠੀ ਖਲੋਤਾ ਸੀ। ਹਨੇਰੇ ਵਿਚ ਜੋਗਿੰਦਰ ਸਿੰਘ ਨੂੰ ਇੰਜ ਲੱਗਿਆ ਜਿਵੇਂ ਤ੍ਰਿਪਾਠੀ ਦੀ ਦਾੜ੍ਹੀ ਏਡੀ ਲੰਮੀ ਹੋ ਗਈ ਸੀ ਕਿ ਜ਼ਮੀਨ ਨੂੰ ਛੂਹ ਰਹੀ ਸੀ। ਉਹਨੂੰ ਤ੍ਰਿਪਾਠੀ ਦੀ ਆਵਾਜ਼ ਸੁਣਾਈ ਦਿੱਤੀ, "ਆ ਗਿਆ ਏਂ ਜੋਗਿੰਦਰ ਸਿੰਘ... ਇਹ ਵੀ ਚੰਗਾ ਈ ਹੋਇਆ! ਮੈਂ ਹੁਣੇ-ਹੁਣੇ ਇਕ ਕਹਾਣੀ ਮੁਕਾਈ ਹੈ, ਆ ਤੈਨੂੰ ਸੁਣਾਵਾਂ।"

# ਸਾਲ ਦੇ ਅੰਤਿਮ ਪਲਾਂ 'ਚ

**-ਅਮਿਤੋਜ**



ਬਾਰ੍ਹੀਂ ਵਰ੍ਹੀ ਆਪਣੀ ਚੁੱਪ ਦੇ ਭੌਰੇ 'ਚੋਂ
ਬਾਹਰ ਆਇਆ ਅਪੂਰਨ
ਪੇਸ਼ ਕਰਦਾ ਹੈ
ਕਿਸੇ ਮਮਤਾਵਾਨ ਮਕਤਲ ਨੂੰ
ਆਪਣੀ ਮੋਹ ਭਰੀ ਸ਼ਰਮਿੰਦਾ ਜਿਹੀ
ਲੂਣੀ ਸਲਾਮ।
ਬੇਮੌਸਮੇ ਬਨਵਾਸ ਪਿਛੋਂ ਪਰਤਿਆ
ਸੀਤੇ ਬੁੱਲ੍ਹਾਂ ਵਾਲਾ ਰਾਮ
ਅਰਜ਼ ਕਰਦਾ ਹੈ
ਆਪਣਾ ਤਾਜ਼ਾ ਅਣਲਿਖਿਆ
ਕੂਕਦਾ ਕਲਾਮ।
ਮੈਂ ਤੁਹਾਡਾ ਗੁਜ਼ਰਿਆ ਕਲ੍ਹ ਨਹੀਂ
ਮੈਂ ਤੁਹਾਡਾ ਆਉਣ ਵਾਲਾ ਅਤੀਤ ਹਾਂ
ਮੈਂ ਤੁਹਾਡੇ ਮੁਲਕ ਦੇ ਮੱਥੇ 'ਤੇ ਲਿਖੀ
ਇਕ ਸ਼ਹਿਨਸ਼ਾਹੀ ਅਕਬਰੀ
ਢੱਠੀ ਹੋਈ ਮਸੀਤ ਹਾਂ।
ਮੈਂ ਕਾਗਜ਼ ਨਹੀਂ, ਕਲਮ ਨਹੀਂ,
ਕਸਬ ਨਹੀਂ ਹਾਂ
ਮੈਂ ਹੂਕ ਨਹੀਂ, ਹੇਕ ਨਹੀਂ ਹਰਫ਼ ਨਹੀਂ ਹਾਂ
ਮੈਂ ਤਾਂ ਸੁੱਕੇ ਸਤਲੁਜ ਦੇ ਸਰ੍ਹਾਣੇ ਬੈਠੀ
ਅੰਨ੍ਹੀ ਲੋਅ ਹਾਂ
ਮੈਂ ਕਿ ਜੋ ਅਮਿਤੋਜ ਨਹੀਂ,
ਉਹ ਹਾਂ।
ਮੈਂ ਤੁਹਾਡੇ ਬਹੁਤ ਦੂਰ ਹਾਲੋਂ ਬੇਹਾਲ ਤੜਫਦਾ
ਤੁਹਾਡੇ ਬਹੁਤ ਕਰੀਬ ਹਾਂ
ਮੈਂ ਜੁ ਲਿਖਦਾ-ਲਿਖਦਾ ਲਿਖਣਾ ਭੁੱਲ ਗਿਆ
ਉਹ ਨਸੀਬ ਹਾਂ
ਮੈਂ ਕਿਸੇ ਸਰਦਲ 'ਤੇ ਝੁਕਿਆ ਇਕ ਖੂਬਸੂਰਤ
ਤਿੜਕਿਆ ਬਨੇਰਾ ਹਾਂ
ਮੈਂ ਕਿਸੇ ਦੀਵੇ ਦੀ ਜ਼ੱਦ ਵਿਚ ਭਟਕਦਾ
ਅਣਗੌਲਿਆ ਹਨ੍ਹੇਰਾ ਹਾਂ
ਮੈਂ ਕੁਵੇਲਾ ਹਾਂ, ਮੈ ਹੀ ਸਵੇਰਾ ਹਾਂ
ਖੈਰ ਮੈਂ ਕੁਝ ਵੀ ਹਾਂ
ਸਾਲ ਦੇ ਅੰਤਮ ਪਲਾਂ ਵਿਚ
ਮੈਂ ਸਿਰਫ ਤੇਰਾ ਹਾਂ,
ਸਿਰਫ ਤੇਰਾ ਹਾਂ।

# ਆਸ ਦਾ ਲੜ ਨਾ ਛੱਡਣ ਦੀ ਸਿਖਿਆ ਦਿੰਦੀ ਫਿਲਮ-127 ਆਵਰਜ਼

**ਸੁਰਿੰਦਰ ਸਿੰਘ ਭਾਟੀਆ**

ਸ਼ਿਕਾਗੋ ਦੇ 46ਵੇਂ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿਚ ਇਸ ਵਾਰ ਕੋਈ ਵੀ ਭਾਰਤੀ ਫਿਲਮ ਕਿਸੇ ਵੀ ਸ਼੍ਰੇਣੀ ਵਿਚ ਦਾਖਲ ਨਹੀਂ ਹੋਈ ਪਰ ਪਿਛਲੇ ਸਾਲ ਭਾਰਤੀ ਵਿਸ਼ੇ 'ਤੇ "ਸਲੱਮਡਾਗ ਮਿਲੀਅਨੇਅਰ" ਫਿਲਮ ਬਣਾ ਕੇ ਨਾਮਣਾ ਖੱਟਣ ਵਾਲੇ ਨਿਰਦੇਸ਼ਕ ਡੈਨੀ ਬੋਇਲੇ ਦੀ ਨਵੀਂ ਫਿਲਮ "127 ਆਵਰਜ਼" (127 Hours) ਦੀ ਕਾਫੀ ਚਰਚਾ ਰਹੀ। ਅਮਰੀਕਨ ਸਿਨੇ ਪ੍ਰੇਮੀਆਂ ਵਿਚ ਵੀ ਆਸਕਰ ਵਿਜੇਤਾ ਨਿਰਦੇਸ਼ਕ ਡੈਨੀ ਬੋਇਲੇ ਦੀ ਖਾਸੀ ਪ੍ਰਸਿੱਧੀ ਹੈ। ਉਸਦੀ ਨਵੀਂ ਫਿਲਮ "127 ਆਵਰਜ਼" ਫਿਲਮ ਮੇਲੇ ਦੀ ਕੇਂਦਰੀ ਖਿਚ ਬਣੀ ਰਹੀ। ਡੈਨੀ ਬੋਇਲੇ ਦੀ ਮਸ਼ਹੂਰੀ ਕਰਕੇ ਇਸ ਫਿਲਮ ਦਾ ਏਨਾ ਆਕਰਸ਼ਨ ਸੀ ਕਿ ਕੁਝ ਸਮੇਂ ਵਿਚ ਹੀ ਇਸ ਫਿਲਮ ਦੀਆਂ ਟਿਕਟਾਂ ਸੋਲਡ ਆਊਟ ਹੋ ਗਈਆਂ।

ਇਹ ਫਿਲਮ ਇਕ ਸੱਚੀ ਘਟਨਾ 'ਤੇ ਅਧਾਰਤ ਹੈ। ਇਹ ਘਟਨਾ ਸੰਨ 2003 ਵਿਚ ਅਮਰੀਕਾ ਦੀ ਯੂਟਾ ਸਟੇਟ ਵਿਚ ਇਕ ਨੌਜਵਾਨ ਪਰਬੱਤ ਆਰੋਹੀ "ਆਰੋਨ ਰਾਲਸਟਨ" ਨਾਲ ਵਾਪਰੀ ਤੇ ਉਸ ਨੇ ਆਪਣੀ ਇਸ ਹੱਡ-ਬੀਤੀ ਨੂੰ ਇਕ ਨਾਵਲ "ਏ ਰਾਕ ਐਂਡ ਹਾਰਡ ਪਲੇਸ" ਦਾ ਰੂਪ ਦਿੱਤਾ

ਡੈਨੀ ਬੋਇਲੇ ਨੇ ਇਸ ਨਾਵਲ ਨੂੰ ਪੜ੍ਹਿਆ ਤੇ ਇਸ ਰੋਮਾਂਚਕ ਘਟਨਾ 'ਤੇ ਫਿਲਮ ਬਣਾਉਣ ਬਾਰੇ ਸੋਚਿਆ।

ਫਿਲਮ ਦੀ ਕਹਾਣੀ ਬਹੁਤ ਹੀ ਮਾਰਮਿਕ ਤੇ ਰੋਮਾਂਚ ਭਰੀ ਹੈ। ਰਾਲਸਟਨ ਇਕ ਮਸਤ ਮੌਲਾ ਨੌਜਵਾਨ ਹੈ। ਪਹਾੜਾਂ ਦੀਆਂ ਚੋਟੀਆਂ,ਚਟਾਨਾਂ ਦੀਆਂ ਟੀਸੀਆਂ, ਪਰਬਤਾਂ, ਨੀਵੇਂ ਪਹਾੜਾਂ 'ਤੇ ਆਉਣਾ-ਜਾਣਾ ਉਸਦਾ ਸ਼ੌਕ ਹੈ ਜਾਂ ਇਉਂ ਕਹਿ ਸਕਦੇ ਹੋ ਕਿ ਕੁਦਰਤ ਦੇ ਨਜ਼ਾਰਿਆਂ ਦਾ ਦੀਵਾਨਾ ਕੁੱਦਕੜ ਹੈ। ਅਕਸਰ ਹੀ ਪਰਿਵਾਰ, ਯਾਰਾਂ, ਦੋਸਤਾਂ, ਮਿਤਰਾਂ, ਜਾਣ-ਪਛਾਣ ਵਾਲਿਆਂ ਨੂੰ ਦੱਸੇ ਬਿਨਾ ਉਹ ਇਕੱਲਾ ਹੀ ਕੁਦਰਤ ਰਾਣੀ ਦੀ ਗੋਦ ਵਿਚ ਵਸੀਆਂ ਇਨ੍ਹਾਂ ਪਹਾੜੀ ਚੋਟੀਆਂ ਦਾ ਆਨੰਦ ਮਾਣਦਾ ਹੋਇਆ ਖਾਈਆਂ ਵਿਚ ਉਤਰ ਕੇ ਨਜ਼ਾਰਿਆਂ ਦੀ ਮਸਤੀ ਵਿਚ ਡੁਬ ਜਾਂਦਾ ਹੈ। ਜੇ ਕਦੀ ਕਿਸੇ ਸੈਲਾਨੀ ਨੂੰ ਇਨ੍ਹਾਂ ਪਹਾੜੀਆਂ ਦੀ ਸੈਰ ਕਰਨ ਤੇ ਟਿੱਲੇ-ਟਿੱਬੇ, ਘਾਟੀਆਂ ਬਾਰੇ ਜਾਨਣ ਦੀ ਲੋੜ ਹੈ ਤਾਂ ਉਹ ਉਨ੍ਹਾਂ ਦਾ ਗਾਈਡ ਬਣ ਜਾਂਦਾ ਹੈ।

ਇਕ ਸਨਿਚਰਵਾਰ ਉਹ ਬਿਨਾ ਕਿਸੇ ਨੂੰ ਦੱਸੇ ਇਨ੍ਹਾਂ ਪਹਾੜੀਆਂ ਦੀ ਸੈਰ ਨੂੰ ਨਿਕਲ ਜਾਂਦਾ ਹੈ। ਰਸਤੇ ਵਿਚ ਮਿਲੇ ਦੋ ਯਾਤਰੀਆਂ ਦਾ ਗਾਈਡ ਬਣ ਉਨ੍ਹਾਂ ਨੂੰ ਸੈਰ ਕਰਾ ਕੇ ਬੜਾ ਖੁਸ਼ ਹੁੰਦਾ ਹੈ। ਉਨ੍ਹਾਂ ਦੇ ਜਾਣ ਦੇ ਬਾਅਦ ਉਹ ਬੇਖੁਦੀ ਤੇ ਮਸਤੀ ਵਿਚ ਮਗਨ ਛਾਲ-ਛੜਪੇ ਮਾਰਦਾ, ਉਛੱਲ-ਕੁੱਦ ਕਰਦਾ ਡੂੰਘੀ ਖੱਡ ਵਿਚ ਉਤਰ ਜਾਂਦਾ ਹੈ ਪਰ ਰੱਬ ਦੀ ਕੁਦਰਤ ਜਿਉਂ ਹੀ ਘਾਟੀ ਦੀ ਤਰੇੜ ਰਾਹੀਂ ਉਪਰ ਆਉਣ ਲਗਦਾ ਹੈ, ਇਕ ਭਾਰੀ ਗੋਲ ਪੱਥਰ ਟੁੱਟ ਕੇ ਥੱਲੇ ਵੱਲ ਨੂੰ ਡਿਗਦਾ ਹੈ ਤੇ ਉਸਦੀ ਕੂਹਣੀ ਤੋਂ ਅਗੇ ਬਾਂਹ ਵਾਲਾ ਹਿੱਸਾ ਹੱਥ ਸਮੇਤ ਥਲੇ ਦਬ ਜਾਂਦਾ ਹੈ ਤੇ ਉਸ ਵਿਚੋਂ ਖੂਨ ਵਹਿਣ ਲਗ ਜਾਂਦਾ ਹੈ। ਉਹ ਆਪਣੀ ਬਾਂਹ ਕੱਢਣ ਲਈ ਬੜਾ ਜੋਰ ਲਾਉਂਦਾ ਹੈ ਪਰ ਪੱਥਰ ਬਹੁਤ ਭਾਰੀ ਹੈ, ਟਸ ਤੋਂ ਮਸ ਨਹੀਂ ਹੁੰਦਾ। ਹਰ ਹੀਲਾ ਵਰਤ ਕੇ ਬਾਂਹ ਕਢੱਣ ਦੀ ਕੋਸ਼ਿਸ਼ ਕਰਦਾ ਹੈ ਪਰ ਸਫਲ ਨਹੀਂ ਹੁੰਦਾ। ਹੌਲੀ ਹੌਲੀ ਉਸਨੂੰ ਇਸ ਹਾਦਸੇ ਦੀ ਗੰਭੀਰਤਾ ਦਾ ਅਹਿਸਾਸ ਹੋਣ ਲਗਦਾ ਹੈ। ਉਹ ਆਪਣਾ ਸੈਲ ਫੋਨ ਵੀ ਕਿਸੇ ਥਾਂ ਭੁੱਲ ਆਇਆ ਹੈ ਇਹ ਜਾਣ ਕੇ ਉਸ ਦੇ ਹਵਾਸ ਉਡ ਜਾਂਦੇ ਹਨ। ਉਹ ਡੂੰਘੀ ਖਾਈ ਦੀ ਵਿਰਲ ਵਿਚੋਂ ਉਪਰ ਦੇਖਦਾ ਹੈ। ਕੋਈ ਨਜ਼ਰ ਨਹੀ ਆਉਂਦਾ ਜੋ ਉਸਦੀ ਮਦਦ ਕਰ ਸਕੇ। ਆਪਣੀ ਕਿੱਟ ਵਿਚੋਂ ਛੋਟਾ ਜਿਹਾ ਟੂਲ ਚਾਕੂ ਕੱਢ ਕੇ ਪੱਥਰ ਨੂੰ ਖੁਰਚ ਕੇ ਸਰਕਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਕੋਈ ਫਾਇਦਾ ਨਹੀਂ ਹੁੰਦਾ। ਦਿਨ ਡੁਬਣ ਲਗਦਾ ਹੈ ਤੇ ਹੌਲੀ-ਹੌਲੀ ਹਨ੍ਹੇਰਾ ਪਸਰ ਜਾਂਦਾ ਹੈ। ਉਸ ਕੋਲ ਖਾਣ ਲਈ ਬਹੁਤ ਥੋੜਾ ਖਾਣਾ ਤੇ ਪੀਣ ਲਈ ਪਾਣੀ ਦੀ ਇਕ ਬੋਤਲ ਹੀ ਹੈ। ਕੁਝ ਖਾ ਕੇ ਗੁਜਾਰਾ ਕਰਦਾ ਹੈ ਤੇ ਅਗਲੇ ਦਿਨ ਦਾ ਇੰਤਜਾਰ ਕਰਦਾ ਹੈ ਪਰ ਅਗਲੇ ਦਿਨ ਵੀ ਉਸ ਤਰਫ ਕੋਈ ਰਾਹੀ ਨਹੀਂ ਆਉਂਦਾ ਜੋ ਉਸ ਦੀ ਸਹਾਇਤਾ ਕਰ ਸਕੇ। ਅਸਮਾਨ ਵਿਚ ਸਿਵਾਏ ਕੁਝ ਪੰਛੀਆਂ ਦੇ ਕੋਈ ਨਹੀਂ। ਉਡਦੇ ਪੰਛੀ ਦਾ ਹਲਕਾ ਜਿਹਾ ਪ੍ਰਛਾਵਾਂ ਦੇਖ ਕੇ ਉਹ ਉਚੀ ਉਚੀ ਹੈਲਪ ਲਈ 'ਵਾਜਾਂ ਮਾਰਦਾ ਹੈ। ਦੂਸਰਾ ਦਿਨ ਵੀ ਬੀਤ ਜਾਂਦਾ ਹੈ। ਹੌਲੀ-ਹੌਲੀ ਪੀਣ ਵਾਲਾ ਪਾਣੀ ਵੀ ਘੱਟ ਰਿਹਾ ਹੈ। ਮਾਯੂਸੀ ਵੱਧਣ ਲਗਦੀ ਹੈ, ਮਜਬੂਰੀ ਇਕ ਦਰਦ ਵਾਂਗ ਉਭਰਦੀ ਹੈ, ਕਿੰਝ ਇਸ ਮੁਸੀਬਤ ਤੋਂ ਛੁਟਕਾਰਾ ਪਾਏ ਪਰ ਫਿਰ ਵੀ ਹਿੰਮਤ ਕਰਕੇ ਰੱਸਿਆਂ ਨਾਲ ਚਟਾਨਾਂ ਨੂੰ ਹਿਲਾਉਣ ਦੀ ਜੁਗਤ ਕਰਦਾ ਹੈ ਪਰ ਕਾਮਯਾਬੀ ਨਹੀਂ ਮਿਲਦੀ। ਅਚਾਨਕ ਹਨੇਰੀ ਝੁੱਲਣ ਲੱਗਦੀ ਹੈ ਤੇ ਮੀਂਹ ਵਰ੍ਹਨ ਲਗਦਾ ਹੈ। ਉਸ ਨੂੰ ਉਮੀਦ ਜਾਗਦੀ ਹੈ ਕਿ ਸ਼ਾਇਦ ਪੱਥਰ ਹਿੱਲ ਜਾਵੇ ਤੇ ਬਾਂਹ ਬਾਹਰ ਆ ਜਾਵੇ ਪਰ ਉਸਦੀ ਇਹ ਉਮੀਦ ਵੀ ਬੁਝ ਜਾਂਦੀ ਹੈ। ਸਗੋਂ ਬਾਰਸ਼ ਨਾਲ ਕੀੜੇ-ਮਕੌੜੇ ਖੁੱਡਾਂ ਵਿਚੋਂ ਨਿਕਲ ਕੇ ਉਸ ਦੇ ਜਿਸਮ 'ਤੇ ਰੀਂਗਣ ਲਗਦੇ ਹਨ। ਟਿੱਡੇ ਤੇ ਬਿੱਡੇ ਆਸ-ਪਾਸ ਕੁਰਬਲ-ਕੁਰਬਲ ਕਰਦੇ ਹਨ। ਪਛਤਾਵੇ ਨਾਲ ਸਟਪਾਉਂਦਾ ਹੈ। ਸੀਨੇ ਵਿਚ ਹੂਕ ਉਠਦੀ ਹੈ, ਉਸਨੂੰ ਇਸ ਗੱਲ ਲਈ ਝੋਰਾ ਹੈ ਕਿ ਉਸਨੇ ਕਿਸੇ ਨੂੰ ਜਾਣਕਾਰੀ ਕਿਉਂ ਨਹੀ ਦਿੱਤੀ ਕਿ ਉਹ ਕਿਥੇ ਜਾ ਰਿਹਾ ਹੈ। ਭਾਵੁਕ ਹੋ ਕੇ ਆਪਣੇ ਆਪ ਨਾਲ ਸੰਵਾਦ ਰਚਾਉਂਦਾ ਹੈ, ਕਿਸ ਤਰ੍ਹਾਂ ਅੰਦਾਜੇ ਦੀ ਗਲਤੀ ਨਾਲ ਇਸ ਮੁਸੀਬਤ ਵਿਚ ਫਸਿਆ ਹੈ। ਤੀਜਾ ਤੇ ਚੌਥਾ ਦਿਨ ਬੀਤ ਜਾਣ ਤਕ ਕੋਈ ਸਹਾਇਤਾ ਨਹੀਂ, ਭੁੱਖਾ-ਭਾਣਾ ਹੈ ਤੇ ਪੀਣ ਦਾ ਪਾਣੀ ਵੀ ਖਤਮ ਹੋ ਜਾਂਦਾ ਹੈ। ਨਿਰੰਤਰ ਉਸਦੀ ਹਾਲਤ ਖਰਾਬ ਹੋਣ ਲਗਦੀ ਹੈ। ਪੰਜਵੇਂ ਦਿਨ ਦਸ਼ਾ ਵਿਗੜ ਜਾਂਦੀ ਹੈ। ਬਹੁਤ ਸਮਾਂ ਭੁੱਖਾ ਤੇ ਜ਼ਖਮੀ ਹੋਣ ਕਰਕੇ ਉਸ ਦੇ ਬੁੱਲ ਸੁਕ ਜਾਂਦੇ ਹਨ, ਪੈਰ ਸੁਜ ਜਾਂਦੇ ਹਨ। ਅੱਖਾਂ ਵਿਚ ਨੀਂਦਰ ਹੈ ਤੇ ਸਰੀਰ ਵੀ ਜਵਾਬ ਦੇਣ ਲਗਦਾ ਹੈ। ਨਾ ਪੀਣ ਨੂੰ ਪਾਣੀ, ਨਾ ਖਾਣ ਨੂੰ ਖਾਣਾ, ਇਕ ਜਗ੍ਹਾ ਤੋਂ ਹਿਲ ਵੀ ਨਹੀਂ ਸਕਦਾ। ਉਸਦੀ ਹਾਲਤ ਅਰਧ ਬੇਹੋਸ਼ੀ ਵਾਲੀ ਹੋ ਜਾਂਦੀ ਹੈ। ਉਹ ਆਪਣੀ ਬੇਬਸੀ ਤੇ ਸਟਪਟਾਉਂਦਾ ਹੈ। ਬਾਂਹ ਤੋਂ ਰਿਸ ਰਹੇ ਖੂਨ ਦੇ ਕਤਰੇ ਨੂੰ ਬੁਲਾਂ ਨਾਲ ਲਾ ਕੇ ਪਿਆਸ ਬੁਝਾਉਂਦਾ ਹੈ। ਇਸ ਸੰਕਟ ਦੀ ਘੜੀ ਵਿਚ ਉਸ ਦੀ ਹਿੰਮਤ ਜਵਾਬ ਦੇਣ ਲਗਦੀ ਹੈ। ਜਿਉਂ ਜਿਉਂ ਵਕਤ ਗੁਜ਼ਰਦਾ ਹੈ, ਉਸਦੀ ਆਸ ਟੁੱਟਣ ਲਗਦੀ ਹੈ। ਆਪੇ ਨਾਲ ਉਲਝਦਾ, ਕਦੇ ਜਿੱਤਦਾ, ਕਦੇ ਹਾਰਦਾ ਹੈ। ਉਸਨੂੰ ਲਗਦਾ ਹੈ, ਉਸਦਾ ਅੰਤ ਆ ਗਿਆ ਹੈ, ਜਲਦੀ ਉਸ ਦੇ ਸਾਹ ਮੁਕ ਜਾਣਗੇ, ਬਸ ਇਹ ਹੀ ਪਲ ਉਸ ਦੀ ਜ਼ਿੰਦਗੀ ਦੇ ਆਖਰੀ ਪਲ ਹਨ। ਉਹ ਆਪਣੇ ਕੈਮਕਾਰਡਰ ਕੈਮਰੇ ਵਿਚ ਆਪਣੇ ਮਾਤਾ-ਪਿਤਾ ਲਈ ਆਖਰੀ ਸੰਦੇਸ਼ ਭਰਦਾ ਹੈ ਕਿ ਉਹ ਕਿਸ ਹਾਲਤ ਵਿਚ ਹੈ, ਕਿਸ ਤਰ੍ਹਾਂ ਹੌਲੀ ਹੌਲੀ ਮੌਤ ਵੱਲ ਵੱਧ ਰਿਹਾ ਹੈ। ਬੀਤੇ ਸਮੇਂ ਤੇ ਆਪਣੇ ਯਾਰਾਂ-ਦੋਸਤਾਂ ਨਾਲ ਬਿਤਾਏ ਪਲ, ਜਸ਼ਨ ਪਾਰਟੀਆਂ, ਮੌਜ-ਮਸਤੀ ਤੇ ਖੁੱਲ੍ਹੀ ਜ਼ਿੰਦਗੀ ਨੂੰ ਯਾਦ ਕਰ ਫਰਿਆਦ ਕਰਦਾ ਹੈ ਕਿ ਜੇ ਕਿਸੇ ਨੂੰ ਇਹ ਕੈਮਰਾ ਮਿਲੇ ਤਾਂ ਉਸਦੇ ਘਰ ਪਹੁੰਚਾ ਦੇਵੇ ਤਾਂ ਕਿ ਕਿ ਉਹ ਜਾਣ ਸਕਣ ਕਿ ਕਾਰਲਸਟਨ ਹੁਣ ਇਸ ਦੁਨੀਆਂ ਵਿਚ ਨਹੀਂ ਹੈ।

ਅਚਾਨਕ ਅਰਧ ਬੇਹੋਸ਼ੀ ਦੀ ਹਾਲਤ ਵਿਚ ਪਤਾ ਨਹੀਂ ਉਸਨੂੰ ਕਿਥੋਂ ਤਾਕਤ ਮਿਲਦੀ ਹੈ ਕਿ ਆਪਣੇ ਹੋਸ਼ੋ-ਹਵਾਸ ਫਿਰ ਤੋਂ ਕਾਇਮ ਕਰਦਾ ਹੈ। ਜੀਣ ਦੀ ਆਸ ਦੀ ਸ਼ਕਤੀ ਤੇ ਜੋਸ਼ ਨਾਲ ਭਰ ਕੇ ਆਖਰੀ ਹੱਲਾ ਮਾਰਨ ਲਈ ਤਿਆਰ ਹੋ ਜਾਂਦਾ ਹੈ। ਛੋਟੇ ਜਿਹੇ ਚਾਕੂ ਨਾਲ ਆਪਣੀ ਬਾਂਹ 'ਤੇ ਕਿਸੇ ਕਸਾਈ ਦੀ ਤਰ੍ਹਾਂ ਬੇਤਹਾਸ਼ਾ ਚਾਕੂ ਮਾਰ ਕੇ ਨਾੜਾਂ ਤੇ ਹੱਡੀ ਕੱਟਣ ਲਈ ਪਰਛੰਡੇ ਮਾਰਦਾ ਹੈ ਤੇ ਅਪਣੀ ਬਾਂਹ ਕੂਹਣੀ ਤੋਂ ਅਗੇ ਦੋਫਾੜ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਬਾਂਹ ਦਾ ਅਗਲਾ ਹਿੱਸਾ ਪੱਥਰ ਵਿਚ ਫਸਿਆ ਰਹਿ ਜਾਂਦਾ ਹੈ। ਉਸਦੇ ਸਾਹ ਵਿਚ ਸਾਹ ਆਉਂਦਾ ਹੈ ਬੜੀ ਮੁਸ਼ਕਿਲ ਨਾਲ 65 ਫੁੱਟ ਉਚੇ ਤਿਲਕਵੇਂ ਤੇ ਢਲਾਣਦਾਰ ਰਸਤੇ ਤੋਂ ਚੜ੍ਹ ਕੇ ਖੱਡ 'ਚੋਂ ਬਾਹਰ ਨਿਕਲਦਾ ਹੈ ਪਰ ਬਾਂਹ ਵਿਚੋਂ ਵੱਗ ਰਹੇ ਲਹੂ ਕਾਰਨ ਹਾਲਤ ਹੋਰ ਵੀ ਗੰਭੀਰ ਹੋ ਜਾਂਦੀ ਹੈ। ਉਹ 8-10 ਮੀਲ ਤੱਕ ਵਿੰਗੀਆਂ, ਵਲ ਖਾਂਦੀਆਂ ਪਗਡੰਡੀਆਂ ਤੇ ਲੁੜ੍ਹਕਦਾ, ਰਿੜਦਾ, ਲੜਖੜਾਉਂਦਾ, "ਹੈਲਪ- ਹੈਲਪ" ਪੁਕਾਰਦਾ ਦੌੜਦਾ ਹੈ ਪਰ ਦੂਰ-ਦਰੇਡੇ ਤਕ ਕੋਈ ਰਾਹੀ ਨਜ਼ਰ ਨਹੀਂ ਪੈਂਦਾ। ਆਖਿਰ ਉਸ ਨੂੰ ਇਕ ਸੈਲਾਨੀ ਜੋੜਾ ਨਜ਼ਰ ਆਉਂਦਾ ਹੈ ਜੋ ਉਸਨੂੰ ਪਾਣੀ ਪਿਲਾਉਂਦਾ ਹੈ ਤੇ ਸਰਕਾਰੀ ਮਦਦ ਲਈ ਕਾਲ ਕਰਦਾ ਹੈ। ਹੈਲੀਕਾਪਟਰ ਦੀ ਮਦਦ ਨਾਲ ਉਸਦੀ ਜਾਨ ਬਚਾਈ ਜਾਂਦੀ ਹੈ।

ਇਸ ਸੱਚੀ ਕਹਾਣੀ ਦਾ ਸਕਰੀਨ ਪਲੇਅ ਡੈਨੀ ਬੋਇਲੇ ਤੇ ਸਾਈਮਨ ਬੋਇਫ ਨੇ ਬਹੁਤ ਹੀ ਖੂਬਸੂਰਤ ਲਿਖਿਆ ਹੈ। ਡੈਨੀ ਬੋਇਲੇ ਦਾ ਨਿਰਦੇਸ਼ਨ ਉਤਮ ਹੈ। ਉਸਨੇ ਫਿਲਮ ਨੂੰ ਰੋਚਕ ਬਣਾਉਣ ਲਈ ਫਲੈਸ਼ ਬੈਕ ਸੀਨਾਂ ਦੀ, ਪ੍ਰਭਾਵਸ਼ਾਲੀ ਸਾਊਂਡ ਇਫੈਕਟ ਤੇ ਸੰਗੀਤ ਦਾ ਭਰਪੂਰ ਇਸਤੇਮਾਲ ਕੀਤਾ ਹੈ। ਪੱਥਰਾਂ ਤੇ ਪਹਾੜੀਆਂ ਦੇ ਸੀਨ ਬਹੁਤ ਹੀ ਕਲਾਤਮਿਕ ਢੰਗ ਨਾਲ ਫਿਲਮਾਏ ਗਏ ਹਨ। ਕਲਾਕਾਰ ਜੇਮਸ ਫਰੈਂਕੋ ਨੇ ਵੀ ਨਾਵਲ ਦੇ ਮੁਖ ਪਾਤਰ ਆਰੋਨ ਕਾਰਲਸਟਨ ਦਾ ਰੋਲ ਬਖੂਬੀ ਨਿਭਾਇਆ ਹੈ। ਮੇਕਅਪਮੈਨ ਟੋਨੀ ਗਾਰਡਨਰ ਤੇ ਸਾਥੀਆਂ ਨੇ ਕਾਰਲਸਟਨ ਦੀ ਸਮੇਂ ਨਾਲ ਬਦਲਦੀ ਅਵਸਥਾ ਤੇ ਮਨੋਦਸ਼ਾ ਦੇ ਅਨੁਸਾਰ ਮੇਕਅਪ ਵਿਚ ਤਬਦੀਲੀ ਕੀਤੀ ਹੈ ਜੋ ਕਿ ਸ਼ਲਾਘਾਯੋਗ ਹੈ। ਉਘੇ ਸੰਗੀਤਕਾਰ ਏ. ਆਰ. ਰਹਿਮਾਨ ਦਾ ਸੰਗੀਤ ਬਹੁਤ ਵਧੀਆ ਹੈ। ਕੈਮਰਾਮੈਨ ਐਂਥਨੀ ਡੋਡ ਨੇ ਵੱਡੀਆਂ-ਵੱਡੀਆਂ ਚਟਾਨਾਂ ਦੀਆਂ ਲੜੀਆਂ ਦੇ ਦ੍ਰਿਸ਼ਾਂ ਨੂੰ ਬੜੀ ਖੂਬਸੂਰਤੀ ਨਾਲ ਕੈਮਰੇ ਵਿਚ ਕੈਦ ਕੀਤਾ ਹੈ।



**ਫਿਲਮ ਦਾ ਇਕ ਦ੍ਰਿਸ਼**

ਡੈਨੀ ਬੋਇਲੇ ਨੇ ਇਕ ਮੁਲਾਕਾਤ ਵਿਚ ਦੱਸਿਆ ਕਿ ਉਹ ਇਸ ਨੌਜਵਾਨ ਦੀ ਆਪ ਬੀਤੀ ਤੋਂ ਏਨੇ ਪ੍ਰਭਾਵਿਤ ਹੋਏ ਕਿ ਤੁਰੰਤ ਇਸ ਵਿਸ਼ੇ 'ਤੇ ਫਿਲਮ ਬਣਾਉਣ ਦੀ ਸੋਚੀ। ਇਹ ਕਹਾਣੀ ਸਾਹਸ, ਹਿੰਮਤ ਤੇ ਉਮੀਦ ਦੀ ਜਿੰਦਾ ਜਾਗਦੀ ਮਿਸਾਲ ਹੈ। ਆਸ ਦੀ ਸ਼ਕਤੀ ਨਾਲ ਇਨਸਾਨ ਵੱਡੀ ਤੋਂ ਵੱਡੀ ਔਕੜ ਦਾ ਸਾਹਮਣਾ ਕਰ ਸਕਦਾ ਹੈ। ਆਸ ਨਾਲ ਤੁਸੀਂ ਹਾਰ ਨੂੰ ਵੀ ਜਿੱਤ ਵਿਚ ਬਦਲ ਸਕਦੇ ਹੋ। ਇਹੋ ਇਸ ਫਿਲਮ ਦਾ ਸੁਨੇਹਾ ਹੈ।

ਕੁਦਰਤ ਦੇ ਮਨਮੋਹਕ ਦ੍ਰਿਸ਼ਾਂ ਦੇ ਫਿਲਮਾਂਕਣ ਬਾਰੇ ਉਨ੍ਹਾਂ ਕਿਹਾ ਇਸ ਲਈ ਕਾਫੀ ਜੋਖਿਮ ਭਰੇ ਸ਼ਾਟ ਹੈਲੀਕਾਪਟਰ ਰਾਹੀਂ ਲਏ ਗਏ। ਵਧੀਆ ਸੰਗੀਤ ਬਾਰੇ ਉਨ੍ਹਾਂ ਕਿਹਾ ਕਿ ਸੰਗੀਤਕਾਰ ਏ. ਆਰ. ਰਹਿਮਾਨ ਅਮੇਜ਼ਿੰਗ (ਹੈਰਾਨਕੁਨ) ਹੈ ਉਹ ਭਾਰਤ ਹੀ ਨਹੀਂ ਬਲਕਿ ਦੁਨੀਆਂ ਦੇ ਮਹਾਨ ਸੰਗੀਤਕਾਰਾਂ ਵਿਚੋਂ ਇਕ ਹੈ। ਉਨ੍ਹਾਂ ਇਸ ਗੱਲ 'ਤੇ ਖੁਸ਼ੀ ਜਾਹਿਰ ਕੀਤੀ ਕਿ ਫਿਲਮ ਦਰਸ਼ਕਾਂ ਨੂੰ ਪਸੰਦ ਆਈ ਹੈ।

ਵਰਨਣਯੋਗ ਹੈ ਕਿ ਫਿਲਮ ਵਿਚ ਡੈਨੀ ਬੋਇਲੇ ਦੇ ਨਾਲ ਨਿਰਮਾਤਾ ਕ੍ਰਿਸਟਨ ਕਾਲਸਟਨ, ਕੈਮਰਾਮੈਨ ਡੋਡ, ਸੰਗੀਤਕਾਰ ਏ.ਆਰ. ਰਹਿਮਾਨ, ਸਕਰੀਨਪਲੇਅ ਰਾਈਟਰ ਸਾਈਮਨ ਬੋਇਫੇ ਸਾਰਿਆਂ ਦੀ ਉਹੀ ਟੀਮ ਹੈ ਜਿਸਨੇ "ਸੱਲਮਡਾਗ ਮਿਲੀਅਨੇਅਰ" ਫਿਲਮ ਰਾਹੀਂ ਢੇਰ ਸਾਰੇ ਆਸਕਰ ਇਨਾਮ ਜਿੱਤੇ ਸਨ।

ਹੁਣ ਦਰਸ਼ਕਾਂ ਨੂੰ ਤਾਂਘ ਹੈ ਕਿ ਇਕ ਵਾਰ ਫਿਰ ਡੈਨੀ ਬੋਇਲੇ ਦੀ ਤਾਜਾ ਫਿਲਮ "127 ਆਵਰਜ਼" ਆਸਕਰ ਵਿਚ ਹੰਗਾਮਾ ਕਰ ਇਨਾਮ ਜਿੱਤ ਸਕੇਗੀ।



**ਨਿਰਦੇਸ਼ਕ ਡੈਨੀ ਬੋਇਲੇ ਅਤੇ ਲੇਖਕ ਸੁਰਿੰਦਰ ਸਿੰਘ ਭਾਟੀਆ**

---

# ਨਵੀਂ ਅਦਾਕਾਰਾ ਰਿਤੂ ਦੁਦਾਨੀ

ਜਿਵੇਂ ਜਿਵੇਂ ਟੀ.ਵੀ. 'ਤੇ ਨਵੇਂ ਲੜੀਵਾਰਾਂ ਦੀ ਭਰਮਾਰ ਹੋ ਰਹੀ ਹੈ ਉਸੇ ਤਰ੍ਹਾਂ ਕਲਾਕਾਰਾਂ ਦੇ ਨਵੇਂ ਚਿਹਰੇ ਵੀ ਦਿਖਾਈ ਦੇ ਰਹੇ ਹਨ। 'ਚਿਹਰਾ' ਅਤੇ 'ਵੰਦਿਨੀ' ਲੜੀਵਾਰਾਂ ਵਿਚ ਮੁੱਖ ਕਿਰਦਾਰ ਨਿਭਾਉਣ ਵਾਲੀ ਖੂਬਸੂਰਤ ਅਦਾਕਾਰਾ ਰਿਤੂ ਦੁਦਾਨੀ ਸਹਾਰਾ ਚੈਨਲ ਦੇ ਚਰਚਿਤ ਲੜੀਵਾਰ 'ਬਿੱਟੋ' ਵਿਚ ਮੁੱਖ ਭੂਮਿਕਾ ਨਿਭਾਵੇਗੀ। ਸਮਾਜਿਕ ਭੇਦਭਾਵ 'ਤੇ ਆਧਾਰਤ ਇਸ ਸ਼ੋਅ ਦੀ ਕਹਾਣੀ ਹੁਣ ਪਿੰਡ ਤੋਂ ਸ਼ਹਿਰ ਵੱਲ ਜਾ ਰਹੀ ਹੈ ਅਤੇ ਇਸ ਵਿਚ ਕਈ ਨਵੇਂ ਚਿਹਰੇ ਸ਼ਾਮਲ ਹੋ ਰਹੇ ਹਨ। ਰਿਤੂ ਦੁਦਾਨੀ ਹੁਣ ਪੌਲਵੀ ਦੀ ਜਗ੍ਹਾ 'ਬਿੱਟੋ' ਦਾ ਮੁੱਖ ਕਿਰਦਾਰ ਨਿਭਾ ਰਹੀ ਹੈ। ਚੰਡੀਗੜ੍ਹ ਦੀ ਰਹਿਣ ਵਾਲੀ ਇਸ ਅਦਾਕਾਰਾ ਦੇ ਪਿਤਾ ਪੰਜਾਬੀ ਬਿਜਨਸਮੈਨ ਹਨ ਜਦੋਂ ਕਿ ਮਾਂ ਦੱਖਣ ਭਾਰਤੀ ਹੈ। ਪਾਠਕਾਂ ਲਈ ਪੇਸ਼ ਹਨ ਰਿਤੂ ਨਾਲ ਇਸ ਲੜੀਵਾਰ ਬਾਰੇ ਹੋਈ ਮੁਲਾਕਾਤ ਦੇ ਕੁਝ ਅੰਸ਼:

**ਸਭ ਤੋਂ ਪਹਿਲਾਂ ਆਪਣੇ ਸ਼ੋਅ 'ਬਿੱਟੋ' ਬਾਰੇ ਕੁਝ ਦੱਸੋ?**

-ਇਸ ਲੜੀਵਾਰ ਦੀ ਕਹਾਣੀ ਦਾ ਤਾਣਾ-ਬਾਣਾ ਸਮਾਜਿਕ ਭੇਦਭਾਵ ਵਿਰੁਧ ਬੁਣਿਆ ਗਿਆ ਹੈ। ਨਾਇਕਾ ਸਮਾਜ ਵਿਚ ਜਾਤ-ਪਾਤ ਦੀ ਬੁਰੀ ਪਰੰਪਰਾ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਉਹ ਉਚ ਵਰਗ ਦੇ ਠਾਕੁਰਾਂ ਖਿਲਾਫ ਆਵਾਜ਼ ਬੁਲੰਦ ਕਰਦੀ ਹੈ। ਉਹ ਹਰ ਹਾਲ ਵਿਚ ਆਪਣੇ ਸਹੁਰਾ ਪਰਿਵਾਰ ਨੂੰ ਖੁਸ਼ ਦੇਖਣਾ ਚਾਹੁੰਦੀ ਹੈ। ਬਚਪਨ ਤੋਂ ਬਾਅਦ 'ਬਿੱਟੋ' ਦਾ ਜਵਾਨ ਕਿਰਦਾਰ ਮੇਰੇ ਹਿੱਸੇ ਆਇਆ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਇਹ ਦਰਸ਼ਕਾਂ ਨੂੰ ਪਸੰਦ ਆਏਗਾ।

**ਇਸ ਕਿਰਦਾਰ ਨੂੰ ਲੈ ਕੇ ਤੁਸੀਂ ਕੀ ਮਹਿਸੂਸ ਕਰਦੇ ਹੋ?**

-'ਚਿਹਰਾ' ਅਤੇ 'ਵੰਦਿਨੀ' ਦੇ ਮੁਕਾਬਲੇ ਇਹ ਕਿਰਦਾਰ ਚੁਣੌਤੀਪੂਰਨ ਹੈ ਅਤੇ ਇਸ ਸ਼ੋਅ ਤੋਂ ਮੈਂ ਬੇਹੱਦ ਖੁਸ਼ ਹਾਂ। ਇਸ ਵਿਚ ਮੈਨੂੰ ਕੰਮ ਕਰਨ ਦਾ ਚੰਗਾ ਮੌਕਾ ਮਿਲਿਆ ਹੈ ਅਤੇ ਮੈਂ ਦਰਸ਼ਕਾਂ ਦੀ ਕਸੌਟੀ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰ ਰਹੀ ਹਾਂ।

**ਕੀ ਅਸਲ ਜ਼ਿੰਦਗੀ ਵਿਚ ਵੀ ਤੁਸੀਂ 'ਬਿੱਟੋ' ਵਾਂਗ ਰਹਿੰਦੇ ਹੋ?**

-ਮੈਂ ਬਿਲਕੁਲ ਬਿੱਟੋ ਦੀ ਤਰ੍ਹਾਂ ਹਾਂ। ਇਕ ਲੜਕੀ ਹੋਣ ਦੇ ਨਾਤੇ ਮੈਂ ਆਪਣੇ ਆਪ ਨੂੰ ਸੁਲਝੀ ਹੋਈ ਅਤੇ ਤਾਕਤਵਰ ਮੰਨਦੀ ਹਾਂ। ਲੜਕੀਆਂ ਅੱਜਕੱਲ੍ਹ ਹਰ ਖੇਤਰ ਵਿਚ ਕਾਮਯਾਬੀ ਦਾ ਪਰਚਮ ਲਹਿਰਾ ਰਹੀਆਂ ਹਨ ਅਤੇ ਛੋਟੇ ਪਰਦੇ 'ਤੇ ਵੀ ਉਨ੍ਹਾਂ ਦੀ ਆਪਣੇ ਅਲੱਗ ਪਹਿਚਾਣ ਹੈ।

**ਅਭਿਨੈ ਦੇ ਖੇਤਰ ਵਿਚ ਕਿਵੇਂ ਆਏ?**

-ਮੈਂ ਪਿਛਲੇ ਦੋ ਸਾਲਾਂ ਤੋਂ ਫਿਲਮ ਨਗਰੀ ਮੁੰਬਈ ਵਿਚ ਰਹਿ ਰਹੀ ਹਾਂ। ਪਹਿਲਾਂ ਕੁਝ ਲੜੀਵਾਰਾਂ ਵਿਚ ਕੰਮ ਕੀਤਾ ਅਤੇ ਫੇਰ ਇਸ਼ਤਿਹਾਰਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਇਸੇ ਦੌਰਾਨ ਰਣਬੀਰ ਕਪੂਰ ਅਤੇ ਦੀਪਿਕਾ ਨਾਲ ਪੈਪਸੀ ਦੀ ਐਡ ਕਰਨ ਦਾ ਮੌਕਾ ਵੀ ਮਿਲਿਆ।

**ਤੁਹਾਨੂੰ ਕਿਸ ਤਰ੍ਹਾਂ ਦੇ ਕਿਰਦਾਰ ਪਸੰਦ ਹਨ?**

-ਮੈਨੂੰ ਵੱਖ ਵੱਖ ਤਰ੍ਹਾਂ ਦੇ ਕਰੈਕਟਰ ਨਿਭਾਉਣ ਵਿਚ ਮਜ਼ਾ ਆਉਂਦਾ ਹੈ। ਮੇਰੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਹਰ ਕਿਰਦਾਰ ਨੂੰ ਅਸਲ ਰੰਗ ਦੇ ਸਕਾਂ। ਇਸੇ ਲਈ ਮੈਂ ਸਭ ਕੁਝ ਛੱਡ ਕੇ ਸਿਰਫ ਇਕੋ ਲੜੀਵਾਰ ਕਰ ਰਹੀ ਹਾਂ।

**-ਰਣਜੀਤ ਕੰਵਰ**



# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ
ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਸਿੱਖਿਆ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਜੋਬਨਜੀਤ ਸਿੰਘ**
ਚੇਅਰਮੈਨ ਐਨ.ਆਰ.ਆਈ ਸਭਾ, ਅਮਰੀਕਾ



**ਮਨਜੋਤ ਸਿੰਘ ਰਾਏ**
**ਮੀਤ ਪ੍ਰਧਾਨ ਐਨ.ਆਰ.ਆਈ ਸਭਾ ਕੈਲੇਫੋਰਨੀਆ**

ਅਸੀਂ ਧੰਨਵਾਦੀ ਹਾਂ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ, ਸਿੱਖਿਆ ਅਤੇ ਐਨ.ਆਰ.ਆਈ ਮੰਤਰੀ ਜਥੇ : ਸੇਵਾ ਸਿੰਘ ਸੇਖਵਾਂ ਅਤੇ ਜੋਬਨਜੀਤ ਸਿੰਘ ਬੌਬੀ ਚੇਅਰਮੈਨ ਐਨ.ਆਰ.ਆਈ ਸਭਾ ਜਿੰਨਾਂ ਨੇ ਇਕ ਉਭਰਦੇ ਹੋਏ ਨੌਜੁਆਨ ਆਗੂ ਮਨਜੋਤ ਰਾਏ ਨੂੰ ਐਨ.ਆਰ.ਆਈ ਸਭਾ ਕੈਲੇਫੋਰਨੀਆ ਦਾ ਮੀਤ ਪ੍ਰਧਾਨ ਬਣਾ ਕੇ ਸਮੂਹ ਨੌਜੁਆਨਾਂ ਦਾ ਮਾਣ ਵਧਾਇਆ। ਅਸੀਂ ਉਮੀਦ ਕਰਦੇ ਹਾਂ ਕਿ ਮਨਜੋਤ ਰਾਏ ਦਿੱਤੀ ਹੋਈ ਜਿੰਮੇਵਾਰੀ ਨੂੰ ਤਨ ਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ।

ਵੱਲੋਂ

SUBWAY

**ਸੁਖਵੀਰ ਸਿੰਘ ਰਾਏ**
**ਫੋਨ : 661-201-8339**

SUBWAY


# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਦੇਗ ਤੇਗ ਫਤਹਿ

ਪੰਥ ਕੀ ਜੀਤ

## ‘ਧੰਨ ਨਾਨਕ ਤੇਰੀ ਵੱਡੀ ਕਮਾਈ’



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ ਅਨੁਸਰ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੋ ਆਪ ਨਿਰੰਕਾਰ ਰੂਪ ਸਨ, 1469 ਈਸਵੀ ਵਿਚ ਇਸ ਜਗਤ ਵਿਚ ਆਏ ਅਤੇ ਆ ਕੇ ਸਭਨਾ ਜੀਆਂ ਦੇ ਆਧਾਰ ਲਈ ਦੇਸ਼-ਵਿਦੇਸ਼ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਉਸ ਵੇਲੇ ਦੇ ਰਾਜਸੀ,ਧਾਰਮਿਕ ਅਤੇ ਸਮਾਜਕ ਆਗੂਆਂ ਨੂੰ ਸੱਚ ਦੇ ਮਾਰਗ ‘ਤੇ ਤੋਰਿਆ। ਸਮਾਜ ਦੇ ਲਿਤਾੜੇ ਹੋਏ ਲੋਕਾਂ ਨੂੰ ਗਲ ਲਾ ਕੇ ਸਮਾਨਤਾ ਦਾ ਅਹਿਸਾਸ ਕਰਵਾਇਆ ਅਤੇ ਅਹਿਸਾਸ ਕਰਵਾਉਂਦਿਆਂ ਸਭਨਾਂ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ ਦਾ ਸਿਧਾਂਤ ਦ੍ਰਿੜ ਕਰਵਾਇਆ।

ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਮਤਿ ਪ੍ਰਚਾਰ ਨੂੰ ਅੱਗੇ ਤੋਰਦਿਆਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਦਿਵਸ 21 ਨਵੰਬਰ ਦਿਨ ਐਤਵਾਰ ਨੂੰ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਰਾਗੀ, ਢਾਡੀ ਅਤੇ ਕਥਾਵਾਚਕ ਗੁਰਮਤਿ ਦ੍ਰਿੜ ਕਰਵਾਉਣਗੇ।



## ਗੁਰਪੁਰਬ ਸਬੰਧੀ ਪ੍ਰੋਗਰਾਮ

20 ਨਵੰਬਰ (ਸਨਿਚਰਵਾਰ ਰਾਤ) ਅਤੇ 21 ਨਵੰਬਰ (ਐਤਵਾਰ) ਨੂੰ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਭਾਈ ਬਲਵਿੰਦਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ, ਭਾਈ ਅਤਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਤਾਰਾ ਸਿੰਘ ਅਤੇ ਭਾਈ ਨਤਿੰਦਰ ਸਿੰਘ ਬੰਬੇਵਾਲੇ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਕੀਰਤਨ ਅਤੇ ਪੰਥ ਦੇ ਮਹਾਨ ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਕਥਾ ਦੁਆਰਾ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਪਦੇਸ਼ ਦ੍ਰਿੜ ਕਰਵਾਉਣਗੇ।

### ਗੁਰੂ ਕਾ ਲੰਗਰ

ਇਸ ਮੌਕੇ ਗੁਰੂ ਕੇ ਲੰਗਰਾਂ ਦੀ ਸੇਵਾ ਭਾਈ ਹਰਜੀਤ ਸਿੰਘ, ਭਾਈ ਧਰਮਾਲ ਸਿੰਘ ਅਤੇ ਹਰਮੇਸ਼ ਸਿੰਘ ਦੇ ਪਰਿਵਾਰਾਂ ਵਲੋਂ ਹੋਵੇਗਾ।

***ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।***

ਬੇਨਤੀ ਕਰਤਾ:

ਭਾਈ ਭੁਪਿੰਦਰ ਸਿੰਘ (ਜਨਰਲ ਸਕੱਤਰ) ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com